
ਸ. ਕੁਲਵੰਤ ਸਿੰਘ ਦਿਓਲ

**Charan Electric Enterprises**

*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਉਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

Tel: 718 706 9612, Fax: 718 706 9614
Email: electricdeol@msn.com, website: www.charanelectric.com



Twenty-Sixth Year of Publication

ਨਿਊਯਾਰਕ ਐਡੀਸ਼ਨ

Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 03; January 17, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


## 328 ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਸਰਕਾਰ ਨੂੰ ਸਹਿਯੋਗ ਕਰੇ: ਜਥੇਦਾਰ



**ਅੰਮ੍ਰਿਤਸਰ:**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸਿਆਸਤ ਬੰਦ ਕੀਤੀ ਜਾਵੇ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੇਵਲ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਬਣਦਾ ਸਹਿਯੋਗ ਕਰਨ। ਸ੍ਰੀ ਅਕਾਲ ਤਖ਼ਤ ਸਕੱਤਰੇਤ ਨੂੰ ਇਕ ਬਿਆਨ ਰਾਹੀ ਜਥੇਦਾਰ ਗੜਗੱਜ ਨੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹਰ ਸਿੱਖ ਬਹੁਤ ਹੀ ਸ਼ਰਧਾ ਭਾਵਨਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਤੋਂ 328 ਪਾਵਨ ਸਰੂਪਾਂ ਸੰਬੰਧੀ ਮਾਮਲਾ ਚੱਲ ਰਿਹਾ ਹੈ, ਇਸ ਸੰਬੰਧੀ ਅਕਾਲ ਤਖ਼ਤ ਸਾਹਿਬ ਤੋਂ ਜੋ ਈਸ਼ਰ ਸਿੰਘ ਅਧਾਰਿਤ ਪੜਤਾਲ ਕਮਿਸ਼ਨ ਬਣਾਇਆ ਗਿਆ ਸੀ। ਜਿਸ ਦੀ ਰਿਪੋਰਟ 'ਚ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਭ੍ਰਿਸ਼ਟ ਮੁਲਾਜ਼ਮਾਂ ਵਲੋਂ ਪੈਸਿਆਂ ਦੇ ਘਪਲੇ ਦਾ ਹੈ। ਰਿਪੋਰਟ 'ਚ 16 ਦੋਸ਼ੀਆਂ ਦੇ ਨਾਂਅ ਸਪੱਸ਼ਟ ਕੀਤੇ ਗਏ ਹਨ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਦੋਸ਼ੀ ਮੰਨਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਰੋਸ਼ਨੀ ਵਿਚ ਸ਼੍ਰੋਮਣੀ ਕਮੇਟੀ ਇਨ੍ਹਾਂ 16 ਦੋਸ਼ੀਆਂ ਵਿਰੁੱਧ ਵਿਭਾਗੀ ਕਾਰਵਾਈ ਕਰ ਚੁੱਕੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਇਤਿਹਾਸਕ ਮੰਚ ਤੋਂ ਇਸ ਨੂੰ ਪ੍ਰਬੰਧਕੀ ਭ੍ਰਿਸ਼ਟਾਚਾਰ ਦਾ ਮਾਮਲਾ ਦੱਸਿਆ ਗਿਆ ਅਤੇ ਜਿਹੜੇ ਮੁਲਾਜ਼ਮਾਂ ਨੇ ਪੈਸੇ ਖਾਧੇ, ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਬਰਖਾਸਤ ਕੀਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ 'ਚ ਖ਼ਾਲਸਾ ਪੰਥ ਨੇ ਕਦੇ ਵੀ ਸਰਕਾਰ ਦੀ ਦਖਲਅੰਦਾਜ਼ੀ ਸਹਿਣ ਨਹੀਂ ਕੀਤੀ ਅਤੇ ਨਾ ਅਗਾਂਹ ਕਰੇਗਾ। ਇਹ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਤੇ ਕੇਂਦਰੀ ਸੰਸਥਾ ਹੈ ਪਰੰਤੂ ਮੌਜੂਦਾ ਚੱਲ ਰਹੇ ਪਾਵਨ ਸਰੂਪਾਂ ਦੇ ਮਾਮਲੇ ਵਿਚ ਕੁਝ ਲੋਕਾਂ ਵਲੋਂ ਸੰਗਤ 'ਚ ਪੈਦਾ ਕੀਤੀਆਂ ਜਾ ਰਹੀਆਂ ਦੁਵਿਧਾਵਾਂ ਕਰਕੇ ਪੰਥ ਦੇ ਵਡੇਰੇ ਹਿਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਕੇਵਲ 328 ਪਾਵਨ ਸਰੂਪਾਂ ਦੇ ਮਾਮਲੇ 'ਚ ਸਰਕਾਰ ਨਾਲ ਬਣਦਾ ਸਹਿਯੋਗ

*(ਬਾਕੀ ਸਫ਼ਾ 6 'ਤੇ)*

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਦੇਸ਼ ਅਨੁਸਾਰ ਕਾਰਵਾਈ ਕਰਾਂਗੇ: ਧਾਮੀ



**ਅੰਮ੍ਰਿਤਸਰ:**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਕੀਤੇ ਗਏ ਆਦੇਸ਼ ਮੁਤਾਬਿਕ ਸ਼੍ਰੋਮਣੀ ਕਮੇਟੀ ਲੋੜੀਂਦੀ ਕਾਰਵਾਈ ਕਰੇਗੀ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਕੀਤਾ ਗਿਆ। ਇਕ ਬਿਆਨ ਰਾਹੀਂ ਪ੍ਰਧਾਨ ਸ: ਧਾਮੀ ਨੇ ਆਖਿਆ ਕਿ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ

*(ਬਾਕੀ ਸਫ਼ਾ 6 'ਤੇ)*

## ਹਾਈ ਕੋਰਟ ਨੇ ਸੂਬਾ ਸਰਕਾਰ ਤੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦੇ ਹੁਕਮ ਦੇ ਆਧਾਰ 'ਤੇ ਅਸਲ ਰਿਕਾਰਡ ਕੀਤੇ ਤਲਬ



**ਚੰਡੀਗੜ੍ਹ:**ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਤਹਿਤ ਲਗਾਤਾਰ ਤੀਜੀ ਵਾਰ ਰੋਕਥਾਮ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ। ਸੂਬਾ ਸਰਕਾਰ ਤੋਂ ਨਜ਼ਰਬੰਦੀ ਦੇ ਹੁਕਮ ਦੇ ਆਧਾਰ 'ਤੇ ਅਸਲ ਰਿਕਾਰਡ ਤਲਬ ਕਰ ਲਏ ਹਨ। ਨਾਲ ਹੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ 'ਤੇ ਪੈਰੇ ਅਨੁਸਾਰ ਜਵਾਬ ਦਾਇਰ ਕਰਨ ਲਈ ਇਕ ਹਫ਼ਤੇ ਦਾ ਸਮਾਂ ਦਿੰਦਿਆਂ ਮਾਮਲੇ ਦੀ ਅਗਲੀ ਸੁਣਵਾਈ 20 ਜਨਵਰੀ ਨੂੰ ਤੈਅ ਕੀਤੀ। ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਸੁਣਵਾਈ ਦੀ ਸ਼ੁਰੂਆਤ 'ਚ ਹੀ ਟਿੱਪਣੀ ਕੀਤੀ ਕਿ ਸੁਪਰੀਮ ਕੋਰਟ ਨੇ 10 ਨਵੰਬਰ, 2025 ਦੇ ਆਪਣੇ ਹੁਕਮ 'ਚ ਅਜਿਹੇ ਮਾਮਲਿਆਂ ਦੇ ਨਿਪਟਾਰੇ ਲਈ 6 ਹਫ਼ਤਿਆਂ ਦੀ ਬਾਹਰੀ ਸਮਾਂ ਸੀਮਾ ਨਿਰਧਾਰਿਤ ਕੀਤੀ ਹੈ, ਜਦੋਂ ਕਿ ਭਾਈ ਅੰਮ੍ਰਿਤਪਾਲ ਸਿੰਘ ਵਲੋਂ 17 ਅਪ੍ਰੈਲ, 2025 ਦੇ ਨਜ਼ਰਬੰਦੀ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਸੰਬਰ ਦੇ ਪਹਿਲੇ ਹਫ਼ਤੇ ਦਾਇਰ ਕੀਤੀ ਗਈ ਸੀ। ਬੈਂਚ ਨੇ ਸਪੋਰਟ ਕੀਤਾ ਕਿ ਅਦਾਲਤ ਪ੍ਰਤੀਵਾਦੀ ਤੋਂ ਪੈਰਾਗ੍ਰਾਫ-ਵਾਰ ਜਵਾਬ ਹਾਸਲ ਕੀਤੇ ਬਿਨਾਂ ਅੱਗੇ ਨਹੀਂ ਵਧ ਸਕਦੀ, ਜਿਸ ਤੋਂ ਬਾਅਦ ਸੂਬੇ ਦੀ ਸਮੇਂ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਗਿਆ। - ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਅਗਲੀ ਸੁਣਵਾਈ 'ਤੇ ਨਜ਼ਰਬੰਦੀ ਦੇ ਆਧਾਰਾਂ - ਦਾ ਸਮਰਥਨ ਕਰਨ ਵਾਲੇ ਸਾਰੇ ਮੂਲ ਦਸਤਾਵੇਜ਼ ਪੇਸ਼ ਕੀਤੇ ਜਾਣ।

**ਸੂਬਾ ਸਰਕਾਰ ਤੋਂ ਨਜ਼ਰਬੰਦੀ ਦੇ ਹੁਕਮ ਦੇ ਆਧਾਰ 'ਤੇ ਅਸਲ ਰਿਕਾਰਡ ਤਲਬ ਕਰ ਲਏ ਹਨ।**


EXTRA $50 OFF
With PROMO CODE: FLY50

Travelopod
Memorable Vacations, Unbeatable Fares

ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ



SALE $350 OFF
DISCOUNTED FLIGHTS TO INDIA

Call Now: 1-800-674-3868
For Special Sale Fares

HURRRY! Book Now & Save Big on Your Flights to India!

5 Star Ratings & 24x7 Service



Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!


Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਮਗਨਰੇਗਾ ਰਾਹੀਂ ਮਿਲਦਾ ਰੁਜ਼ਗਾਰ ਸਰਕਾਰ ਨੂੰ ਖੋਹਣ ਨਹੀਂ ਦੇਵਾਂਗੇ: ਭੁਪੇਸ਼ ਬਘੇਲ

**ਗੁਰੂਹਰਸਹਾਏ:** ਪੰਜਾਬ ਪ੍ਰਦੇਸ਼ ਕਾਂਗਰਸ ਵਲੋਂ ਸ਼ੁਰੂ ਕੀਤੀਆਂ 'ਮਗਨਰੇਗਾ ਬਚਾਓ ਸੰਗਰਾਮ ਰੈਲੀਆਂ' ਦੀ ਲੜੀ ਤਹਿਤ ਗੁਰੂਹਰਸਹਾਏ ਵਿਖੇ ਵਿਸ਼ਾਲ ਰੈਲੀ ਕਰਦਿਆਂ ਕਾਂਗਰਸੀ ਆਗੂਆਂ ਨੇ ਪੰਜਾਬ ਅਤੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਜੰਮ ਕੇ ਕੋਸਿਆ। ਜਲਾਲਾਬਾਦ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੀ ਅਗਵਾਈ ਹੇਠ ਗੁਰੂਹਰਸਹਾਏ ਦੀ ਦਾਣਾ ਮੰਡੀ 'ਚ ਮਗਨਰੇਗਾ ਬਚਾਓ ਸੰਗਰਾਮ ਰੈਲੀ 'ਚ ਨਾਲ ਲਗਦੇ ਤਿੰਨ ਜ਼ਿਲ੍ਹਿਆਂ ਦੇ ਵਿਧਾਨ ਸਭਾ ਹਲਕਿਆਂ ਤੋਂ ਪਹੁੰਚੇ ਮਗਨਰੇਗਾ ਮਜ਼ਦੂਰਾਂ ਅਤੇ ਹੋਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਮਗਨਰੇਗਾ ਦਾ ਰੁਜ਼ਗਾਰ ਬੰਦ ਕਰਕੇ ਗ਼ਰੀਬ ਲੋਕਾਂ ਦੇ ਮੂੰਹ 'ਚੋਂ ਰੋਟੀ ਖੋਹਣ ਦਾ ਯਤਨ ਕਰ ਰਹੀ ਹੈ। ਜੋ ਕਾਂਗਰਸ ਪਾਰਟੀ ਭਾਜਪਾ ਸਰਕਾਰ ਦੀ ਇਸ ਕੋਸ਼ਿਸ਼ ਨੂੰ ਸਫਲ ਨਹੀਂ ਹੋਣ ਦੇਵੇਗੀ, ਮਨਰੇਗਾ ਦੀ ਲੜਾਈ ਕਿਸਾਨ ਅੰਦੋਲਨ ਵਾਂਗ ਲੜੀ ਜਾਵੇਗੀ। ਇਸ ਰੈਲੀ ਨੂੰ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੰਬੋਧਨ ਕਰਦਿਆਂ ਕਿਹਾ ਕਿ ਗ਼ਰੀਬਾਂ ਨੂੰ ਹੱਕ ਦਿਵਾਉਣ ਲਈ ਅਤੇ ਮਗਨਰੇਗਾ ਸਕੀਮ ਬਚਾਉਣ ਲਈ ਕਾਂਗਰਸ ਲੰਮੀ ਲੜਾਈ ਲਈ ਤਿਆਰ ਹੈ, ਪਰ ਲੋਕਾਂ ਨੂੰ ਸਾਥ ਦੇਣਾ ਪਵੇਗਾ। ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਲਈ ਉਨ੍ਹਾਂ ਦੇ ਨਾਲ ਖੜੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੂਰੇ ਦੇਸ਼ ਸਮੇਤ ਪੰਜਾਬ ਦੇ ਲੋਕਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ। ਚੰਨੀ ਨੇ ਕਿਹਾ ਲੋਕਾਂ ਦੇ ਹੱਕਾਂ ਲਈ ਕਾਂਗਰਸ ਪੂਰੀ ਤਰ੍ਹਾਂ ਪਹਿਰਾ ਦੇਵੇਗੀ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰ ਸਰਕਾਰ ਦੋਸ਼ ਲਾਉਂਦੇ ਹੋਏ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੇ ਮਕਸਦ ਨਾਲ ਤਿੰਨ ਕਾਲੇ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਲੱਖਾਂ ਪੇਂਡੂ ਮਜ਼ਦੂਰ ਜੋ ਮਗਨਰੇਗਾ ਰਾਹੀਂ ਕੰਮਕਾਰ ਕਰਕੇ ਪੇਟ ਪਾਲਦੇ ਸਨ, ਨੂੰ ਮਾਰਨ ਦੀ ਨੀਤੀ ਨਾਲ ਇਸ ਨੂੰ ਬੰਦ ਕਰਨ ਦੇ ਮਨਸੂਬੇ ਘੜ ਰਹੀ ਹੈ। ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ 'ਆਪ' ਸਰਕਾਰ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਸੂਬੇ ਦੇ ਮੁੱਖ ਮੰਤਰੀ ਨੂੰ ਕਰੜੇ ਹੱਥੀਂ ਲਿਆ। ਜਲਾਲਾਬਾਦ ਦੇ ਸਾਬਕਾ ਕਾਂਗਰਸੀ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਗੁਰੂਹਰਸਹਾਏ ਵਿਖੇ ਰੈਲੀ 'ਚ ਪਹੁੰਚੀ ਕਾਂਗਰਸ ਲੀਡਰਸ਼ਿਪ ਤੇ ਲੋਕਾਂ ਦਾ ਧੰਨਵਾਦ ਕੀਤਾ। ਜ਼ਿਲ੍ਹਾ ਕਾਂਗਰਸ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਗ਼ੈਰ ਹਾਜ਼ਰੀ ਰੜਕਦੀ ਰਹੀ। ਰੈਲੀ 'ਚ ਜ਼ਿਲ੍ਹਾ ਕਾਂਗਰਸ ਪ੍ਰਧਾਨ ਦਾ ਅਤੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਗੈਰਹਾਜ਼ਰ ਰਹਿਣਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ। ਜਿੱਥੇ ਸੀਨੀਅਰ ਕਾਂਗਰਸੀ ਲੀਡਰਸ਼ਿਪ ਇਕਜੁੱਟ ਦਾ ਪ੍ਰਗਟਾਵਾ ਕਰਨ ਦਾ ਸੁਨੇਹਾ ਛੱਡ ਰਹੀ ਹੈ, ਉੱਥੇ ਹੀ ਕੁਲਬੀਰ ਸਿੰਘ ਜ਼ੀਰਾ ਅਤੇ ਸ਼ੇਰ ਸਿੰਘ ਘੁਬਾਇਆ ਦਾ ਨਾ ਪਹੁੰਚਣਾ, ਕਾਂਗਰਸ ਦੀ ਇੱਕਜੁੱਟਤਾ ਵਾਲੇ ਢੌਂਗ ਹੈ ਨੂੰ ਵਿਰਾਮ ਚਿੰਨ੍ਹ ਲਗਾਉਂਦਾ ਨਜ਼ਰ ਆ ਰਿਹਾ।



# ਸੀ.ਬੀ.ਆਈ. ਦੇ ਅਧਿਕਾਰ ਖੇਤਰ 'ਤੇ ਭੁੱਲਰ ਵੱਲੋਂ ਪਟੀਸ਼ਨ ਵਾਪਸ

**ਚੰਡੀਗੜ੍ਹ:** ਪੰਜਾਬ ਕਾਡਰ ਦੇ ਸੀਨੀਅਰ ਆਈਪੀਐੱਸ ਅਧਿਕਾਰੀ ਹਰਚਰਨ ਸਿੰਘ ਭੁੱਲਰ ਨੇ ਸੀਬੀਆਈ ਦੇ ਅਧਿਕਾਰ ਖੇਤਰ ਨੂੰ ਲੈ ਕੇ ਦਾਇਰ ਪਟੀਸ਼ਨ ਵਾਪਸ ਲੈ ਲਈ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਪਟੀਸ਼ਨ ਨੂੰ ਖ਼ਾਰਜ ਕਰਦੇ ਹੋਏ ਭੁੱਲਰ ਨੂੰ ਨਵੀਂ ਤੇ ਵਿਆਪਕ ਪਟੀਸ਼ਨਾਂ ਦਾਇਰ ਕਰਨ ਦੀ ਆਜ਼ਾਦੀ ਦਿੱਤੀ ਹੈ। ਇਸਤੇਗਾਸਾ ਦਾ ਪੈਰਾ ਵਾਈਜ਼ ਜਵਾਬ ਪ੍ਰਾਪਤ ਹੋਏ ਬਿਨਾਂ ਅਦਾਲਤ ਅੱਗੇ ਨਹੀਂ ਵੱਧ ਸਕਦੀ। ਇਸ ਤੋਂ ਬਾਅਦ ਸੂਬਾ ਸਰਕਾਰ ਦੀ ਸਮੇਂ ਦੀ ਮੰਗ ਸਵੀਕਾਰ ਕਰ ਲਈ ਗਈ।



ਸੀਬੀਆਈ ਵੱਲੋਂ ਭਾਰਤ ਦੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਚੰਡੀਗੜ੍ਹ ਵਿਚ ਸੀਬੀਆਈ ਦੇ ਅਧਿਕਾਰ ਖੇਤਰ ਨਾਲ ਸਬੰਧਤ ਮੁੱਦੇ ਦੀ ਡੂੰਘੀ ਜਾਂਚ ਕੀਤੀ ਗਈ ਹੈ। ਅਤੇ ਏਜੰਸੀ ਨੇ ਆਪਣਾ ਜਵਾਬੀ ਹਲਫ਼ਨਾਮਾ ਵੀ ਤਿਆਰ ਕਰ ਲਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੂਲ ਪ੍ਰਸ਼ਨ ਇਹ ਹੈ ਕਿ ਕੀ ਦਿੱਲੀ ਵਿਸ਼ੇਸ਼ ਪੁਲਿਸ ਸਥਾਪਨਾ ਐਕਟ ਦੇ ਤਹਿਤ ਚੰਡੀਗੜ੍ਹ ਨੂੰ ਪੂਰਨ ਰੂਪ ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਮੰਨਿਆ ਜਾਵੇਗਾ ਅਤੇ ਕੀ ਇਸੇ ਆਧਾਰ 'ਤੇ ਸੀਬੀਆਈ ਨੂੰ ਵਿਆਪਕ ਅਧਿਕਾਰ ਪ੍ਰਾਪਤ ਹੁੰਦੇ ਹਨ।

ਭੁੱਲਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਿਛਲੀ ਤਰੀਕ ਤੋਂ ਬਾਅਦ ਪ੍ਰਸਥਿਤੀਆਂ ਵਿਚ ਅਹਿਮ ਬਦਲਾਅ ਆਇਆ ਹੈ। ਸੀਬੀਆਈ ਵੱਲੋਂ ਜਾਂਚ ਪੂਰੀ ਕਰ ਲਈ ਗਈ ਹੈ ਅਤੇ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ। ਮੌਜੂਦਾ ਪਟੀਸ਼ਨਾਂ ਉਸ ਸਮੇਂ ਦਾਇਰ ਕੀਤੀਆਂ ਗਈਆਂ ਸਨ ਜਦੋਂ ਜਾਂਚ, ਪੈਂਡਿੰਗ ਸੀ, ਇਸ ਲਈ ਇਨ੍ਹਾਂ ਦਾ ਕੋਈ ਵਿਵਹਾਰਕ ਮਹੱਤਵ ਨਹੀਂ ਰਹਿ ਗਿਆ ਹੈ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਮੌਜੂਦਾ ਪਟੀਸ਼ਨਾਂ ਨੂੰ ਵਾਪਸ ਲੈਣ ਦੀ ਇਜਾਜ਼ਤ ਦਿੱਤੀ ਜਾਵੇ।








## FedEx Linehaul Contractor ਨੂੰ CDL Class A ਟਰੱਕ ਡਰਾਈਵਰਾਂ ਦੀ ਲੋੜ ਹੈ।

**Immediate Openings - 0.72 cents to 0.75 cents per mile for Solo runs, 0.85 cents for Team runs!**

We are hiring **experienced CDL Class A drivers** immediately for a **FedEx Linehaul contractor**.
This is a great opportunity for professional drivers looking for steady work and consistent routes.



**Requirements:**
* Valid **CDL Class A License**
* **Minimum 1 year of verifiable driving experience** (FedEx requirement)
* **Clean background check** *Clean driving record
* **Strong work ethic and reliability**
* **References required**

**What We Offer:**
**Competitive pay based on experience**
**Consistent routes,**
**Well-maintained equipment**
**Benefits**

**FedEx Linehaul Contractor needing driver at following locations:**
Hagerstown, MD (Night Solo runs), Lehigh PA (team runs) , Carlisle, PA (Night Solo runs)
* Mutechen NJ ( team runs) , * Scranton PA (Solo runs) , * Baltimore MD (Solo runs)

**Apply Today – Positions Available Immediately!**

**Call or text: A Patel 678-576-9037 or AK at 936-777-5967**
**Email: lotushotelsgroup@gmail.com**

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

Immediately hiring Chef and Tandoori Chef for Indian restaurant in Murfreesboro, TN.

*Good salary, free accommodation & Food. * Priority to Couples

**ਸੰਪਰਕ ਕਰੋ: ਗੁਰਇਕਬਾਲ ਸਿੰਘ**
**Direct call or What's up call 615-482-5158**

## ਕਰੀ ਕੁੱਕ ਦੀ ਫੌਰੀ ਲੋੜ ਹੈ



ਇੰਡਿਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਰੀ ਕੁੱਕ ਦੀ ਫੌਰੀ ਲੋੜ ਹੈ।
*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help Needed**
**Immediately hiring Curry Cook for Indian Restaurant in Indiana.**
*** Good Salary and Free Accommodation.**

**ਚਾਹਵਾਨ ਸੰਪਰਕ ਕਰੋ: ਟੋਨੀ**
**ਫੋਨ: 317-340-1470**

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ
ਚਾਹਵਾਨ ਕਾਲ ਕਰੋ:

**ਕਾਲ ਮਿ. ਸਿੰਘ**
**ਫੋਨ: 515-291-1961**

## ਐਟਲਾਂਟਾ, ਜੌਰਜੀਆ ਵਿਚ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ।

ਵੱਡੀ ਉਮਰ ਦੇ ਜੋੜੇ ਲਈ ਪਾਰਟ-ਟਾਈਮ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ। ਪੰਜਾਬੀ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।
ਕੰਮ: *ਸ਼ਾਮ ਦਾ ਖਾਣਾ ਬਣਾਉਣਾ
* ਸਮੇਂ ਅਨੁਸਾਰ ਕਦੇ-ਕਦੇ ਹੋਰ ਛੋਟੇ ਮੋਟੇ ਕੰਮ ਕਰਨਾ।
ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਮੁਫ਼ਤ ਰਹਿਣ ਦੀ ਵਿਵਸਥਾ ਸਿਰਫ਼ ਕੰਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਉਦੇਸ਼ ਲਈ ਹੈ ਅਤੇ ਇਸ ਨੂੰ ਮੁੱਖ ਨਿਵਾਸ ਨਹੀਂ ਮੰਨਿਆ ਜਾਵੇਗਾ (ਅਰਥਾਤ, ਇਹ ਸਹੂਲਤ ਤਦ ਤੱਕ ਹੀ ਉਪਲਬਧ ਹੈ ਜਦੋਂ ਤੱਕ ਤੁਸੀਂ ਲੋੜੀਂਦੀਆਂ ਸੇਵਾਵਾਂ ਕਰ ਰਹੇ ਹੋ)। ਚਾਹੋ ਤਾਂ ਫੈਮਲੀ ਮੈਂਬਰ ਵਾਂਗ ਰਹਿ ਸਕਦੇ ਹੋ।
ਆਨ ਲਾਈਨ ਕੰਮ ਕਰਨ ਵਾਲਿਆਂ ਲਈ ਇਹ ਵਧੀਆ ਮੌਕਾ ਹੈ। (ਉਦਾਹਰਨ ਵਜੋਂ H-1B ਵੀਜ਼ਾ ਰੱਖਣ ਵਾਲੇ) ਜਾਂ ਹੋਰ ਜੋ ਦਿਨ ਵਿਚ ਭਾਵੇਂ ਹੋਰ ਕੰਮ ਕਰਦੇ ਹੋਣ ਤੇ ਚੁਣੀਆਂ ਹੋਈਆਂ ਸ਼ਾਮਾਂ ਅਤੇ ਐਤਵਾਰ ਨੂੰ ਮਦਦ ਲਈ ਉਪਲਬਧ ਹੋਣ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**+1 678 794 1794**

# Matrimonials

## ਲੜਕੇ ਦੀ ਲੋੜ ਹੈ

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

---

Looking for a suitable match (Green Card/Citizen only) for Lubana Sikh girl 28, 5'5", Pharmacist, USA-based. Preference for boys in business, software Engineer or medical field. Please contact Gopi at: 219-209-8724 **or E-Mail: gopidilpal@gmail.com** with picture and complete bio-data.

## ਲੜਕੀ ਦੀ ਲੋੜ ਹੈ

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

---

**ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com**

---

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

51-3

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.




# UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

# ਜਾਨਲੇਵਾ ਹੈ ਚਾਈਨਾ ਡੋਰ- ਸਾਵਧਾਨੀ ਦੀ ਲੋੜ

**ਜਲੰਧਰ:**ਮਾਘੀ,ਲੋਹੜੀ ਅਤੇ ਬਸੰਤ ਮੌਕੇ ਪਤੰਗ ਉਡਾਉਣ ਦਾ ਰਿਵਾਜ ਹੈ। ਪਹਿਲਾਂ ਪਤੰਗ ਉਡਾਉਣ ਲਈ ਉੱਨ ਜਾਂ ਮੋਟੇ ਧਾਗੇ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਇਸ ਦੀ ਥਾਂ ਜਾਨਲੇਵਾ ਚਾਈਨਾ ਡੋਰ ਨੇ ਲੈ ਲਈ ਹੈ। ਇਹ ਡੋਰ ਇੰਨੀ ਮਜ਼ਬੂਤ ਹੈ ਕਿ ਜੇਕਰ ਇਸ ਦੇ ਸੰਪਰਕ 'ਚ ਕੋਈ ਮਨੁੱਖ ਆ ਜਾਵੇ ਤਾਂ ਗੰਭੀਰ ਜ਼ਖ਼ਮੀ ਹੋਣ ਤੋਂ ਨਹੀਂ ਬਚ ਸਕਦਾ।

ਕੁਝ ਸਾਲਾਂ ਤੋਂ ਇਸ ਡੋਰ ਦੀ ਦਹਿਸ਼ਤ ਕਾਰਨ ਲੋਕਾਂ ਦਾ ਇਨ੍ਹਾਂ ਦਿਨਾਂ 'ਚ ਘਰੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਸਭ ਤੋਂ ਵੱਧ ਖ਼ਤਰਾ ਦੋਪਹੀਆ ਵਾਹਨ ਸਵਾਰਾਂ ਨੂੰ ਹੈ ਕਿਉਂਕਿ ਇਹ ਡੋਰ ਇੰਨੀ ਤਿੱਖੀ ਹੈ ਕਿ ਉਨ੍ਹਾਂ ਦੇ ਹੱਥ-ਪੈਰ ਤੇ ਗਲਾ ਇਸ ਦੇ ਸੰਪਰਕ 'ਚ ਆਉਣ ਕਾਰਨ ਬੁਰੀ ਤਰ੍ਹਾਂ ਨਾਲ ਵੱਢੇ ਜਾਂਦੇ ਹਨ। ਇਸ ਦੀ ਵਿਕਰੀ ਕਰਨ ਤੇ ਬਣਾਉਣ ਵਾਲਿਆਂ ਨੂੰ ਕਾਬੂ ਕਰਨ ਲਈ ਸੂਬੇ ਦਾ ਪੁਲਿਸ ਤੇ ਸਥਾਨਕ ਪ੍ਰਸ਼ਾਸਨ ਸਖ਼ਤੀ ਵੀ ਕਰਦਾ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਇਹ ਡੋਰ ਕਿਸੇ ਨਾ ਕਿਸੇ ਤਰੀਕੇ ਬਾਜ਼ਾਰਾਂ ਤੋਂ ਹੁੰਦੀ ਹੋਈ ਲੋਕਾਂ ਦੇ ਹੱਥਾਂ ਤੱਕ ਪੁੱਜ ਰਹੀ ਹੈ। ਤਾਜ਼ਾ ਮਾਮਲਾ ਜਲੰਧਰ ਦੇ ਨਿਊ ਰਾਜ ਨਗਰ ਬਸਤੀ ਬਾਵਾ ਖੇਲ ਦੇ ਪਰਵਾਸੀ ਕੁਆਰਟਰਾਂ ਦਾ ਹੈ ਜਿੱਥੋਂ ਚਾਈਨਾ ਡੋਰ ਦੇ ਗੱਟੂ ਮਿਲ੍ਹੇ ਹਨ। ਇਹ ਵੱਡੇ ਪੱਧਰ 'ਤੇ ਬੋਰੀਆਂ 'ਚ ਭਰ ਕੇ ਰੱਖੇ ਹੋਏ ਸਨ। ਫਿਲਹਾਲ ਇਹ ਨਹੀਂ ਪਤਾ ਲੱਗਾ ਹੈ ਕਿ ਇਨ੍ਹਾਂ ਬੋਰਿਆਂ ਦਾ ਮਾਲਕ ਕੌਣ ਹੈ। ਹੋਰ ਜ਼ਿਲ੍ਹਿਆਂ 'ਚ ਵੀ ਚਾਈਨਾ ਡੋਰ ਧੜੱਲੇ ਨਾਲ ਵਿਕ ਰਹੀ ਹੈ। ਅੰਮ੍ਰਿਤਸਰ ਪੁਲਿਸ ਨੇ ਪਿਛਲੇ ਦਿਨੀਂ 65 ਦੇ ਕਰੀਬ ਚਾਈਨਾ ਡੋਰ ਦੇ ਗੱਟੂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚੋਂ ਬਰਾਮਦ ਕੀਤੇ ਸਨ। ਇਸ ਡੋਰ ਕਾਰਨ ਪੂਰੇ ਦੇਸ਼ 'ਚ ਲੋਕਾਂ ਦੇ ਜ਼ਖ਼ਮੀ ਹੋਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇੰਦੌਰ 'ਚ ਇਕ 45 ਸਾਲਾ ਵਿਅਕਤੀ ਇਸ ਡੋਰ ਕਾਰਨ ਵੱਢਿਆ ਗਿਆ ਹੈ। ਗੁਰਦਾਸਪੁਰ ਜ਼ਿਲ੍ਹੇ 'ਚ ਚਾਈਨਾ ਡੋਰ ਦੇ ਲਪੇਟੇ 'ਚਆਉਣ ਨਾਲ ਜ਼ਖ਼ਮੀ ਹੋਏ ਵਿਅਕਤੀ ਦੇ 35 ਟਾਂਕੇ ਲੱਗੇ ਹਨ। ਪਿਛਲੇ ਸਾਲ ਵੀ ਲੁਧਿਆਣਾ 'ਚ ਦਸੰਬਰ ਮਹੀਨੇ ਇਕ ਨੌਜਵਾਨ ਦੀ ਗਰਦਨ ਵੱਢੀ ਗਈ ਸੀ ਜਿਸ ਦੇ 12 ਟਾਂਕੇ ਲੱਗੇ ਸਨ। ਇਸ ਤੋਂ ਪਹਿਲਾਂ 2023 'ਚ ਚਾਈਨਾ ਡੋਰ ਦੇ ਬਿਜਲੀ ਦੀਆਂ ਹਾਈਟੈਂਸ਼ਨ ਲਾਈਨਾਂ ਦੇ ਸੰਪਰਕ 'ਚ ਆਉਣ ਕਾਰਨ ਇਕ ਬੱਚੇ ਦੇ ਹੱਥ ਬੁਰੀ ਤਰ੍ਹਾਂ ਝੁਲਸ ਗਏ ਸਨ। ਇਸੇ ਸਾਲ ਅੰਮ੍ਰਿਤਸਰ 'ਚ ਇਕ ਖਿਡਾਰਨ ਵੀ ਚਾਈਨਾ ਡੋਰ ਦੇ ਲਪੇਟੇ 'ਚ ਆਈ ਸੀ ਜਿਸ ਦਾ ਜਬਾੜਾ ਬੁਰੀ ਤਰ੍ਹਾਂ ਨਾਲ ਵੱਢਿਆ ਗਿਆ ਸੀ। ਇਸ ਕੌਮੀ ਖਿਡਾਰਨ ਨੇ ਦੋ ਦਿਨਾਂ ਬਾਅਦ ਓਡੀਸ਼ਾ 'ਚ ਖੇਡਣ ਜਾਣਾ ਸੀ। ਚਾਈਨਾ ਡੋਰ ਇਕੱਲੀ ਮਨੁੱਖਾਂ ਲਈ ਹੀ ਨਹੀਂ ਪੰਛੀਆਂ ਤੇ ਹੋਰ ਜਾਨਵਰਾਂ ਲਈ ਵੀ ਜਾਨਲੇਵਾ ਸਿੱਧ ਹੋ ਰਹੀ ਹੈ। ਦਰਅਸਲ, ਇਹ ਡੋਰ ਨਾਈਲੋਨ ਅਤੇ ਧਾਤੂ: ਸ ਤੱਤਾਂ ਨਾਲ ਤਿਆਰ ਕੀਤੀ ਜਾਂਦੀ ਹੈ। ਜੋ ਆਮ ਸੂਤੀ ਡੋਰ ਦੇ ਮੁਕਾਬਲੇ ਕਈ ਗੁਣਾ ਤੇਜ਼ ਤੇ ਮਜ਼ਬੂਤ ਹੁੰਦੀ ਹੈ। ਤਲਵਾਰ ਵਾਂਗ ਤਿੱਖਾ ਹਮਲਾ ਕਰਨ ਵਾਲੀ ਇਹ ਡੋਰ ਚਮੜੀ, ਮਾਸ ਹੀ ਨਹੀਂ, ਸਗੋਂ ਨਸਾਂ ਤਕ ਨੂੰ ਕੱਟ ਸਕਦੀ ਹੈ। ਕਬੂਤਰ, ਤੋਤੇ, ਚਿੜੀਆਂ ਤੇ ਹੋਰ ਪੰਛੀ ਉੱਡਦੇ ਸਮੇਂ ਇਸ ਡੋਰ 'ਚ ਫਸ ਜਾਂਦੇ ਹਨ। ਦਰਖਤਾਂ ਦੀਆਂ ਟਾਹਣੀਆਂ 'ਚ ਪਤੰਗਾਂ ਸਮੇਤ ਫਸੀ ਇਸ ਡੋਰ 'ਚ ਉਲਝ ਕੇ ਪੰਛੀ ਗੀਤੀਰ ਜ਼ਖ਼ਮੀ ਹੋ ਜਾਂਦੇ ਹਨ ਤੇ ਕਈ ਵਾਰ ਉੱਥੇ ਹੀ ਤੜਫ-ਤੜਫ ਕੇ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਹਾਲਾਂਕਿ ਪੰਛੀ ਪ੍ਰੇਮੀਆਂ ਤੇ ਸਮਾਜ-ਸੇਵੀ ਸੰਸਥਾਵਾਂ ਵੱਲੋਂ ਹਰ ਸਾਲ ਜ਼ਖ਼ਮੀ ਪੰਛੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਪਰ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਇਹ ਮਸਲਾ ਇੰਨਾ ਗੰਭੀਰ ਹੈ ਕਿ ਇਸ ਪ੍ਰਤੀ ਲਾਪਰਵਾਹੀ ਨਹੀਂ ਵਰਤੀ ਜਾ ਸਕਦੀ। ਇਹ ਡੋਰ ਬਣਾਉਣ ਤੇ ਮਾਰਕੀਟ 'ਚ ਚੋਰ ਨਾਲ ਖਾਣ ਦੀ ਲੋੜ ਹੈ। ਇਸ ਡੋਰ ਨੂੰ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਇਸ ਮੇਰੀਆਂ ਰਾਹੀਂ ਵੇਚਣ ਵਾਲਿਆਂ ਨੂੰ ਵੀ ਮਨੁੱਖਤਾ ਸਣੇ ਸਾਰੇ ਜੀਵ-ਜੰਤੂਆਂ ਦੇ ਲਿਹਾਜ਼ ਨੂੰ ਆਜਾਦ ਵਾਲਿਆ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।



# ਹਰਭਜਨ ਸਿੰਘ ਭੱਜੀ ਨੇ ਦੋ ਅਨਾਥ ਬੱਚੀਆਂ ਗੋਦ ਲਈਆਂ

**ਬਠਿੰਡਾ:**ਮਨੁੱਖਤਾ ਤੇ ਸੰਵੇਦਨਸ਼ੀਲਤਾ ਦੀ ਸ਼ਾਨਦਾਰ ਮਿਸਾਲ ਪੇਸ਼ ਕਰਦਿਆਂ ਸਾਬਕਾ ਭਾਰਤੀ ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਭੱਜੀ ਨੇ ਬਠਿੰਡਾ ਨੇੜਲੇ ਪਿੰਡ ਭਾਗੀਵਾਂਦਰ ਦੀਆਂ ਦੋ ਅਨਾਥ ਬੱਚੀਆਂ ਨੂੰ ਗੋਦ ਲੈ ਲਿਆ ਹੈ। ਉਹਨਾਂ ਬੱਚੀਆਂ ਦੀ ਪੜ੍ਹਾਈ ਹੀ ਨਹੀਂ, ਸਗੋਂ ਉਨ੍ਹਾਂ ਦੇ ਰਹਿਣ ਸਹਿਣ, ਸਿਹਤ ਅਤੇ ਭਵਿੱਖ ਦੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ।



ਜਾਣਕਾਰੀ ਅਨੁਸਾਰ ਪਿੰਡ ਭਾਗੀਵਾਂਦਰ ਵਾਸੀ ਬੱਚੀਆਂ ਦੇ ਪਿਤਾ ਦਾ ਕੁਝ ਸਮਾਂ ਪਹਿਲਾਂ ਸੜਕ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ। ਲੰਮੇ ਇਲਾਜ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਿੱਚ ਕੁਝ ਸੁਧਾਰ ਆਇਆ। ਇਸ ਦੌਰਾਨ ਪਰਿਵਾਰ ਵੱਲੋਂ ਸੋਸ਼ਲ ਮੀਡੀਆ ਰਾਹੀਂ ਮਾਲੀ ਮਦਦ ਦੀ ਅਪੀਲ ਕੀਤੀ ਗਈ, ਜਿਸ 'ਤੇ ਲੋਕਾਂ ਨੇ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ ਅਤੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਕਾਫ਼ੀ ਰਕਮ ਜਮ੍ਹਾਂ ਹੋ ਗਈ।

ਦੱਸਿਆ ਜਾ ਰਿਹਾ ਹੈ ਕਿ ਇਸੇ ਦੌਰਾਨ ਬੱਚੀਆਂ ਦੀ ਮਾਂ ਦੀ ਨੀਅਤ ਖ਼ਰਾਬ ਹੋ ਗਈ ਅਤੇ ਪੈਸਿਆਂ ਦੇ ਲਾਲਚ ਵਿੱਚ ਉਸ ਨੇ ਆਪਣੇ ਪਤੀ ਦੀ ਹੱਤਿਆ ਕਰਵਾ ਦਿੱਤੀ। ਇਸ ਅਪਰਾਧ ਤੋਂ ਬਾਅਦ ਪੁਲਿਸ ਵੱਲੋਂ ਉਸ ਮਹਿਲਾ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ, ਜਿਸ ਕਾਰਨ ਦੋਵੇਂ ਨੰਨ੍ਹੀਆਂ ਬੱਚੀਆਂ ਪੂਰੀ ਤਰ੍ਹਾਂ ਅਨਾਥ ਹੋ ਗਈਆਂ।

ਇਸ ਦਰਦਨਾਕ ਘਟਨਾ ਤੋਂ ਬਾਅਦ ਬੱਚੀਆਂ ਆਪਣੇ ਦਾਦਾ-ਦਾਦੀ ਅਤੇ ਚਾਚਾ-ਚਾਚੀ ਕੋਲ ਰਹਿ ਰਹੀਆਂ ਸਨ ਪਰ ਪਰਿਵਾਰ ਦੀ ਸੀਮਤ ਆਰਥਿਕ ਹਾਲਤ ਨੂੰ ਦੇਖਦਿਆਂ ਰਿਸ਼ਤੇਦਾਰਾਂ ਵੱਲੋਂ ਸੋਸ਼ਲ ਮੀਡੀਆ 'ਤੇ ਭਾਵੁਕ ਵੀਡੀਓ ਸਾਂਝੀ ਕਰ ਕੇ ਮਦਦ ਦੀ ਅਪੀਲ ਕੀਤੀ ਗਈ। ਇਸ ਵੀਡੀਓ 'ਤੇ ਧਿਆਨ ਦਿੰਦਿਆਂ ਸਾਬਕਾ ਕ੍ਰਿਕਟਰ ਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਖੁਦ ਬਠਿੰਡਾ ਪਹੁੰਚੇ ਅਤੇ ਬੱਚੀਆਂ ਨਾਲ ਮੁਲਾਕਾਤ ਕੀਤੀ।

ਹਰਭਜਨ ਸਿੰਘ ਨੇ ਮੌਕੇ 'ਤੇ ਹੀ ਦੋਵੇਂ ਬੱਚੀਆਂ ਨੂੰ ਗੋਦ ਲੈਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੀ ਸਿੱਖਿਆ, ਸਿਹਤ, ਰਹਿਣ-ਸਹਿਣ ਅਤੇ ਭਵਿੱਖ ਨਾਲ ਜੁੜੀ ਹਰ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਬੱਚੀਆਂ ਨੇ ਗੱਲਬਾਤ ਦੌਰਾਨ ਆਪਣੇ ਘਰ ਵਿੱਚ ਗੀਜ਼ਰ ਅਤੇ ਇਨਵਰਟਰ ਦੀ ਲੋੜ ਦੱਸੀ, ਜਿਸ ਨੂੰ ਹਰਭਜਨ ਸਿੰਘ ਨੇ ਤੁਰੰਤ ਪੂਰਾ ਕਰਵਾ ਦਿੱਤਾ।

ਇਸ ਤੋਂ ਇਲਾਵਾ ਹਰਭਜਨ ਸਿੰਘ ਨੇ ਬੱਚੀਆਂ ਨੂੰ ਮਨਪਸੰਦ ਭੋਜਨ ਵੀ ਕਰਵਾਇਆ। ਨੰਨ੍ਹੇ ਚਿਹਰਿਆਂ 'ਤੇ ਮੁਸਕਾਨ ਵੇਖ ਕੇ ਉਥੇ ਮੌਜੂਦ ਲੋਕ ਭਾਵੁਕ ਹੋ ਗਏ।

# 22 ਤੋਂ ਸ਼ੁਰੂ ਹੋਵੇਗੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ: ਡਾ. ਬਲਬੀਰ ਸਿੰਘ

**ਮੋਹਾਲੀ:**ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਪੰਜਾਬ ਭਰ ਵਿਚ 22 ਜਨਵਰੀ ਤੋਂ ਰਸਮੀ ਸ਼ੁਰੂਆਤ ਕੀਤੀ ਜਾਵੇਗੀ। ਇਸ ਯੋਜਨਾ ਤਹਿਤ ਪੰਜਾਬ ਦੇ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਮੁਹਾਲੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ ਸਬੰਧੀ ਸਮੀਖਿਆ ਬੈਠਕ ਨੂੰ ਸੰਬੋਧਨ ਕਰਦੇ ਹੋਏ ਸਿਹਤ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਮੁਹਾਲੀ ਵਿਚ ਮੰਗਲਵਾਰ ਤੋਂ ਅੱਠ ਥਾਵਾਂ 'ਤੇ ਪਾਇਲਟ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਆਧਾਰ ਕਾਰਡ ਅਤੇ ਵੋਟਰ ਕਾਰਡ ਰੱਖਣ ਵਾਲੇ ਨਿਵਾਸੀ ਇਸ ਯੋਜਨਾ ਦੇ ਲਾਭਪਾਤਰੀ ਹੋਣਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਵਿਚ 650 ਦੇ ਕਰੀਬ ਨਿੱਜੀ ਹਸਪਤਾਲਾਂ ਅਤੇ ਸਾਰੇ ਮੈਡੀਕਲ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਯੋਜਨਾ ਤਹਿਤ ਸੂਚੀਬੱਧ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦੇ ਲਾਭ ਪਾਤਰੀਆਂ ਨੂੰ ਵੀ ਸਕੀਮ ਤਹਿਤ ਵਾਧੂ 5 ਲੱਖ ਰੁਪਏ ਦਾ ਸਿਹਤ ਕਵਰ ਦਿੱਤਾ ਜਾਵੇਗਾ।



ਮੁਹਾਲੀ ਵਿਚ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 274 ਰਜਿਸਟ੍ਰੇਸ਼ਨ ਸਥਾਨ ਨਿਰਧਾਰਤ ਕੀਤੇ ਗਏ ਹਨ, ਜਿਨ੍ਹਾਂ ਵਿਚ ਕਾਮਨ ਸਰਵਿਸ ਸੈਂਟਰ, ਕਮਿਊਨਿਟੀ ਹੈਲਥ ਸੈਂਟਰ, ਸਬ- ਡਵੀਜ਼ਨਲ ਹਸਪਤਾਲ ਅਤੇ ਜ਼ਿਲ੍ਹਾ ਹਸਪਤਾਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਘੜੂੰਆਂ ਅਤੇ ਡੇਰਾਬੱਸੀ ਸਿਹਤ ਬਲਾਕਾਂ ਵਿਚ ਮੰਗਲਵਾਰ ਤੋਂ 8 ਥਾਵਾਂ 'ਤੇ ਰਜਿਸਟਰੇਸ਼ਨ ਸ਼ੁਰੂ ਕੀਤੀ ਜਾਵੇਗੀ, ਜਿਸ ਤੋਂ ਬਾਅਦ ਇਹ ਪ੍ਰਕਿਰਿਆ ਹੋਰ ਸਥਾਨਾਂ ਤੱਕ ਲਿਜਾਈ ਜਾਵੇਗੀ। ਸਿਹਤ ਮੰਤਰੀ ਨੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰ ਆਪਣੇ-ਆਪਣੇ ਜ਼ਿਲ੍ਹਿਆਂ ਵਿਚ ਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਨਿਗਰਾਨੀ ਕਰਨਗੇ।

## ਪਰਿਵਾਰ ਨੂੰ ਲੱਖ ਰੁਪਏ ਤੱਕ ਇਲਾਜ

ਡਿਪਟੀ ਕਮਿਸ਼ਨਰ (ਡਿਵੈਲਪਮੈਂਟ) ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜਦਕਿ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਦਫ਼ਤਰਾਂ ਵਿਚ ਤਾਇਨਾਤ ਸਾਰੇ ਡਿਪਟੀ ਮੈਡੀਕਲ ਕਮਿਸ਼ਨਰ ਨੋਡਲ ਅਫ਼ਸਰ ਹੋਣਗੇ। ਉਨ੍ਹਾਂ ਹਦਾਇਤ ਦਿੱਤੀ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਸੁਚਾਰੂ ਹੋਵੇ ਅਤੇ ਲਾਭਪਾਤਰੀਆਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ, ਤਾਂ ਜੋ ਵੱਧ ਤੋਂ ਵੱਧ ਪਰਿਵਾਰ ਇਸ ਇਤਿਹਾਸਕ ਯੋਜਨਾ ਦਾ ਲਾਭ ਲੈ ਸਕਣ। ਇਸ ਮੌਕੇ ਏਡੀਸੀ (ਪੇਂਡੂ ਵਿਕਾਸ) ਸੋਨਮ ਚੌਧਰੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਅਮਨਦੀਪ ਵੜਿੰਗ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸਟਾਰਟਅਪ ਕਾਰੋਬਾਰ ਹੀ ਨਹੀਂ ਰੁਜ਼ਗਾਰ ਦਾ ਆਧਾਰ: ਮਾਨ



**ਜਲੰਧਰ:**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਜਲੰਧਰ ਸਥਿਤ ਐੱਲਪੀਯੂ 'ਚ ਸੂਬੇ ਦੇ ਪਹਿਲੇ ਸਟਾਰਟਅਪ ਕਨਕਲੇਵ ਦੇ ਉਦਘਾਟਨ ਮੌਕੇ ਕਿਹਾ ਰਿ ਸਟਾਰਟਅਪ ਸਿਰਫ਼ ਕਾਰੋਬਾਰ ਨਹੀਂ ਹੁੰਦੇ ਬਲਕਿ ਇਹ ਨੌਜਵਾਨ ਤੇ ਵਿਕਾਸ ਦੇ ਦੇ ਮੌਕੇ ਵੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੁਭਾਅ ਤੋਂ ਇੰਜੀਨੀਅਰ ਤੇ ਜਨਮ ਤੋਂ ਉੱਦਮੀ ਮੰਨੇ ਜਾਂਦੇ ਹਨ। ਉਹ ਜਿਹੜਾ ਵੀ ਰਸਤਾ ਚੁਣਦੇ ਹਨ ਕਿ ਉਸ 'ਚ ਸਫ਼ਲਤਾ ਹਾਸਲ ਕਰਦੇ ਹਨ। ਸੀਐੱਮ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮਕਸਦ ਵੀ ਪੰਜਾਬ ਦੇ ਨੌਜਵਾਨਾਂ ਨੂੰ ਏਨਾ ਕਾਬਲ ਬਣਾਉਣਾ ਹੈ ਕਿ ਉਹ ਨੌਕਰੀ ਲੱਭਣ ਦੀ ਬਜਾਏ ਖ਼ੁਦ ਨੌਕਰੀ ਦੇਣ ਵਾਲੇ ਬਣ ਸਕਣ। ਨੌਜਵਾਨਾਂ ਦੇ ਉੱਦਮੀ ਬਣਨ ਨਾਲ ਨਾ ਸਿਰਫ਼ ਨੌਜਵਾਨਾਂ ਦੀ ਤਰੱਕੀ ਹੋਵੇਗੀ ਬਲਕਿ ਸੂਬੇ ਦਾ ਵੀ ਵਿਕਾਸ ਹੋਵੇਗਾ।

# ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਕੇਸ ਸਬੰਧੀ ਸਮੱਗਰੀ ਪੰਜਾਬ ਨੂੰ ਸੌਂਪੀ ਜਾਵੇ: ਮਾਨ

**ਚੰਡੀਗੜ੍ਹ:**ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਸਥਿਤ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਕੇਸ ਦੀ ਕਾਰਵਾਈ ਨਾਲ ਸਬੰਧਤ ਮੂਲ ਆਡੀਓ ਤੇ ਵੀਡੀਓ ਰਿਕਾਰਡਿੰਗ ਤੇ ਦਸਤਾਵੇਜ਼ ਸੌਂਪਣ ਦੀ ਮੰਗ ਕੀਤੀ ਹੈ। ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਏਲਬਾ ਸਮੱਗਲੀਓ ਨੂੰ ਲਿਖੇ ਪੱਤਰ 'ਚ ਉਨ੍ਹਾਂ ਨੇ ਕਿਹਾ ਕਿ ਇਹ ਦਸਤਾਵੇਜ਼ ਪੰਜਾਬ ਦੇ ਲੋਕਾਂ ਦੇ ਨਾਲ-ਨਾਲ ਇਤਿਹਾਸ ਤੇ ਮਨੁੱਖੀ ਅਧਿਕਾਰਾਂ ਦੇ ਵਿਸ਼ਵ ਪੱਧਰੀ ਵਿਦਵਾਨਾਂ ਲਈ ਵੀ ਇਤਿਹਾਸਕ ਤੇ ਭਾਵਨਾਤਮਕ ਮਹੱਤਵ ਰੱਖਦੇ ਹਨ। ਮੌਜੂਦਾ ਸਮੇਂ 'ਚ ਇਹ ਸਕਾਟਲੈਂਡ 'ਚ ਸਬੰਧਤ ਅਧਿਕਾਰੀਆਂ ਕੋਲ ਇਕ ਅਜਾਇਬ ਘਰ 'ਚ ਸੁਰੱਖਿਅਤ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਕੈਡਮਿਕ ਅਧਿਐਨ, ਡਿਜੀਟਲ ਸੁਰੱਖਿਆ ਤੇ ਜਨਤਕ ਪ੍ਰਦਰਸ਼ਨ ਲਈ ਉਕਤ ਸਮੱਗਰੀ ਲੈਣਾ ਚਾਹੁੰਦੀ ਹੈ। ਇਹ ਸਮੱਗਰੀ ਨਵਾਂਸ਼ਹਿਰ ਜ਼ਿਲ੍ਹੇ ਦੇ ਖਟਕੜਕਲਾਂ ਸਥਿਤ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ 'ਚ ਪ੍ਰਦਰਸ਼ਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪੱਤਰ 'ਚ ਲਿਖਿਆ ਕਿ ਡਿਪਟੀ ਹਾਈ ਕਮਿਸ਼ਨਰ ਸਕਾਟਲੈਂਡ ਦੇਸਬੰਧਤ ਅਧਿਕਾਰੀਆਂ ਤੋਂ ਉਕਤ ਸਮੱਗਰੀ ਪੰਜਾਬ ਨੂੰ ਉਪਲੱਬਧ ਕਰਵਾਉਣ ਲਈ ਕਹਿਣ। ਉਨ੍ਹਾਂ ਨੇ ਸੈਲਾਨੀ ਵਿਭਾਗ ਦੇ ਸਕੱਤਰ ਅਭਿਨਵ ਤ੍ਰਿਖਾ ਦੀ ਡਿਊਟੀ ਅੱਗੇ ਦੇ ਤਾਲਮੇਲ ਲਈ ਲਗਾਈ ਹੈ। ਬ੍ਰਿਟਿਸ਼ ਸਰਕਾਰ ਦੇ ਕਾਰਜਕਾਲ ਦੌਰਾਨ ਅਸੰਬਲੀ 'ਚ ਬੰਬ ਸੁੱਟਣ ਦੇ ਕੇਸ 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ 'ਤੇ ਮੁਕੱਦਮਾ ਚਲਾਇਆ ਗਿਆ ਸੀ ਜਿਸ ਦੀ ਵੀਡੀਓ ਤੇ ਆਡੀਓ ਰਿਕਾਰਡਿੰਗ ਹੋਣ ਬਾਰੇ ਪੰਜਾਬ ਸਰਕਾਰ ਨੂੰ ਜਾਣਕਾਰੀ ਮਿਲੀ ਹੈ।



ਦੱਸਿਆ ਜਾਂਦਾ ਹੈ ਕਿ ਸਕਾਟਲੈਂਡ 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨਾਲ ਸਬੰਧਤ ਸਿੱਧੇ ਅਦਾਲਤੀ ਕੇਸ ਦੀਆਂ ਫਾਈਲਾਂ ਤਾਂ ਨਹੀਂ, ਪਰ ਬ੍ਰਿਟਿਸ਼ ਸਰਕਾਰ ਦੇ ਖ਼ੁਫੀਆ, ਰਾਜਨੀਤਕ ਤੇ ਪ੍ਰਸ਼ਾਸਕੀ ਰਿਕਾਰਡ ਮਹੱਤਵਪੂਰਨ ਰੂਪ 'ਚ ਮੌਜੂਦ ਹਨ। ਇਨ੍ਹਾਂ 'ਚ ਬਰਤਾਨੀਆ ਦੀ ਖ਼ੁਫ਼ੀਆ ਰਿਪੋਰਟ, ਲਾਹੌਰ ਸਾਜ਼ਿਸ਼ ਕੇਸ 'ਤੇ ਅੰਦਰੂਨੀ ਟਿੱਪਣੀਆਂ, ਸਜ਼ਾ ਤੇ ਅਪੀਲਾਂ ਸੰਬੰਧੀ ਸੰਚਾਰ ਤੇ ਇਸ ਨਾਲ ਜੁੜੀਆਂ ਹੋਈਆਂ ਹੋਰ ਕਈ ਰਿਪੋਰਟਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਭਗਤ ਸਿੰਘ ਦੇ ਲੇਖਾਂ ਬਾਰੇ ਵਿਸ਼ਲੇਸ਼ਣ, ਬ੍ਰਿਟਿਸ਼ ਅਧਿਕਾਰੀਆਂ ਦੀਆਂ ਨਿੱਜੀ ਡਾਇਰੀਆਂ/ ਚਿੱਠੀਆਂ 'ਚ ਲਿਖੇ ਗਏ ਇਸ ਸਬੰਧੀ ਨੋਟਸ ਆਦਿ ਸ਼ਾਮਲ ਹਨ।

# ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ ’ਚ ਨਾਇਬ ਸਿੰਘ ਸੈਣੀ ਹੋਣਗੇ ਸ਼ਾਮਿਲ



**ਚੰਡੀਗੜ੍ਹ:** ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਗਿਆਨੀ ਕੁਲਵੰਤ ਸਿੰਘ ਦੀ ਅਗਵਾਈ ਹੇਠ 24 ਤੇ 25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਵਿਸ਼ਾਲ ਪੱਧਰ ‘ਤੇ ਮਨਾਈ ਜਾ ਰਹੀ ਹੈ, ਜਿਸ ‘ਚ ਦੇਸ਼ ਵਿਦੇਸ਼ ਤੋਂ ਪ੍ਰਮੁੱਖ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰ ਰਹੀਆਂ ਹਨ। ਇਨ੍ਹਾਂ ਸਮਾਗਮਾਂ ‘ਚ ਸ਼ਾਮਿਲ ਹੋਣ ਦਾ ਸੁਨੇਹਾ ਲੈ ਕੇ ਮਹਾਂਰਾਸ਼ਟਰ ਤੋਂ ਹਰਿਆਣਾ ਪੁੱਜੇ ਸਿੱਖ ਭਾਈਚਾਰੇ ਦੇ ਇੱਕ ਵਫਦ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ ਤੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮਫੜਨਵੀਸ ਤੇ ਸਾਲ ਮੁਖੀ ਸੰਤ ਸਿੰਘ ਖ਼ਾਲਸਾ ਦਿੱਤਾ ਸੱਦਾ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਦੋ ਦਿਨਾਂ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ‘ਚ ਸ਼ਾਮਿਲ ਹੋਣ ਦਾ ਭੇਜਿਆ ਗਿਆ ਸਨੇਹ ਭਰਿਆ’ ਸੱਦਾ-ਪੱਤਰ ਭੇਟ ਕੀਤਾ। ਮੁੱਖ ਮੰਤਰੀ ਸੈਣੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਇਹ ਸੱਦਾ ਪ੍ਰਵਾਨ ਕੀਤਾ ਤੇ 25 ਜਨਵਰੀ ਨੂੰ ਸ਼ਤਾਬਦੀ ਸਮਾਗਮਾਂ ‘ਚ ਸ਼ਾਮਿਲ ਹੋਣ ਲਈ ਤਖਤ ਸ੍ਰੀ ਹਜ਼ੂਰ ਸਾਹਿਬ ਪੁੱਜਣ ਦੀ ਆਪਣੀ ਸਹਿਮਤੀ ਜ਼ਾਹਿਰ ਕੀਤੀ। ਇਸ ਮੌਕੇ ਸ਼ਹੀਦੀ ਸ਼ਤਾਬਦੀ ਸਮਾਗਮ ਲਈ ਬਣੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ, ਸੈਕਟਰੀ ਸੁਖਵਿੰਦਰ ਸਿੰਘ ਸੋਨੂੰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਭਾਈ ਕੰਵਲਜੀਤ ਸਿੰਘ ਅਜਰਾਨਾ,ਚੀਫ ਖਾਲਸਾ ਦੀਵਾਨ ਦੇ ਮੈਂਬਰ ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ ਆਦਿ ਵਫਦ ‘ਚ ਸ਼ਾਮਲ ਸਨ।

# ਹਾਈ ਕੋਰਟ ਨੇ ਨਾਭਾ ਜੇਲ੍ਹ ’ਚ ਮਜੀਠੀਆ ਦੀ ਸੁਰੱਖਿਆ ’ਤੇ ਪ੍ਰਗਟਾਈ ਚਿੰਤਾ

**ਚੰਡੀਗੜ੍ਹ:** ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਨਾਭਾ ਜੇਲ੍ਹ ‘ਚ ਗੰਭੀਰ ਖ਼ਤਰੇ ਦੀ ਸੰਭਾਵਨਾ ਸਾਹਮਣੇ ਆਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਸੰਵੇਦਨਸ਼ੀਲ ਮੁੱਦੇ ‘ਤੇ ਪੰਜਾਬ ਸਰਕਾਰ ਨੂੰ ਸੰਬੰਧਤ ਆਈ.ਜੀ. ਅਤੇ ਨਾਭਾ ਜੇਲ੍ਹ ਸੁਪਰਡੈਂਟ ਤੋਂ ਜ਼ਰੂਰੀ ਨਿਰਦੇਸ਼ ਹਾਸਲ ਕਰਨ ਅਤੇ ਅਦਾਲਤ ਨੂੰ ਸੂਚਿਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਇਹ ਮੁੱਦਾ ਸੰਵੇਦਨਸ਼ੀਲ ਹੈ ਅਤੇ ਕੱਲ੍ਹ ਜ਼ਰੂਰੀ ਸੂਚੀ ਤੋਂ ਬਾਅਦ ਸਭ ਤੋਂ ਪਹਿਲਾਂ ਇਸ ਪਟੀਸ਼ਨ ‘ਤੇ ਸੁਣਵਾਈ ਕੀਤੀ ਜਾਵੇਗੀ। ਮਜੀਠੀਆ ਦੇ ਵਕੀਲ ਨੇ ਏ.ਡੀ.ਜੀ.ਪੀ. ਇੰਟੈਲੀਜੈਂਸ ਦੇ ਇਕ ਤਾਜ਼ਾ ਪੱਤਰ ਦਾ ਹਵਾਲਾ ਦਿੱਤਾ, ਜਿਸ ‘ਚ ਖੁਲਾਸਾ ਹੋਇਆ ਹੈ ਕਿ ਮਜੀਠੀਆ ਨੂੰ ਜੇਲ੍ਹ ਅੰਦਰ ਵੀ ਇਕ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਤੋਂ ਖ਼ਤਰਾ ਹੈ। ਅਦਾਲਤ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਨਿਰਦੇਸ਼ ਦਿੱਤਾ ਕਿ ਉਹ ਤੁਰੰਤ ਸਬੰਧਤ



ਆਈ.ਜੀ. ਅਤੇ ਨਾਭਾ ਜੇਲ੍ਹ ਪ੍ਰਸ਼ਾਸਨ ਤੋਂ ਸਥਿਤੀ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਨੂੰ ਅਦਾਲਤ ਸਾਹਮਣੇ ਪੇਸ਼ ਕਰਨ, ਜਿਸ ਵਿਚ ਮੌਜੂਦਾ ਸੁਰੱਖਿਆ ਪ੍ਰੋਟੋਕੋਲ, ਧਮਕੀ ਮੁਲਾਂਕਣ ਅਤੇ ਜ਼ਰੂਰੀ ਸਾਵਧਾਨੀ ਉਪਾਵਾਂ ਦੇ ਵੇਰਵੇ ਸ਼ਾਮਿਲ ਹਨ।

# ਅੰਮ੍ਰਿਤਸਰ ਦੇ ਹੋਟਲ ’ਚ ਠਹਿਰੀ ਐੱਨ.ਆਰ.ਆਈ. ਔਰਤ ਦਾ ਕਤਲ



**ਅੰਮ੍ਰਿਤਸਰ:** ਇਥੇ ਆਪਣੇ ਪਤੀ ਨਾਲ ਹੋਟਲ ‘ਚ ਠਹਿਰੀ ਇਕ ਐੱਨ.ਆਰ. ਆਈ. ਔਰਤ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਹੋਣ ਉਪਰੰਤ ਪਤੀ ਦੇ ਵਾਰਦਾਤ ਉਪਰੰਤ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਔਰਤ ਦੀ ਸ਼ਨਾਖਤ ਪ੍ਰਭਜੋਤ ਕੌਰ (24) ਪਤਨੀ ਮਨਦੀਪ ਸਿੰਘ ਢਿੱਲੋਂ ਵਾਸੀ ਪਿੰਡ ਵੜੈਚ ਕਾਹਨੂੰਵਾਨ ਜ਼ਿਲ੍ਹਾ ਗੁਰਦਾਸਪੁਰ ਵਜੋਂ ਹੋਈ ਹੈ। ਵੇਰਵਿਆਂ ਅਨੁਸਾਰ ਔਰਤ ਦੀ ਲਾਸ਼ ਹੋਟਲ ਦੇ ਕਮਰੇ ‘ਚ ਮਿਲੀ। ਮ੍ਰਿਤਕਾ ਦੇ ਭਰਾ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਉਸਦੀ ਭੈਣ ਇਸ ਹੋਟਲ ਵਿੱਚ ਠਹਿਰੀ ਸੀ।ਪ੍ਰਬੰਧਕਾਂ ਵਲੋਂ ਪੁਲਿਸ ਨੂੰ ਸੂਚਿਤ ਕੀਤਾ ਗਿਆ। ਮ੍ਰਿਤਕਾ 7 ਮਹੀਨਿਆਂ ਦੇ ਬੱਚੇ ਦੀ ਮਾਂ ਸੀ ਜੋ ਆਪਣੇ ਪਤੀ ਨਾਲ ਆਸਟਰੀਆ ਤੋਂ ਇਥੇ ਇਕ ਵਿਆਹ ਸਮਾਗਮ ‘ਚ ਸ਼ਿਰਕਤ ਕਰਨ ਲਈ ਪੁੱਜੇ ਸਨ। ਪ੍ਰਭਜੋਤ ਕੌਰ ਦੀ ਸ਼ਾਦੀ 7 ਸਾਲ ਪਹਿਲਾਂ ਹੋਈ ਸੀ ਤੇ ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਵਿਦੇਸ਼ ਚਲੀ ਗਈ ਜਿਥੇ ਦੋਵਾਂ ਜੀਆਂ ਦਾ ਝਗੜਾ ਰਹਿੰਦਾ ਸੀ। ਪੁਲਿਸ ਵਲੋਂ ਲਾਸ਼ ਕਬਜ਼ੇ ‘ਚ ਲੈ ਕੇ ਫਰਾਰ ਹੋਏ ਪਤੀ ਦੀ ਭਾਲ ‘ਚ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਸੰਬੰਧੀ ਥਾਣਾ ਸਿਵਲ ਲਾਈਨ ਵਿਖੇ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

# ਭਾਰਤ ’ਚ ਸਾਈਬਰ ਠੱਗੀ ’ਚ ਹੋਇਆ ਕਈ ਗੁਣਾ ਵਾਧਾ



**ਪਟਿਆਲਾ:** ਇੰਟਰਨੈੱਟ ਤੇ ਕੰਪਿਊਟਰ ਦੀ ਵਰਤੋਂ ਵਧਣ ਨਾਲ ਜਿੱਥੇ ਦੇਸ਼ ਭਰ ‘ਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ ਉੱਥੇ ਹੀ ਇਸ ਦੀ ਦੁਰਵਰਤੋਂ ਕਰਨ ਵਾਲਿਆਂ ਨੇ ਦੇਸ਼ਵਾਸੀਆਂ ਦੀ ਮਿਹਨਤ ਨਾਲ ਕਮਾਈ ਪੂੰਜੀ ਨੂੰ ਠੱਗਣ ਲਈ ਇਸ ਤਕਨੀਕ ਦੀ ਵਰਤੋਂ ਕਰਕੇ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਸਾਈਬਰ ਠੱਗੀ ਦੇ ਦੇਸ਼ ਭਰ ‘ਚ ਕਈ ਅਜਿਹੇ ਮਾਮਲੇ ਆਏ ਹਨ ਜਿੱਥੇ ਵਿਅਕਤੀ ਦੀ ਸਾਰੀ ਜ਼ਿੰਦਗੀ ਲਈ ਜਮ੍ਹਾਂ ਕੀਤੀ ਪੂੰਜੀ ਸਾਈਬਰ ਠੱਗਾਂ ਨੇ ਬੜੀ ਆਸਾਨੀ ਨਾਲ ਹੜੱਪ ਲਈ ਹੈ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ 2024 ‘ਚ 200 ਫ਼ੀਸਦੀ ਤੋਂ ਵਧ ਸਾਈਬਰ ਕ੍ਰਾਈਮ ਦੇ ਕੇਸਾਂ ‘ਚ ਵਾਧਾ ਹੋਇਆ ਹੈ, ਜਿਸ ਕਾਰਨ 2024 ‘ਚ 22 ਹਜ਼ਾਰ 845 ਕਰੋੜ ਤੋਂ ਵੱਧ ਸਾਈਬਰ ਠੱਗਾਂ ਨੇ ਭਾਰਤੀ ਲੋਕਾਂ ਦੇ ਖਾਤਿਆਂ ‘ਚੋਂ ਪੈਸੇ ਉਡਾਏ ਸੀ। ਇਹ ਅੰਕੜਾ 2023 ‘ਚ 74 ਸੋ ਕਰੋੜ ਤੋਂ ਵਧ ਸੀ ਤੇ ਹਾਲੇ 2025 ਦਾ ਅੰਕੜੇ ਸਾਹਮਣੇ ਨਹੀਂ ਆਏ। ਸਮੇਂ ਦੇ ਨਾਲ-ਨਾਲ ਸਾਈਬਰ ਚੋਰਾਂ ਨੇ ਠੱਗੀ ਮਾਰਨ ਦੇ ਨਿਵੇਕਲੇ ਤਰੀਕੇ ਅਪਣਾ ਲਏ ਹਨ। ਅਕਸਰ ਠੱਗ ਆਪਣੇ ਆਪ ਨੂੰ ਪੁਲਿਸ ਸੀ. ਬੀ.ਆਈ. ਅਫ਼ਸਰ, ਜੱਜ, ਅਧਿਕਾਰੀ ਜਾਂ ਫੇਰ ਕਿਸੇ ਹੋਰ ਵੱਡੇ ਅਧਿਕਾਰੀ ਦਾ ਦਬਕਾ ਦੇ ਕੇ ਝੂਠਾ ਕੇਸ ਦਰਜ ਕਰਨ ਦਾ ਡਰਾਵਾ ਦੇ ਕੇ ਉਨ੍ਹਾਂ ਤੋਂ ਪੈਸੇ ਠੱਗ ਲੈਂਦੇ ਹਨ। ਕਈ ਘਟਨਾਵਾਂ ‘ਚ ਇਹ ਪਤਾ ਲੱਗਾ ਹੈ ਕਿ ਕੁੱਝ ਵਿਅਕਤੀਆਂ ਨੂੰ ਡਿਜੀਟਲ ਅਰੈਸਟ ਕਰਨ ਦਾ ਡਰਾਵਾ ਦੇ ਕੇ ਉਨਾਂ ਦੇ ਲੱਖਾਂ ਰੁਪਏ ਉਡਾਏ ਹਨ। ਇਸ ਸੰਬੰਧੀ ਮਾਹਿਰਾਂ ਦਾ ਕਹਿਣਾ ਹੈ ਕਿ ਤਕਨਾਲੋਜੀ ਦੇ ਯੁੱਗ ਵਿਚ ਹਰ ਵਿਅਕਤੀ ਨੂੰ ਆਪਣੀ ਪੂੰਜੀ ਸੁਰੱਖਿਅਤ ਰੱਖਣ ਲਈ ਇੰਟਰਨੈੱਟ ਤੇਮੋਬਾਈਲ ਬੈਂਕਿੰਗ ਬਾਰੇ ਪੂਰੀ ਜਾਣਕਾਰੀ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ।

ਭਾਵੇਂ ਕਿ ਸਰਕਾਰਾਂ ਤੇ ਵੱਖ-ਵੱਖ ਵਿਭਾਗਾਂ ਵਲੋਂ ਸਾਈਬਰ ਕ੍ਰਾਈਮ ਰੋਕਣ ਦੇ ਦਾਅਵੇ ਕੀਤੇ ਗਏ ਹਨ ਪਰ ਹਾਲੇ ਤੱਕ ਸਾਈਬਰ ਚੋਰ ਇਨ੍ਹਾਂ ਦਾਅਵਿਆਂ ਤੋਂ ਅੱਗੇ ਜਾਪਦੇ ਹਨ ਤੇ ਠੱਗੀ ਹੋਣ ਤੋਂ ਬਾਅਦ ਹੀ ਜ਼ਿਆਦਾਤਰ ਕੇਸਾਂ ਬਾਰੇ ਪੁਲਿਸ ਨੂੰ ਪਤਾ ਲੱਗਦਾ ਹੈ। ਸਾਈਬਰ ਕ੍ਰਾਈਮ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਵਲੋਂ ਸੀ.ਬੀ.ਆਈ. ਨੂੰ ਇਨ੍ਹਾਂ ਕੇਸਾਂ ਦੀ ਪੜਤਾਲ ਕਰਨ ਦੀ ਆਗਿਆ ਦੇ ਦਿੱਤੀ ਹੈ ਤੇ ਅਦਾਲਤ ਵਲੋਂ ਟੈਲੀਕਾਮ ਕੰਪਨੀਆਂ, ਆਰ.ਬੀ.ਆਈ. ਨੂੰ ਹਦਾਇਤਾਂ ਵੀ ਦਿੱਤੀਆਂ ਹਨ ਕਿ ਉਹ ਇਸ ਮਾਮਲੇ ‘ਚ ਪੜਤਾਲੀਆ ਟੀਮ ਨੂੰ ਪੂਰਾ ਸਹਿਯੋਗ ਕਰੇ।

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਰੁੱਧ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪ੍ਰਧਾਨ ਨੂੰ ਕੀਤੀ ਸ਼ਿਕਾਇਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਰੁੱਧ ਸ਼ਿਕਾਇਤ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਾਂਅ ‘ਤੇ ਇਹ ਪੱਤਰ ਪੀ. ਏ. ਸ਼ਹਿਬਾਜ ਸਿੰਘ ਨੂੰ ਸੌਂਪਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਸੱਤ ਮੈਂਬਰਾਂ ‘ਚ ਬੀਬੀ ਕਿਰਨਜੋਤ ਕੌਰ, ਮਿੱਠੂ ਸਿੰਘ ਕਾਹਨੇਕੇ, ਬੀਬੀ ਜਗੀਰ ਕੌਰ, ਸੁਰਿੰਦਰ ਸਿੰਘ ਭੁਲੇਰਾਠਾਂ, ਨਿਰਮੈਲ ਸਿੰਘ ਜੋਲਾ, ਜਰਨੈਲ ਸਿੰਘ ਕਰਤਾਰਪੁਰ, ਮਹਿੰਦਰ ਸਿੰਘ ਹੁਸੈਨਪੁਰ ਦੇ ਨਾਂਅ ਸ਼ਾਮਿਲ ਹਨ। ਇਸ ਪੱਤਰ ਦੀ ਪੁਸ਼ਟੀ ਬੀਬੀ ਕਿਰਨਜੋਤ ਕੌਰ ਨੇ ਕੀਤੀ।

ਇਸ ਪੱਤਰ ‘ਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਗੁਰੂ ਪੰਥ ਗੁਰੂ ਗ੍ਰੰਥ ਦੀ ਹਜ਼ੂਰੀ ‘ਚ ਪੰਥਕ ਮਸਲੇ ਵਿਚਾਰ ਸਕਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ‘ਤੇ ਪਹਿਰਾ ਦੇਣਾ ਸ਼੍ਰੋਮਣੀ ਕਮੇਟੀ ਦਾ ਕੰਮ ਹੈ ਅਤੇ ਇਸ ਕਾਰਜ ਲਈ ਜਥੇਦਾਰ ਅਕਾਲ ਤਖ਼ਤ ਦੀ ਵਿਸ਼ੇਸ਼ ਜਿੰਮੇਵਾਰੀ ਹੈ। ਇਸ ਸੰਬੰਧ ਵਿਚ ਪੀ. ਏ. ਸਹਿਬਾਜ਼ ਸਿੰਘ ਨੇ ਕਿਹਾ ਕਿ ਉਹ ਸ਼ਹਿਰ ਤੋਂ ਬਾਹਰ ਹਨ ਅਤੇ ਉਨ੍ਹਾਂ ਦੇ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਪੱਤਰ ਦੇ ਕੇ ਗਏ ਹਨ।

## ਇੰਟਰਨੈੱਟ ਮੀਡੀਆ ਪੋਸਟ ’ਤੇ ਦਰਜ ਐੱਫ਼.ਆਈ.ਆਰ. ਦੀ ਜਾਂਚ ’ਤੇ ਰੋਕ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਨੂੰ ਅੰਤਰਿਮ ਹੁਕਮ ਪਾਸ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ ਨੂੰ ਲੈ ਕੇ ਇੰਟਰਨੈਟ ਮੀਡੀਆ ‘ਤੇ ਚੁੱਕੇ ਗਏ ਸਵਾਲਾਂ ਦੇ ਆਧਾਰ ‘ਤੇ ਦਰਜ ਐਫ਼.ਆਈ.ਆਰ. ‘ਚ ਅੱਗੇ ਦੀ ਜਾਂਚ ‘ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਵਿਨੋਦ ਐਸ. ਭਾਰਦਵਾਜ ਨੇ ਮਾਨਿਕ ਗੋਇਲ ਅਤੇ ਹੋਰਾਂ ਦੀ ਐਫ਼.ਆਈ.ਆਰ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਪਟੀਸ਼ਨ ‘ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਦਿੱਤਾ। ਪਟੀਸ਼ਨ ਇਕ ਕਾਨੂੰਨ ਦੇ ਵਿਦਿਆਰਥੀ, ਆਰ.ਟੀ.ਆਈ. ਕਾਰਕੁਨ ਅਤੇ ਤਿੰਨ ਪੱਤਰਕਾਰਾਂ ਵਲੋਂ ਦਾਇਰ ਕੀਤੀ ਗਈ ਸੀ, ਜਿਨ੍ਹਾਂ ਵਿਰੁੱਧ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ ਨੂੰ ਲੈ ਕੇ ਇੰਟਰਨੈਟ ਮੀਡੀਆ ਪੋਸਟ ਅਤੇ ਉਸ ਤੋਂ ਬਾਅਦ ਪੈਦਾ ਹੋਏ ਜਨਤਕ ਬਹਿਸ ਕਾਰਨ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਸੀ। ਪਟੀਸ਼ਨਰਾਂ ਵਲੋਂ ਅਦਾਲਤ ਨੂੰ ਦੱਸਿਆ ਗਿਆ



ਕਿ ਇਹ ਪੂਰਾ ਮਾਮਲਾ ਇਕ ਜਨਹਿਤ ਦੇ ਸਵਾਲ ਤੋਂ ਖੜ੍ਹਾ ਹੋਇਆ ਹੈ, ਜਿਸ ‘ਚ ਜਨਤਕ ਸਾਧਨਾਂ ਦੀ ਵਰਤੋਂ ‘ਚ ਪਾਰਦਰਸ਼ਤਾ ਦੀ ਮੰਗ ਕੀਤੀ ਗਈ ਸੀ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਐਫ਼.ਆਈ. ਆਰ. ‘ਚ ਅੱਗੇ ਦੀ ਜਾਂਚ ‘ਤੇ ਰੋਕ ਲਗਾਉਣ ਦਾ ਹੁਕਮ ਦਿੱਤਾ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮਾਮਲੇ ਦੀ ਅਗਲੀ ਸੁਣਵਾਈ 23 ਫਰਵਰੀ ਨੂੰ ਤੈਅ ਕੀਤੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਖ਼ਤ ਸਵਾਲ ਉਠਾਏ ਤੇ ਕਿਹਾ ਕਿ ਦੇਸ਼ ਵਿਚ ਪੁਲਿਸ ਰਾਜ ਨਹੀਂ ਚੱਲ ਰਿਹਾ।

# ਸਰਕਾਰ ਨੇ ਪੰਜਾਬ ਦੀ ਜਨਤਕ ਆਵਾਜਾਈ ਪ੍ਰਣਾਲੀ ’ਚ ਲਿਆਂਦੀ ਵਿਆਪਕ ਤਬਦੀਲੀ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹਾਲ ਹੀ ਦੇ ਸਾਲਾਂ ਵਿਚ ਸਰਕਾਰੀ ਬੱਸ ਸੇਵਾਵਾਂ ਵਿਚ ਕੀਤੇ ਵਿਆਪਕ ਵਿਸਥਾਰ ਸਦਕਾ ਪੰਜਾਬ ਦੀ ਆਵਾਜਾਈ ਪ੍ਰਣਾਲੀ ਵਿਚ ਮਹੱਤਵਪੂਰਨ ਤਬਦੀਲੀ ਲਿਆਂਦੀ ਜਾ ਰਹੀ ਹੈ। ਸਰਕਾਰ ਦੇ ਫਲੀਟ ਵਿਚ 1,279 ਬੱਸਾਂ ਸ਼ਾਮਲ ਕਰਨ ਦਾ ‘ ਫ਼ੈਸਲਾ ਸਿਰਫ਼ ਗਿਣਤੀ ਵਿਚ ਵਾਧਾ ਕਰਨਾ ਨਹੀਂ, ਸਗੋਂ ਸ਼ਹਿਰੀ ਅਤੇ ਪੇਂਡੂ ਖੇਤਰ ਦੇ ਨਾਗਰਿਕਾਂ ਲਈ ਕਿਫ਼ਾਇਤੀ, ਸੁਰੱਖਿਅਤ, ਪਹੁੰਚਣਯੋਗ ਅਤੇ ਨਿਰਵਿਘਨ ਸੰਪਰਕ ਨੂੰ ਤਰਜੀਹ ਦੇਣਾ ਹੈ। ਮੌਜੂਦਾ ਸਮੇਂ ਪੰਜਾਬ ਸਰਕਾਰ ਅਧੀਨ 2,267 ਬੱਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 1,119 ਪਨਬਸ (ਪੰਜਾਬ ਸਟੇਟ ਬੱਸ ਸਟੈਂਡ ‘ਮੈਨੇਜਮੈਂਟ ਕੰਪਨੀ ਲਿਮਟਿਡ) ਅਧੀਨ ਹਨ। ਮਾਨ ਸਰਕਾਰ ਵੱਲੋਂ ਸਿੱਧੇ ਤੌਰ ‘ਤੇ ਖ਼ਰੀਦ ਅਤੇ ਲੀਜ਼ ਦੋਵਾਂ ਰਾਹੀਂ ਬੱਸਾਂ ਦੇ ਵਿਸਥਾਰ ਨੂੰ ਸੂਝ-ਬੂਝ ਰਾਹੀਂ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਇਸ ਸਬੰਧੀ ਵਿੱਤੀ ਬੋਝ ਦੀ ਪਰਵਾਹ ਕੀਤੇ ਬਿਨਾਂ ਵਿਸਥਾਰ ਯਕੀਨੀ ਬਣਾਇਆ ਗਿਆ ਹੈ। ਕੀਤੇ ਗਏ ਵਿਸਥਾਰ ਵਿਚੋਂ 796 ਬੱਸਾਂ ਸਿੱਧੇ ਤੌਰ ‘ਤੇ ਖ਼ਰੀਦਿਆਂ ਜਾਣਗੀਆਂ, ਜਦੋਂ ਕਿ 483 ਨੂੰ ਕਿਲੋਮੀਟਰ ਸਕੀਮ ਅਧੀਨ ਸ਼ਾਮਲ ਕੀਤਾ ਜਾਵੇਗਾ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪਰਗਟ ਨੇ 'ਆਪ' ਆਗੂਆਂ ਨੂੰ ਦਿੱਤੀ ਬਹਿਸ ਦੀ ਚੁਣੌਤੀ

**ਚੰਡੀਗੜ੍ਹ:** ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਸੰਧਵਾਂ ਨੂੰ ਸੂਬੇ ਨਾਲ ਸਬੰਧਤ ਵੱਖ-ਵੱਖ ਮਸਲਿਆਂ ਬਾਰੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਇਸ ਤੋਂ ਪਹਿਲਾਂ ਆਪ ਆਗੂ ਦੀਪਕ ਬਾਲੀ ਨੇ ਪਰਗਟ ਸਿੰਘ ਨਾਲ ਬਹਿਸ ਕਰਨ ਦੀ ਗੱਲ ਕਬੂਲ ਕੀਤੀ ਸੀ, ਇਸ ਦੇ ਜਵਾਬ ਵਿਚ ਕਾਂਗਰਸ ਆਗੂ ਨੇ ਇਹਨਾਂ ਆਗੂਆਂ ਨੂੰ ਚੁਣੌਤੀ ਦਿੱਤੀ ਹੈ।

ਇੱਥੇ ਦੱਸਿਆ ਜਾਂਦਾ ਹੈ ਕਿ ਪੰਜਾਬ ਰਿ ਪੁਲਿਸ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅ ਨਾਲ ਸਬੰਧਤ ਵੀਡੀਓ ਕਲਿੱਪ ਅਪਲੋਡ ਕਰਨ ਦੇ ਮਾਮਲੇ ਵਿਚ ਪਰਗਟ ਸਿੰਘ ਸਮੇਤ ਕਈ ਸਿਆਸੀ ਆਗੂਆਂ ਦੇ ਖਿਲਾਫ਼ ਕੇਸ ਦਰਜ ਕੀਤਾ ਹੈ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਪਰਗਟ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਸੀ। ਪਰਗਟ ਸਿੰਘ ਨੇ ਪ੍ਰਦਰਸ਼ਨਕਾਰੀਆਂ ਨੂੰ ਬਹਿਸ ਕਰਨ ਦੀ ਚੁਣੌਤੀ ਦਿੱਤੀ ਸੀ। ਇਸ ਤੋਂ ਬਾਅਦ ਦੀਪਕ ਬਾਲੀ ਨੇ ਪਰਗਟ ਸਿੰਘ ਦੀ ਚੁਣੌਤੀ ਨੂੰ ਕਬੂਲ ਕਰਦੇ ਹੋਏ ਬਹਿਸ ਕਰਨ ਦੀ ਗੱਲ ਕਹੀ ਸੀ। ਇਸ ਸੰਦਰਭ ਵਿਚ ਪਰਗਟ ਸਿੰਘ ਨੇ ਕਿਹਾ ਕਿ ਬੀਤੇ ਦਿਨ ਉਨ੍ਹਾਂ ਦੀ ਰਿਹਾਇਸ਼ ਸਾਹਮਣੇ ਪ੍ਰਦਰਸ਼ਨ ਕਰਨ ਆਏ ਆਮ ਆਦਮੀ ਪਾਰਟੀ ਦੇ ਮੰਤਰੀ ਬਹਿਸ ਕਰਨ ਤੋਂ ਭੱਜ ਗਏ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਦੇ ਆਗੂਆਂ ਰਾਹ ਚਲਵਾ ਕੇ ਬਹਿਸ ਦੀਆਂ ਗੱਲਾਂ ਕਰ ਰਹੇ ਹਨ।



ਉਨ੍ਹਾਂ ਕਿਹਾ ਕਿ ਉਹ ਬੇਅਦਬੀ ਦੇ ਕੇਸਾਂ ਤੋਂ ਲੈ ਕੇ ਮੌੜ ਬੰਬ ਧਮਾਕੇ ਤੱਕ, ਪੰਜਾਬ ਨਾਲ ਜੁੜੇ ਹਰ ਗੰਭੀਰ ਮਸਲੇ 'ਤੇ ਕਿਤੇ ਵੀ ਬਹਿਸ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਕਾਂਗਰਸੀ ਵਿਧਾਇਕ ਨੇ ਪਹਿਲੀ ਬਹਿਸ ਤਿੰਨ ਵਿਅਕਤੀਆਂ ਵਿੱਚੋਂ ਕਿਸੇ ਇੱਕ ਨਾਲ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਜਿਸ ਨੇ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਬੇਅਦਬੀ ਕੇਸਾਂ ਵਿਚ ਇਨਸਾਫ਼ ਦੀ ਗਾਰੰਟੀ ਦਿੱਤੀ ਸੀ।

ਇਸੇ ਤਰ੍ਹਾਂ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਭਗਵੰਤ ਸਿੰਘ ਮਾਨ, ਜਿਨ੍ਹਾਂ ਕੋਲ ਇਨ੍ਹਾਂ ਸਾਰੇ ਕੇਸਾਂ ਦੀਆਂ ਫਾਇਲਾਂ ਜਾਂਦੀਆਂ ਹਨ ਜਾਂ ਫਿਰ ਸਪੀਕਰ ਕੁਲਤਾਰ ਸਿੰਘ ਸੰਧਵਾਂ, ਜੋ ਬਰਗਾੜੀ ਮੋਰਚੇ 'ਤੇ ਇਨਸਾਫ਼ ਦਾ ਭਰੋਸਾ ਦੇ ਕੇ ਮੋਰਚਾ ਚੁਕਵਾਇਆ ਸੀ।

ਉਨ੍ਹਾਂ ਨੇ ਦੂਜੀ ਬਹਿਸ ਤਿੰਨ ਆਜ਼ਾਦ, ਭਰੋਸੇਯੋਗ ਅਤੇ ਨਿਰਪੱਖ ਪੰਜਾਬੀ ਪੱਤਰਕਾਰਾਂ ਦੇ ਸਾਹਮਣੇ, ਬਰਾਬਰ ਸਮੇਂ ਅਤੇ ਤੱਥਾਂ ਦੇ ਆਧਾਰ 'ਤੇ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹਨਾਂ ਸ਼ਰਤਾਂ ਨਾਲ ਗੱਲ ਕਰਨੀ ਹੈ ਤਾਂ ਚੁਣੌਤੀ ਕਬੂਲ ਕਰੋ। ਬਹਿਸ ਤੋਂ ਭੱਜ ਕੇ ਆਪਣੇ ਕਰਿੰਦਿਆਂ ਨੂੰ ਅੱਗੇ ਕਰਨਾ ਬੰਦ ਕੀਤਾ ਜਾਵੇ। ਵੋਟਾਂ ਤੋਂ ਪਹਿਲਾਂ ਸੂਬੇ ਵਿਚ ਸਾਰੀਆਂ ਸਿਆਸੀ ਪਾਰਟੀਆਂ ਬੇਅਦਬੀ ਦੇ ਮੁੱਦੇ ਨੂੰ ਮੁੜ ਉਭਾਰਨਾ ਚਾਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਹੋਏ ਸਰੂਪਾਂ ਨੂੰ ਲੈ ਕੇ ਪੁਲਿਸ ਨੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਆਮ ਆਦਮੀ ਪਾਰਟੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਨੂੰ ਬੇਅਦਬੀ ਦੱਸ ਰਹੀ ਹੈ ਜਦਕਿ ਅਕਾਲੀ ਆਗੂ ਅਤੇ ਪਰਗਟ ਸਿੰਘ ਇਸ ਮਾਮਲੇ ਨੂੰ ਲਾਪਤਾ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਫਰਾਡ ਕੀਤੇ ਜਾਣ ਦੀ ਗੱਲ ਕਹਿ ਰਹੇ ਹਨ। ਇਸੇ ਤਰ੍ਹਾਂ ਭਾਜਪਾ ਆਗੂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਵਿਧਾਨ ਸਭਾ ਵਿਚ ਕੀਤੇ ਸੰਬੋਧਨ ਨੂੰ ਗੁਰੂ ਸਾਹਿਬ ਦਾ ਅਪਮਾਨ ਅਤੇ ਬੇਅਦਬੀ ਦੱਸ ਰਹੇ ਹਨ ਜਿਸ ਕਰ ਕੇ ਸੂਬੇ ਦੀ ਸਿਆਸਤ ਭਖੀ ਹੋਈ ਹੈ।

# ਨਿਊਜ਼ੀਲੈਂਡ ਵਿਚ ਨਗਰ ਕੀਰਤਨ ਰੋਕਣ ਦਾ ਮਸਲਾ ਉਠਾਏਗਾ ਭਾਰਤ: ਅਸ਼ਵਨੀ ਸ਼ਰਮਾ

**ਫ਼ਤਹਿਗੜ੍ਹ ਸਾਹਿਬ:** ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਵਿੱਚ ਡਕਾਵਟ ਪਾਉਣ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾ ਰਿਹਾ ਹੈ। ਇਸ ਵਿਚਾਲੇ ਨਗਰ ਕੀਰਤਨ ਨੂੰ ਰੋਕਣਾ ਪੰਜਾਬੀ ਭਾਵਨਾਵਾਂ ਅਤੇ ਗੁਰੂ ਸਾਹਿਬਾਨ ਪ੍ਰਤੀ ਸਤਿਕਾਰ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਵਿਦੇਸ਼ ਬਾਰੇ ਸਖ਼ਤ ਇਤਰਾਜ਼ ਦਰਜ ਕਰਵਾਏਗਾ ਅਤੇ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਅਜਿਹੀ ਘਟਨਾ ਭਵਿੱਖ ਵਿੱਚ ਨਾ ਵਾਪਰੇ।

ਅਸ਼ਵਨੀ ਸ਼ਰਮਾ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਬਾਰੇ ਕੀਤੀ ਗਈ ਵਿਵਾਦਿਤ ਟਿੱਪਣੀ ਨੂੰ ਪੰਜਾਬ ਦਾ ਅਪਮਾਨ ਕਰਾਰ ਦਿੱਤਾ। ਵਾਇਰਲ ਵੀਡੀਓ ਦੀ ਫੋਰੈਂਸਿਕ ਜਾਂਚ ਉੱਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਚੋਣਾਂ ਦੌਰਾਨ ਵਾਇਰਲ ਹੋਈ ਪੁਲਿਸ ਅਧਿਕਾਰੀਆਂ ਦੀ ਆਡੀਓ ਕਲਿੱਪ ਦੀ ਫੋਰੈਂਸਿਕ ਜਾਂਚ ਅਜੇ ਤੱਕ ਨਹੀਂ ਹੋ ਸਕੀ, ਫਿਰ ਆਤਿਸ਼ੀ ਦੀ ਵੀਡੀਓ ਦੀ ਜਾਂਚ ਰਿਪੋਰਟ ਕੁਝ ਘੰਟਿਆਂ ਵਿੱਚ ਕਿਵੇਂ ਆ ਗਈ। ਉਨ੍ਹਾਂ ਕਿਹਾ ਕਿ ਉਹ ਵੀਡੀਓ ਦਿੱਲੀ ਵਿਧਾਨ ਸਭਾ ਦੀ ਜਾਇਦਾਦ ਤੇ ਪੰਜਾਬ ਵਿੱਚ ਹੋਈ ਕਾਰਵਾਈ ਗੈਰ-ਕਾਨੂੰਨੀ ਹੈ।



ਕੈਪਟਨ ਅਮਰਿੰਦਰ ਸਿੰਘ ਦੀ ਘੱਟ ਰਹੀ ਰਾਜਨੀਤਿਕ ਸਰਗਰਮੀ ਬਾਰੇ ਉਨ੍ਹਾਂ ਕਿਹਾ ਕਿ ਕੈਪਟਨ ਪੰਜਾਬ ਦੇ ਉੱਘੇ ਆਗੂ ਹਨ ਅਤੇ ਭਾਜਪਾ ਇੱਕ ਪਰਿਵਾਰ ਹੈ ਜਿੱਥੇ ਸਾਰਿਆਂ ਨੂੰ ਬਰਾਬਰ ਸਤਿਕਾਰ ਮਿਲਦਾ ਹੈ। ਮੁਕਤਸਰ ਵਿਚ ਮਾਘੀ 'ਤੇ ਭਾਜਪਾ ਵੱਲੋਂ ਕੀਤੀ ਜਾ ਰਹੀ ਪਹਿਲੀ ਵਾਰ ਕਾਨਫਰੰਸ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸ਼ਮੂਲੀਅਤ ਨਾ ਹੋਣ ਦੀ ਚਰਚਾ ਬਾਰੇ ਉਨ੍ਹਾਂ ਕਿਹਾ ਕਿ ਸ਼ਾਇਦ ਮੌਸਮ ਦੀ ਖਰਾਬੀ ਕਾਰਨ ਉਹ ਸ਼ਾਮਲ ਨਾ ਹੋ ਸਕਣ।

## 328 ਸਰੂਪਾਂ ਦੇ ਮਾਮਲੇ...

(ਪਹਿਲੇ ਸਫ਼ੇ ਦਾ ਬਾਕੀ)

ਕਰਨ। ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਪਾਸੋਂ ਕਿਸੇ ਵੀ ਜਾਣਕਾਰੀ ਦੀ ਲੋੜ ਹੈ ਤਾਂ ਇਸ ਲਈ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਹਾਜ਼ਰੀ 'ਚ ਲੋੜੀਂਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ-ਦਫ਼ਤਰ ਵਿਖੇ ਦੇਖੀ ਜਾ ਸਕਦੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਕੋਈ ਰਾਜਨੀਤਕ ਪਾਰਟੀ ਇਸ ਮਾਮਲੇ 'ਚੋਂ ਸਿਆਸੀ ਲਾਭ ਉਠਾਉਣ ਦਾ ਯਤਨ ਨਾ ਕਰੇ, ਜੇਕਰ ਕੋਈ ਪਾਰਟੀ ਅਜਿਹਾ ਕਰਦੀ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਜਵਾਬਦੇਹ ਅਤੇ ਪੰਥ ਦੋਖੀ ਹੋਵੇਗੀ। ਉਨ੍ਹਾਂ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਆਦੇਸ਼ ਜਾ ਚੁੱਕਾ ਹੈ ਕਿ ਕੋਈ ਵੀ ਸਿਆਸੀ ਧਿਰ, ਸੰਸਥਾ, ਵਿਅਕਤੀ ਇਸ ਸੰਜੀਦਾ ਮਾਮਲੇ ਉੱਤੇ ਰਾਜਨੀਤਕ ਲਾਭ ਲੈਣ ਦੀ ਕੋਸ਼ਿਸ਼ ਨਾ ਕਰੇ ਅਤੇ ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਮਾਮਲੇ ਦੇ ਚਲਦਿਆਂ ਪਿਛਲੇ ਦਿਨਾਂ ਤੋਂ ਇਹ ਧਿਆਨ 'ਚ ਆਇਆ ਹੈ ਕਿ ਮੀਡੀਆ, ਸੋਸ਼ਲ ਮੀਡੀਆ ਤੇ ਵੈੱਬ ਚੈਨਲਾਂ ਦੇ ਮੰਚਾਂ ਤੋਂ ਵੱਖ-ਵੱਖ ਪਾਰਟੀਆਂ ਦੇ ਬੁਲਾਰੇ, ਬੁੱਧੀਜੀਵੀ ਤੇ ਵਿਚਾਰਵਾਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਗੱਲ ਕਰਦਿਆਂ ਬਹੁਤ ਹੀ ਨੀਵੇਂ ਪੱਧਰ ਦੀਆਂ ਤਸਬੀਹਾਂ ਅਤੇ ਸ਼ਬਦਾਵਲੀ ਵਰਤ ਰਹੇ ਹਨ। ਉਨ੍ਹਾਂ ਕਿਹਾ ਕਿ ਜਾਣੇ ਅਣਜਾਣੇ ਵਿਚ ਵਰਤੀ ਜਾਣ ਵਾਲੀ ਪੇਤਲੀ ਸ਼ਬਦਾਵਲੀ ਗੁਰਸਿੱਖਾਂ, ਧਰਮੀਆਂ ਅਤੇ ਪ੍ਰੇਮ ਭਾਵਨਾ ਵਾਲੇ ਜੀਆਂ ਲਈ ਅਸਹਿ ਹੈ ਅਤੇ ਸੁਣਨਯੋਗ ਨਹੀਂ ਅਤੇ ਇਸ ਸੰਬੰਧੀ ਬਹੁਤ ਗੁਰਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਇਤਰਾਜ਼ ਵੀ ਪ੍ਰਗਟਾਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਧਿਆਨ ਵਿਚ ਰੱਖਦਿਆਂ ਮੀਡੀਆ, ਸੋਸ਼ਲ ਮੀਡੀਆ ਤੇ ਵੈੱਬ ਚੈਨਲਾਂ 'ਤੇ ਵਿਚਾਰ ਕਰਨ ਵਾਲੇ ਸਮੂਹ ਸਿੱਖ ਵਿਦਵਾਨਾਂ, ਸ਼ਖ਼ਸੀਅਤਾਂ ਤੇ ਬੁੱਧੀਜੀਵੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਦਾ ਨਤੀਜਾ ਸਾਹਮਣੇ ਆਉਣ ਤੱਕ ਇਸ ਮਾਮਲੇ ਨਾਲ ਸੰਬੰਧਿਤ ਕਿਸੇ ਵੀ ਧਿਰ, ਵਿਅਕਤੀ ਅਤੇ ਸੰਸਥਾ ਵਿਰੁੱਧ ਇਲਜ਼ਾਮਬਾਜ਼ੀ ਤੇ ਬਿਆਨਬਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਕੀਤਾ ਜਾਣਾ ਜਾਰੀ ਰੱਖਿਆ ਜਾਂਦਾ ਹੈ ਤਾਂ ਇਸ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੰਭੀਰ ਨੋਟਿਸ ਲਿਆ ਜਾਵੇਗਾ।

## ਅਕਾਲ ਤਖ਼ਤ ਸਾਹਿਬ...

(ਪਹਿਲੇ ਸਫ਼ੇ ਦਾ ਬਾਕੀ)

ਸਾਹਿਬ ਦੀ ਸਰਪਸਤੀ ਹੇਠ ਹੋਈ ਸੀ ਅਤੇ ਸੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਹੀ ਸ਼ੋਮਣੀ ਕਮੇਟੀ ਵਲੋਂ ਮੁਲਾਜ਼ਮਾਂ 'ਤੇ ਵਿਭਾਗੀ ਕਾਰਵਾਈ ਕੀਤੀ ਗਈ ਸੀ। ਹੁਣ ਹੋਏ ਤਾਜ਼ਾ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਅਗਲੀ ਕਾਰਵਾਈ ਕਰੇਗੀ, ਜਿਸ ਸੰਬੰਧੀ ਸਿੱਟ ਵਲੋਂ ਸੰਪਰਕ ਕੀਤੇ ਜਾਣ 'ਤੇ ਆਦੇਸ਼ ਦੀ ਭਾਵਨਾ ਅਨੁਸਾਰ ਕਾਰਜ ਕੀਤਾ ਜਾਵੇਗਾ।

# ਸਰਕਾਰ ਬਾਗ਼ਬਾਨੀ ਨੂੰ ਪ੍ਰਫੁੱਲਿਤ ਕਰਨ ਲਈ ਵਚਨਬੱਧ: ਮਹਿੰਦਰ ਭਗਤ



**ਚੰਡੀਗੜ੍ਹ:** ਪੰਜਾਬ ਸਰਕਾਰ ਕਿਸਾਨਾਂ ਨੂੰ ਰਵਾਇਤੀ ਖੇਤੀ ਤੋਂ ਬਾਗ਼ਬਾਨੀ ਵੱਲ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ, ਜਿਸ ਨਾਲ ਬਾਗ਼ਬਾਨੀ ਹੋਰ ਲਾਭਕਾਰੀ ਅਤੇ ਟਿਕਾਊ ਬਣ ਰਹੀ ਹੈ।

ਇਹ ਦਾਅਵਾ ਕਰਦਿਆਂ ਪੰਜਾਬ ਦੇ ਬਾਗ਼ਬਾਨੀ ਮੰਤਰੀ ਮਹਿੰਦਰ ਭਗਤ ਨੇ ਦੱਸਿਆ ਕਿ 2 ਲੱਖ ਦੀ ਲਾਗਤ ਵਾਲੇ ਛੋਟੇ ਮਸ਼ਰੂਮ ਉਤਪਾਦਨ ਯੂਨਿਟ ਸਥਾਪਿਤ ਕਰਨ ਲਈ ਸੂਬਾ ਸਰਕਾਰ ਵਲੋਂ ਕਿਸਾਨਾਂ ਨੂੰ 80,000 ਰੁਪਏ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਬਾਗਬਾਨੀ ਮੰਤਰੀ ਨੇ ਦੱਸਿਆ ਕਿ ਕਿਸਾਨ ਮਸ਼ਰੂਮ ਦੀ ਖੇਤੀ ਵਿਚ ਘੱਟ ਨਿਵੇਸ਼ ਕਰਕੇ ਵੱਧ ਮੁਨਾਫ਼ਾ ਕਮਾ ਸਕਦੇ ਹਨ ਅਤੇ ਇਸ ਕੰਮ ਲਈ ਘੱਟ ਜ਼ਮੀਨ ਅਤੇ ਘੱਟ ਪਾਣੀ ਦੀ ਲੋੜ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਇੱਕ ਛੋਟਾ ਮਸ਼ਰੂਮ ਯੂਨਿਟ ਆਮ ਤੌਰ 'ਤੇ ਲਗਭਗ 200 ਵਰਗ ਫੁੱਟ ਖੇਤਰ ਵਿਚ ਸਥਾਪਤ ਕੀਤਾ ਜਾ ਸਕਦਾ ਹੈ। ਬਾਗ਼ਬਾਨੀ ਵਿਭਾਗ ਵਲੋਂ ਇਸ ਪ੍ਰਾਜੈਕਟ ਲਈ 2 ਲੱਖ ਦੀ ਲਾਗਤ 'ਤੇ 40 ਫ਼ੀਸਦੀ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਬੀਬੀ ਰਮਿੰਦਰ ਕੌਰ ਝੱਜ ਪੰਜ ਤੱਤਾਂ ’ਚ ਵਿਲੀਨ

## ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਬੀਬੀ ਰਮਿੰਦਰ ਕੌਰ ਝੱਜ ਨੂੰ ਸ਼ਰਧਾਂਜਲੀਆਂ

**ਸ਼ਿਕਾਗੋ:** ਲੰਘੇ ਐਤਵਾਰ 4 ਜਨਵਰੀ ਨੂੰ ਡੇਵਨਪੋਰਟ ਫਿਊਨਰਲ ਹੋਮ ਵਿਚ ਬੀਬੀ ਰਮਿੰਦਰ ਕੌਰ ਝੱਜ ਨੂੰ ਅੰਤਿਮ ਵਿਦਾਇਗੀ ਦਿਤੀ ਗਈ। ਭਾਰੀ ਗਿਣਤੀ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ, ਮਿੱਤਰ-ਪਿਆਰਿਆਂ, ਸਨੇਹੀਆਂ ਦੀ ਹਾਜ਼ਰੀ ਵਿਚ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਉਨ੍ਹਾਂ ਨੂੰ ਆਪਣੇ ਇਸ਼ਟ ਵਿਚ ਲੀਨ ਕਰ ਦਿਤਾ ਗਿਆ। ਸਾਲ 2025 ਦੀਆਂ ਆਖਰੀ ਤਰੀਕਾਂ 30 ਦਸੰਬਰ ਮੰਗਲਵਾਰ ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਦੇ ਭਣੇਵੇਂ ਕੰਵਰ ਦੀਪ ਸਿੰਘ, ਬਲਦੀਪ ਸਿੰਘ, ਭਤੀਜੇ ਗੁਰਦੀਪ ਸਿੰਘ ਭੱਠਲ (ਕੈਲੀਫੋਨੀਆ), ਗੁਰਲਾਲ ਸਿੰਘ ਤੇ ਅਨੂਪ ਸਿੰਘ ਨੇ ਆਪਣੀ ਮਾਸੀ/ਭੂਆ ਨਾਲ ਬਿਤਾਏ ਜ਼ਿੰਦਗੀ ਦੇ ਹਰ ਪਲ ਨੂੰ ਭਰੇ ਮਨ ਨਾਲ ਯਾਦ ਕੀਤਾ।

ਤਕਰੀਬਨ ਸਾਰੇ ਹੀ ਬੁਲਾਰਿਆਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਸਾਂਝਾ ਕੀਤਾ। ਉਨ੍ਹਾਂ ਦੇ ਚੰਗੇ ਗੁਣਾਂ-ਫਰਾਖਦਿਲੀ, ਨਿੱਘੇ ਅਤੇ ਸਹਿਣਸ਼ੀਲ ਸੁਭਾਅ ਤੇ ਦੂਜਿਆਂ ਦੇ ਕੰਮ ਆਉਣ ਦੀ ਤਲਬ ਦਾ ਹਰ ਬੰਦਾ ਹੀ ਤਾਰੀਫ ਕਰ ਰਿਹਾ ਸੀ। ਉਨ੍ਹਾਂ ਦੇ ਜੀਵਨ ਦੀ ਮਹਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹਰੇਕ ਹਾਜ਼ਰ ਇਨਸਾਨ, ਉਨ੍ਹਾਂ ਦੀ ਸ਼ਖਸੀਅਤ ਦੇ ਗੁਣ-ਗਾਣ ਕਰ ਰਿਹਾ ਸੀ। ਹਰ ਸ਼ਖਸ ਦੀ ਜ਼ਬਾਨ ‘ਤੇ ਬੀਬੀ ਰਮਿੰਦਰ ਕੌਰ ਜੀ ਦੀ ਅਜ਼ੀਮ ਤੇ ਰੂਹਾਨੀ ਸ਼ਖਸੀਅਤ ਦੇ ਚਰਚੇ ਸਨ ਕਿ ਕਿਵੇਂ ਉਨ੍ਹਾਂ ਆਪਣੇ ਜੀਵਨ ਨੂੰ ਗੁਰਮਤਿ ਆਸ਼ੇ ਅਨੁਸਾਰ ਢਾਲਿਆ ਅਤੇ ਉਹ ਆਪਣੀ ਕਹਿਣੀ ਅਤੇ ਕਥਨੀ ਵਿਚ ਵੀ ਪਰਪੱਕ ਸਨ। ਤਕਰੀਬਨ ਹਰ ਬੁਲਾਰੇ ਨੇ ਸੰਗਤ ਨੂੰ ਦੱਸਿਆ ਕਿ ਗੁਰਦੁਆਰਾ ਪੈਲਾਟਾਈਨ ਦੇ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਦੀ ਸੇਵਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਆਪਣੇ ਆਖਰੀ ਸਮੇਂ ਤਕ ਉਹ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਆਪਣੇ ਦਾਨੀ ਸੁਭਾਅ ਕਰਕੇ ਲੋੜਵੰਦਾਂ ਦੀ ਸੇਵਾ ਕਰਨਾ ਉਹ ਆਪਣਾ ਧਰਮ ਸਮਝਦੇ ਸਨ।

ਗੁਰਦੁਆਰਾ ਪੈਲਾਟਾਈਨ ਵਿਚ ਉਨ੍ਹਾਂ ਨਮਿਤ ਰਖੇ ਅਖੰਡ ਪਾਠ ਦੇ ਭੋਗ ਉਪਰੰਤ ਸਜੇ ਦੀਵਾਨ ਵਿਚ ਗੁਰਦੁਆਰਾ ਵ੍ਹੀਟਨ ਦੇ ਸੇਵਾਦਾਰ ਭਾਈ ਮੋਹਿੰਦਰ ਸਿੰਘ, ਗੁਰੂਘਰ ਦੇ ਹਜ਼ੂਰੀ ਰਾਗੀ ਜਥਿਆਂ- ਭਾਈ ਅਨਮੋਲ ਸਿੰਘ ਤੇ ਭਾਈ ਆਸਵਿੰਦਰ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ।

ਭਾਈ ਮੋਹਿੰਦਰ ਸਿੰਘ ਨੇ ‘ਹਮ ਆਦਮੀ ਹਾਂ ਇਕ ਦਮੀ’, ਭਾਈ ਅਨਮੋਲ ਸਿੰਘ ਦੇ ਜਥੇ ਨੇ ‘ਮੇਰੇ ਸਤਿਗੁਰ ਕੈ ਭਾਣੈ ਚਲੁ’ ਤੇ ਭਾਈ ਆਸਵਿੰਦਰ ਸਿੰਘ ਨੇ ‘ਪ੍ਰਾਨੀ ਕਿਆ ਮੇਰਾ ਕਿਆ ਤੇਰਾ’ ਸ਼ਬਦ ਨਾਲ ਅੰਮ੍ਰਿਤ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਭਾਈ ਲਖਵਿੰਦਰ ਸਿੰਘ ਨੇ ਗੁਰ ਸ਼ਬਦ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ।

ਗੁਰਦੁਆਰਾ ਵ੍ਹੀਟਨ ਦੇ ਮੁਖ ਸੇਵਾਦਾਰ ਭਾਈ ਮੋਹਿੰਦਰ ਸਿੰਘ ਨੇ ਬੀਬੀ ਰਮਿੰਦਰ ਕੌਰ ਜੀ ਨੂੰ ਸ਼ਰਧਾ ਦੇ ਫੁਲ ਭੇਟ ਕਰਦਿਆਂ ਸੰਗਤ ਨੂੰ ਦੱਸਿਆ ਕਿ ਹਲੀਮੀ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਸੀ ਅਤੇ ਬਹੁਤ ਹੀ ਸਹਿਜ ਤੇ ਸਾਦਗੀ ਵਿਚ ਰਹਿਣ ਵਾਲੇ ਤੇ ਸੁਚੱਜੇ ਵਿਚਾਰਾਂ ਦੇ ਧਾਰਨੀ ਸਨ। ਉਹ ਬਹੁਤ ਹੀ ਨਿਮਰ ਤੇ ਬੰਦਗੀ ਕਰਨ ਵਾਲੀ ਰੂਹ ਸੀ। ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਵਾਲੇ ਅਧਿਆਤਮਕ ਤੌਰ ‘ਤੇ ਬਹੁਤ ਬਲਵਾਨ ਸ਼ਖਸ਼ੀਅਤ ਸਨ। ਬੀਬੀ ਜੀ ਨੇ ਗੁਰੂਘਰ ਪੈਲਾਟਾਈਨ ਦੀ ਕਾਰ ਸੇਵਾ ਕਰਨ ਵਾਲਿਆਂ ਨੂੰ ਹਮੇਸ਼ਾ ਹੀ ਉਤਸ਼ਾਹਿਤ ਕੀਤਾ ਤੇ ਗੁਰੂਘਰ ਦੇ ਹੋਰ ਧਾਰਮਿਕ ਅਤੇ ਭਲਾਈ ਦੇ ਕਾਰਜਾਂ ਵਿਚ ਵੱਡਾ ਯੋਗਦਾਨ ਪਾਉਣ ਦੇ ਨਾਲ ਭਾਈਚਾਰਕ ਸਾਂਝ ਨੂੰ ਵੀ ਉਤਸ਼ਾਹਿਤ ਕੀਤਾ। ਉਹ ਆਪ ਲੜਾਈ-ਝਗੜੇ ਤੋਂ ਦੂਰ ਰਹਿੰਦੇ ਅਤੇ ਝੱਜ ਸਾਹਿਬ ਨੂੰ ਵੀ ਪੌਲੀਟਿਕਸ ਤੋਂ ਦੂਰ ਰਹਿਣ ਲਈ ਕਹਿੰਦੇ ਰਹਿੰਦੇ ਸਨ।

ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਦੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਬੀਬੀ ਰਮਿੰਦਰ ਕੌਰ ਜੀ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਝੱਜ ਸਾਹਿਬ ਦਾ ਪਰਿਵਾਰ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਤਨ, ਮਨ ਅਤੇ ਧਨ ਨਾਲ ਸ਼ੁਰੂਆਤ ਕਰਨ ਵਾਲੇ ਮੋਢੀ ਪਰਿਵਾਰਾਂ ਵਿਚੋਂ ਇਕ ਹੈ। ਬੀਬੀ ਰਮਿੰਦਰ ਕੌਰ ਦੀ ਇੱਛਾ ਸੀ ਕਿ



ਬੀਬੀ ਰਮਿੰਦਰ ਕੌਰ ਝੱਜ ਦੀ ਪੁਰਾਣੀ ਤਸਵੀਰ।

ਸ਼ਿਕਾਗੋ ਵਿਚ ਇੱਕ ਸ਼ਾਨਦਾਰ ਗੁਰਦੁਆਰਾ ਹੋਣਾ ਚਾਹੀਦਾ ਹੈ, ਜੋ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਹੋਵੇ। ਉਨ੍ਹਾਂ ਪਹਿਲੇ ਦਿਨ ਤੋਂ ਹੀ ਗੁਰੂਘਰ ਵਿਚ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ ਅਤੇ ਗੁਰੂਘਰ ਦੇ ਕੀਰਤਨ ਸਮਾਗਮਾਂ ਤੇ ਲੰਗਰ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਹਰ ਕਿਸੇ ਨੂੰ ਜ਼ਿੰਦਗੀ ਵਿਚ ਅਗੇ ਵਧਣ ਲਈ ਪ੍ਰੇਰਦੇ ਸਨ। ਉਹ ਖੁਦ ਵੀ ਦਰਿਆਦਿਲ ਦਾਨੀ ਸਨ ਤੇ ਹੋਰਨਾਂ ਪਰਿਵਾਰਾਂ ਨੂੰ ਵੀ ਆਪਣੀ ਕਮਾਈ ਵਿਚੋਂ ਦਸਵੰਧ ਕੱਢਣ ਲਈ ਪ੍ਰੇਰਦੇ ਰਹਿੰਦੇ ਸਨ।

ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਬੀਬੀ ਰਮਿੰਦਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਜੀਵਨ ਦੀਆਂ ਕੀਮਤੀ ਗੱਲਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਾਰਾ ਜੀਵਨ ਗੁਰਮਤਿ ਅਨੁਸਾਰੀ ਸੀ ਤੇ ਸਾਨੂੰ ਵੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ। ਉਨ੍ਹਾਂ ਦੇ ਨਿੱਘੇ, ਰਹਿਮ ਦਿਲ ਅਤੇ ਦੂਜਿਆਂ ਦੇ ਕੰਮ ਆਉਣ ਵਾਲੇ ਸੁਭਾਅ ਬਾਰੇ ਵੀ ਆਪਣੇ ਮਨ ਦੇ ਵਲਵਲੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਹਲਾਸ਼ੇਰੀ, ਉਸਾਰੂ ਸੇਧ, ਚੰਗੇ ਕਾਰਜ ਕਰਨ ਤੇ ਸੇਵਾ ਕਰਨ ਦੀ ਪ੍ਰੇਰਨਾ ਹੀ ਸੀ ਕਿ ਉਨ੍ਹਾਂ ਦਾ ਸਾਰਾ ਪਰਿਵਾਰ-ਭਰਾ ਸ. ਜੈਦੇਵ ਸਿੰਘ ਭੱਠਲ, ਸੁਖ ਤੱਖਰ, ਗੁਰਲਾਲ ਸਿੰਘ ਤੇ ਅਨੂਪ ਸਿੰਘ ਗੁਰੂਘਰ ਦੀ ਸੇਵਾ ਅਤੇ ਭਾਈਚਾਰੇ ਦੇ ਲੋਕ ਭਲਾਈ ਦੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ।

ਅਕਾਲ ਅਕੈਡਮੀ ਬੜੂ ਸਾਹਿਬ ਦੀ ਰਵੀ ਦੀਪ ਮੁਕਤਾ ਨੇ ਭਰੇ ਮਨ ਨਾਲ ਕਿਹਾ ਕਿ ਮੇਜਰ ਗੁਰਚਰਨ ਸਿੰਘ ਝੱਜ ਜੀ ਸ਼ਿਕਾਗੋ ਵਿਚ ਬੜੂ ਸਾਹਿਬ ਦੇ ਥੰਮ੍ਹ ਹਨ।

ਬੀਬੀ ਜੀ ਨੂੰ ਆਪਣੇ ਸ਼ਰਧਾ ਦੇ ਫੁਲ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਵਿਦਿਆ ਦੇ ਪ੍ਰਸਾਰ ਵਿਚ ਹਿੱਸਾ ਪਾਉਣ ਲਈ ਤਤੱਪਰ ਰਹਿੰਦੇ ਸਨ। ਬੜੂ ਸਾਹਿਬ ਲਈ 1990 ਤੋਂ ਲੈ ਕੇ ਹੁਣ ਤੱਕ ਜਦੋਂ ਵੀ ਫੰਡ ਇਕਠਾ ਕਰਨ ਲਈ ਸ਼ਿਕਾਗੋ ਆਏ, ਝੱਜ ਪਰਿਵਾਰ ਨੇ ਲੱਖਾਂ ਡਾਲਰਾਂ ਦਾ ਯੋਗਦਾਨ ਪਾਇਆ ਤੇ ਹੋਰ ਸੰਗਤਾਂ ਨੂੰ ਵੀ ਫੰਡ ਦੇਣ ਲਈ ਪ੍ਰੇਰਿਤ ਕੀਤਾ। ਬੜੂ ਸਾਹਿਬ ਕਲਗੀਧਰ ਟਰਸੱਟ ਦੇ ਬਾਬਾ ਇਕਬਾਲ ਸਿੰਘ ਜੀ ਜਦੋਂ ਵੀ ਸ਼ਿਕਾਗੋ ਆਉਂਦੇ ਤਾਂ ਸ. ਗੁਰਚਰਨ ਸਿੰਘ ਝੱਜ ਪਰਿਵਾਰ ਕੋਲ ਹੀ ਠਹਿਰਦੇ ਸਨ ।

ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਝੱਜ ਪਰਿਵਾਰ ਲੰਮੇ ਸਮੇਂ ਤੋਂ ਬੜੂ ਸਾਹਿਬ ਨਾਲ ਜੁੜਿਆ ਹੋਇਆ ਹੈ। ਮੇਜਰ ਗੁਰਚਰਨ ਸਿੰਘ ਝੱਜ ਪਰਿਵਾਰ ਨੇ ਅਕਾਲ ਅਕੈਡਮੀ ਲਈ ਮਨਾਲ ਪਿੰਡ ਵਿਚ ਜ਼ਮੀਨ ਖਰੀਦ ਕੇ ਦਿੱਤੀ ਸੀ ਜਿਸਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ।

ਝੱਜ ਪਰਿਵਾਰ ਦੇ ਬਹੁਤ ਹੀ ਨਜ਼ਦੀਕੀ ਸ. ਪਰਮਿੰਦਰ ਸਿੰਘ ਵਾਲੀਆ ਨੇ ਬੀਬੀ ਜੀ ਨੂੰ ਸ਼ਰਧਾ ਦੇ ਫੁਲ ਭੇਟ ਕਰਦਿਆਂ ਦੂਰੋਂ-ਨੇੜਿਉਂ ਚਲ ਕੇ ਆਏ ਭਾਈਚਾਰੇ ਦਾ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਧੰਨਵਾਦ ਕੀਤਾ।

ਇਹ ਬੀਬੀ ਰਮਿੰਦਰ ਕੌਰ ਦੀ ਸ਼ਖਸੀਅਤ ਦਾ ਕਰਿਸ਼ਮਾ ਸੀ, ਜਾਂ ਝੱਜ ਪਰਿਵਾਰ ਦੀ ਭਾਈਚਾਰਕ ਸਾਂਝ ਦਾ, ਕਿ ਸ਼ਿਕਾਗੋ ਦੀਆਂ ਲਗਭਗ ਸਾਰੀਆਂ ਹੀ ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਅੰਤਿਮ ਅਰਦਾਸ ਵਿਚ ਸ਼ਾਮਿਲ ਸਨ। ਇਸ ਤੋਂ ਇਲਾਵਾ ਨਾਲ ਲਗਦੀਆਂ ਸਟੇਟਾਂ-ਵਿਸਕਾਨਸਿਨ, ਇੰਡਿਆਨਾ ਅਤੇ ਮਿਸ਼ੀਗਨ ਤੋਂ ਸੰਗਤਾਂ ਸ਼ਰਧਾਂਜਲੀ ਦੇਣ ਲਈ ਪਹੁੰਚੀਆਂ ਹੋਈਆਂ ਸਨ। ਬੀਬੀ ਰਮਿੰਦਰ ਕੌਰ ਦੇ ਸਨਮਾਨ ਵਿਚ ਸੰਗਤਾਂ ਨੇ ਕਿਹਾ ਕਿ ਭਾਈਚਾਰਾ ਉਨ੍ਹਾਂ ਨੂੰ ਹਮੇਸ਼ਾ ਯਾਦ ਕਰਦਾ ਕਰੇਗਾ।

ਜ਼ਿਕਰਯੋਗ ਹੈ ਕਿ ਬੀਬੀ ਰਮਿੰਦਰ ਕੌਰ ਦਾ ਜਨਮ ਕੈਪਟਨ ਹਰਚਰਨ ਸਿੰਘ ਭੱਠਲ ਅਤੇ ਮਾਤਾ ਜਸਵੰਤ ਕੌਰ ਦੀ ਕੁਖੋਂ ਸੰਨ 1940 ਵਿਚ ਪਿੰਡ ਭਨੌੜ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਅਤੇ ਸਹੁਰਾ ਪਿੰਡ ਅਮੈਦਪੁਰ ਸੀ। ਮੁਢਲੀ ਪੜ੍ਹਾਈ ਖਾਲਸਾ ਗਰਲਜ਼ ਸਕੂਲ ਸਿੱਧੂਆਂ, ਲੁਧਿਆਣਾ ਤੋਂ ਅਤੇ ਬਾਅਦ ਵਿਚ ਬੀ.ਏ., ਬੀ.ਐਡ. ਵੀ ਖਾਲਸਾ ਗਰਲਜ਼ ਕਾਲਜ ਸਿੱਧੂਆਂ ਤੋਂ ਕੀਤੀ। 1966 ਵਿਚ ਉਨ੍ਹਾਂ ਦਾ ਵਿਆਹ ਮੇਜਰ ਗੁਰਚਰਨ ਸਿੰਘ ਝੱਜ ਨਾਲ ਹੋ ਗਿਆ ਅਤੇ 1970 ਵਿਚ ਉਹ ਅਮਰੀਕਾ ਆ ਗਏ।

## ਸਤਿੰਦਰ ਸਿੰਘ ਕੋਹਲੀ ਤੇ ਕੰਵਲਜੀਤ ਸਿੰਘ ਅਦਾਲਤ ’ਚ ਪੇਸ਼





**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ 328 ਪਾਵਨ ਸਰੂਪ ਘਟਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਸਤਿੰਦਰ ਸਿੰਘ ਕੋਹਲੀ ਅਤੇ ਕੰਵਲਜੀਤ ਸਿੰਘ ਨੂੰ 2 ਵਾਰ ਮਿਲੇ ਰਿਮਾਂਡ ਖਤਮ ਹੋਣ ‘ਤੇ ਸਖਤ ਸੁਰੱਖਿਆ ਦੌਰਾਨ ‘ਸਿਟ ਵੱਲੋਂ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਦੋਹਾਂ ਨੂੰ 10 ਦਿਨਾਂ ਲਈ ਜੁਡੀਸ਼ੀਅਲ ਹਿਰਾਸਤ ਵਿਚ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਸ ਮਾਮਲੇ ਵਿਚ ਪੁਲਿਸ ਵੱਲੋਂ 7 ਦਸੰਬਰ 2024 ਨੂੰ 16 ਵਿਅਕਤੀਆਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਸੀ, ਜਿਸ ਤੋਂ ਬਾਅਦ ਇਹ ਜਾਂਚ ‘ਸਿਟ ਨੂੰ ਸੌਂਪ ਦਿੱਤੀ ਗਈ ਪਰ ਹੁਣ ਤੱਕ ਕੇਵਲ ਦੋ ਵਿਅਕਤੀਆਂ ਦੀ ਹੀ ਗ੍ਰਿਫਤਾਰੀ ਹੋ ਸਕੀ ਹੈ। ਇਸ ਕਾਰਨ ਜਾਂਚ ਦੀ ਰਫਤਾਰ ਨੂੰ ਲੈ ਕੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਮਾਮਲੇ ਨੂੰ ਲੈ ਕੇ ਧਾਰਮਿਕ ਅਤੇ ਸਮਾਜਿਕ ਵਰਗਾਂ ਵੱਲੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ।

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ 15 ਮਾਰਚ ਨੂੰ

## ਡਾ. ਲਖਵਿੰਦਰ ਸਿੰਘ ਜੌਹਲ ਨੂੰ ਸਰਵਉੱਚ ਸਨਮਾਨ ‘ਫੈਲੋਸ਼ਿਪ’ ਦੇਣ ਦਾ ਫ਼ੈਸਲਾ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਜਨਰਲ ਕੌਂਸਲ ਦੀ ਮੀਟਿੰਗ ਡਾ. ਸਰਬਜੀਤ ਸਿੰਘ ਦੀ ਅਗਵਾਈ ਹੇਠ ਹੋਈ। ਇਸ ਦੌਰਾਨ 15 ਮਾਰਚ ਨੂੰ ਅਕੈਡਮੀ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ।ਵਿਜੈ ਕੁਮਾਰ ਦੱਤਾ ਨੂੰ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ, ਜਦ ਕਿ ਡਾ. ਬਲਵਿੰਦਰ ਸਿੰਘ ਔਲਖ ਅਤੇ ਡਾ. ਕੁਲਵਿੰਦਰ ਕੌਰ ਮਿਨਹਾਸ ਉਨ੍ਹਾਂ ਦੇ ਸਹਿਯੋਗੀ ਹੋਣਗੇ।

ਮੀਟਿੰਗ ਦੌਰਾਨ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਪਰੈਲ 2025 ਤੋਂ ਹੁਣ ਤੱਕ ਦੀਆਂ ਗਤੀਵਿਧੀਆਂ ਦੀ ਰਿਪੋਰਟ ਅਤੇ ਸਾਲ 2026-27 ਦਾ ਬਜਟ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਅਕੈਡਮੀ ਨੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੂੰ ਸਰਬਉੱਚ ਸਨਮਾਨ ਫੈਲੋਸ਼ਿਪ ਦੇਣ ਦੇ ਫੈਸਲੇ ‘ਤੇ ਵੀ ਮੋਹਰ ਲਾਈ। ਇਸ ਮੌਕੇ



ਪੰਜਾਬ ਦੇ ਸਰਕਾਰੀ ਅਦਾਰਿਆਂ ਤੇ ਅਦਾਲਤਾਂ ਵਿੱਚ ਪੰਜਾਬੀ ਲਾਜ਼ਮੀ ਕਰਨ, ਪੰਜਾਬੀ ਭਾਸ਼ਾ ਟ੍ਰਿਬਿਊਨਲ ਸਥਾਪਤ ਕਰਨ ਅਤੇ ਹਰਿਆਣਾ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਸਮੇਤ ਅੱਠ ਮਤੇ ਪਾਸ ਕੀਤੇ ਗਏ। ਅਕੈਡਮੀ ਦੇ ਸਾਬਕਾ ਪ੍ਰਧਾਨ ਡਾ. ਐੱਸ ਐੱਸ ਜੌਹਲ ਅਤੇ ਡਾ. ਸੁਖਦੇਵ ਸਿੰਘ ਸਿਰਸਾ ਨੇ ਮੌਜੂਦਾ ਟੀਮ ਦੇ ਕੰਮਾਂ ਦੀ ਸ਼ਲਾਘਾ ਕੀਤੀ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਅਕੈਡਮੀ ਸਹੀ ਲੀਹਾਂ ‘ਤੇ ਕੰਮ ਕਰ ਰਹੀ ਹੈ। ਮਲਕੀਅਤ ਸਿੰਘ ਔਲਖ ਨੇ ਲੇਖਕਾਂ ਨੂੰ ਗਰੁੱਪਬਾਜ਼ੀ ਛੱਡ ਕੇ ਭਾਸ਼ਾ ਲਈ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਮੈਗਜ਼ੀਨ ‘ਆਲੋਚਨਾ’ ਅਤੇ ‘ਅਣੁ’ ਲੋਕ ਅਰਪਣ ਕੀਤੇ ਗਏ ਅਤੇ ਦਫ਼ਤਰ ਇੰਚਾਰਜ ਸੁਰਿੰਦਰ ਦੀਪ ਨੂੰ ਸਨਮਾਨਿਤ ਕੀਤਾ ਗਿਆ।

ਮੀਟਿੰਗ ਵਿੱਚ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਤੋਂ ਵੱਡੀ ਗਿਣਤੀ ਮੈਂਬਰ ਸ਼ਾਮਲ ਹੋਏ।

# ਜਾਇਦਾਦ ਸਪੁਰਦਗੀ ’ਤੇ ਸਖ਼ਤ ਸ਼ਰਤਾਂ ਨਾ ਲਗਾਓ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਜ਼ਬਤ ਜਾਇਦਾਦ ਨੂੰ ਸਪੁਰਦਗੀ ‘ਤੇ ਛੱਡਦੇ ਸਮੇਂ ਅਦਾਲਤਾਂ ਨੂੰ ਸਖ਼ਤ, ਅਵਿਵਹਾਰਕ ਜਾਂ ਸਜ਼ਾ ਦੇਣ ਵਾਲੀਆਂ ਸ਼ਰਤਾਂ ਨਹੀਂ ਲਗਾਉਣੀਆਂ ਚਾਹੀਦੀਆਂ। ਅਦਾਲਤ ਨੇ ਕਿਹਾ ਕਿ ਅਜਿਹੀਆਂ ਸ਼ਰਤਾਂ ਦਾ ਉਦੇਸ਼ ਸਬੂਤਾਂ ਨੂੰ ਸੁਰੱਖਿਅਤ ਰੱਖਣਾ ਹੋਣਾ ਚਾਹੀਦਾ ਹੈ, ਨਾ ਕਿ ਅਸਿੱਧੇ ਤੌਰ ‘ਤੇ ਨਾਗਰਿਕਾਂ ਨੂੰ ਸਜ਼ਾ ਦੇਣਾ। ਜਦੋਂ ਜਾਇਦਾਦ ਦੇ ਸਬੂਤ ਫੋਟੋਆਂ ਵੀਡੀਓਗ੍ਰਾਫੀ, ਜਾਂ ਵਿਸਤ੍ਰਿਤ ਪੰਚਨਾਮਾ ਰਾਹੀਂ ਸੁਰੱਖਿਅਤ ਕੀਤੇ ਜਾ ਸਕਦੇ ਹਨ ਤਾਂ ਇਸ ਨੂੰ ਲੰਬੇ ਸਮੇਂ ਲਈ ਇਸ ਦੇ ਸਹੀ ਮਾਲਕ ਤੋਂ ਦੂਰ ਰੱਖਣਾ ਗੈਰ-ਵਾਜਬ ਹੈ। ਮੋਗਾ ਤੋਂ ਇੱਕ ਮਾਮਲੇ ਵਿੱਚ ਹਾਈ ਕੋਰਟ ਨੇ ਕਿਹਾ ਕਿ ਸਪੁਰਦਗੀ ਦੀ ਵਿਵਸਥਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੁਲਿਸ ਮਾਲਕਾਨੀ ਵਿਚ ਜਾਇਦਾਦ ਗਲ-ਸੜ ਨਾ ਜਾਵੇ।

# ਜੈਸ਼-ਏ-ਮੁਹੰਮਦ ਕੋਲ ਹਜ਼ਾਰਾਂ ਆਤਮਘਾਤੀ ਹਮਲਾਵਰ ਤਿਆਰ: ਮਸੂਦ ਅਜ਼ਹਰ

**ਅੰਮ੍ਰਿਤਸਰ:** ਪਾਕਿਸਤਾਨ ਆਧਾਰਿਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਆਗੂ ਮੌਲਾਨਾ ਮਸੂਦ ਅਜ਼ਹਰ ਦੀ ਸੋਸ਼ਲ ਮੀਡੀਆ ‘ਤੇ ਜਾਰੀ ਆਡੀਓ ਕਲਿੱਪ ‘ਚ ਉਹ ਇਹ ਦਾਅਵਾ ਕਰਦਾ ਸੁਣਿਆ ਜਾ ਸਕਦਾ ਹੈ ਕਿ ਜੈਸ਼ ਕੋਲ ਹਮਲੇ ਕਰਨ ਲਈ ਹਜ਼ਾਰਾਂ ਆਤਮਘਾਤੀ ਹਮਲਾਵਰ ਤਿਆਰ ਹਨ। ਆਡੀਓ ਸੁਨੇਹੇ ‘ਚ ਮਸੂਦ ਅਜ਼ਹਰ ਨੂੰ ਇਹ ਕਹਿੰਦੇ ਵੀ ਸੁਣਿਆ ਜਾ ਸਕਦਾ ਹੈ ਕਿ ਜੇਕਰ ਉਸ ਦੇ ਸੰਗਠਨ ਦੇ ਅਸਲ ਹਮਲਾਵਰਾਂ ਦੀ ਗਿਣਤੀ ਦਾ ਖ਼ੁਲਾਸਾ ਹੁੰਦਾ ਹੈ ਤਾਂ ਹੰਗਾਮਾ ਹੋ ਜਾਵੇਗਾ। ਉਸ ਦਾ ਦਾਅਵਾ ਹੈ ਕਿ ਉਸ ਦੇ ਲੜਾਕੂ (ਅੱਤਵਾਦੀ) ਪੈਸੇ, ਵੀਜ਼ਾ ਜਾਂ ਲਾਭ ਲਈ ਨਹੀਂ ਲੜਦੇ, ਸਗੋਂ ਸਿਰਫ਼ ‘ਸ਼ਹਾਦਤ’ ਦੇਣਾ ਚਾਹੁੰਦੇ ਹਨ। ਭਾਰਤੀ ਸੰਸਦ ‘ਤੇ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਅੱਤਵਾਦੀ ਮਸੂਦ ਅਜ਼ਹਰ ਨੇ ਸਾਲ 2005 ‘ਚ ਅਯੁੱਧਿਆ ਵਿਚ ਰਾਮ ਜਨਮ-ਭੂਮੀ, ਸਾਲ 2016 ਦੇ ਪਠਾਨਕੋਟ ਹਮਲੇ ਸਮੇਤ ਭਾਰਤ ਤੋਂ ‘ਚ ਕਈ ਹੋਰ ਅੱਤਵਾਦੀ ਹਮਲੇ ਕੀਤੇ ਹਨ। ਮਸੂਦ ਸਾਲ 2019 ‘ਚ ਪੁਲਵਾਮਾ ਵਿਚ ਸੀ. ਆਰ. ਪੀ. ਐੱਫ. ਦੇ ਜਵਾਨਾਂ ‘ਤੇ ਹੋਏ ਹਮਲੇ - ਦਾ ਵੀ ਸਾਜ਼ਿਸ਼ਕਾਰ ਹੈ। ਇਸ ਤੋਂ ਇਲਾਵਾ ਉਹ ਸਾਲ 2016 ਦੇ ਉੜੀ ਹਮਲੇ ਅਤੇ ਅਫ਼ਗਾਨਿਸਤਾਨ ਦੇ ਮਜ਼ਾਰ-ਏ-ਸ਼ਰੀਫ਼ ‘ਚ ਭਾਰਤੀ ਕੌਂਸਲੇਟ ‘ਤੇ ਹਮਲੇ ਲਈ ਵੀ ਜ਼ਿੰਮੇਵਾਰ ਹੈ।



# ਕੈਨੇਡਾ ਦੇ ਇਤਿਹਾਸ ਦੀ 'ਸਭ ਤੋਂ ਵੱਡੀ ਸੋਨੇ ਦੀ ਲੁੱਟ' ਵਿਚ ਹੋਈ ਅਹਿਮ ਗ੍ਰਿਫ਼ਤਾਰੀ

**ਚੰਡੀਗੜ੍ਹ:** 17 ਅਪ੍ਰੈਲ 2023 ਨੂੰ ਟੋਰਾਂਟੋ ਦੇ ਪੀਅਰ ਕੌਮਾਂਤਰੀ ਹਵਾਈ ਅੱਡੇ ਦੇ ਕਾਰਗੋ ਸੈਕਸ਼ਨ ਵਿੱਚੋਂ ਫ਼ਿਲਮੀ ਅੰਦਾਜ਼ ਵਿੱਚ ਚੋਰੀ ਹੋਈ ਸੀ, ਕਰੀਬ ਚਾਰ ਕੁਇੰਟਲ ਸੋਨੇ ਅਤੇ 2.5 ਮਿਲੀਅਨ ਕੈਨੇਡੀਅਨ ਡਾਲਰ ਦੀ ਵਿਦੇਸ਼ੀ ਕਰੰਸੀ ਦੇ ਮਾਮਲੇ ਵਿੱਚ ਪੀਲ ਪੁਲਿਸ ਨੇ ਅਹਿਮ ਗ੍ਰਿਫ਼ਤਾਰੀ ਕੀਤੀ ਹੈ।

ਪੀਲ ਪੁਲਿਸ ਨੇ ਫ਼ਰਾਰ ਹੋਏ ਇੱਕ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਦੀ ਪਛਾਣ ਅਰਸਲਾਨ ਚੌਧਰੀ ਵਜੋਂ ਹੋਈ ਹੈ।

ਪੀਲ ਪੁਲਿਸ ਨੇ ਪ੍ਰੈਸ ਨੋਟ ਰਾਹੀਂ ਜੋ ਜਾਣਕਾਰੀ ਦਿੱਤੀ ਹੈ ਉਸ ਮੁਤਾਬਕ 43 ਸਾਲਾ ਅਰਸਲਾਨ ਚੌਧਰੀ ਦਾ ਕੋਈ ਸਥਿਰ ਪਤਾ ਨਹੀਂ ਹੈ ਅਤੇ ਉਸ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਦੁਬਈ ਤੋਂ ਇੱਥੇ ਪਹੁੰਚਿਆ ਸੀ। ਚੌਧਰੀ ਉੱਤੇ 5000 ਡਾਲਰ





ਤੋਂ ਵੱਧ ਦੀ ਚੋਰੀ, ਅਪਰਾਧ ਨਾਲ ਪ੍ਰਾਪਤ ਜਾਇਦਾਦ ਉੱਤੇ ਕਬਜ਼ਾ ਅਤੇ ਗੰਭੀਰ ਅਪਰਾਧ ਕਰਨ ਦੀ ਸਾਜ਼ਿਸ਼ ਤਹਿਤ ਕੇਸ ਦਰਜ ਕੀਤਾ ਗਿਆ ਹੈ। ਯਾਦ ਰਹੇ ਕਿ ਇਸ ਚੋਰੀ ਵਿੱਚ ਭਾਰਤੀ ਮੂਲ ਦੇ ਕੈਨੇਡੀਅਨ ਨਾਗਿਰਕ ਉੱਤੇ ਵੀ ਇਲਜ਼ਾਮ ਹਨ।

ਪੀਲ ਪੁਲਿਸ ਨੇ ਬਿਆਨ ਵਿੱਚ ਆਖਿਆ ਹੈ ਕਿ ਹੁਣ ਤੱਕ ਪੁਲਿਸ ਨੇ ਚੋਰੀ ਨਾਲ ਜੁੜੇ ਦਸ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਉੱਤੇ 21 ਤੋਂ ਵੱਧ ਇਲਜ਼ਾਮ ਲਗਾਏ ਗਏ ਹਨ ਅਤੇ ਦੋ ਵਿਅਕਤੀ ਅਜੇ ਵੀ ਫ਼ਰਾਰ ਹਨ ਜਿੰਨਾ ਵਿੱਚੋਂ ਇੱਕ ਪੰਜਾਬੀ ਮੂਲ ਦਾ ਨੌਜਵਾਨ ਹੈ। ਪੀਲ ਪੁਲਿਸ ਨੇ ਚੋਰੀ ਹੋਏ ਸੋਨੇ ਦੀ ਭਾਲ ਵਿੱਚ ਬਕਾਇਦਾ ਅਪਰੇਸ਼ਨ 24 ਕੈਰੇਟ 2023 ਤੋਂ ਸ਼ੁਰੂ ਕੀਤਾ ਹੋਇਆ ਹੈ।

### ਫ਼ਿਲਮੀ ਅੰਦਾਜ਼ ਵਿੱਚ ਹੋਈ ਸੀ ਚੋਰੀ

ਕੈਨੇਡਾ ਪੁਲਿਸ ਨੇ ਦੇਸ਼ ਦੇ ਇਤਿਹਾਸ ਵਿੱਚ ਇਸ ਨੂੰ ਵੱਡੀਆਂ ਚੋਰੀਆਂ ਵਿੱਚੋਂ ਇੱਕ ਦੱਸਿਆ ਸੀ ਅਤੇ ਉਸ ਤੋਂ ਬਾਅਦ ਲਗਾਤਾਰ ਕੈਨੇਡਾ ਦੇ ਪੀਲ ਖੇਤਰ ਦੀ ਪੁਲਿਸ ਇਸ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਸੀ। ਪੀਲ ਪੁਲਿਸ ਮੁਤਾਬਕ 17 ਅਪ੍ਰੈਲ 2023 ਨੂੰ ਕੈਨੇਡਾ ਦੀ ਇੱਕ ਨਿੱਜੀ ਕੰਪਨੀ ਨੇ ਇਹ ਸੋਨਾ ਅਤੇ ਨਗਦੀ ਹਵਾਈ ਅੱਡੇ ਤੋਂ ਲੈ ਕੇ ਜਾਣਾ ਸੀ।

## ਸਰਬਜੀਤ ਕੌਰ ਉਰਫ਼ ਨੂਰ ਹੁਸੈਨ ਦੀ ਭਾਰਤ ਵਾਪਸੀ ਟਲੀ, ਪਾਕਿਸਤਾਨ ਨੇ ਵੀਜ਼ਾ ਸਮਾਂ ਹੱਦ ਵਧਾਉਣ ਦੀ ਪ੍ਰਕਿਰਿਆ ਅਰੰਭੀ

**ਚੰਡੀਗੜ੍ਹ:** ਪਾਕਿਸਤਾਨ 'ਚ ਨਿਕਾਹ ਕਰਵਾਉਣ ਵਾਲੀ ਪੰਜਾਬੀ ਮਹਿਲਾ ਸਰਬਜੀਤ ਕੌਰ ਦੀ ਅਜੇ ਭਾਰਤ ਵਾਪਸੀ ਨਹੀਂ ਹੋਵੇਗੀ। ਪਾਕਿਸਤਾਨ ਸਰਕਾਰ ਨੇ ਸਰਬਜੀਤ ਕੌਰ ਦੀ ਵੀਜ਼ਾ ਸਮਾਂ ਹੱਦ ਵਧਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਦੱਸ ਦਈਏ ਕਿ ਸਰਬਜੀਤ ਕੌਰ ਨੂੰ ਇੱਕ ਪਾਕਿਸਤਾਨੀ ਸ਼ੈਲਟਰ ਹੋਮ (ਦਾਰੁਲ



ਅਮਾਨ) 'ਚ ਭੇਜ ਦਿੱਤਾ ਗਿਆ ਹੈ। ਉਹ ਇਸ ਸਮੇਂ ਦੌਰਾਨ ਪੁਲਿਸ ਸੁਰੱਖਿਆ ਹੇਠ ਰਹੇਗੀ।

ਪਾਕਿਸਤਾਨੀ ਸਰਕਾਰ ਨੇ ਉਸਨੂੰ ਭਾਰਤ ਭੇਜਣ ਦੀ ਬਜਾਏ ਉਸਦੇ ਵੀਜ਼ੇ ਨੂੰ ਵਧਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪਾਕਿਸਤਾਨ ਦੇ ਗ੍ਰਹਿ ਰਾਜ ਮੰਤਰੀ ਮੁਹੰਮਦ ਤਲਾਲ ਚੌਧਰੀ ਨੇ ਸਰਬਜੀਤ ਦੀ ਵੀਜ਼ਾ ਵਧਾਉਣ ਅਤੇ ਉਸਦੇ ਦੇਸ਼ ਨਿਕਾਲੇ 'ਤੇ ਰੋਕ ਲਗਾਉਣ ਦੀ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ, ਲਾਹੌਰ ਦੀ ਇੱਕ ਅਦਾਲਤ ਵਿੱਚ ਕੇਸ ਲੰਬਿਤ ਹੋਣ ਕਾਰਨ ਉਸਦੀ ਭਾਰਤ ਤੁਰੰਤ ਵਾਪਸੀ 'ਤੇ ਰੋਕ ਹੈ।

ਦੱਸ ਦੇਈਏ ਕਿ ਸਰਬਜੀਤ ਕੌਰ ਕਪੂਰਥਲਾ ਦੀ ਰਹਿਣ ਵਾਲੀ ਹੈ। ਸਰਬਜੀਤ ਕੌਰ 4 ਨਵੰਬਰ 2025 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸਿੱਖ ਸ਼ਰਧਾਲੂਆਂ ਦੇ ਜਥੇ ਨਾਲ ਪਾਕਿਸਤਾਨ ਗਈ ਸੀ। ਓਥੇ ਜਾ ਕੇ ਉਸਨੇ ਪਾਕਿਸਤਾਨੀ ਨੌਜਵਾਨ ਨਾਸਿਰ ਹੁਸੈਨ ਨਾਲ ਨਿਕਾਹ ਕਰਵਾਇਆ ਸੀ ਅਤੇ ਨਿਕਾਹ ਤੋਂ ਬਾਅਦ ਉਸਨੇ ਆਪਣੇ ਨਾਮ ਨੂਰ ਹੁਸੈਨ ਰੱਖ ਲਿਆ ਸੀ। ਸਰਬਜੀਤ ਕੌਰ ਦਾ ਤੀਰਥ ਯਾਤਰੀ ਵੀਜ਼ਾ 'ਸਿੰਗਲ ਐਂਟਰੀ' ਸੀ ਅਤੇ ਉਸ ਦੀ ਮਿਆਦ ਖ਼ਤਮ ਹੋ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਸਰਬਜੀਤ ਕੌਰ ਅਤੇ ਨਾਸਿਰ ਹੁਸੈਨ ਸਾਲ 2016 ਤੋਂ ਟਿਕਟੋਕ ਰਾਹੀਂ ਇੱਕ-ਦੂਜੇ ਦੇ ਸੰਪਰਕ ਵਿੱਚ ਸਨ। ਸਰਬਜੀਤ ਕੌਰ ਨੇ ਪਹਿਲਾਂ ਵੀ ਕਈ ਵਾਰ ਵੀਜ਼ਾ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਕਾਨੂੰਨੀ ਕਾਰਨਾਂ ਕਰਕੇ ਅਰਜ਼ੀਆਂ ਰੱਦ ਹੋ ਗਈਆਂ ਸਨ।

ਸਰਬਜੀਤ ਕੌਰ ਪੰਜਾਬ, ਭਾਰਤ ਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਅਮਾਨੀਪੁਰ ਦੀ ਰਹਿਣ ਵਾਲੀ ਹੈ। ਇਹ ਪਿੰਡ ਟਿੱਬਾ ਡਾਕਘਰ ਦਾ ਹਿੱਸਾ ਹੈ ਅਤੇ ਤਲਵੰਡੀ ਚੌਧਰੀਆਂ ਪੁਲਿਸ ਸਟੇਸ਼ਨ ਅਧੀਨ ਆਉਂਦਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਔਰਤ ਆਪਣੇ ਪਤੀ ਤੋਂ ਤਲਾਕਸ਼ੁਦਾ ਹੈ। ਉਸ ਦੇ ਦੋ ਪੁੱਤਰ ਹਨ। ਸੁਲਤਾਨਪੁਰ ਲੋਧੀ ਵਿੱਚ ਉਸ ਵਿਰੁੱਧ 10 ਤੋਂ ਵੱਧ ਮਾਮਲੇ ਦਰਜ ਹਨ, ਜਿਸ ਵਿੱਚ ਇੱਕ ਵੇਸਵਾਗਮਨੀ ਦਾ ਮਾਮਲਾ ਵੀ ਸ਼ਾਮਲ ਹੈ। ਸਰਬਜੀਤ ਪਿੰਡ ਅਮਾਨੀਪੁਰ ਵਿੱਚ ਇੱਕ ਆਲੀਸ਼ਾਨ ਹਵੇਲੀ ਦੀ ਮਾਲਕ ਸੀ। ਉਹ ਲੋਕਾਂ ਨਾਲ ਜ਼ਿਆਦਾ ਗੱਲਬਾਤ ਨਹੀਂ ਕਰਦੀ ਸੀ। ਉਸਦੇ ਵਿਵਾਦਾਂ ਕਾਰਨ, ਲੋਕ ਅਕਸਰ ਉਸਦੇ ਘਰ ਨਹੀਂ ਆਉਂਦੇ ਸਨ।

## ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਪੰਜਾਬੀ ਭਾਸ਼ਾ ਓਲੰਪੀਆਡ ਦੇ ਜੇਤੂਆਂ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐੱਸ.ਈ.ਬੀ.) ਵੱਲੋਂ ਤੀਜੇ ਕੌਮਾਂਤਰੀ ਪੰਜਾਬੀ ਭਾਸ਼ਾ ਓਲੰਪੀਆਡ-2025 ਨੂੰ ਸਫਲਤਾਪੂਰਵਕ ਕਰਵਾਉਣ ਬਾਅਦ ਅੱਜ ਇਸ ਤੇ ਨਤੀਜੇ ਐਲਾਨੇ ਗਏ ਹਨ।



ਤੀਜੀ ਤੋਂ 5ਵੀਂ ਜਮਾਤ ਲਈ ਕਰਵਾਏ ਕੌਮਾਂਤਰੀ ਵਰਗ ਵਿੱਚ ਨਿਆਮਤ ਕੌਰ ਬਰਾੜ ਨੇ ਪਹਿਲਾ, ਅਹਿਲ ਸਿੰਘ ਨੇ ਦੂਜਾ ਤੇ ਹਰਸੀਰਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ ਹੈ, ਇਹ ਸਾਰੇ ਵਿਦਿਆਰਥੀ ਓਸਲੋ (ਨਾਰਵੇ) ਦੇ ਰਹਿਣ ਵਾਲੇ ਹਨ। 6ਵੀਂ-8ਵੀਂ ਜਮਾਤ ਲਈ ਕਰਵਾਏ ਕੌਮਾਂਤਰੀ ਵਰਗ ਵਿੱਚ ਸਿਮਰਤ ਕੌਰ ਨੇ ਪਹਿਲਾ, ਅੰਮ੍ਰਿਤ ਕੌਰ ਵਿਰਦੀ ਨੇ ਦੂਜਾ ਅਤੇ ਨਵਜੋਤ ਸਿੰਘ ਮਠਾੜੂ ਨੇ ਤੀਜਾ ਸਥਾਨ ਹਾਸਲ ਕੀਤਾ। ਇਹ ਸਾਰੇ ਜੇਤੂ ਨੈਰੋਬੀ (ਕੀਨੀਆ) ਤੋਂ ਹਨ। 9ਵੀਂ-12ਵੀਂ ਜਮਾਤ ਦੇ ਕੌਮਾਂਤਰੀ ਵਰਗ ਵਿੱਚ ਓਸਲੋ ਦੇ ਪਰਮੀਤ ਸਿੰਘ ਗੁਰਮ ਨੇ ਪਹਿਲਾ ਸਥਾਨ ਹਾਸਲ ਕੀਤਾ।

ਪੰਜਾਬ ਕੈਟਾਗਰੀ ਵਿੱਚ, ਤੀਜੀ-5ਵੀਂ ਜਮਾਤ ਵਰਗ ਲਈ ਅੰਮ੍ਰਿਤਸਰ ਦੀ ਰੀਨਤ ਮਾਹਲ ਨੇ ਪਹਿਲਾ, ਮੋਗਾ ਦੀ ਅਵਨੀਤ ਕੌਰ ਨੇ ਦੂਜਾ ਅਤੇ ਫ਼ਰੀਦਕੋਟ ਦੀ ਸੰਗਮਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 6ਵੀਂ-8ਵੀਂ ਜਮਾਤ ਵਰਗ ਲਈ ਪਟਿਆਲਾ ਦੀ ਕਾਰਜਨੀਤ ਕੌਰ ਨੇ ਪਹਿਲਾ, ਫਰੀਦਕੋਟ ਦੀ ਜੈਸਮੀਨ ਰੂਪਰਾ ਅਤੇ ਰੂਪਨਗਰ ਦੀ ਅਨੀਸ਼ਾ ਕੁਮਾਰੀ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। 9ਵੀਂ-12ਵੀਂ ਜਮਾਤ ਵਰਗ ਵਿੱਚ ਮੋਗਾ ਦੇ ਇੰਦਰਜੀਤ ਸਿੰਘ ਨੇ ਪਹਿਲਾ, ਫਤਿਹਗੜ੍ਹ ਸਾਹਿਬ ਦੀ ਸਿਮਰਨਜੋਤ ਕੌਰ ਨੇ ਦੂਜਾ ਅਤੇ ਗੁਰਦਾਸਪੁਰ ਦੀ ਨਵਰੂਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।

ਹੋਰਨਾਂ ਸੂਬਿਆਂ ਦੀ ਸ਼੍ਰੇਣੀ ਵਿੱਚ ਦਿੱਲੀ ਦੀ ਪ੍ਰਨੀਤ ਕੌਰ ਆਹੂਜਾ ਨੇ ਤੀਜੀ-5ਵੀਂ ਜਮਾਤ ਵਰਗ ਵਿੱਚ ਪਹਿਲਾ, ਰਾਜਸਥਾਨ ਦੀ ਖੁਸ਼ਨੂਰ ਕੌਰ ਨੇ ਦੂਜਾ ਅਤੇ ਉੱਤਰ ਪ੍ਰਦੇਸ਼ ਦੀ ਜਸਮੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 6ਵੀਂ-8ਵੀਂ ਜਮਾਤ ਵਰਗ ਵਿੱਚ ਹਰਿਆਣਾ ਦੀ ਦਕਸ਼ਾ ਨੇ ਪਹਿਲਾ, ਜਦਕਿ ਚੰਡੀਗੜ੍ਹ ਦੇ ਗੁਰਨੂਰ ਸਿੰਘ ਅਤੇ ਨਵਨੀਤ ਉਨਿਆਲ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। 9ਵੀਂ-12ਵੀਂ ਜਮਾਤ ਵਰਗ ਵਿੱਚ ਚੰਡੀਗੜ੍ਹ ਦੇ ਮਨਤੇਜ ਸਿੰਘ ਵਿਰਕ ਨੇ ਪਹਿਲਾ, ਹਰਿਆਣਾ ਦੇ ਵੰਸ਼ਦੀਪ ਸਿੰਘ ਨੇ ਦੂਜਾ ਅਤੇ ਚੰਡੀਗੜ੍ਹ ਦੇ ਏਕਾਂਸ਼ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

ਓਲੰਪੀਆਡ ਦੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ 2.25 ਲੱਖ ਤੋਂ ਵੱਧ ਵਿਦਿਆਰਥੀਆਂ ਦੀ ਵੱਡੀ ਸ਼ਮੂਲੀਅਤ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਦੇ ਯਤਨਾਂ ਦਾ ਨਤੀਜਾ ਦੱਸਿਆ। ਉਨ੍ਹਾਂ ਅੱਗੇ ਦੱਸਿਆ ਕਿ ਇਹ ਭਰਵਾਂ ਹੁੰਗਾਰਾ ਸਾਡੀ ਮਾਂ-ਬੋਲੀ ਦੀਆਂ ਪ੍ਰਚਾਰ ਸਬੰਧੀ ਨੀਤੀਆਂ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਓਲੰਪੀਆਡ ਸਿਰਫ਼ ਇੱਕ ਮੁਕਾਬਲਾ ਨਹੀਂ, ਸਗੋਂ ਵਿਦਿਆਰਥੀਆਂ ਦਰਮਿਆਨ ਪਛਾਣ, ਮਾਣ, ਭਾਸ਼ਾਈ ਵਿਸ਼ਵਾਸ ਪੈਦਾ ਕਰਨ ਦੇ ਨਾਲ-ਨਾਲ ਆਪਣੀ ਮਾਂ ਬੋਲੀ ਨਾਲ ਜੁੜੀ ਸੱਭਿਆਚਾਰਕ ਪਛਾਣ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਸ਼ਕਤੀਸ਼ਾਲੀ ਲਹਿਰ ਸੀ। ਉਨ੍ਹਾਂ ਅੱਗੇ ਦੱਸਿਆ ਕਿ ਅਜਿਹੇ ਉਪਰਾਲੇ ਨੌਜਵਾਨਾਂ ਵਿੱਚ ਸੱਭਿਆਚਾਰਕ ਮਾਣ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕੈਬਨਿਟ ਮੰਤਰੀ ਬੈਂਸ ਦੀ ਅਗਵਾਈ ਹੇਠ ਕਰਵਾਏ ਇਸ ਓਲੰਪੀਆਡ ਵਿੱਚ 18 ਅਗਸਤ ਤੋਂ 31 ਅਕਤੂਬਰ, 2025 ਤੱਕ ਵੱਡੇ ਪੱਧਰ 'ਤੇ ਆਨਲਾਈਨ ਰਜਿਸਟ੍ਰੇਸ਼ਨ ਹੋਈ। ਇਸ ਵਿੱਚ ਤੀਜੀ ਤੋਂ 12ਵੀਂ ਜਮਾਤ ਤੱਕ ਦੇ ਸਰਕਾਰੀ, ਸਹਾਇਤਾ ਪ੍ਰਾਪਤ, ਪ੍ਰਾਈਵੇਟ ਅਤੇ ਸੀ.ਬੀ.ਐਸ.ਈ. ਸਕੂਲਾਂ ਦੇ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਇਸ ਸਮਾਗਮ ਨੇ ਹੋਰਨਾਂ ਭਾਰਤੀ ਸੂਬਿਆਂ ਦੇ ਵਿਦਿਆਰਥੀਆਂ ਅਤੇ ਵਿਦੇਸ਼ਾਂ ਵਿੱਚ ਪ੍ਰਵਾਸੀ ਭਾਰਤੀ ਵਿਦਿਆਰਥੀਆਂ ਦੀ ਭਾਗੀਦਾਰੀ ਨੂੰ ਹੋਰ ਉਤਸ਼ਾਹਿਤ ਕੀਤਾ, ਜਿਸ ਨਾਲ ਆਲਮੀ ਪੱਧਰ 'ਤੇ ਪੰਜਾਬੀ ਭਾਸ਼ਾ ਨੂੰ ਹੋਰ ਮਜ਼ਬੂਤ ਕੀਤਾ ਗਿਆ।

ਇਸ ਦੌਰਾਨ ਪੀ.ਐਸ.ਈ.ਬੀ. ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਤਿੰਨ ਆਨਲਾਈਨ ਪੜਾਵਾਂ ਵਿੱਚ ਚਿਹਰੇ ਦੀ ਪਹਿਚਾਣ ਕਰਨ ਤਕਨਾਲੋਜੀ ਦੀ ਵਰਤੋਂ ਕਰਦਿਆਂ ਓਲੰਪੀਆਡ ਦੀ ਪਾਰਦਰਸ਼ੀ ਪ੍ਰਕਿਰਿਆ ਬਾਰੇ ਦੱਸਿਆ। 2,25,276 ਰਜਿਸਟ੍ਰੇਸ਼ਨਾਂ ਵਿੱਚੋਂ 20,327 ਵਿਦਿਆਰਥੀ ਦੂਜੇ ਪੜਾਅ ਵਿੱਚ, 4,009 ਅੰਤਿਮ ਪੜਾਅ ਵਿੱਚ ਅਤੇ 3,748 ਵਿਦਿਆਰਥੀ 23 ਦਸੰਬਰ, 2025 ਨੂੰ ਅੰਤਿਮ ਲਿਖਤੀ ਪ੍ਰੀਖਿਆ ਲਈ ਹਾਜ਼ਰ ਹੋਏ।

ਡਾ. ਅਮਰਪਾਲ ਸਿੰਘ ਨੇ ਅੱਗੇ ਦੱਸਿਆ ਕਿ ਪਹਿਲਾ ਇਨਾਮ 11,000 ਰੁਪਏ, ਦੂਜਾ ਇਨਾਮ 7,100 ਰੁਪਏ ਅਤੇ ਅਗਲੇ ਅੱਠ ਰੈਂਕ ਪ੍ਰਾਪਤ ਕਰਨ ਵਾਲਿਆਂ ਨੂੰ 5,100 ਰੁਪਏ ਦਿੱਤੇ ਜਾਣਗੇ, ਜਿਸ ਦੀ ਕੁੱਲ ਇਨਾਮੀ ਰਾਸ਼ੀ 3,30,000 ਰੁਪਏ ਬਣਦੀ ਹੈ। ਸਭ ਤੋਂ ਵੱਧ ਰਜਿਸਟ੍ਰੇਸ਼ਨ ਅਤੇ ਸ਼ਮੂਲੀਅਤ ਕਰਨ ਵਾਲੇ ਸਕੂਲਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਨਵੀਂ ਪੀੜ੍ਹੀ ਨੂੰ ਆਪਣੇ ਭਾਸ਼ਾ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦੇ ਸੁਪਨੇ ਅਨੁਸਾਰ ਭਵਿੱਖ ਵਿੱਚ ਹੋਰ ਵੀ ਵੱਡੇ ਪੱਧਰ 'ਤੇ ਅਜਿਹੀਆਂ ਲੋਕ ਭਲਾਈ ਅਤੇ ਵਿਦਿਆਰਥੀ ਕੇਂਦਰਿਤ ਗਤੀਵਿਧੀਆਂ ਨੂੰ ਜਾਰੀ ਰੱਖਿਆ ਜਾਵੇਗਾ।

## ਲੋਕ ਮੋਰਚਾ ਪੰਜਾਬ ਵੱਲੋਂ ਵੀ ਬੀ ਜੀ ਰਾਮ ਜੀ ਨੂੰ ਰੱਦ ਕਰਵਾਉਣ ਲਈ ਲੜਾਈ ਲੜਨ ਦਾ ਸੱਦਾ

**ਬਠਿੰਡਾ:** ਕੇਂਦਰ ਦੀ ਭਾਜਪਾ ਸਰਕਾਰ ਨੇ ਪੇਂਡੂ ਖੇਤਰ ਦੇ ਲੋਕਾਂ ਖਾਸ ਕਰਕੇ ਖੇਤ ਮਜ਼ਦੂਰਾਂ ਨੂੰ ਕੁਝ ਰਾਹਤ ਦਿੰਦੇ ਮਗਨਰੇਗਾ ਕਾਨੂੰਨ ਦੀ ਥਾਂ ਵੀ. ਬੀ. ਜੀ. ਰਾਮ. ਜੀ. ਬਣਾ ਕੇ ਇਹ ਤੁੱਛ ਰਾਹਤ ਖੋਹੇ ਜਾਣ ਦਾ ਰਾਹ ਬਣਾ ਦਿੱਤਾ ਹੈ।ਇਸ ਨਵੇਂ ਕਾਨੂੰਨ ਨੂੰ ਰੱਦ ਕਰਵਾਉਣ ਤੇ ਪਹਿਲੇ ਨੂੰ ਕਿਰਤੀਆਂ ਪੱਖੀ ਬਣਵਾਉਣ ਦੀਆਂ ਮੰਗਾਂ ਨੂੰ ਲੈ ਕੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਹੋ ਕੇ ਸੰਘਰਸ਼ ਕਰਨ ਦਾ ਹੋਕਾ ਦੇਣ ਲਈ ਲੋਕ ਮੋਰਚਾ ਪੰਜਾਬ ਵੱਲੋਂ ਪਿੰਡਾਂ ਅੰਦਰ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਅੱਜ ਫਰੀਦਕੋਟ ਜ਼ਿਲ੍ਹੇ ਦੇ ਪਿੰਡਾਂ ਬਿਸ਼ਨੰਦੀ, ਸੇਵੇਵਾਲਾ ਅਤੇ ਦਲ ਸਿੰਘ ਵਾਲਾ ਵਿਖੇ ਮੀਟਿੰਗਾਂ ਕਰਵਾਈਆਂ ਗਈਆਂ। ਇਹਨਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾ ਸਕੱਤਰ ਜਗਮੇਲ ਸਿੰਘ ਤੇ ਸੂਬਾ ਕਮੇਟੀ ਮੈਂਬਰ ਸ਼ੀਰੀਂ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਵਲੋਂ ਨੂੰ ਸਾਮਰਾਜੀਆਂ ਤੇ ਮੁਲਕ ਦੇ ਵੱਡੇ ਪੂੰਜੀਪਤੀਆਂ ਤੇ ਜਗੀਰਦਾਰਾਂ ਦੀ ਸੇਵਾ ਵਿੱਚ ਕਾਨੂੰਨਾਂ ਅੰਦਰ ਸੋਧ ਸੋਧਾਈ ਦੀ ਹਨੇਰੀ ਝੁਲਾ ਰੱਖੀ ਹੈ। ਉਹਨਾਂ ਕਿਹਾ ਕਿ ਗੱਦੀ 'ਤੇ ਬੈਠਣ ਤੋਂ ਲੈ ਕੇ ਹੁਣ ਤੱਕ ਲਗਭਗ ਸੋਲਾਂ ਸੌ ਸੋਧਾਂ ਕੀਤੀਆਂ ਗਈਆਂ ਹਨ। ਮੁਲਕ ਦੀ ਕੁੱਲ ਸੰਪਤੀ ਤੇ ਸੋਮੇ ਬਿਨਾਂ ਲੋਕ ਵਿਰੋਧ ਤੋਂ ਉਹਨਾਂ ਮੂਹਰੇ ਪਰੋਸੇ ਜਾਣ ਲਈ ਕਾਨੂੰਨਾਂ ਵਿੱਚ ਸੋਧਾਂ ਦੀ ਹਨੇਰੀ ਝੁਲਾ



ਰੱਖੀ ਹੈ।ਵੱਡੀ ਪੱਧਰ 'ਤੇ ਤੇਜ਼ੀ ਨਾਲ ਕਾਨੂੰਨਾਂ ਵਿੱਚ ਸੋਧਾਂ ਕਰਕੇ ਨਿਗੂਣੀਆਂ ਰਾਹਤਾਂ ਖੋਹਣ ਵਾਲੇ ਕਾਨੂੰਨ ਬਣਾ ਰਹੀ ਹੈ।ਇਹ ਜੀ ਰਾਮ ਜੀ ਨਾਂ ਦਾ ਨਵਾਂ ਕਾਨੂੰਨ ਪੇਂਡੂ ਖੇਤਰ ਅੰਦਰ ਬੇਰੁਜ਼ਗਾਰੀ ਤੇ ਬੈਚੇਨੀ ਨੂੰ ਵੜਾਵਾ ਦੇਵੇਗਾ। ਲਗਾਤਾਰ ਫੰਡ ਘਟਾਉਂਦੀ ਆ ਰਹੀ ਭਾਜਪਾ ਹਕੂਮਤ ਨੇ ਕੰਮ ਦੇ ਦਿਨਾਂ ਦਾ ਅੰਕੜਾ ਵਧਾ ਕੇ ਇਸ ਨਵੇਂ ਕਾਨੂੰਨ ਵਿੱਚ ਫੰਡ ਉੱਤੇ 90% ਤੋਂ 60% ਦੀ ਵੱਡੀ ਕੈਂਚੀ ਚਲਾ ਦਿੱਤੀ ਹੈ। ਮਜ਼ਦੂਰਾਂ ਵੱਲੋਂ ਮੰਗ ਕਰਨ ਉੱਤੇ ਮਿਲੇ ਰੁਜ਼ਗਾਰ ਦੇ ਅਧਿਕਾਰ ਨੂੰ ਸਰਕਾਰ ਨੇ ਇਸ ਨਵੇਂ ਕਾਨੂੰਨ ਰਾਹੀਂ ਖੋਹ ਕੇ ਆਪਦੀਆਂ ਸਿਆਸੀ ਤੇ ਵੋਟ ਗਿਣਤੀਆਂ ਲਈ ਵਰਤਣ ਵਾਸਤੇ ਆਪਦੇ ਹੱਥ ਹੇਠ ਕਰ ਲਿਆ ਹੈ। ਉਹਨਾਂ ਕਿਹਾ ਕਿ

ਪਹਿਲਾਂ ਨਰੇਗਾ ਅਧੀਨ ਹੁੰਦੇ ਅਨੇਕਾਂ ਕੰਮਾਂ ਉਪਰ ਰੋਕ ਲਾ ਦਿੱਤੀ ਗਈ ਹੈ।ਫੰਡ ਘਟਾਉਣੇ, ਲੰਮਾਂ ਸਮਾਂ ਕੰਮ ਨਾ ਦੇਣਾ ਤੇ ਕੀਤੇ ਕੰਮ ਦੇ ਪੈਸੇ ਲੰਮੇਂ ਸਮੇਂ ਤੱਕ ਨਾ ਦੇਣੇ, ਮਜ਼ਦੂਰਾਂ ਅੰਦਰ ਕੰਮ ਮਿਲਣ ਦੀ ਆਸ ਮੁਕਾਉਣ ਦਾ ਰਾਹ ਹੈ, ਕੰਮ ਬੰਦ ਕਰਾਉਣ ਦਾ ਰਾਹ ਹੈ। ਆਗੂਆਂ ਨੇ ਪੰਜਾਬ ਵਿਧਾਨ ਸਭਾ ਵੱਲੋਂ ਇਸ ਕਾਨੂੰਨ ਬਾਰੇ ਪਾਸ ਕੀਤੇ ਮਤੇ ਬਾਰੇ ਕਿਹਾ ਕਿ ਮਜ਼ਦੂਰਾਂ ਨੂੰ ਰੁਜ਼ਗਾਰ ਕਿਥੋਂ ਮਿਲਣਾ, ਮਗਨਰੇਗਾ ਕਾਨੂੰਨ ਕੇਂਦਰ ਸਰਕਾਰ ਨੇ ਖ਼ਤਮ ਕਰ ਦਿੱਤਾ ਤੇ ਨਵਾਂ ਕਾਨੂੰਨ ਪੰਜਾਬ ਸਰਕਾਰ ਨੇ ਰੱਦ ਕਰਨ ਦਾ ਮਤਾ ਪਾਸ ਕਰ ਦਿੱਤਾ। ਪੰਜਾਬ ਸਰਕਾਰ ਖ਼ਜ਼ਾਨਾ ਖ਼ਾਲੀ ਹੋਣ ਦੀ ਲਗਾਤਾਰ ਦੁਹਾਈ ਪਾ ਰਹੀ ਹੈ। ਕੇਂਦਰ ਤੋਂ ਫੰਡ ਮੰਗ ਰਹੀ ਹੈ। ਲਗਾਤਾਰ ਕਰਜ਼ੇ ਚੁੱਕ ਰਹੀ ਹੈ। ਆਗੂਆਂ ਨੇ ਨਵੇਂ ਕਾਨੂੰਨ ਨੂੰ ਰੱਦ ਕਰਨ, ਪੁਰਾਣੇ ਨੂੰ ਕਿਰਤੀਆਂ ਪੱਖੀ ਬਣਾਉਣ ਅਤੇ ਸ਼ਰਤਾਂ ਖਤਮ ਕਰਨ ਸਮੇਤ ਵੱਖ-ਵੱਖ ਮੰਗਾਂ ਪ੍ਰਵਾਨ ਕਰਨ ਦੀ ਮੰਗ ਕੀਤੀ।

# ਕੈਨੇਡਾ ਸਰਕਾਰ ਦਸ ਲੱਖ ਭਾਰਤੀਆਂ ਨੂੰ ਵਾਪਸ ਭੇਜੇਗੀ?

**ਨਵੀਂ ਦਿੱਲੀ:** ਕੈਨੇਡਾ 'ਚ ਰਹਿੰਦੇ ਭਾਰਤੀ ਭਾਈਚਾਰੇ ਨੂੰ ਲੈ ਕੇ ਪਿਛਲੇ ਕਈ ਹਫ਼ਤਿਆਂ ਤੋਂ ਮੀਡੀਆ ਵਿਚ ਵਿਚ ਇੱਕ ਖ਼ਬਰ ਫੈਲ ਰਹੀ ਹੈ ਕਿ ਕੈਨੇਡਾ ਸਰਕਾਰ 10 ਲੱਖ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇਵੇਗੀ, ਜਿਸ ਨਾਲ ਪੰਜਾਬੀ ਭਾਈਚਾਰੇ ਵਿਚ ਫ਼ਿਕਰ ਦਾ ਮਾਹੌਲ ਹੈ। ਗੌਰਤਲਬ ਹੈ ਕਿ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਵਿਚੋਂ 40-45 ਪ੍ਰਤੀਸ਼ਤ ਪੰਜਾਬੀ ਹਨ। ਵੱਖ-ਵੱਖ ਸਰਕਾਰੀ ਅੰਕੜਿਆਂ, ਰਿਪੋਰਟਾਂ ਅਤੇ ਮਾਹਿਰਾਂ ਦੀਆਂ ਰਾਇਆਂ ਨੂੰ ਖੰਗਾਲ ਕੇ ਇਹ ਸਮਝ ਆਉਂਦੀ ਹੈ ਕਿ ਇਹ ਗੱਲ ਅਸਲ ਤੱਥਾਂ 'ਤੇ ਆਧਾਰਿਤ ਨਹੀਂ ਹੈ।

## ਕੈਨੇਡਾ 'ਚ ਭਾਰਤੀ ਆਬਾਦੀ ਦੇ ਅੰਕੜੇ

ਸਟੈਟਿਸਟਿਕਸ ਕੈਨੇਡਾ ਅਤੇ ਹੋਰ ਅੰਤਰਰਾਸ਼ਟਰੀ ਰਿਪੋਰਟਾਂ ਮੁਤਾਬਿਕ, 2025 ਵਿਚ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 28.75 ਲੱਖ ਦੇ ਕਰੀਬ ਹੈ। ਇਨ੍ਹਾਂ ਵਿਚੋਂ ਕੈਨੇਡਾ ਦੇ ਪੱਕੇ ਵਸਨੀਕ (ਪੀ. ਆਰ.) ਅਤੇ ਨਾਗਰਿਕ ਲਗਭਗ 15 ਤੋਂ 16 ਲੱਖ ਭਾਰਤੀ ਹਨ। ਜਦੋਂ ਕਿ ਅਸਥਾਈ ਵਸਨੀਕ ਲਗਭਗ 10-12 ਲੱਖ ਹਨ, ਜਿਨ੍ਹਾਂ ਵਿਚ ਵਿਦਿਆਰਥੀ, ਵਰਕਰ ਅਤੇ ਕੈਨੇਡਾ ਘੁੰਮਣ ਗਏ ਵਿਅਕਤੀ ਵੀ ਸ਼ਾਮਲ ਹਨ। ਗੌਰਤਲਬ ਹੈ ਕਿ ਸਾਲ 2025 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਹੀ ਭਾਰਤੀਆਂ ਨੂੰ 3.82 ਲੱਖ ਅਸਥਾਈ ਵੀਜ਼ੇ ਮਿਲੇ ਸਨ, ਜੋ ਕੈਨੇਡਾ ਵਲੋਂ ਦਿੱਤੇ ਕੁੱਲ ਅਸਥਾਈ ਵੀਜ਼ਿਆਂ ਦਾ 45 ਫ਼ੀਸਦੀ ਤੋਂ ਵੀ ਵਧੇਰੇ ਹਿੱਸਾ ਹੈ। ਇਹ ਅੰਕੜੇ ਦੱਸਦੇ ਹਨ ਕਿ ਭਾਰਤੀ ਕੈਨੇਡਾ ਵਿਚਲਾ ਸਭ ਤੋਂ ਵੱਡਾ ਪਰਵਾਸੀ ਗਰੁੱਪ ਹੈ।

## ਗ਼ੈਰ-ਕਾਨੂੰਨੀ ਭਾਰਤੀਆਂ ਦੀ ਗਿਣਤੀ ਕਿੰਨੀ ਹੈ?



ਕੈਨੇਡਾ ਵਿਚ ਗੈਰ-ਕਾਨੂੰਨੀ (ਬਿਨਾਂ ਦਸਤਾਵੇਜ਼ਾਂ ਦੇ) ਪਰਵਾਸੀਆਂ ਦੀ ਅਸਲ ਗਿਣਤੀ ਜਾਣਨਾ ਮੁਸ਼ਕਿਲ ਹੈ, ਕਿਉਂਕਿ ਇਹ ਲੋਕ ਅਧਿਕਾਰਤ ਰਿਕਾਰਡ ਵਿਚ ਨਹੀਂ ਹੁੰਦੇ। ਪਰ ਫਿਰ ਵੀ ਇਮੀਗ੍ਰੇਸ਼ਨ, ਰੈਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਮੁਤਾਬਿਕ ਪੂਰੇ ਕੈਨੇਡਾ ਵਿਚ ਗੈਰ-ਕਾਨੂੰਨੀ ਪਰਵਾਸੀਆਂ ਦੀ ਅੰਦਾਜ਼ਨ ਗਿਣਤੀ 5 ਲੱਖ ਤੱਕ ਹੋ ਸਕਦੀ ਹੈ। ਇਹ ਗਿਣਤੀ ਸਾਰੇ ਦੇਸ਼ਾਂ ਦੇ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਹੈ ਸਿਰਫ਼ ਭਾਰਤੀਆਂ ਦੀ ਨਹੀਂ । ਭਾਰਤੀਆਂ ਨੂੰ ਲੈ ਕੇ ਵਿਸ਼ੇਸ਼ ਅੰਕੜੇ ਨਹੀਂ ਹਨ, ਪਰ ਭਾਰਤੀ ਅਸਥਾਈ ਵਸਨੀਕਾਂ ਨੂੰ ਕੁੱਲ ਮਿਲਦੇ ਵੀਜ਼ਿਆਂ ਵਿਚ 45 ਫ਼ੀਸਦੀ ਤੋਂ ਵਧੇਰੇ ਭਾਰਤੀ ਹੋਣ ਨੂੰ ਵੇਖਦੇ ਹੋਏ, ਗੈਰ- ਕਾਨੂੰਨੀ ਭਾਰਤੀਆਂ ਦੀ ਗਿਣਤੀ ਦਾ ਅੰਦਾਜਾ ਡੇਢ ਤੋਂ 2 ਲੱਖ ਹੋ ਸਕਦਾ ਹੈ। ਗੈਰ-ਕਾਨੂੰਨੀ ਪ੍ਰਵਾਸੀ ਬਣਨ ਦੇ ਕਾਰਨਾਂ ਵਿਚੋਂ ਮੁੱਖ ਕਾਰਨ ਵੀਜ਼ਾ ਖ਼ਤਮ ਹੋ ਜਾਣਾ ਹੈ। 2025 'ਚ 1 ਲੱਖ ਤੋਂ ਵੱਧ ਵਰਕ ਪਰਮਿਟ ਖ਼ਤਮ ਹੋਏ ਅਤੇ 2026 ਵਿਚ 9.27 ਲੱਖ ਵਰਕ ਪਰਮਿਟ ਹੋਰ ਖ਼ਤਮ ਹੋਣ ਵਾਲੇ ਹਨ। ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਭਾਰਤੀ ਹੋ ਸਕਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਸਾਰੇ ਹੀ ਡਿਪੋਰਟ ਕੀਤੇ ਜਾਣਗੇ।

## 10 ਲੱਖ ਭਾਰਤੀ ਕੱਢਣ ਵਾਲੀ ਖ਼ਬਰ ਵੀ ਹੈ ?

ਅਸਲ ਵਿਚ ਇਹ ਖ਼ਬਰ ਅਫ਼ਵਾਹਾਂ ਅਤੇ ਗਲਤ ਅੰਕੜਿਆਂ 'ਤੇ ਆਧਾਰਿਤ ਹੈ। ਕੈਨੇਡਾ ਸਰਕਾਰ ਨੇ ਕੋਈ ਵੀ ਅਜਿਹੀ ਯੋਜਨਾ ਨਹੀਂ ਐਲਾਨੀ ਜਿਸ ਵਿਚ 10 ਲੱਖ ਭਾਰਤੀਆਂ ਨੂੰ ਡਿਪੋਰਟ ਕੀਤੇ ਜਾਣ ਦਾ ਜ਼ਿਕਰ ਹੋਵੇ। ਸਾਲ 2025 ਵਿਚ ਜਨਵਰੀ ਤੋਂ ਅਕਤੂਬਰ ਤੱਕ ਸੀ. ਬੀ. ਐਸ. ਏ. ਨੇ ਕੁੱਲ 2,831 ਭਾਰਤੀਆਂ ਨੂੰ ਦੇਸ਼ੋਂ ਵਾਪਸ ਭੇਜਿਆ ਹੈ, ਪਰ ਭਾਰਤੀ ਸੂਤਰਾਂ ਅਨੁਸਾਰ ਡਿਪੋਰਟ ਕੀਤੇ ਗਏ ਵਿਅਕਤੀ 200 ਤੋਂ ਵੀ ਘੱਟ ਹਨ। ਇਹ ਵੱਡਾ ਅੰਤਰ ਇਸ ਲਈ ਦਿਖਾਈ ਦੇ ਰਿਹਾ ਹੈ ਕਿਉਂ ਕਿ ਕੈਨੇਡਾ ਦੀ ਕੈਨੇਡੀਅਨ ਬਾਰਡਰ ਸਰਵਿਸਜ਼ ਏਜੰਸੀ (ਸੀ. ਬੀ. ਐਸ. ਏ.) ਆਪਣੀ ਮਰਜ਼ੀ ਨਾਲ ਵਾਪਸ ਆਏ ਅਤੇ ਹੋਰ ਪ੍ਰਸ਼ਾਸ਼ਕੀ ਕਾਰਨਾਂ ਕਰਕੇ ਹਟਾਏ ਲੋਕਾਂ ਨੂੰ ਵੀ ਸ਼ਾਮਿਲ ਕਰਦੀ ਹੈ। ਜਦੋਂ ਕਿ ਭਾਰਤ ਸਰਕਾਰ ਸਿਰਫ਼ ਜਬਰੀ ਡਿਪੋਰਟ ਕੀਤੇ ਵਿਅਕਤੀਆਂ ਨੂੰ ਹੀ ਡਿਪੋਰਟ ਕੀਤਾ ਮੰਨਦੀ ਹੈ। ਵਰਨਣਯੋਗ ਹੈ। ਕਿ ਡੋਨਾਲਡ ਟਰੰਪ ਦੇ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਬਾਅਦ ਵੀ ਇਹ ਰੌਲਾ ਪਿਆ ਸੀ ਕਿ ਅਮਰੀਕਾ ਵਿਚੋਂ ਵੀ ਲੱਖਾਂ ਭਾਰਤੀ ਡਿਪੋਰਟ ਕੀਤੇ ਜਾ ਰਹੇ ਹਨ। ਜਦੋਂ ਕਿ ਟਰੰਪ ਪ੍ਰਸ਼ਾਸਨ ਨੇ ਨਵੰਬਰ 2025 ਤੱਕ 3238 ਭਾਰਤੀਆਂ ਨੂੰ ਹੀ ਡਿਪੋਰਟ ਕੀਤਾ ਹੈ। ਜਦੋਂ ਕਿ 2647 ਅਜਿਹੇ ਭਾਰਤੀ ਦੱਸੇ ਜਾ ਰਹੇ ਹਨ ਜੋ ਡਿਪੋਰਟਟੇਸ਼ਨ ਲਈ ਹਿਰਾਸਤ ਵਿਚ ਲਏ ਜਾ ਚੁੱਕੇ ਹਨ।

## ਪੱਕੇ ਵਸਨੀਕਾਂ ਅਤੇ ਨਾਗਰਿਕਾਂ ਨੂੰ ਡਿਪੋਰਟ ਨਹੀਂ ਕੀਤਾ ਜਾ ਸਕਦਾ

ਕੈਨੇਡਾ ਵਿਚ ਜੋ ਭਾਰਤੀ ਪੀ. ਆਰ. ਜਾਂ ਨਾਗਰਿਕ ਬਣ ਚੁੱਕੇ ਹਨ ਉਨ੍ਹਾਂ ਨੂੰ ਉਥੋਂ ਦੇ ਕਾਨੂੰਨਾਂ ਅਨੁਸਾਰ ਹੀ ਡਿਪੋਰਟ ਨਹੀਂ ਜਾ ਸਕਦਾ, ਖ਼ਾਸ ਕਰ ਜਦ ਤੱਕ ਉਹ ਕਿਸੇ ਅਪਰਾਧ ਵਿਚ ਸ਼ਾਮਿਲ ਨਾ ਹੋਣ।

ਡਿਪੋਰਟ ਕਰਨ ਦੀਆਂ ਨੀਤੀਆਂ ਅਸਥਾਈ ਵਸਨੀਕਾਂ 'ਤੇ ਹੀ ਲਾਗੂ ਹੁੰਦੀਆਂ ਹਨ। ਬੇਸ਼ੱਕ ਕੈਨੇਡਾ ਦੀ 2025-2027 ਦੀ ਨੀਤੀ ਅਸਥਾਈ ਵਸਨੀਕਾਂ ਨੂੰ ਘਟਾਉਣ 'ਤੇ ਕੇਂਦਰਿਤ ਹੈ ਪਰ ਫਿਰ ਵੀ ਨਵੇਂ ਸਾਲ 2026 ਵਿੱਚ 3.85 ਲੱਖ ਅਸਥਾਈ ਵਸਨੀਕਾਂ ਨੂੰ ਵੀਜ਼ੇ ਦਿੱਤੇ ਜਾਣਗੇ। ਸੋ ਇਹ ਸਾਫ਼ ਹੈ ਕਿ 10 ਲੱਖ ਭਾਰਤੀਆਂ ਨੂੰ ਡਿਪੋਰਟ ਕੀਤੇ ਜਾਣ ਦੀਆਂ ਅਫ਼ਵਾਹਾਂ ਤੇ ਖ਼ਬਰਾਂ ਸੱਚ ਨਹੀਂ ਹੋ ਸਕਦੀਆਂ।

ਇਹ ਜਾਣਕਾਰੀ ਵੀ ਹੈ ਕਿ ਕੈਨੇਡਾ ਵਿਚ ਜੁਲਾਈ ਤੋਂ ਅਕਤੂਬਰ 2025 ਵਿਚ ਕੁੱਲ ਆਬਾਦੀ 76 ਹਜ਼ਾਰ ਘਟੀ ਹੈ। ਪਰ ਇਸ ਦਾ ਕਾਰਨ ਮਾਸ ਡਿਪੋਰਟੇਸ਼ਨ ਵਰਗੀ ਕੋਈ ਯੋਜਨਾ ਨਹੀਂ ਹੈ, ਸਿਰਫ਼ ਵੀਜ਼ਿਆਂ ਦੀ ਮਿਆਦ ਪੁੱਗਣ ਕਾਰਨ ਵਾਪਸ ਆਏ ਵਿਸ਼ਵ ਭਰ ਦੇ ਲੋਕਾਂ ਕਾਰਨ ਹੈ ਅਤੇ ਇਹ ਇਕੱਲੇ ਭਾਰਤੀ ਨਹੀਂ ਹਨ। ਕੈਨੇਡਾ ਅਜੇ ਵੀ ਭਾਰਤੀ ਹੁਨਰਮੰਦਾਂ ਨੂੰ ਆਕਰਸ਼ਿਤ ਕਰਨ ਲਈ ਐਕਸਪ੍ਰੈੱਸ ਐਂਟਰੀ ਵਰਗੇ ਪ੍ਰੋਗਰਾਮ ਚਲਾ ਰਿਹਾ ਹੈ।


ਜਦੋਂ ਕਿ ਅਸਲੀਅਤ ਇਹ ਹੈ ਕਿ ਕੈਨੇਡਾ ਭਾਰਤੀਆਂ ਨੂੰ ਮਹੱਤਵ ਦਿੰਦਾ ਹੈ, ਪਰ ਉਹ ਆਪਣੇ ਸਾਧਨਾਂ ਮੁਤਾਬਿਕ ਆਪਣੀਆਂ ਨੀਤੀਆਂ ਨੂੰ ਸੰਤੁਲਿਤ ਬਣਾਉਣ ਲਈ ਕਦਮ ਜ਼ਰੂਰ ਚੁੱਕ - ਰਿਹਾ ਹੈ। ਜਿਸ ਕਾਰਨ ਨਵੇਂ ਵੀਜ਼ੇ ਜ਼ਰੂਰ ਘਟੇ ਹਨ ਅਤੇ ਪੀ.ਆਰ. ਲੈਣ ਲਈ ਪੁਆਇੰਟ ਵੀ ਵੱਧ ਰਹੇ ਹਨ।

# ਵੈਨਕੂਵਰ ਦੇ ਲੇਖਕਾਂ ਨੇ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਨੂੰ ਜਨਮ ਦਿਨ 'ਤੇ ਯਾਦ ਕੀਤਾ

**ਸਰੀ:** ਪੰਜਾਬੀ ਸਾਹਿਤ ਦੇ ਮਹਾਨ ਨਾਵਲਕਾਰ ਅਤੇ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਲੇਖਕ ਗੁਰਦਿਆਲ ਸਿੰਘ ਦੇ ਜਨਮ ਦਿਨ ਮੌਕੇ ਵੈਨਕੂਵਰ ਵਿਚਾਰ ਮੰਚ ਵੱਲੋਂ ਗੁਲਾਟੀ ਪਬਲਿਸ਼ਰਜ਼ ਲਿਮਿਟਿਡ, ਸਰੀ ਵਿਖੇ ਮੀਟਿੰਗ ਕੀਤੀ ਗਈ। ਇਸ ਸਮਾਗਮ ਵਿੱਚ ਲੇਖਕਾਂ, ਕਵੀਆਂ ਅਤੇ ਵਿਚਾਰਕਾਂ ਨੇ ਗੁਰਦਿਆਲ ਸਿੰਘ ਦੀ ਰਚਨਾਤਮਕ ਯਾਤਰਾ, ਉਨ੍ਹਾਂ ਦੇ ਦਰਸ਼ਨਕ ਨਜ਼ਰੀਏ ਅਤੇ ਪੰਜਾਬੀ ਨਾਵਲ ਨੂੰ ਦਿੱਤੀ ਲੋਕਧਾਰਾ ਬਾਰੇ ਗੰਭੀਰ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਗੁਰਦਿਆਲ ਸਿੰਘ ਦੀ ਲੇਖਣੀ ਕਿਸੇ ਕਲਪਨਾ-ਲੋਕ ਦੀ ਪੈਦਾਵਾਰ ਨਹੀਂ, ਸਗੋਂ ਜ਼ਮੀਨ ਨਾਲ ਜੁੜੀ ਮਨੁੱਖੀ ਹਕੀਕਤ ਦਾ ਸੱਚਾ ਦਸਤਾਵੇਜ਼ ਹੈ। ਉਨ੍ਹਾਂ ਨੇ ਦੱਸਿਆ ਕਿ ਲਿਖਾਰੀ ਸਭਾ ਬਰਨਾਲਾ ਵਰਗੀ ਸਰਗਰਮ ਸਾਹਿਤਕ ਸੰਸਥਾ ਰਾਹੀਂ ਉਨ੍ਹਾਂ ਦੀ ਗੁਰਦਿਆਲ ਸਿੰਘ ਨਾਲ ਨੇੜਤਾ ਬਣੀ।

ਗੁਰਦਿਆਲ ਸਿੰਘ ਨੇ ਆਪਣੀ ਲੇਖਣ ਯਾਤਰਾ ਦੀ ਸ਼ੁਰੂਆਤ ਬਾਲ ਸਾਹਿਤ ਦੇ ਕਾਲਮ 'ਬਕੱਲਮਖ਼ੁਦ' ਨਾਲ ਕੀਤੀ, ਕੁਝ ਕਵਿਤਾਵਾਂ 'ਗੁਰਦਿਆਲ ਸਿੰਘ ਰਾਹੀ' ਦੇ ਨਾਂ ਨਾਲ ਵੀ ਲਿਖੀਆਂ, ਪਰ ਜਦੋਂ ਉਨ੍ਹਾਂ ਦਾ ਪਲੇਠਾ ਨਾਵਲ 'ਮੜ੍ਹੀ ਦਾ ਦੀਵਾ' ਸਾਹਮਣੇ ਆਇਆ ਤਾਂ ਪੰਜਾਬੀ ਨਾਵਲ ਦੀ ਦਿਸ਼ਾ ਹੀ ਬਦਲ ਗਈ। ਇਸ ਰਚਨਾ ਨੇ ਪੰਜਾਬੀ ਨਾਵਲ ਨੂੰ ਨਵੇਂ ਸਮਾਜਕ ਅਰਥ, ਨਵੀਂ ਭਾਸ਼ਾ ਅਤੇ ਨਵੇਂ ਨਾਇਕ ਦਿੱਤੇ।



ਸ਼ਾਇਰ ਮੋਹਨ ਗਿੱਲ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਰਾਜਸੀ ਜਾਂ ਆਦਰਸ਼ਵਾਦੀ ਨਾਇਕ ਦੀ ਥਾਂ ਆਮ ਮਨੁੱਖ ਨੂੰ ਕੇਂਦਰ ਵਿੱਚ ਲਿਆਂਦਾ। ਉਨ੍ਹਾਂ ਦੇ ਨਾਵਲਾਂ ਵਿੱਚ ਲੇਖਕ ਦੀ ਹਉਮੈ ਨਹੀਂ ਮਿਲਦੀ, ਸਗੋਂ ਪਾਤਰ ਆਪਣੀ ਅੰਦਰੂਨੀ ਟੁੱਟ-ਫੁੱਟ, ਸੰਘਰਸ਼ ਅਤੇ ਸੱਚਾਈ ਨਾਲ ਆਪ ਬੋਲਦੇ ਹਨ। 'ਮੜ੍ਹੀ ਦਾ ਦੀਵਾ' ਅਤੇ 'ਅਣਹੋਏ' ਨੂੰ ਉਨ੍ਹਾਂ ਨੇ ਸਮਾਜਕ ਚੇਤਨਾ ਦੇ ਸ਼ਾਹਕਾਰ ਦਸਤਾਵੇਜ਼ ਕਰਾਰ ਦਿੱਤਾ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦਿਆਲ ਸਿੰਘ ਨੇ ਠੇਠ ਮਲਵਈ ਭਾਸ਼ਾ ਨੂੰ ਸਾਹਿਤਕ ਮਰਯਾਦਾ ਦੇ ਕੇ ਲੋਕ ਬੋਲਚਾਲ ਨੂੰ ਨਾਵਲ ਦੀ ਭਾਸ਼ਾ ਬਣਾਇਆ।

ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਗੁਰਦਿਆਲ ਸਿੰਘ ਦੀ ਲੇਖਣੀ ਵਿਚ ਕਲਪਨਾ ਦੀ ਚਮਕ ਨਹੀਂ, ਸਗੋਂ ਸੱਚ ਦੀ ਤਪਸ਼ ਹੈ। ਉਨ੍ਹਾਂ ਅਨੁਸਾਰ ਗੁਰਦਿਆਲ ਸਿੰਘ ਸਮਾਜ ਦੇ ਹਾਸ਼ੀਏ 'ਤੇ ਖੜੇ ਮਨੁੱਖਾਂ ਦੀ ਅਵਾਜ਼ ਬਣੇ, ਜਿੱਥੇ ਦਰਦ ਬਿਆਨ ਨਹੀਂ ਕੀਤਾ ਜਾਂਦਾ, ਸਗੋਂ ਜੀਅ ਕੇ ਲਿਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਦਿਆਲ ਸਿੰਘ ਦੀ ਰਚਨਾ ਪਾਠਕ ਨੂੰ ਸਿਰਫ਼ ਪੜ੍ਹਨ ਲਈ ਮਜਬੂਰ ਨਹੀਂ ਕਰਦੀ, ਸਗੋਂ ਆਪਣੇ ਅੰਦਰ ਝਾਕਣ ਲਈ ਵੀ ਮਜਬੂਰ ਕਰਦੀ ਹੈ।


ਇਸ ਮੌਕੇ ਤਰਲੋਚਨ ਤਰਨਤਾਰਨ ਨੇ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਨੂੰ ਮਨੋਰੰਜਨ ਦੀ ਹੱਦ ਤੋਂ ਬਾਹਰ ਕੱਢ ਕੇ ਸਮਾਜਕ ਜ਼ਿੰਮੇਵਾਰੀ ਨਾਲ ਜੋੜਿਆ। ਉਨ੍ਹਾਂ ਦੀ ਕਲਮ ਕਿਸਾਨ, ਮਜ਼ਦੂਰ, ਔਰਤ ਅਤੇ ਦਬੇ-ਕੁਚਲੇ ਵਰਗਾਂ ਦੀ ਸਾਂਝੀ ਸੰਵੇਦਨਾ ਬਣ ਕੇ ਉਭਰੀ। ਗੁਰਦਿਆਲ ਸਿੰਘ ਦੇ ਪਾਤਰ ਆਪਣੇ ਨਾਲ ਕਦੇ ਬੇਇਨਸਾਫੀ ਨਹੀਂ ਸਹਿਣ ਕਰਦੇ, ਆਪਣੀ ਹਾਰ, ਚੁੱਪ ਅਤੇ ਦਰਦ ਨੂੰ ਵੀ ਇਮਾਨਦਾਰੀ ਨਾਲ ਦਰਜ ਕਰਦੇ ਹਨ।

ਹਰਦਮ ਸਿੰਘ ਮਾਨ ਨੇ ਗੁਰਦਿਆਲ ਸਿੰਘ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਬੁੱਕਲ ਵਿੱਚ ਬੈਠਣਾ ਇਕ ਵਿਰਲਾ ਅਨੁਭਵ ਸੀ। ਉਹ ਦਰਵੇਸ਼ ਸੁਭਾਉ ਵਾਲੇ ਮਨੁੱਖ, ਗੰਭੀਰ ਚਿੰਤਕ ਅਤੇ ਸਮੇਂ ਦੀ ਨਬਜ਼ ਨੂੰ ਪਛਾਣਨ ਵਾਲੇ ਸਾਹਿਤਕਾਰ ਸਨ। ਉਨ੍ਹਾਂ ਦਾ ਜੀਵਨ ਸ਼ੁਰੂ ਤੋਂ ਹੀ ਸੰਘਰਸ਼ਮਈ ਰਿਹਾ, ਜਿਸ ਨੇ ਉਨ੍ਹਾਂ ਦੀ ਲੇਖਣੀ ਨੂੰ ਹਕੀਕੀ ਰੂਪ ਦਿੱਤਾ। ਦਸ ਨਾਵਲਾਂ, ਦਸ ਕਹਾਣੀ ਸੰਗ੍ਰਿਹਾਂ, ਤਿੰਨ ਨਾਟਕਾਂ ਅਤੇ ਦਸ ਬਾਲ ਪੁਸਤਕਾਂ ਰਾਹੀਂ ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਵਿਸ਼ਾਲ ਯੋਗਦਾਨ ਪਾਇਆ, ਜਿਸ ਦੇ ਸਨਮਾਨ ਵਜੋਂ ਉਨ੍ਹਾਂ ਨੂੰ ਗਿਆਨਪੀਠ ਸਮੇਤ ਅਨੇਕ ਵੱਡੇ ਸਾਹਿਤਕ ਮਾਣ ਪ੍ਰਾਪਤ ਹੋਏ।

ਅੰਗਰੇਜ਼ ਬਰਾੜ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਬਰਜਿੰਦਰਾ ਕਾਲਜ, ਫਰੀਦਕੋਟ ਵਿੱਚ ਵਿਦਿਆਰਥੀ ਜੀਵਨ ਦੌਰਾਨ ਗੁਰਦਿਆਲ ਸਿੰਘ ਨੂੰ ਅਧਿਆਪਕ ਵਜੋਂ ਦੇਖਣਾ ਆਮ ਗੱਲ ਲੱਗਦੀ ਸੀ, ਪਰ ਸਮੇਂ ਨੇ ਸਾਬਤ ਕਰ ਦਿੱਤਾ ਕਿ ਉਹ ਆਪਣੇ ਯੁੱਗ ਦੇ ਸਭ ਤੋਂ ਵੱਡੇ ਸਾਹਿਤਕਾਰਾਂ ਵਿੱਚੋਂ ਇਕ ਸਨ। ਉਨ੍ਹਾਂ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਅਜਿਹੀਆਂ ਪੈੜਾਂ ਛੱਡੀਆਂ ਹਨ ਜੋ ਸਮੇਂ ਨਾਲ ਹੋਰ ਗਹਿਰੀਆਂ ਹੁੰਦੀਆਂ ਜਾਣਗੀਆਂ।

**-ਹਰਦਮ ਮਾਨ**

## ਬਚ ਨਹੀਂ ਸਕਦੇ ਗੈਂਗਸਟਰ ਅਤੇ ਸ਼ੂਟਰ-ਬਲਤੇਜ ਪੰਨੂ



**ਚੰਡੀਗੜ੍ਹ:** ਪੰਜਾਬ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਬੂ ਹੇਠ ਹੈ, ਪਰ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਹ ਦਾਅਵਾ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਪਾਰਟੀ ਦਫ਼ਤਰ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। . ਪੰਨੂ ਨੇ ਕਿਹਾ ਕਿ ਵਿਰੋਧੀ ਧਿਰ ਦੇ ਕੁਝ ਆਗੂ ਅਮਨ-ਕਾਨੂੰਨ ਦੀ ਸਥਿਤੀ 'ਤੇ ਲਗਾਤਾਰ ਸਵਾਲ ਉਠਾ ਰਹੇ ਹਨ, ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਗੋਲੀਆਂ ਚਲਾਇਗਾ ਜਾਂ ਹਿੰਸਾ ਕਰੇਗਾ, ਉਸ ਨੂੰ ਉਸੇ ਦੀ ਭਾਸ਼ਾ ਵਿਚ ਜਵਾਬ ਦਿੱਤਾ ਜਾਵੇਗਾ। ਬਲਤੇਜ ਪੰਨੂ ਨੇ ਕਿਹਾ ਕਿ ਗੈਂਗਸਟਰਾਂ ਵਿਰੁੱਧ ਲੜਾਈ ਯੋਜਨਾਬੱਧ ਅਤੇ ਨਿਰੰਤਰ ਜਾਰੀ ਹੈ।

# ਬਟਾਲਾ ਦੇ ਥਾਣੇ 'ਤੇ ਹੋਏ ਗ੍ਰਨੇਡ ਹਮਲੇ ਦੇ ਮਾਮਲੇ 'ਚ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਰੱਦ

**ਐੱਸ.ਏ.ਐੱਸ.ਨਗਰ:** ਬਟਾਲਾ ਦੇ ਥਾਣਾ ਕਿਲ੍ਹਾ ਲਾਲ ਸਿੰਘ 'ਤੇ ਹੋਏ ਆਰ.ਪੀ.ਜੀ. (ਗ੍ਰਨੇਡ) ਹਮਲੇ ਦੇ ਮਾਮਲੇ ਵਿਚ ਨਾਮਜ਼ਦ ਮੁਲਜ਼ਮ ਦੀ ਐੱਨ. ਆਈ. ਏ. ਦੀ ਵਿਸ਼ੇਸ਼ ਅਦਾਲਤ ਨੇ ਰੈਗੂਲਰ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ ਹੈ। ਅਰਜ਼ੀ ਰੱਦ ਕੀਤੇ ਜਾਣ ਕਾਰਨ ਪਟੀਸ਼ਨਕਰਤਾ ਪਵਨਪ੍ਰੀਤ ਸਿੰਘ ਉਰਫ ਚਿੜੀ ਨੂੰ ਹਾਲੇ ਜੇਲ੍ਹ ਵਿਚ ਹੀ ਰਹਿਣਾ ਪਵੇਗਾ। ਗੌਰਤਲਬ ਹੈ ਕਿ 6 ਅਪ੍ਰੈਲ ਦੀ ਦੇਰ ਰਾਤ ਬਟਾਲਾ ਦੇ ਥਾਣਾ ਕਿਲਾ ਲਾਲ ਸਿੰਘ ਨੂੰ



ਆਰ. ਪੀ.ਜੀ. ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਗਈ ਸੀ । ਇਸ ਦੌਰਾਨ ਧਮਾਕਾ ਤਾਂ ਹੋਇਆ ਸੀ, ਪਰ ਸਾਜ਼ਿਸ਼ਕਾਰ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕੇ ਸਨ ਅਤੇ ਨਿਸ਼ਾਨਾ ਥਾਣੇ 'ਤੇ ਨਹੀਂ ਲੱਗਿਆ ਸੀ । ਹਾਲਾਂਕਿ ਸ਼ੁਰੂਆਤੀ ਜਾਂਚ ਦੌਰਾਨ ਥਾਣੇ ਦੇ ਵਿਹੜੇ ਅੰਦਰ ਕਿਸੇ ਕਿਸਮ ਦੇ ਵਿਸਫੋਟ ਦੇ ਠੋਸ ਸੁਰਾਗ ਨਹੀਂ ਮਿਲੇ ਸਨ । ਹਮਲੇ ਉਪਰੰਤ ਇਸ ਵਾਰਦਾਤ ਦੀ ਜ਼ਿੰਮੇਵਾਰੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਵਲੋਂ ਲਈ ਗਈ ਸੀ।

ਪੰਜਾਬ ਟਾਈਮਜ਼

17 ਜਨਵਰੀ, ਸ਼ਨਿਚਰਵਾਰ

## ਚੁਣੌਤੀ ਬਣ ਰਿਹਾ ਨਿਊਜ਼ੀਲੈਂਡ

ਵਿਸ਼ਵ ਭਰ ਵਿਚ ਸਿਰ ਚੁੱਕ ਰਿਹਾ ਧਾਰਮਿਕ ਕੱਟੜਵਾਦ ਨਿੱਤ ਨਵੀਂ ਚੁਣੌਤੀ ਲੈ ਕੇ ਸਾਹਮਣੇ ਆ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਨਿਊਜ਼ੀਲੈਂਡ ਦੀਆਂ ਤਾਜ਼ਾ ਘਟਨਾਵਾਂ ਹਨ।

ਨਿਊਜ਼ੀਲੈਂਡ ਵਿਚ ਇਕ ਵਾਰ ਫਿਰ ਸਿੱਖ ਨਗਰ ਕੀਰਤਨ ਵਿਚ ਕੱਟੜ ਈਸਾਈ ਸੰਗਠਨ ਡੈਸਟਨੀ ਚਰਚ ਦੇ ਸਮਰਥਕਾਂ ਵਲੋਂ ਖਲਲ ਪਾਉਣ ਦਾ ਯਤਨ ਕੀਤਾ ਗਿਆ ਹੈ। ਇਸ ਮੰਦਭਾਗੀ ਘਟਨਾ ਨਾਲ ਸਿੱਖ ਜਗਤ ਵਿਚ ਵੱਡੀ ਚਿੰਤਾ ਪੈਦਾ ਹੋਈ ਹੈ ਅਤੇ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਵਿਚ ਅੰਤਰਰਾਸ਼ਟਰੀ ਪੱਧਰ ‘ਤੇ ਸਖ਼ਤ ਆਲੋਚਨਾ ਵੀ ਕੀਤੀ ਜਾ ਰਹੀ ਹੈ। ਇਹ ਘਟਨਾ ਟੌਰੰਗਾ ਸ਼ਹਿਰ, ਜਿਸ ਵਿਚ ਪੰਜਾਬੀ ਕਾਫ਼ੀ ਵੱਡੀ ਗਿਣਤੀ ਵਿਚ ਵਸੇ ਹੋਏ ਹਨ, ਦੀ ਸਿੱਖ ਸੰਗਤ ਵਲੋਂ ਆਯੋਜਿਤ ਨਗਰ ਕੀਰਤਨ ਦੇ ਸਮੇਂ ਵਾਪਰੀ। ਇਹ ਸ਼ਹਿਰ, ਆਕਲੈਂਡ ਤੋਂ ਲਗਭਗ 300 ਕਿੱਲੋਮੀਟਰ ਦੀ ਦੂਰੀ ‘ਤੇ ਹੈ, ਜਿਥੇ ਬ੍ਰਾਇਨ ਤਮਾਕੀ ਦੇ ਕੱਟੜ ਸਮਰਥਕਾਂ ਨੇ ਨਗਰ ਕੀਰਤਨ ਸਾਹਮਣੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ, ਉਥੋਂ ਦਾ ਸਥਾਨਕ ‘ਹਾਕਾ ਡਾਂਸ’ ਕੀਤਾ। ਇਸ ਲਈ ਡੈਸਟਨੀ ਚਰਚ ਦਾ ਮੁਖੀ ਬ੍ਰਾਇਨ ਤਮਾਕੀ ਹੀ ਜ਼ਿੰਮੇਵਾਰ ਹੈ, ਜੋ ਪਹਿਲਾਂ ਤੋਂ ਹੀ ਅਨੇਕਾਂ ਵਿਵਾਦਾਂ ਵਿਚ ਘਿਰਿਆ ਰਿਹਾ ਹੈ, ਪਰ ਅਜੇ ਤੱਕ ਉਸ ਪ੍ਰਤੀ ਦੇਸ਼ ਦੇ ਪ੍ਰਸ਼ਾਸਨ ਨੇ ਚੁੱਪ ਹੀ ਧਾਰਨ ਕਰ ਰੱਖੀ ਹੈ।

ਅਜਿਹੀ ਹੀ ਗਿਣੀ-ਮਿੱਥੀ ਯੋਜਨਾ ਅਧੀਨ ਇਸ ਸਮੂਹ ਨੇ ਆਕਲੈਂਡ ਦੇ ਨੇੜੇ ਮਨਰੇਵਾ ਇਲਾਕੇ ਵਿਚ ਵੀ ਪਿਛਲੇ ਮਹੀਨੇ ਨਗਰ ਕੀਰਤਨ ਨੂੰ ਰੋਕ ਕੇ ਆਪਣਾ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਹ ਗਰੁੱਪ ਹੋਰ ਧਰਮਾਂ ਵਿਰੁੱਧ ਵੀ ਲਗਾਤਾਰ ਨਕਾਰਾਤਮਿਕ ਰੁਖ਼ ਅਪਣਾਉਂਦਾ ਹੋਇਆ ਉਨ੍ਹਾਂ ਦੇ ਚਿੰਨ੍ਹਾਂ ਦਾ ਅਪਮਾਨ ਕਰਨ ਲਈ ਜਾਣਿਆ ਜਾਂਦਾ ਹੈ, ਪਰ ਇਸ ਸਮੂਹ ਦੀ ਬਹੁਤੇ ਦੇਸ਼ ਵਾਸੀਆਂ ਵਲੋਂ ਅਤੇ ਉਥੋਂ ਦੇ ਬਹੁਤੇ ਸਿਆਸਤਦਾਨਾਂ ਵਲੋਂ ਲਗਾਤਾਰ ਆਲੋਚਨਾ ਵੀ ਕੀਤੀ ਜਾਂਦੀ ਰਹੀ ਹੈ।

ਬ੍ਰਾਇਨ ਨੇ ਉਥੇ ਦੇ ਜੱਦੀ ਨਿਵਾਸੀ ਮਾਉਰੀ ਲੋਕਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ, ਜਿਨ੍ਹਾਂ ਵਿਚ ਉਸ ਨੇ ਧਰਮ ਦੇ ਨਾਂਅ ‘ਤੇ ਕੱਟੜਤਾ ਭਰ ਰੱਖੀ ਹੈ। ਸਿੱਖ ਭਾਈਚਾਰੇ ਵਲੋਂ ਨਗਰ ਕੀਰਤਨ ਆਪਣੇ ਗੁਰੂਆਂ ਦੇ ਗੁਰਪੁਰਬਾਂ ਅਤੇ ਇਤਿਹਾਸਕ ਦਿਨਾਂ ਦੀ ਯਾਦ ਵਿਚ ਸ਼ਾਂਤਮਈ ਤਰੀਕੇ ਨਾਲ ਕੱਢਿਆ ਜਾਂਦਾ ਹੈ, ਜੋ ਸਿੱਖ ਪਰੰਪਰਾ ਦਾ ਇਕ ਹਿੱਸਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦੁਨੀਆ ਭਰ ਵਿਚ ਸਿੱਖ ਵਿਸ਼ਵਾਸਾਂ ਨੂੰ ਮੰਨਣ ਵਾਲੇ ਲੋਕ ਵੱਡੀ ਗਿਣਤੀ ਵਿਚ ਵਸੇ ਹੋਏ ਹਨ। ਵੱਖ-ਵੱਖ ਦੇਸ਼ਾਂ ਵਿਚ ਸਥਾਪਤ ਗੁਰਦੁਆਰਾ ਸਾਹਿਬਾਨ ਵਿਚ ਉਹ ਲਗਾਤਾਰ ਕੀਰਤਨ ਅਤੇ ਹੋਰ ਪ੍ਰੋਗਰਾਮ ਆਯੋਜਿਤ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਲੰਗਰ ਦੀ ਪ੍ਰਥਾ ਨੂੰ ਵੀ ਕਾਇਮ ਰੱਖਿਆ ਹੋਇਆ ਹੈ, ਜਿਸ ਵਿਚ ਹਰ ਵਰਗ ਅਤੇ ਵਿਸ਼ਵਾਸ ਦੇ ਲੋਕ ਸ਼ਾਮਿਲ ਹੁੰਦੇ ਹਨ। ਇਸ ਦੇ ਨਾਲ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੁਨੀਆ ਦੇ ਕਈ ਦੇਸ਼ਾਂ ਵਿਚ ਕੁਝ ਐਸੇ ਸੰਗਠਨ ਅਤੇ ਸਮੂਹ ਵੀ ਬਣੇ ਹੋਏ ਹਨ, ਜੋ ਉੱਚੀ ਸੁਰ ਵਿਚ ਲਗਾਤਾਰ ਭਾਰਤ ਵਿਰੁੱਧ ਪ੍ਰਚਾਰ ਕਰਦੇ ਹਨ, ਜਿਸ ਕਾਰਨ ਉੱਥੇ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਇਸ ਦੇ ਨਾਲ ਹੀ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਕੁਝ ਮੁਲਕਾਂ ਵਿਚ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਨੇ ਐਸੀਆਂ ਕਾਰਵਾਈਆਂ ਜਾਰੀ ਰੱਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਗ਼ੈਰ-ਸਮਾਜਿਕ ਅਤੇ ਕਾਨੂੰਨ ਵਿਰੋਧੀ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਦੇ ਵਾਪਰਨ ਨਾਲ ਉਥੇ ਵੱਡੀ ਗਿਣਤੀ ਵਿਚ ਵਸਦੇ ਪੰਜਾਬੀ ਵੀ ਬਚਾਅ ਦੀ ਸਥਿਤੀ ਵਿਚ ਆ ਜਾਂਦੇ ਹਨ। ਇਸ ਸੰਬੰਧੀ ਹਰ ਥਾਂ ‘ਤੇ ਵਸੇ ਪੰਜਾਬੀ ਭਾਈਚਾਰੇ ਨੂੰ ਮਿਲ ਬੈਠ ਕੇ ਸੋਚਣ ਦੀ ਜ਼ਰੂਰਤ ਹੋਵੇਗੀ। ਹੁਣ ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਭਾਰਤ ਸਰਕਾਰ ਨੂੰ ਇਸ ਪਾਸੇ ਤੁਰੰਤ ਧਿਆਨ ਦੇਣਾ ਪਵੇਗਾ। ਉਹ ਨਿਊਜ਼ੀਲੈਂਡ ਵਿਚ ਵਾਪਰੀਆਂ ਇਨ੍ਹਾਂ ਘਟਨਾਵਾਂ ਬਾਰੇ ਉਥੋਂ ਦੀ ਸਰਕਾਰ ਨਾਲ ਸੰਪਰਕ ਕਰਕੇ ਉਸ ਨੂੰ ਸੁਚੇਤ ਕਰੇ, ਤਾਂ ਜੋ ਅਜਿਹਾ ਘਟਨਾਕ੍ਰਮ ਵਾਰ-ਵਾਰ ਨਾ ਵਾਪਰੇ, ਜਿਸ ਨਾਲ ਕਿ ਅਸ਼ਾਂਤੀ ਪੈਦਾ ਹੋਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵਾਰ ਫਿਰ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਨਗਰ ਕੀਰਤਨ ਦਾ ਕੁਝ ਸਥਾਨਕ ਲੋਕਾਂ ਵਲੋਂ ਵਿਰੋਧ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਵਿਸ਼ਵ ਭਾਈਚਾਰੇ ਵਿਚ ਆਪਣਾ ਮਿਸਾਲੀ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰਾਂ ਨਾਲ ਵੇਖਿਆ ਜਾਣਾ ਠੀਕ ਨਹੀਂ ਹੈ।

ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਕਿਹਾ ਹੈ ਕਿ ਕੇਂਦਰ ਸਰਕਾਰ ਇਸ ਪਾਸੇ ਧਿਆਨ ਦੇਣ ਲਈ ਤਿਆਰ ਹੈ। ਸਮੁੱਚੇ ਸਿੱਖ ਭਾਈਚਾਰੇ ਨੂੰ ਵੀ ਅਜਿਹੇ ਮੌਕਿਆਂ ‘ਤੇ ਜ਼ਾਬਤੇ ਵਿਚ ਰਹਿੰਦੇ ਹੋਏ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਆਪਣੀਆਂ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਹੋਇਆਂ, ਆਪਣਾ ਗੌਰਵ ਬਣਾਈ ਰੱਖਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਤਾਈ ਲਈ ਸਤਾਏ ਹੋਏ!

ਮਸਲੇ ਧਰਮ ਵਾਲੇ ਐਵੇਂ ਨਹੀਂ ਉਠਾਏ ਜਾਂਦੇ, ਵੋਟਾਂ ਰੂਪੀ ਦੁੱਧ ਚੋਣ ਦੀਆਂ ਹੀ ਤਿਆਰੀਆਂ।
ਨਾਗ ਵਾਂਗ ਡੰਗ ਮਾਰਨੇ ਨੂੰ ਕਾਹ਼ਲੇ ਪੈਣ ਲੱਗੇ, ਇੱਕ ਦੂਸਰੇ ਲਈ ਖੋਲ੍ਹ ਰੱਖੀਆਂ ਪਟਾਰੀਆਂ।
ਭੰਡੀ-ਪ੍ਰਚਾਰ ਦੀਆਂ ਹੱਦਾਂ ਹੀ ਨੇ ਟੱਪੀ ਜਾਣ, ਸਿਧਾਂਤ ਜਾਂ ਪ੍ਰੰਪਰਾਵਾਂ ਸਭਨਾ ਵਿਸਾਰੀਆਂ।
ਭਾਈਚਾਰੇ ਵਿਚ ਪਾਟੋਧਾੜੀ ਨੂੰ ਵਧਾਉਣ ਲਈ, ਫੂਕਾਂ ਮਾਰ ਮਾਰ ਕੇ ਮਘਾਉਂਦੇ ਨੇ ਚਿੰਗਾੜੀਆਂ।
‘ਧਾਰਮਿਕ ਮੁੱਦੇ’ ਛੇੜੇ ਲੱਗਦੇ ‘ਘਿਉ’ ਦੇ ਵਾਂਗੂੰ, ਲੀਡਰਾਂ ਨੂੰ ਆਉਂਦੀਆਂ ਫੇਰ ਹੁਸ਼ਿਆਰੀਆਂ।
ਸੱਤਾ ਹਥਿਆਣ ਲਈ ਸਤਾਈ ਦੇ ਸਤਾਏ ਹੋਏ, ‘ਗੋਂਦਾਂ’ ਗੁੰਦ ਰਹੇ ਹਨ ਹੁਣੇ ਤੋਂ ‘ਨਿਆਰੀਆਂ’!

# ‘ਨਫ਼ਰਤ’ ਦੇ ਅੰਗ-ਸੰਗ ਦੇਸ਼ ਮਹਾਨ

ਨਸਲਵਾਦ, ਨਫ਼ਰਤੀ ਭਾਸ਼ਣਾਂ ਅਤੇ ਬਿਆਨਾਂ ਉੱਤੇ, ਕਿਸੇ ਸਰਕਾਰੀ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸੁਪਰੀਮ ਕੋਰਟ ਦੀਆਂ ਤਿੱਖੀਆਂ ਟਿੱਪਣੀਆਂ ਨਾਲ ਕੀ ਲਗਾਮ ਲਗਾਈ ਜਾ ਸਕਦੀ ਹੈ?

ਜੇਕਰ ਅਜਿਹਾ ਹੁੰਦਾ ਤਾਂ ਨਸਲੀ ਨਫ਼ਰਤ ਅਪਰਾਧ ਵਿਚ ਤ੍ਰਿਪੁਰਾ ਦੇ 24 ਵਰ੍ਹਿਆਂ ਦੇ ਵਿਦਿਆਰਥੀ ਏਂਜੇਲ ਚਕਮਾ ਦੀ ਸਾਲ 2025 ਨੂੰ ਜਾਨ ਨਾ ਜਾਂਦੀ। ਸਾਲ 2014 ਵਿਚ ਅਰੁਣਾਚਲ ਪ੍ਰਦੇਸ਼ ਦੇ ਵਿਦਿਆਰਥੀ ਨੀਦੋ ਤਾਨੀਅਮ ਦੀ ਦਿੱਲੀ ਵਿਚ ਨਸਲੀ ਨਫ਼ਰਤ ਨਾਲ ਹੋਈ ਮੌਤ ਦੇ 11 ਵਰ੍ਹਿਆਂ ਬਾਅਦ ਵੀ ਕੁਝ ਨਹੀਂ ਬਦਲਿਆ, ਜਦਕਿ ਇਸ ਵਾਰਦਾਤ ਬਾਅਦ ਸਰਕਾਰ ਵੱਲੋਂ ਬੇਜ਼ਬਰੂਆ ਸੰਮਤੀ ਬਣਾਈ ਸੀ। ਉਸ ਸਮਿਤੀ ਦੀਆਂ ਸਿਫ਼ਾਰਸ਼ਾਂ ਸ਼ਾਇਦ ਦੇਸ਼ ਦੀ ਰਾਜਧਾਨੀ ਤੱਕ ਸੀਮਤ ਰਹਿ ਗਈਆਂ। ਨੀਦੋ ਤੋਂ ਬਾਅਦ ਏਂਜੇਲ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਚਕਮਾ ਦੀ ਮੌਤ ਨੇ ਸਰਕਾਰੀ ਵਿਵਸਥਾ ਦੇ ਖੋਖਲੇਪਨ ਨੂੰ ਜੱਗ ਜ਼ਾਹਿਰ ਕੀਤਾ ਹੈ। ਇਸ ਘਟਨਾ ਨੇ ਚਿਤਾਵਨੀ ਦਿੱਤੀ ਹੈ ਕਿ ਦੇਸ਼ ਵਿਚ ਰੰਗ-ਰੂਪ, ਜਾਤੀ, ਨਸਲ ਅਤੇ ਧਰਮ ਨੂੰ ਲੈ ਕੇ ਨਫ਼ਰਤੀ ਵਰਤਾਰਾ ਡੂੰਘਾਈ ਤੱਕ ਲੋਕ ਮਨਾਂ ’ਚ ਘਰ ਕਰ ਚੁੱਕਾ ਹੈ। ਲੋਕਤੰਤਰਿਕ ਤਰੀਕੇ ਨਾਲ ਚੁਣੇ ਗਏ ਲੋਕ ਪ੍ਰਤੀਨਿਧਾਂ ਤੋਂ ਲੈ ਕੇ ਮਜ਼ਹਬੀ ਨੇਤਾ ਤੱਕ ਨਸਲੀ ਮਾਨਸਿਕਤਾ ਦੇ ਸ਼ਿਕਾਰ ਹਨ। ਸਾਲ 2023 ਵਿਚ 107 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਉੱਤੇ ਨਫ਼ਰਤੀ ਭਾਸ਼ਣ ਦੇ ਮਾਮਲੇ ਦਰਜ ਹੋਏ।

ਏ.ਡੀ.ਆਰ. (ਐਸੋਸੀਏਸ਼ਨ ਆਫ਼ ਡੈਮੋਕਰੇਟਿਕ ਰਿਫਾਰਮਜ਼) ਦੀ 2023 ਦੀ ਰਿਪੋਰਟ ਅਨੁਸਾਰ 4748 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿਚ ਜਿਹੜੇ 107 ਵਿਧਾਇਕਾਂ, ਸੰਸਦ ਮੈਂਬਰਾਂ ’ਤੇ ਨਫ਼ਰਤੀ ਭਾਸ਼ਣਾਂ ਦੇ ਮੁਕੱਦਮੇ ਦਰਜ ਹਨ, ਉਨ੍ਹਾਂ ਵਿਚੋਂ 22 ਭਾਜਪਾ ਦੇ ਮੈਂਬਰ ਹਨ। ਇਨ੍ਹਾਂ ਵਿਚੋਂ ਜ਼ਿਆਦਾ ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਦੇ ਵਿਧਾਇਕ ਅਤੇ ਸਾਂਸਦ ਹਨ, ਜਿਨ੍ਹਾਂ ਉੱਤੇ ਨਫ਼ਰਤੀ ਭਾਸ਼ਣਾਂ ਦੇ ਮਾਮਲੇ ਦਰਜ ਹਨ। ਸ਼ਿਵ ਸੈਨਾ, ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ. ਅਤੇ ਕਾਂਗਰਸ ਸਿਆਸੀ ਦਲ ਦੇ ਵਿਧਾਇਕਾਂ, ਸੰਸਦ ਮੈਂਬਰਾਂ ਉੱਤੇ ਰਿਪੋਰਟ ਅਨੁਸਾਰ ਮਾਮਲੇ ਦਰਜ ਕੀਤੇ ਮਿਲਦੇ ਹਨ। ਨਫ਼ਰਤੀ ਭਾਸ਼ਣ ਅਤੇ ਲਿਖਤਾਂ ਦੇ ਉਦਾਹਰਨ ਧਰਮ ਉੱਤੇ ਅਧਾਰਿਤ ਹਨ। ਨਫ਼ਰਤ ਦੇ ਹੋਰ ਕਾਰਨ ਨਸਲ, ਭਾਸ਼ਾ ਅਤੇ ਜਾਤੀ ਹੈ। ਅਸਲ ਵਿਚ ਇਹ ਸਭ ਕੁਝ ਧਰਮ ਨਿਰਪੱਖਤਾ ਦੇ ਪਤਨ ਨਾਲ ਪੈਦਾ ਹੋਇਆ ਹੈ। ਇੱਥੇ ਇਹ ਵਰਣਨ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਭਾਰਤ ਦਾ ਵਿਚਾਰ ਨਾਗਰਿਕਤਾ ਦੀ ਨੀਂਹ ਉੱਤੇ ਰੱਖਿਆ ਗਿਆ ਹੈ, ਨਾ ਕਿ ਧਰਮ, ਨਸਲ, ਜਾਤੀ ਜਾਂ ਭਾਸ਼ਾ ਉੱਤੇ। ਨਫ਼ਰਤ ਫੈਲਾਉਣ ਵਾਲੇ ਮੁੱਖ ਦੋਸ਼ੀ, ਮਹੱਤਵਪੂਰਨ ਅਹੁਦਿਆਂ ’ਤੇ ਬੈਠੇ ਨੇਤਾ ਅਤੇ ਰਾਜ-ਭਾਗ ਸੰਭਾਲਣ ਵਾਲੇ ਕੁਝ ਸ਼ਕਤੀਸ਼ਾਲੀ ਸੰਗਠਨ ਹਨ। ਉਨ੍ਹਾਂ ਦੇ ਸ਼ਬਦ, ਕੰਮ ਜਾਂ ਚੁੱਪ ਨਫ਼ਰਤ ਫੈਲਾਉਣ ਵਾਲਿਆਂ ਨੂੰ ਜ਼ੁਲਮ ਕਰਨ ਲਈ ਉਤਸ਼ਾਹਤ ਕਰਦੇ ਹਨ।

ਸਭ ਤੋਂ ਸਪੱਸ਼ਟ ਨਫ਼ਰਤ ਭਾਰਤ ’ਚ ਘੱਟ ਗਿਣਤੀ ਮੁਸਲਮਾਨਾਂ, ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਧਾਰਮਿਕ ਸਥਾਨਾਂ ਦੇ ਖ਼ਿਲਾਫ਼ ਦਿਖਦੀ ਹੈ। ਖੋਖਲਾ ਤਰਕ ਦਿੱਤਾ ਜਾਂਦਾ ਹੈ ਕਿ ਮੁਸਲਮਾਨਾਂ ਨੇ ਭਾਰਤ ਉੱਤੇ ਹਮਲੇ ਕੀਤੇ ਅਤੇ ਕਈ ਥਾਵਾਂ ’ਤੇ ਛੇ ਸਦੀਆਂ ਰਾਜ ਕੀਤਾ ਅਤੇ ਹਿੰਦੂਆਂ ਲਈ ਹੁਣ ਅਧਿਕਾਰ ਸਥਾਪਿਤ ਕਰਨ ਦਾ ਸਮਾਂ ਹੈ। ਨਫ਼ਰਤ ਦਾ ਦੂਜਾ ਨਿਸ਼ਾਨਾ ਈਸਾਈ ਭਾਈਚਾਰਾ ਬਣਦਾ ਹੈ। ਕਈ ਥਾਈਂ ਦੇਸ਼ ’ਚ ਗਿਰਜ਼ਾਘਰਾਂ ਦੀ ਤੋੜ-ਫੋੜ ਹੁੰਦੀ ਹੈ। ਬਿਨਾਂ ਸ਼ੱਕ ਦੇਸ਼ ਦੀ ਵੱਡੀ ਗਿਣਤੀ ਜਨਤਾ ਡਾ.ਏ.ਪੀ.ਜੇ. ਅਬਦੁਲ ਕਲਾਮ ਅਤੇ ਮਦਰ ਟੇਰੈਸਾ ਦਾ ਆਦਰ ਕਰਦੀ ਹੈ, ਪਰ ਇੱਕ ਛੋਟਾ ਜਿਹਾ ਵਰਗ ਮੁਸਲਮਾਨਾਂ ਅਤੇ ਈਸਾਈਆਂ ਖ਼ਿਲਾਫ਼ ਨਫ਼ਰਤ ਫੈਲਾਉਂਦਾ ਹੈ। ਕਦੇ ਦੇਸ਼ ਵਿਚ ਧਰਮ ਨਿਰਪੱਖ ਸ਼ਬਦ ਆਮ ਬੋਲਚਾਲ ਦੀ ਵਰਤੋਂ ’ਚ ਆਉਂਦਾ ਸੀ। ਅੱਜ ਇਹ ਸ਼ਬਦ ਗ਼ਾਇਬ ਹੋ ਰਿਹਾ ਹੈ। ਧਰਮ ਨਿਰਪੱਖਤਾ ਦੇ ਅਰਥ ਹੀ ਬਦਲ ਦਿੱਤੇ ਗਏ ਹਨ। ਮੂਲ ਰੂਪ ਵਿਚ ਧਰਮ ਨਿਰਪੱਖਤਾ ਦਾ ਅਰਥ ਰਾਜ ਅਤੇ ਧਰਮ ਦਾ ਆਪਸੀ ਅਲਗਾਓ ਸੀ, ਭਾਵ ਧਰਮ ਅਤੇ ਰਾਜਨੀਤੀ ਵੱਖੋ-ਵੱਖਰੇ ਹਨ। ਲੇਕਿਨ ਬਾਅਦ ਵਿਚ ਇਸ ਦਾ ਅਰਥ ਇਹ ਹੋ ਗਿਆ ਕਿ ਇੱਕ ਧਰਮ ਨਿਰਪੱਖ ਵਿਅਕਤੀ ਦੇ ਮੂਲ ਤਰਕ ਮਾਨਵਤਾਵਾਦ ਉੱਤੇ ਅਧਾਰਤ ਹੁੰਦੇ ਹਨ ਨਾ ਕਿ ਧਾਰਮਿਕ ਸਿਧਾਂਤਾਂ ਉੱਤੇ। ਪਰ ਦਹਾਕੇ ’ਚ ਖ਼ਾਸ ਕਰਕੇ ਧਰਮ ਅਤੇ ਰਾਜਨੀਤੀ ਰਲਗਡ ਕਰ ਦਿੱਤੇ ਗਏ ਹਨ। ਰਾਮ ਮੰਦਰ ਦੀ ਉਸਾਰੀ ’ਚ ਸਰਕਾਰਾਂ ਦੀ ਭੂਮਿਕਾ, ਦੇਸ਼ ਵਿਚ ਘੱਟ ਗਿਣਤੀਆਂ ਨਾਲ ਵਰਤਾਓ, ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਧਰਮ ਪ੍ਰਤੀ ਭੂਮਿਕਾ, ਪਿਛਲੇ ਸਮੇਂ ਬਾਬਰੀ ਮਸਜਿਦ ਦਾ ਢਹਿ-ਢੇਰੀ ਕਰਨਾ, ਮੁਸਲਿਮ ਧਾਰਮਿਕ ਸਿਆਸੀ ਨੇਤਾਵਾਂ ਵੱਲੋਂ ਪੱਛਮੀ ਬੰਗਾਲ ’ਚ ਬਾਬਰੀ ਮਸਜਿਦ ਦੀ ਉਸਾਰੀ ਦਾ ਐਲਾਨ ਅਤੇ ਸੈਂਕੜੇ ਹੋਰ ਅਜਿਹੀਆਂ ਘਟਨਾਵਾਂ ਨੇ ਦੇਸ਼ ’ਚ ਨਫ਼ਰਤੀ ਮਾਹੌਲ ਸਿਰਜਣ ’ਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸਾਲ 2025 ’ਚ ਤਾਂ ਨਫ਼ਰਤੀ ਸ਼ਬਦ ਦੇ ਬੋਲਬਾਲੇ ਨੇ ‘ਸਿੰਦੂਰ’ ਸ਼ਬਦ ਨੂੰ ਫਿੱਕਾ ਕਰ ਦਿੱਤਾ। ‘ਰੋਜ਼ਗਾਰ’ ਦੀ ਮੰਗ ਜ਼ੋਰ ਤਾਂ ਫੜੀ, ਅਰਥ ਵਿਵਸਥਾ ਅਤੇ ਅਮਰੀਕੀ ਟੈਰਿਫ ਸ਼ਬਦ ਨੇ ਵੀ ਦੇਸ਼ ’ਚ ਕੁਹਰਾਮ ਮਚਾਇਆ, ਪਰ ‘ਨਫ਼ਰਤ’ ਸ਼ਬਦ ਨੇ ਵਿਸ਼ਵ ਭਰ ’ਚ ਭਾਰਤ ਦੀ ਭੂਮਿਕਾ, ਦਿੱਖ, ਕਾਰਗੁਜ਼ਾਰੀ ਉੱਤੇ ਵੱਡੇ ਕਾਲੇ ਧੱਬੇ ਬਿਖੇਰੇ।

ਲਾਅ ਕਮਿਸ਼ਨ ਆਫ਼ ਇੰਡੀਆ ਦੀ 267ਵੀਂ ਰਿਪੋਰਟ, (ਜੋ 2017 ’ਚ ਛਾਪੀ ਗਈ) ਅਨੁਸਾਰ ਨਫ਼ਰਤੀ ਭਾਸ਼ਣ ਦਾ ਅਰਥ ਨਸਲ, ਧਰਮ, ਜਾਤ, ਲਿੰਗ ਆਦਿ ਦੇ ਅਧਾਰ ’ਤੇ ਸਮੂਹਾਂ ਦੇ ਵਿਰੁੱਧ ਨਫ਼ਰਤ ਪ੍ਰਸਾਰਤ ਕਰਨ ਜਾਂ ਮਾਹੌਲ ਵਿਗਾੜਣ ਦੇ ਉਦੇਸ਼ ਨਾਲ ਬੋਲੇ ਜਾਂ ਲਿਖੇ ਸ਼ਬਦ, ਸੰਕੇਤ ਜਾਂ ਦ੍ਰਿਸ਼ ਦਰਸਾਉਣਾ ਹੈ। ਇਸ ਸਭ ਕੁੱਝ ਨੂੰ ਰੋਕਣ ਲਈ 2022 ’ਚ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸ਼ਹੀਨ ਅਬਦੁਲਾ ਬਨਾਮ ਭਾਰਤ ਸੰਘ ਅਤੇ ਹੋਰ ਨੇ ਵਧਦੀ ਨਫ਼ਰਤ ਦੀ ਸਥਿਤੀ ਨੂੰ ਧਿਆਨ ’ਚ ਰੱਖਦਿਆਂ ਪੁਲਿਸ ਨੂੰ ਓਪਚਾਰਿਕ ਸ਼ਿਕਾਇਤਾਂ ਦੀ ਉਡੀਕ ਕੀਤੇ ਬਿਨਾਂ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ। ਸਾਲ 2018 ਤਹਿਸੀਨ ਐਸ ਪੂਨਾਵਾਲਾ ਬਨਾਮ ਭਾਰਤ ਸੰਘ ਮਾਮਲੇ ’ਤੇ ਸੁਪਰੀਮ ਕੋਰਟ ਨੇ ਨਫ਼ਰਤ ਪੂਰਨ ਭਾਸ਼ਣ ਤੋਂ ਪ੍ਰੇਰਿਤ ਭੀੜ ਦੀ ਹਿੰਸਾ ਦੇ ਪ੍ਰਾਵਾਧਾਨ ਲਈ ਆਈ.ਪੀ.ਸੀ.ਸੀ. ਧਾਰਾ 153 ਅਤੇ 295 (ਅ) ਦੇ ਤਹਿਤ ਦਿਸ਼ਾ-ਨਿਰਦੇਸ਼ ਦਿੱਤੇ, ਜਿਸ ਵਿਚ ਭੀੜ ਵੱਲੋਂ ਹੱਤਿਆ ਅਤੇ ਗਊ-ਰਕਸ਼ਕਾਂ ਦੀ ਰੋਕਥਾਮ ਤਹਿਤ ਇੱਕ ਜ਼ਿਲ੍ਹਾ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ। ਇਸ ਤਰ੍ਹਾਂ ਪਰਵਾਸੀ ਭਲਾਈ ਸੰਗਠਨ ਬਨਾਮ ਭਾਰਤ ਸੰਘ 2014 ਮਾਮਲੇ ’ਤੇ ਸੁਪਰੀਮ ਕੋਰਟ ਨੇ ਲਾਅ ਕਮਿਸ਼ਨ ਤੋਂ ਨਫ਼ਰਤ ਭਰਪੂਰ ਭਾਸ਼ਣ ਨੂੰ ਪ੍ਰਭਾਵਿਤ ਕਰਨ ਅਤੇ ਇਸਦੇ ਨਿਵਾਰਨ ਵਾਸਤੇ ਚੋਣ ਕਮਿਸ਼ਨ ਨੂੰ ਤਕੜਿਆਂ ਕਰਨ ਦੇ ਤਰੀਕੇ ਦਰਸਾਉਣ ਲਈ ਕਿਹਾ।

ਇਸੇ ਤਰ੍ਹਾਂ 2015 ’ਚ ਬਣਾਈ ਵਿਸ਼ਵਾਨਾਥਨ ਸਮਿਤੀ ਨੇ ਧਰਮ, ਨਸਲ, ਜਾਤ, ਜਨਮ ਅਸਥਾਨ ਦੇ ਅਧਾਰ ’ਤੇ ਅਪਰਾਧਾਂ ਨੂੰ ਉਕਸਾਉਣ ਲਈ ਦੋ ਸਾਲ ਤੱਕ ਦੀ ਕੈਦ ਅਤੇ 5000 ਰੁਪਏ ਜੁਰਮਾਨੇ ਦੇ ਨਾਲ ਆਈ.ਪੀ.ਸੀ. ਦੀ ਧਾਰਾ 153 ਉ (ਬੀ) ਅਤੇ 505 ਏ ਜੋੜਨ ਦਾ ਪ੍ਰਸਤਾਵ ਦਿੱਤਾ ਅਤੇ ਜੁਰਮਾਨੇ ਦਾ ਪ੍ਰਾਵਾਧਾਨ ਕੀਤਾ ਅਤੇ ਆਈ.ਪੀ.ਸੀ. ਦੀ ਧਾਰਾ 509 ਏ (ਕਿਸੇ ਵਿਸ਼ੇਸ਼ ਜਾਤ ਦਾ ਅਪਮਾਨ ਕਰਨਾ) ਵਿਚੋਂ ਸੋਧ ਕਰਕੇ ਤਿੰਨ ਸਾਲ ਤੱਕ ਦੀ ਕੈਦ ਅਤੇ ਜ਼ੁਰਮਾਨੇ ਦਾ ਪ੍ਰਾਵਾਧਾਨ ਕੀਤਾ।

ਪਰ ਇਨ੍ਹਾਂ ਸਮਿਤੀਆਂ ਦੀਆਂ ਸਿਫ਼ਾਰਸ਼ਾਂ ਨੂੰ ਦਿੱਲੀ ਤੋਂ ਬਿਨਾਂ ਹੋਰ ਥਾਵਾਂ ਉੱਤੇ ਲਾਗੂ ਹੀ ਨਹੀਂ ਕੀਤਾ ਗਿਆ, ਹਾਲਾਂਕਿ ਦਿੱਲੀ ਤੋਂ ਬਾਹਰ ਵੀ ਨਸਲੀ ਅਪਰਾਧ ਹੋ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਤੀਜੇ ਕਾਰਜਕਾਲ ਦੇ ਸ਼ੁਰੂ ਦੇ ਪਹਿਲੇ ਸਾਲ 2024-2025 ਵਿਚ ਇੱਕ ਰਿਪੋਰਟ ਅਨੁਸਾਰ 947 ਮਾਮਲੇ ਮੁਸਲਿਮ ਅਤੇ ਈਸਾਈ ਘੱਟ ਗਿਣਤੀ ਵਿਰੁੱਧ ਰਿਪੋਰਟ ਹੋਏ ਹਨ, ਜਿਸ ਵਿਚ ਭੜਕਾਹਟ ਅਤੇ ਨਫ਼ਰਤੀ ਭਾਸ਼ਣ ਮੂਲ ਦੇ ਮਾਮਲੇ ਸ਼ਾਮਲ ਹਨ। ਐਸੋਸੀਏਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਸਿਵਲ ਰਾਈਟਸ ਅਤੇ ਕੁਇੱਲ ਫਾਉਂਡੇਸ਼ਨ ਵੱਲੋਂ 7 ਜੂਨ 2024 ਤੋਂ 7 ਜੂਨ 2025 ਤੱਕ ਦੀ ਰਿਪੋਰਟ ਵਿਚ ਹੋਈਆਂ ਇਨ੍ਹਾਂ ਘਟਨਾਵਾਂ ਵਿਚ ਬਹੁਤੀਆਂ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨਾਲ ਸੰਬੰਧਤ ਹਨ। ਇਸ ਵਿਚ ਮੁਸਲਿਮਾਂ ਅਤੇ ਈਸਾਈ ਭਾਈਚਾਰੇ ਨਾਲ ਸੰਬੰਧਤ ਲੋਕ ਪ੍ਰਭਾਵਤ ਹੋਏ। ਰਿਪੋਰਟ ਦੱਸਦੀ ਹੈ ਕਿ ਇੱਕ ਵਰ੍ਹੇ ’ਚ ਇਨ੍ਹਾਂ 419 ਘਟਨਾਵਾਂ ’ਚ 1504 ਲੋਕ ਪ੍ਰਭਾਵਤ ਹੋਏ ਅਤੇ 85 ਹਮਲੇ ਰਿਕਾਰਡ ਕੀਤੇ ਗਏ। 25 ਮੁਸਲਿਮ ਇਨ੍ਹਾਂ ਘਟਨਾਵਾਂ ’ਚ ਮਾਰੇ ਗਏ ਅਤੇ 173’ਚ ਜ਼ਖ਼ਮੀ ਹੋਏ। ਇਹ ਘਟਨਾਵਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਝਾਰਖੰਡ, ਜਿੱਥੇ ਭਾਜਪਾ ਵਾਲਿਆਂ ਦਾ ਰਾਜ ਹੈ, ਹੋਈਆਂ ਨੋਟ ਕੀਤੀਆਂ। ਮੁੱਖ ਤੌਰ ‘ਤੇ ਇਹ ਘਟਨਾਵਾਂ ਚੋਣਾਂ ਦੌਰਾਨ ਹੋਈਆਂ ਹਿੰਸਾ ਦੌਰਾਨ ਵਾਪਰੀਆਂ। ਜਿਹੜੀਆਂ ਮੁੱਖ ਤੌਰ ’ਤੇ ਨਫ਼ਰਤੀ ਭਾਸ਼ਣਾਂ ਦਾ ਸਿੱਟਾ ਸਨ। ਜੋ ਕਿ ਧਰਮਾਂ, ਜਾਤਾਂ ਦੇ ਵਿਰੁੱਧ ਦਿੱਤੇ ਗਏ, ਜਿਹੜੇ ਦੰਗਿਆਂ ਅਤੇ ਕਤਲੇਆਮ ਦਾ ਕਾਰਨ ਬਣੇ। ਇਨ੍ਹਾਂ ਨਫ਼ਰਤੀ ਘਟਨਾਵਾਂ ਵਿਚ ਔਰਤਾਂ ਅਤੇ ਬੱਚਿਆਂ ਤੱਕ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਇਨ੍ਹਾਂ ਘਟਨਾਵਾਂ ਵਿਚ 13 ਫ਼ੀਸਦੀ ਐਫ.ਆਈ.ਆਰ. ਹੀ ਦਰਜ ਹੋਈਆਂ।

ਇੱਥੇ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਕੀ ਚੋਣਾਂ ਜਿੱਤਣ ਲਈ ਨਫ਼ਰਤੀ ਭਾਸ਼ਣ ਜ਼ਰੂਰੀ ਹਨ? ਕੀ ਨਫ਼ਰਤੀ ਭਾਸ਼ਣਾਂ ਦੇ ਸਿੱਟੇ ਵਜੋਂ ਪੈਦਾ ਹੋਈ ਹਿੰਸਾ ਲਈ ਕੀ ਰਾਜ-ਭਾਗ ਕਰ ਰਹੇ ਜਾਂ ਨਫ਼ਰਤ ਫੈਲਾਉਣ ਵਾਲੇ ਨੇਤਾ ਜ਼ਿੰਮੇਵਾਰ ਨਹੀਂ ਹਨ? ਜੇਕਰ ਇਸ ਕਿਸਮ ਦੀ ਨਫ਼ਰਤੀ ਹਿੰਸਾ ਜਾਰੀ ਰਹਿੰਦੀ ਹੈ ਦੇਸ਼ ਮਹਾਨ ਵਿਚ, ਤਾਂ ਕੀ ਭਾਰਤ ਟੁੱਟ ਨਹੀਂ ਜਾਏਗਾ? ਕੀ ਬਹੁ-ਕੌਮੀ ਖਿੱਤੇ ਭਾਰਤ ਦਾ ਟੁੱਟਣਾ ਜਾਂ ਹਿੰਦੂ ਰਾਸ਼ਟਰ ਬਨਣ ਨਾਲ ਭਾਰਤ ਦੇਸ਼ ਦਾ ਨਾਸ ਨਹੀਂ ਮਾਰਿਆ ਜਾਏਗਾ, ਜਿਵੇਂ ਕਿ ਪਾਕਿਸਤਾਨ, ਬੰਗਲਾ ਦੇਸ਼ ਵਿਚ ਹੋਇਆ ਹੈ।

ਭਾਰਤ ਵਰਗੇ ਦੇਸ਼ ਨੂੰ ਚਲਾਉਣ ਲਈ ਜਮਹੂਰੀ, ਧਰਮ-ਨਿਰਪੱਖ ਤੇ ਸੰਘਵਾਦੀ ਸੋਚ ਦੀ ਲੋੜ ਹੈ, ਕਿਉਂਕਿ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਵੱਖ-ਵੱਖ ਭਾਸ਼ਾਵਾਂ ਅਤੇ ਸਭਿਆਚਾਰ ’ਤੇ ਅਧਾਰਿਤ ਕੌਮੀਅਤਾਂ ਵਸਦੀਆਂ ਹਨ। ਕੱਟੜਵਾਦੀ ਨਫ਼ਰਤੀ ਸੋਚ ਵਸਦੇ-ਰਸਦੇ ਭਾਰਤ ਦੀ ਤਬਾਹੀ ਵੱਲ ਵਧਦੇ ਭੈੜੇ ਕਦਮਾਂ ਦੀ ਨਿਸ਼ਾਨੀ ਹੈ। ਉਂਵ ਇਹ ਗੱਲ ਸਮਝਣ ਵਾਲੀ ਹੈ ਕਿ ਭਾਈਚਾਰਕ ਸਾਂਝ ਦੀ ਮਜ਼ਬੂਤੀ ਬਿਨਾਂ ਕੋਈ ਦੇਸ਼ ਤਰੱਕੀ ਨਹੀਂ ਕਰ ਸਕਦਾ। ਧਰਮ, ਜਾਤ, ਨਸਲ ਅਤੇ ਭਾਸ਼ਾ ਅਧਾਰਿਤ ਰਾਜਨੀਤੀ ਕਿਸੇ ਵੀ ਸਮਾਜ ਅਤੇ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਜਿੱਥੇ-ਜਿੱਥੇ ਵੀ ਇਹ ਹੈ, ਉਹ ਦੇਸ਼ ਪਛੜੇ ਹੋਏ ਹਨ।

ਅੱਜ ਦੇਸ਼ ਵਿਚ ਜੋ ਹਾਲਾਤ ਨਫ਼ਰਤੀ ਵਰਤਾਰੇ ਨਾਲ ਬਣ ਰਹੇ ਹਨ, ਉਨ੍ਹਾਂ ਨੂੰ ਠੱਲ ਪਾਉਣ ਦੀ ਲੋੜ ਹੈ, ਇਸ ਸੰਬੰਧੀ ਜਿੱਥੇ ਕਨੂੰਨੀ ਚਾਰਾਜੋਈ ਹੋਣੀ ਜ਼ਰੂਰੀ ਹੈ, ਉੱਥੇ ਦੇਸ਼ ਦੇ ਹਾਕਮਾਂ ਨੂੰ ਸੌੜੀ ਸੋਚ ਤਿਆਗ ਕੇ ਦੇਸ਼ ਦੀ ਤਰੱਕੀ, ਲੋਕਾਂ ਦੀ ਭਲਾਈ ਲਈ ਕੰਮ ਕਰਨ ਨੂੰ ਪਹਿਲ ਦੇਣੀ ਹੋਏਗੀ, ਕਿਉਂਕਿ ਹਾਕਮ ਸੋਚ ਬਦਲੇ ਬਿਨਾਂ ਦੇਸ਼ ’ਚ ਨਫ਼ਰਤ ਖ਼ਤਮ ਨਹੀਂ ਹੋ ਸਕਦੀ। ਕਰਨਾਟਕ ਸਰਕਾਰ ਨੇ ਨਫ਼ਰਤੀ ਭਾਸ਼ਣ ਅਤੇ ਨਫ਼ਰਤੀ ਅਪਰਾਧ ਰੋਕ ਬਿੱਲ-2025 ਪਾਸ ਕਰਨ ਲਈ ਪਹਿਲਕਦਮੀ ਕੀਤੀ ਹੈ, ਜਿਸ ਵਿਚ ਸੰਗਠਨਾਤਮਕ ਜਵਾਬਦੇਹੀ ਦਾ ਪ੍ਰਾਵਾਧਾਨ ਕੀਤਾ ਗਿਆ ਹੈ, ਜਿਸਦੇ ਤਹਿਤ ਜ਼ਿੰਮੇਵਾਰ ਪੁਜੀਸ਼ਨਾਂ ’ਤੇ ਬੈਠੇ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇਕਰ ਨਫ਼ਰਤੀ ਭਾਸ਼ਣ ਉਨ੍ਹਾਂ ਦੇ ਸੰਗਠਨ ਨਾਲ ਜੁੜਿਆ ਹੈ, ਇਹ ਬਿੱਲ ਰਾਜ ਸਰਕਾਰ ਨੂੰ ਔਨਲਾਈਨ ਨਫ਼ਰਤੀ ਸਮੱਗਰੀ ਨੂੰ ਬਲਾਕ ਕਰਨ ਜਾਂ ਹਟਾਉਣ ਦਾ ਹੱਕ ਦਿੰਦਾ ਹੈ, ਜਿਸ ਨਾਲ ਨਫ਼ਰਤੀ ਭਾਸ਼ਣ ਦੇ ਨਫ਼ਰਤੀ ਪ੍ਰਸਾਰ ਨੂੰ ਰੋਕਿਆ ਜਾ ਸਕੇ।

ਅਸਲ ਵਿਚ ਤਾਂ ਅਜਿਹਾ ਕਾਨੂੰਨ ਦੇਸ਼ ਪੱਧਰ ’ਤੇ ਬਣਾਉਣ ਅਤੇ ਲਾਗੂ ਕਰਨ ਦੀ ਲੋੜ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਇੰਵ ਹੋ ਸਕੇਗਾ? ਕੀ ਨਫ਼ਰਤੀ ਭਾਸ਼ਣਾਂ ਨੂੰ ਨਾ ਰੋਕ ਕੇ ਜਾਂ ਵੱਡੇ ਨੇਤਾਵਾਂ ਦੇ ਨਫ਼ਰਤੀ ਭਾਸ਼ਣਾਂ ਪ੍ਰਤੀ ਚੁੱਪੀ ਧਾਰ ਕੇ ਦੇਸ਼ ਦਾ ਚੋਣ ਕਮਿਸ਼ਨ ਜਾਂ ਹੋਰ ਸੰਬੰਧਤ ਰਾਜ ਅਧਿਕਾਰੀ ਇੰਨਾ ਹੌਸਲਾ ਕਰ ਸਕਣਗੇ, ਕਿਉਂਕਿ ਮੌਜੂਦਾ ਹਾਕਮਾਂ ਨੇ ਦੇਸ਼ ਦੀਆਂ ਖ਼ੁਦਮੁਖਤਾਰ ਸੰਸਥਾਵਾਂ ਦਾ ਲੱਕ ਤੋੜ ਦਿੱਤਾ ਹੈ। ਭਾਰਤੀ ਸੁਪਰੀਮ ਕੋਰਟ ਨੇ ਹੇਟ ਸਪੀਚ (ਨਫ਼ਰਤ ਭਰੇ ਭਾਸ਼ਣ) ਉੱਤੇ ਸਖ਼ਤ ਰੁਖ਼ ਅਪਨਾਉਂਦੇ ਹੋਏ ਕਿਹਾ ਹੈ ਕਿ ਇਹੋ ਜਿਹੀਆਂ ਘਟਨਾਵਾਂ ਉੱਤੇ ਐਫ.ਆਈ.ਆਰ. ਦਰਜ ਹੋਣੀਆਂ ਚਾਹੀਦੀਆਂ ਹਨ, ਭਲੇ ਹੀ ਸ਼ਿਕਾਇਤ ਨਾ ਵੀ ਹੋਵੇ ਅਤੇ ਹਰ ਵਿਅਕਤੀ ਦਾ ਸਨਮਾਨ ਕਰਦੇ ਹੋਏ ਇਸਨੂੰ ਰੋਕਣਾ ਜ਼ਰੂਰੀ ਹੈ। ਅਧਿਕਾਰੀਆਂ ਨੂੰ ਕਾਰਵਾਈ ਵਿਚ ਹਿਚਕਚਾਹਟ ਨਹੀਂ ਦਿਖਾਉਣੀ ਚਾਹੀਦੀ, ਕਿਉਂਕਿ ਇਹ ਦੇਸ਼ ਦੇ ਧਰਮ ਨਿਰਪੱਖ ਤਾਣੇ-ਬਾਣੇ ਦੇ ਲਈ ਖ਼ਤਰਾ ਹੈ। ਕੋਰਟ ਨੇ ਪੁਲਿਸ ਦੀ ਆਈ.ਪੀ.ਸੀ. ਧਾਰਾ-153 ਏ, 153 ਬੀ, 295 ਏ ਅਤੇ 505 ਦੇ ਹਵਾਲੇ ਤਹਿਤ ਹੁਕਮ ਦਿੱਤੇ ਹਨ, ਲੇਕਿਨ ਨਾਲ ਹੀ ਨਾਲ ਇਹ ਵੀ ਕਿਹਾ ਹੈ ਕਿ ਉਹ ਹਰ ਘਟਨਾ ਉੱਤੇ ਕਾਨੂੰਨ ਨਹੀਂ ਬਣਾ ਸਕਦੀ ਅਤੇ ਨਾਗਰਿਕਾਂ ਨੂੰ ਵੀ ਆਪਣੀ ਸੀਮਾ ਸਮਝਣੀ ਚਾਹੀਦੀ ਹੈ। ਪਰ ਸਵਾਲਾਂ ਦਾ ਸਵਾਲ ਤਾਂ ਉੱਥੇ ਹੀ ਖੜ੍ਹਾ ਹੈ ਕੀ ਦੇਸ਼ ਦੀ ਹਾਕਮ ਧਿਰ ਨਫ਼ਰਤੀ ਵਰਤਾਰੇ ਨੂੰ ਰੋਕਣ ਲਈ ਕਦਮ ਚੁੱਕਣ ਲਈ ਤਿਆਰ ਹੈ ਜਾਂ ਨਹੀਂ। ਸੰਕੇਤ ਚੰਗੇ ਨਹੀਂ ਹਨ।

# ਸਾਵਧਾਨ ! ਹੁਣ ਹਕੂਮਤ ਦੀ ਆਲੋਚਨਾ ਵੀ ਦਹਿਸ਼ਤਗਰਦ ਸਾਜ਼ਿਸ਼ ਮੰਨੀ ਜਾਵੇਗੀ !

***ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ ’ਤੇ ਭਾਰਤੀ ਨਿਆਂ ਪ੍ਰਣਾਲੀ ਦੀ ਭੂਮਿਕਾ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਇਸ ਅਦਾਲਤੀ ਫ਼ੈਸਲੇ ਦੇ ਨਾਗਰਿਕ ਹੱਕਾਂ ਅਤੇ ਜਮਹੂਰੀ ਸਪੇਸ ਉੱਪਰ ਪੈਣ ਵਾਲੇ ਅਸਰਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ***

ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਦੀ ਜ਼ਮਾਨਤ ਬਾਰੇ ਸੁਣਵਾਈ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਜੋ ਫ਼ੈਸਲਾ ਸੁਣਾਇਆ ਹੈ ਉਹ ਵਿਆਪਕ ਅਸਰਾਂ ਪੱਖੋਂ ਬੇਹੱਦ ਖ਼ਤਰਨਾਕ ਹੈ। ਇਹ ਫ਼ੈਸਲਾ ਪੰਜ ਕਾਰਕੁਨਾਂ ਨੂੰ ਜ਼ਮਾਨਤ ਦਿੰਦੇ ਹੋਏ ਦੋ ਨੂੰ ਜ਼ਮਾਨਤ ਦੇ ਹੱਕ ਤੋਂ ਤਾਂ ਵਾਂਝੇ ਕਰਦਾ ਹੀ ਹੈ, ਇਹ ਭਾਰਤੀ ਲੋਕਾਂ ਦੇ ਨਿਆਂ ਲਈ ਸੰਘਰਸ਼ਾਂ ਅਤੇ ਜਮਹੂਰੀ ਹੱਕਾਂ ਲਈ ਵੀ ਬੇਹੱਦ ਖ਼ਤਰਨਾਕ ਅਰਥ-ਸੰਭਾਵਨਾਵਾਂ ਵਾਲਾ ਹੈ। ਉਮਰ ਅਤੇ ਸ਼ਰਜ਼ੀਲ ਫਰਵਰੀ 2020 ਦੀ ਹਿੰਸਾ ਸਮੇਂ ਦਿੱਲੀ ਵਿਚ ਮੌਜੂਦ ਨਹੀਂ ਸਨ, ਫਿਰ ਵੀ ਉਹ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਹਨ। ਹਿੰਸਾ ਦੇ ਯੋਜਨਾਘਾੜੇ ਅਤੇ ਅੰਜਾਮ ਦੇਣ ਵਾਲੇ ਸੱਤਾ ਵਿਚ ਹਨ। ਇਨ੍ਹਾਂ ਦੋਹਾਂ ਉੱਪਰ ਸਿੱਧੇ ਤੌਰ ’ਤੇ ਹਿੰਸਾ ਵਿਚ ਸ਼ਾਮਿਲ

ਬੂਟਾ ਸਿੰਘ ਮਹਿਮੂਦਪੁਰ

ਹੋਣ ਦਾ ਦੋਸ਼ ਨਹੀਂ ਹੈ। ਦੋਸ਼ ਇਹ ਹੈ ਕਿ ਉਨ੍ਹਾਂ ਨੇ ਸਾਜ਼ਿਸ਼ ਦੀ ਯੋਜਨਾ ਬਣਾਈ! ਇਸ ਦੇ ਬਾਵਜੂਦ, ਸੁਪਰੀਮ ਕੋਰਟ ਨੇ ਨਾ ਸਿਰਫ਼ ਉਨ੍ਹਾਂ ਦੀ ਲਗਾਤਾਰ ਕੈਦ ਨੂੰ ਸਗੋਂ ਬਾਕੀਆਂ ਨੂੰ ਜ਼ਮਾਨਤ ਦੇਣ ਦਿੰਦੇ ਸਮੇਂ ਉਨ੍ਹਾਂ ਨੂੰ ਜ਼ਮਾਨਤ ਨਾ ਦੇਣ ਨੂੰ ਜਾਇਜ਼ ਠਹਿਰਾਇਆ ਹੈ। ਇਹ ਮੁਲਕ ਦੇ ਲੋਕਾਂ ਨੂੰ ਸਪਸ਼ਟ ਸੁਣਾਉਣੀ ਹੈ - ਹਕੂਮਤ ਦੇ ਜ਼ੁਲਮ ਤੇ ਬਦਲਾਖੋਰੀ ਦੇ ਸਤਾਏ ਲੋਕ ਸਰਵਉੱਚ ਅਦਾਲਤ ਤੋਂ ਨਿਆਂ ਦੀ ਆਸ ਨਾ ਰੱਖਣ।

ਭਗਵਾ ਹਕੂਮਤ ਵੱਲੋਂ ਭੀਮਾ-ਕੋਰੇਗਾਓਂ, ਦਿੱਲੀ ਹਿੰਸਾ ਆਦਿ ਵਿਸ਼ੇਸ਼ ਸਾਜ਼ਿਸ਼ ਕੇਸ ਖ਼ਾਸ ਮਨੋਰਥ ਦੇ ਤਹਿਤ ਬਣਾਏ ਗਏ ਤਾਂ ਜੋ ਹੱਕਾਂ ਦੇ ਕਾਰਕੁਨਾਂ ਅਤੇ ਲੋਕਪੱਖੀ ਬੁੱਧੀਜੀਵੀਆਂ ਨੂੰ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ, ਯੂਏਪੀਏ, ਲਗਾ ਕੇ ਲੰਮੇ ਸਮੇਂ ਤੱਕ ਜੇਲ੍ਹਾਂ ਵਿਚ ਬੰਦ ਰੱਖਿਆ ਜਾ ਸਕੇ। ਇਹ ਜੱਗ ਜ਼ਾਹਿਰ ਹੈ ਕਿ ਇਹ ਸਾਰੇ ਕਾਰਕੁਨ ਲੋਕ ਹਿਤਾਂ ਤੇ ਮਾਨਵਤਾਵਾਦੀ ਮੁੱਲਾਂ ਨੂੰ ਬੁਲੰਦ ਕਰਨ ਵਾਲੇ ਅਤੇ ਸਮਾਜ ਨੂੰ ਬਿਹਤਰ ਬਣਾਉਣ ਦੀ ਸੋਚ ਵਾਲੇ ਜ਼ਹੀਨ ਚਿੰਤਕ ਤੇ ਨਿਆਂਪਸੰਦ ਵਿਅਕਤੀ ਹਨ। ਇਨ੍ਹਾਂ ਵਿਚੋਂ ਕਿਸੇ ਦਾ ਵੀ ਦਹਿਸ਼ਤਵਾਦ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ।

ਸਰਕਾਰ ਅਤੇ ਪੁਲਿਸ ਅਧਿਕਾਰੀਆਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਮਨਘੜਤ ਕਹਾਣੀ ਨੂੰ ਅਦਾਲਤ ਵਿਚ ਕਾਨੂੰਨੀ ਪੈਰਵੀ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਣਾ ਹੈ। ਇਹ ਵੀ ਕਿ ਕਿਸੇ ਜ਼ਮੀਰ ਵਾਲੇ ਜੱਜ ਵੱਲੋਂ ਅੜ ਜਾਣ ‘ਤੇ ਨਿਰਪੱਖ ਅਦਾਲਤੀ ਪਰਖ਼-ਪੜਤਾਲ ਹੋਣ ਦੀ ਸੂਰਤ ‘ਚ ਝੂਠੇ ਸਬੂਤ ਕਾਨੂੰਨੀ ਦਲੀਲ ਅੱਗੇ ਟਿਕ ਨਹੀਂ ਸਕਣਗੇ। ਇਸੇ ਲਈ ਸੱਤਾਧਾਰੀ ਧਿਰ ਨੇ ਆਪਣੇ ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਝੂਠੀ ਕਹਾਣੀ ਦੀ ਡਿਫੈਂਸ ਲਈ ਲਗਾਇਆ ਹੋਇਆ ਹੈ ਜਿਨ੍ਹਾਂ ਵੱਲੋਂ ਯੂਏਪੀਏ ਦੀ ਦਹਿਸ਼ਤਵਾਦ ਦੀ ਗੋਲਮੋਲ ਪਰਿਭਾਸ਼ਾ ਨੂੰ ਮੋਮ ਦੀ ਨੱਕ ਵਾਂਗ ਆਪਣੀ ਲੋੜ ਅਨੁਸਾਰ ਮੋੜਿਆ ਜਾ ਰਿਹਾ ਹੈ। ਯੂਏਪੀਏ ਦੋਸ਼ੀ ਦੇ ਕਾਨੂੰਨੀ ਅਧਿਕਾਰਾਂ ਨੂੰ ਲਗਭਗ ਰੱਦ ਕਰ ਦੇਣ ਵਾਲਾ ਕਾਨੂੰਨ ਹੈ ਜੋ ਬਣਾਇਆ ਹੀ ਇਸੇ ਖ਼ਾਸ ਮਨੋਰਥ ਨਾਲ ਗਿਆ ਹੈ।

ਕਿਸੇ ਵੀ ਹਿੰਸਕ ਕਾਰਵਾਈ ਨਾਲ ਕੋਈ ਲੈਣਾ-ਦੇਣਾ ਨਾ ਹੋਣ ਕਾਰਨ ਪੁਲਿਸ ਅਧਿਕਾਰੀ ਇਨ੍ਹਾਂ ਸ਼ਖ਼ਸੀਅਤਾਂ ਦੀ ਕਿਸੇ ਦਹਿਸ਼ਤਗਰਦ ਕਾਰਵਾਈ ’ਚ ਸ਼ਮੂਲੀਅਤ ਤਾਂ ਦਿਖਾ ਨਹੀਂ ਸੀ ਸਕਦੇ, ਸੋ ਉਨ੍ਹਾਂ ਵੱਲੋਂ ‘ਦਿੱਲੀ ਹਿੰਸਾ ਦੀ ਵਡੇਰੀ ਸਾਜ਼ਿਸ਼’ ਅਤੇ ਇਸਦੇ ‘ਯੋਜਨਾ ਘਾੜਿਆਂ’ ਦੀ ਖੋਜ ਕੀਤੀ ਗਈ। ਯੂਏਪੀਏ ਲਗਾਉਣ ਲਈ ਇਸ ਵਿਚ ਦਿੱਤੀ ‘ਦਹਿਸ਼ਤਗਰਦ ਕਾਰਵਾਈ’ ਦੀ ਪਰਿਭਾਸ਼ਾ ਦੇ ਇਕ ਖ਼ਾਸ ਹਿੱਸੇ ਦਾ ਸਹਾਰਾ ਲਿਆ ਗਿਆ ਹੈ। ਯੂਏਪੀਏ ਦੇ ਸੈਕਸ਼ਨ 15 ਅਨੁਸਾਰ, ‘ਜੋ ਕੋਈ ਵੀ ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ, ਆਰਥਿਕ ਸੁਰੱਖਿਆ, ਜਾਂ ਸੰਪ੍ਰਭੂਤਾ ਲਈ ਖ਼ਤਰਾ ਪੈਦਾ ਕਰਨ ਦੇ ਇਰਾਦੇ ਨਾਲ ਜਾਂ ਅਜਿਹਾ ਹੋਣ ਦੀ ਸੰਭਾਵਨਾ ਨਾਲ, ਜਾਂ ਭਾਰਤ ਵਿਚ ਜਾਂ ਕਿਸੇ ਪਰਾਏ ਦੇਸ਼ ਵਿਚ ਲੋਕਾਂ ਜਾਂ ਲੋਕਾਂ ਦੇ ਕਿਸੇ ਵਰਗ ਵਿਚ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਜਾਂ ਅਜਿਹਾ ਹੋਣ ਦੀ ਸੰਭਾਵਨਾ ਨਾਲ ਕੋਈ ਕੰਮ ਕਰਦਾ ਹੈ, - (ਕ) ਬੰਬਾਂ, ਡਾਈਨਾਮਾਈਟ ਜਾਂ ਹੋਰ ਵਿਸਫੋਟਕ ਪਦਾਰਥਾਂ ਜਾਂ ਜਲਣਸ਼ੀਲ ਪਦਾਰਥਾਂ ਜਾਂ ਅਗਨੀਸ਼ਸਤਰਾਂ (ਹਥਿਆਰਾਂ) ਜਾਂ ਹੋਰ ਘਾਤਕ ਹਥਿਆਰਾਂ ਜਾਂ ਜ਼ਹਿਰੀਲੇ ਜਾਂ ਹਾਨੀਕਾਰਕ ਗੈਸਾਂ ਜਾਂ ਹੋਰ ਰਸਾਇਣਾਂ ਦੀ ਵਰਤੋਂ ਕਰਦਾ, ਜਾਂ ਕਿਸੇ ਹੋਰ ਖ਼ਤਰਨਾਕ ਕਿਸਮ ਦੇ ਪਦਾਰਥਾਂ (ਚਾਹੇ ਜੈਵਿਕ, ਰੇਡੀਓਐਕਟਿਵ, ਪਰਮਾਣੂ ਜਾਂ ਹੋਰ ਕਿਸੇ ਵੀ ਕਿਸਮ ਦੇ ਹੋਣ) ਦੀ ਵਰਤੋਂ ਕਰਦਾ ਹੈ, ਜਾਂ ਕਿਸੇ ਵੀ ਹੋਰ ਸਾਧਨਾਂ ਨਾਲ, ਚਾਹੇ ਉਹ ਕਿਸੇ ਵੀ ਕਿਸਮ ਦੇ ਹੋਣ, ਜਿਸ ਨਾਲ ਮੌਤ ਜਾਂ ਨੁਕਸਾਨ ਹੋਵੇ ਜਾਂ ਹੋਣ ਦੀ ਸੰਭਾਵਨਾ ਹੋਵੇ ...”, ਤਾਂ ਉਹ ਦਹਿਸ਼ਤਗਰਦ ਕਾਰਵਾਈ ਹੈ।

ਦਹਿਸ਼ਤਗਰਦ ਕਾਰਵਾਈ ਦੀ ਇਸ ਗੋਲ-ਮੋਲ ਪਰਿਭਾਸ਼ਾ ਨੂੰ ਸਰਕਾਰ ਕਿਸੇ ਉੱਪਰ ਵੀ ਯੂਏਪੀਏ ਲਗਾਉਣ ਲਈ ਮਨਮਰਜ਼ੀ ਨਾਲ ਵਿਆਖਿਆ ਕਰਕੇ ਵਰਤ ਸਕਦੀ ਹੈ। ਪਰਿਭਾਸ਼ਾ ਦਹਿਸ਼ਤਗਰਦ ਕਾਰਵਾਈ ਦਾ ਕੋਈ ਠੋਸ ਪੈਮਾਨੇ ਤੇ ਦਾਇਰਾ ਤੈਅ ਨਹੀਂ ਕਰਦੀ ਸਗੋਂ ‘ਖ਼ਤਰਾ ਪੈਦਾ ਕਰਨ ਦੀ ਸੰਭਾਵਨਾ’ ਜਾਂ ‘ਕਿਸੇ ਹੋਰ ਕਿਸਮ ਦੇ ਸਾਧਨ’ ਵਰਗੇ ਸ਼ਬਦਾਂ ਦੀ ਵਰਤੋਂ ਸਰਕਾਰ ਨੂੰ ਸ਼ਾਂਤੀਪੂਰਨ ਪ੍ਰਦਰਸ਼ਨਾਂ ਜਾਂ ਸਿਵਲ ਨਾਫਰਮਾਨੀ ਵਰਗੇ ਸਾਧਾਰਨ ਰੋਸ-ਪ੍ਰਦਰਸ਼ਨਾਂ ਨੂੰ ਵੀ ‘ਦਹਿਸ਼ਤਗਰਦ ਕਾਰਵਾਈ’ ਕਰਾਰ ਦੇਣ ਦੀ ਖੁੱਲ੍ਹੀ ਗੁੰਜਾਇਸ਼ ਮੁਹੱਈਆ ਕਰਦੀ ਹੈ। ਜਾਂਚ ਅਧਿਕਾਰੀ ਜਿਵੇਂ ਵੀ ਚਾਹੁਣ, ਮਨਮਰਜ਼ੀ ਨਾਲ ਇਸਦੀ ਵਿਆਪਕ ਵਿਆਖਿਆ ਕਰ ਸਕਦੇ ਹਨ ਅਤੇ ਜਿਸ ਨੂੰ ਵੀ ਚਾਹੁਣ ਕਥਿਤ ਦਹਿਸ਼ਤਗਰਦ ਕੇਸ ਵਿਚ ਫਸਾ ਸਕਦੇ ਹਨ। ਉਮਰ ਖ਼ਾਲਿਦ ਅਤੇ ਸ਼ਰਜ਼ੀਲ ਇਮਾਮ ਦੇ ਕੇਸ ਵਿਚ ਇਹੀ ਵਾਪਰਿਆ ਹੈ। ‘ਜਾਂ ਕਿਸੇ ਵੀ ਕਿਸਮ ਦੇ ਹੋਰ ਸਾਧਨਾਂ ਨਾਲ’ ਦੇ ਵਾਕ-ਅੰਸ਼ ਦੇ ਸਹਾਰੇ ਹੀ ਉਨ੍ਹਾਂ ਉੱਪਰ ਯੂਏਪੀਏ ਲਗਾਏ ਜਾਣ ਨੂੰ ਸਹੀ ਠਹਿਰਾਇਆ ਗਿਆ ਹੈ।

ਜਸਟਿਸ ਅਰਵਿੰਦਰ ਕੁਮਾਰ ਅਤੇ ਜਸਟਿਸ ਐੱਨ.ਵੀ.ਅੰਜਾਰੀਆ ਆਧਾਰਤ ਬੈਂਚ ਦੀ ਵਿਆਖਿਆ ਦਹਿਸ਼ਤਗਰਦ ਕਾਰਵਾਈ ਦੀ ਅਸਪਸ਼ਟ ਪਰਿਭਾਸ਼ਾ ਵਿਚ ਸੋਧ ਕਰਨ ਉੱਪਰ ਜ਼ੋਰ ਦੇਣ ਦੀ ਬਜਾਏ ਬੰਦਸ਼ਾਂ ਦਾ ਦਾਇਰਾ ਹੋਰ ਵਧਾਉਂਦੀ ਹੈ। ਬੈਂਚ ਦੇ ਫ਼ੈਸਲੇ ਨਾਲ ਹੁਣ ਅਜਿਹੇ ਕੇਸ ਵਿਚ ਫਸਾਏ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਜ਼ਮਾਨਤ ਤੋਂ ਵਾਂਝਾ ਰੱਖਣ ਲਈ ਮਿਸਾਲ ਦੇ ਤੌਰ ‘ਤੇ ਵਰਤਣਾ ਹੁਕਮਰਾਨ ਧਿਰ ਲਈ ਹੋਰ ਵੀ ਸੌਖਾ ਹੋ ਗਿਆ ਹੈ।

ਇਸ ਕੇਸ ਦਾ ਬੇਹੱਦ ਖ਼ਤਰਨਾਕ ਪਹਿਲੂ ਜੁਰਮ ਦੇ ਕਥਿਤ ਸਬੂਤਾਂ ਦੀ ਕਿਸਮ ਹੈ ਜਿਸ ਉੱਪਰ ਇਹ ਸਮੁੱਚਾ ਕੇਸ ਆਧਾਰਤ ਹੈ। ਕਥਿਤ ਸਾਜ਼ਿਸ਼ ਦੀ ਕਹਾਣੀ ਮੁੱਖ ਤੌਰ ’ਤੇ ਭਾਸ਼ਣਾਂ, ਵਿਰੋਧ-ਪ੍ਰਦਰਸ਼ਨਾਂ ਦੀ ਯੋਜਨਾ, ਮਦਦ ਕਰਨ ਦੇ ਆਲੇ-ਦੁਆਲੇ ਘੜੀ ਗਈ ਹੈ। ਜਾਂਚ ਕਰਤਾਵਾਂ ਅਨੁਸਾਰ ‘ਵੱਟਸਐਪ ਗਰੁੱਪ ਬਣਾਉਣੇ, ਅਹਿੰਸਕ ਪ੍ਰਦਰਸ਼ਨ ਕਰਨ, ਸੜਕਾਂ ਜਾਮ ਕਰਨ ਦੇ ਸੱਦੇ ਦੇਣੇ’ ਇਸ ਕੇਸ ਵਿਚ ਦਹਿਸ਼ਤਗਰਦ ਸਾਜ਼ਿਸ਼ ਦੇ ਸਬੂਤ ਹਨ ਜੋ ‘ਕਿਸੇ ਵੀ ਕਿਸਮ ਦੇ ਹੋਰ ਸਾਧਨਾਂ’ ਦੀ ਸ਼੍ਰੇਣੀ ’ਚ ਆਉਂਦੇ ਹਨ। ਯਾਨੀ, ਰਾਜਨੀਤਕ ਪ੍ਰਗਟਾਵਾ ਅਤੇ ਸੱਤਾ ਦੀਆਂ ਨੀਤੀਆਂ ਦੀ ਆਲੋਚਨਾ ‘ਵਡੇਰੀ ਸਾਜ਼ਿਸ਼’ ਹਨ!

ਜ਼ਮਾਨਤ ਦਾ ਵਿਰੋਧ ਕਰਨ ਲਈ ਸਰਕਾਰੀ ਧਿਰ ਨੇ ਦਲੀਲ ਦਿੱਤੀ ਕਿ ਉਮਰ ਅਤੇ ਸ਼ਰਜ਼ੀਲ ਵਿਆਪਕ ਸਾਜ਼ਿਸ਼ ਦੇ ਸੂਤਰਧਾਰ ਅਤੇ ‘ਵਿਚਾਰਧਾਰਕ ਸੰਚਾਲਕ’ ਹਨ, ਬਾਕੀਆਂ ਦੀ ਭੂਮਿਕਾ ਹਾਸ਼ੀਏ ਦੀ ਹੈ। ਅਜੇ ਮੁਕੱਦਮਾ ਸ਼ੁਰੂ ਵੀ ਨਹੀਂ ਹੋਇਆ ਅਤੇ ਸਿਰਫ਼ ਜ਼ਮਾਨਤ ਦੇ ਪੜਾਅ ਉੱਪਰ ਹੈ, ਫਿਰ ਵੀ ਇਸ ਸਰਕਾਰੀ ਬਿਰਤਾਂਤ ਨੂੰ ਸਵੀਕਾਰ ਕਰਦੇ ਹੋਏ ਬੈਂਚ ਇਸ ਨਤੀਜੇ ‘ਤੇ ਪਹੁੰਚ ਗਿਆ ਕਿ ਉਮਰ ਅਤੇ ਸ਼ਰਜ਼ੀਲ ਦੀ ਸਥਿਤੀ ਹੋਰ ਦੋਸ਼ੀਆਂ ਨਾਲੋਂ ‘ਗੁਣਾਤਮਕ ਤੌਰ ‘ਤੇ ਵੱਖਰੀ’ ਹੈ, ਇਸ ਕਰਕੇ ਯੂਏਪੀਏ ਦੀਆਂ ਕਾਨੂੰਨੀ ਬੰਦਸ਼ਾਂ ਇਨ੍ਹਾਂ ਦੋਹਾਂ ਉੱਪਰ ਬਾਕੀਆਂ ਨਾਲੋਂ ਵਧੇਰੇ ਕਠੋਰਤਾ ਨਾਲ ਲਾਗੂ ਹੁੰਦੀਆਂ ਹਨ। ਇਹ ਨਿਖੇੜਾ ਕਰਦੇ ਹੋਏ ਅਦਾਲਤ ਨੇ ਵਿਚਾਰ-ਅਧੀਨ ਕੈਦੀਆਂ ਦੇ ਤੌਰ ’ਤੇ ਇਨ੍ਹਾਂ ਕਾਰਕੁਨਾਂ ਦੇ ਲੰਮਾ ਸਮਾਂ ਜੇਲ੍ਹ ਵਿਚ ਬੰਦ ਰਹਿਣ ਦੀ ਗੰਭੀਰ ਸਮੱਸਿਆ ਨੂੰ ਸਵੀਕਾਰ ਤਾਂ ਕੀਤਾ, ਪਰ ਕਾਨੂੰਨ ਦੀ ਕਠੋਰਤਾ ਨੂੰ ਜ਼ਮਾਨਤ ਦੇ ਹੱਕ ਤੋਂ ਉੱਪਰ ਹੀ ਰੱਖਿਆ। ਇਸ ਤੋਂ ਵੀ ਖ਼ਤਰਨਾਕ ਅਦਾਲਤੀ ਰੁਝਾਨ ਇਹ ਹੈ ਕਿ ਬੈਂਚ ਨੇ ਜ਼ਮਾਨਤ ਦੀ ਅਗਲੀ ਅਰਜ਼ੀ ਦੇਣ ਉੱਪਰ ਜਾਂ ਤਾਂ ਜਾਂਚ ਏਜੰਸੀ ਵੱਲੋਂ ‘ਸੁਰੱਖਿਅਤ ਗਵਾਹਾਂ’ ਦੀ ਜਾਂਚ ਪੂਰੀ ਕਰ ਲਏ ਜਾਣ ਤੱਕ, ਜਾਂ ਇੱਕ ਸਾਲ ਬਾਅਦ ਤੱਕ ਦੀ ਰੋਕ ਲਾ ਦਿੱਤੀ— ਅਰਥਾਤ ਦੋਸ਼ੀਆਂ ਦੀ ਆਜ਼ਾਦੀ ਨੂੰ ਸਿੱਧੇ ਤੌਰ ’ਤੇ ਮੁਕੱਦਮੇ ਦੀ ਲਮਕਾਊ ਰਫ਼ਤਾਰ ਨਾਲ ਨਰੜ ਦਿੱਤਾ। ਕਥਿਤ ਸੁਰੱਖਿਅਤ ਗਵਾਹਾਂ ਦੀ ਜਾਂਚ ਕਿੰਨੇ ਸਮੇਂ ‘ਚ ਮੁਕੰਮਲ ਕਰਨੀ ਹੈ, ਕਰਨੀ ਵੀ ਹੈ ਜਾਂ ਅਜੇ ਬਹਾਨੇ ਬਣਾ ਕੇ ਇਕ ਸਾਲ ਤੋਂ ਵੀ ਵੱਧ ਲਮਕਾਉਣੀ ਹੈ ਇਹ ਜਾਂਚ ਅਧਿਕਾਰੀਆਂ ਦੇ ਹੱਥ ਵਿਚ ਹੈ। ਪਰ ਸਿਤਮਜ਼ਰੀਫ਼ੀ ਇਹ ਹੈ ਕਿ ਹੁਣ ‘ਦੋਸ਼ੀ’ ਘੱਟੋ-ਘੱਟ ਇਕ ਸਾਲ ਤੱਕ ਜ਼ਮਾਨਤ ਲਈ ਮੁੜ ਅਰਜ਼ੀ ਵੀ ਨਹੀਂ ਦੇ ਸਕਣਗੇ।



ਨਾਗਰਿਕ ਆਜ਼ਾਦੀਆਂ ਨੂੰ ਬੇਹੱਦ ਕਰੂਰਤਾ ਨਾਲ ਕੁਚਲਦਾ ਹੋਣ ਕਾਰਨ ਅਤੇ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਸਾੜਨ ਦਾ ਸੰਦ ਹੋਣ ਕਾਰਨ ਯੂਏਪੀਏ ਸ਼ੁਰੂ ਤੋਂ ਹੀ ਵਿਵਾਦਾਂ ‘ਚ ਘਿਰਿਆ ਹੋਇਆ ਹੈ। ਟਾਡਾ ਦੇ ਵਧੇਰੇ ਕਠੋਰ ਰੂਪ ਪੋਟਾ ਨੂੰ ਵਾਪਸ ਲਏ ਜਾਣ ਤੋਂ ਬਾਅਦ ਯੂਏਪੀਏ ਦਾ ਸੋਧਿਆ ਹੋਇਆ ਰੂਪ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਲਿਆਂਦਾ ਗਿਆ ਸੀ, ਇਨ੍ਹਾਂ ਅਤਿ-ਜਾਬਰ ਕਾਨੂੰਨਾਂ ਦੀ ਮੂਲ ਵਿਵਸਥਾ ਦੇ ਬਦਲ ਦੇ ਰੂਪ ‘ਚ, ਸਗੋਂ ਕੁਝ ਪੱਖਾਂ ਤੋਂ ਤਾਂ ਹੋਰ ਵੀ ਜਾਬਰ ਕਾਨੂੰਨ ਦੇ ਰੂਪ ‘ਚ। ਭਾਜਪਾ ਨੇ ਇਸ ਵਿਚ ਸੋਧਾਂ ਕਰਕੇ ਹੋਰ ਵੀ ਕਰੂਰ ਬਣਾਇਆ। ਇਹ ਮੁਕੱਦਮੇ ਦੀ ਪ੍ਰਕਿਰਿਆ ਨੂੰ ਹੀ ਸਜ਼ਾ ਬਣਾਉਂਦਾ ਹੈ ਅਤੇ ਸੁਪਰੀਮ ਕੋਰਟ ਦੇ ਬੈਂਚ ਦਾ ਫ਼ੈਸਲਾ ਇਸ ਜਾਬਰ ਵਿਵਸਥਾ ਉੱਪਰ ਕਾਨੂੰਨੀ ਮੋਹਰ ਲਾਉਂਦਾ ਹੈ। ਕਥਿਤ ਲੋਕਤੰਤਰੀ ਰਾਜ ਵਿਸ਼ੇਸ਼ ਕਾਨੂੰਨ ਬਣਾਏ ਨੂੰ ਅਸਾਧਾਰਨ ਖ਼ਤਰਿਆਂ ਦੇ ਨਾਂ ’ਤੇ ਜਾਇਜ਼ ਠਹਿਰਾਉਂਦੇ ਹਨ। ਇਤਿਹਾਸ ਗਵਾਹ ਹੈ ਕਿ ਠੋਸ ਨਿਆਂਇਕ ਨਿਗਰਾਨੀ ਤੋਂ ਬਿਨਾਂ ਅਜਿਹੇ ਬੇਹੱਦ ਜਾਬਰ ਕਾਨੂੰਨ ਅਕਸਰ ਉਨ੍ਹਾਂ ਹਿੱਸਿਆਂ ਨੂੰ ਕੁਚਲਣ ਲਈ ਵਰਤੇ ਜਾਂਦੇ ਹਨ ਜਿਨ੍ਹਾਂ ਨੂੰ ਹਕੂਮਤ ਆਪਣੇ ਮਨਭਾਉਂਦੇ ਆਰਥਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰੋਜੈਕਟਾਂ ਦੇ ਰਾਹ ਦਾ ਰੋੜਾ ਸਮਝਦੀ ਹੈ। ਜੇ ਅੱਜ ਭਗਵਾ ਹਕੂਮਤ ਲੋਕਪੱਖੀ ਚਿੰਤਕਾਂ, ਹੱਕਾਂ ਦੇ ਕਾਰਕੁਨਾਂ ਅਤੇ ਘੱਟ-ਗਿਣਤੀਆਂ ਤੇ ਹੋਰ ਮਜ਼ਲੂਮਾਂ ਉੱਪਰ ਯੂਏਪੀਏ ਲਗਾ ਰਹੀ ਹੈ ਤਾਂ ਘੱਟ ਕਾਂਗਰਸ ਅਤੇ ਹੋਰ ਸਰਕਾਰਾਂ ਨੇ ਵੀ ਨਹੀਂ ਕੀਤੀ।

ਮੁਲਕ ਦਾ ਜ਼ਮਾਨਤ ਦਾ ਨਿਆਂਸ਼ਾਸਤਰ ਰਵਾਇਤੀ ਤੌਰ ’ਤੇ ਇਸ ਅਸੂਲ ’ਤੇ ਆਧਾਰਤ ਰਿਹਾ ਹੈ ਕਿ ਜੇਲ੍ਹ ਅਪਵਾਦ ਹੈ ਅਤੇ ਜ਼ਮਾਨਤ ਨਿਯਮ ਹੈ। ਪਹਿਲਾਂ ਟਾਡਾ ਤੇ ਪੋਟਾ ਨੇ, ਅਤੇ ਫਿਰ ਯੂਏਪੀਏ ਨੇ ਇਸ ਨਿਯਮ ਨੂੰ ਉਲਟਾ ਕੇ ਜੇਲ੍ਹ ਨੂੰ ਨਿਯਮ ਬਣਾ ਦਿੱਤਾ ਅਤੇ ਸਰਕਾਰੀ ਪੱਖ ਦੀ ਮਰਜ਼ੀ ‘ਤੇ ਨਿਰਭਰ ਹੋਣ ਕਾਰਨ ਹੁਣ ਤਾਂ ਜ਼ਮਾਨਤ ਹੀ ਅਪਵਾਦ ਬਣਾ ਦਿੱਤੀ ਗਈ ਹੈ। ਸੁਪਰੀਮ ਕੋਰਟ ਦਾ ਉਪਰੋਕਤ ਫ਼ੈਸਲਾ ਇਸ ਉਲਟ-ਫੇਰ ਨੂੰ ਪੱਕੇ ਪੈਰੀਂ ਕਰਦਾ ਹੈ। ਜਦੋਂ ਬਿਨਾਂ ਜ਼ਮਾਨਤ ਪੰਜ ਸਾਲ ਜੇਲ੍ਹਬੰਦੀ ਵੀ ਜ਼ਮਾਨਤ ਲਈ ਕਾਫ਼ੀ ਨਹੀਂ ਮੰਨੀ ਜਾਂਦੀ, ਤਾਂ ਵਿਅਕਤੀ ਦੀ ਆਜ਼ਾਦੀ ਸਬੱਬ, ਮਨਮਰਜ਼ੀ ਨਾਲ ਬਦਲੇ ਅਤੇ ਟਾਲੇ ਜਾਣ ਵਾਲੀ ਚੀਜ਼ ਬਣ ਕੇ ਰਹਿ ਜਾਂਦੀ ਹੈ। ਜੇਕਰ ਬੇਕਸੂਰ ਦੋਸ਼ੀ ਆਖ਼ਿਰਕਾਰ ਬਰੀ ਵੀ ਹੋ ਜਾਵੇ, ਤਾਂ ਵੀ ਉਸ ਦੇ ਜੇਲ੍ਹਬੰਦੀ ਨਾਲ ਬਰਬਾਦ ਹੋ ਗਏ ਸਾਲਾਂ ਦਾ ਨੁਕਸਾਨ ਕਦੇ ਪੂਰਾ ਨਹੀਂ ਹੋ ਸਕਦਾ। ਅਜਿਹੇ ਕੇਸਾਂ ਵਿਚ ਮੁਕੱਦਮੇ ਦੇ ਅੰਤਮ ਨਤੀਜੇ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਕਿਉਂਕਿ ਬੇਕਸੂਰ ਹੋਣ ਦੇ ਬਾਵਜੂਦ ਦੋਸ਼ੀ ਪਹਿਲਾਂ ਹੀ ਅੱਠ-ਦਸ ਸਾਲ, ਕੁਝ ਮਾਮਲਿਆਂ ਵਿਚ ਤਾਂ 15-20 ਸਾਲ ਕੈਦ ਕੱਟ ਚੁੱਕਾ ਹੁੰਦਾ ਹੈ।

ਇਨ੍ਹਾਂ ਸਾਰੇ ਵਿਵਾਦਾਂ ਦੇ ਬਾਵਜੂਦ ਇਨ੍ਹਾਂ ਕਾਰਕੁਨਾਂ ਦੀ ਜ਼ਮਾਨਤ ਦੀ ਸੁਣਵਾਈ ਲਈ ਬਣਾਏ ਬੈਂਚ ਨੇ ਯੂਏਪੀਏ ਦੇ ਤਹਿਤ ਜ਼ਮਾਨਤ ਬਾਰੇ ਸੁਪਰੀਮ ਕੋਰਟ ਦੇ ਉਹ ਪਹਿਲੇ ਫ਼ੈਸਲੇ ਦਰਕਿਨਾਰ ਕਰ ਦਿੱਤੇ ਜਿਨ੍ਹਾਂ ਵਿਚ ਦੋਸ਼ੀ ਨੂੰ ਕੁਝ ਰਾਹਤ ਮਿਲਣ ਦੀ ਗੁੰਜਾਇਸ਼ ਸੀ।

ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਕੇ.ਏ. ਨਜੀਬ ਕੇਸ ਵਿਚ (2021) ‘ਚ ਫ਼ੈਸਲਾ ਸੁਣਾਇਆ ਸੀ ਕਿ ਵਿਸ਼ੇਸ਼ ਕਾਨੂੰਨ ਯੂਏਪੀਏ ਲਗਾਇਆ ਹੋਣ ਦੇ ਬਾਵਜੂਦ ਵੀ, ਜੇਕਰ ਵਿਚਾਰ-ਅਧੀਨ ਕੈਦੀ ਨੂੰ ਲੰਮੇ ਸਮੇਂ ਤੱਕ ਹਿਰਾਸਤ ਵਿਚ ਰੱਖਿਆ ਜਾਂਦਾ ਹੈ ਅਤੇ ਮੁਕੱਦਮਾ ਸ਼ੁਰੂ ਨਹੀਂ ਹੁੰਦਾ ਤਾਂ ਇਹ ਛੇਤੀ ਸੁਣਵਾਈ ਦੇ ਹੱਕ ਦੀ ਉਲੰਘਣਾ ਹੈ, ਅਤੇ ਅਜਿਹੀ ਹਾਲਤ ਵਿਚ ਜ਼ਮਾਨਤ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ, ਵਰਨੋਨ ਗੋਂਸਾਲਵੇਜ਼ ਦੇ ਜ਼ਮਾਨਤ ਦੇ ਕੇਸ ਦੇ ਫ਼ੈਸਲੇ (2023) ‘ਚ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਸੀ ਕਿ ਯੂਏਪੀਏ ਦੇ ਤਹਿਤ ਜ਼ਮਾਨਤ ਬਾਰੇ ਤੈਅ ਕਰਨ ਲਈ ਕੇਸ ਦੀ ਪਰਖ਼-ਪੜਤਾਲ ਕਰਦਿਆਂ ਅਦਾਲਤਾਂ ਨੂੰ ਮੁਕੱਦਮਾ ਪੱਖ ਵੱਲੋਂ ਪੇਸ਼ ਕੀਤੀ ਸਮੱਗਰੀ ਦੀ ਸਬੂਤ ਵੈਲਿਊ ਜਾਂ ਉਸ ਦੇ ਮੰਨਣਯੋਗ ਹੋਣ ਦੀ ਜਾਂਚ ਕਰਨ ਦਾ ਅਧਿਕਾਰ ਹੈ। ਇਹ ਫ਼ੈਸਲਾ ਸੁਪਰੀਮ ਕੋਰਟ ਦੇ ਇਕ ਪਹਿਲੇ ਫ਼ੈਸਲੇ (ਕੌਮੀ ਜਾਂਚ ਏਜੰਸੀ ਬਨਾਮ ਜ਼ਹੂਰ ਅਹਿਮਦ ਸ਼ਾਹ ਵਟਾਲੀ, 2019) ਨੂੰ ਰੱਦ ਕਰਦਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਜ਼ਮਾਨਤ ਦੀ ਅਰਜ਼ੀ ਉੱਪਰ ਵਿਚਾਰ ਕਰਦੇ ਸਮੇਂ ਅਦਾਲਤਾਂ ਨੂੰ ਜਾਂਚ ਏਜੰਸੀਆਂ ਵੱਲੋਂ ਪੇਸ਼ ਕੀਤੇ ਸਬੂਤਾਂ ਦੇ ਮੰਨਣਯੋਗ ਹੋਣ ਦੇ ਸਵਾਲਾਂ ‘ਚ ਨਹੀਂ ਜਾਣਾ ਚਾਹੀਦਾ।

ਇਹ ਫ਼ੈਸਲਾ ਦਰਸਾਉਂਦਾ ਹੈ ਕਿ ਜਦੋਂ ਵਿਸ਼ੇਸ਼ ਕਾਨੂੰਨ ਯੂਏਪੀਏ ਦੇ ਤਹਿਤ ਕਿਸੇ ਵਿਅਕਤੀ ਨੂੰ ਵਿਚਾਰ-ਅਧੀਨ ਕੈਦੀ ਦੇ ਰੂਪ ’ਚ ਪੰਜ-ਸੱਤ ਸਾਲਾਂ ਤੱਕ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਰੱਖਿਆ ਜਾ ਸਕਦਾ ਹੈ ਅਤੇ ਅਸਹਿਮਤੀ ਨੂੰ ਹੀ ਦਹਿਸ਼ਤਗਰਦ ਕਾਰਵਾਈ ਕਰਾਰ ਦਿੱਤਾ ਜਾ ਸਕਦਾ ਹੈ ਤਾਂ ਸੰਵਿਧਾਨ ਦੀ ਧਾਰਾ 21 ਵਿਚ ਗਾਰੰਟੀ ਕੀਤੀ ਵਿਅਕਤੀਗਤ ਆਜ਼ਾਦੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਬੇਸ਼ੱਕ, ਸੁਪਰੀਮ ਕੋਰਟ ਨੇ ਉਮਰ ਖ਼ਾਲਿਦ ਜਾਂ ਸ਼ਰਜੀਲ ਇਮਾਮ ਨੂੰ ਦੋਸ਼ੀ ਨਹੀਂ ਐਲਾਨਿਆ, ਪਰ ਦੁਬਾਰਾ ਜ਼ਮਾਨਤ ਦੀ ਅਰਜ਼ੀ ਦੇਣ ਉੱਪਰ ਗਵਾਹਾਂ ਦੀ ਜਾਂਚ ਮੁਕੰਮਲ ਹੋਣ ਨਾਲ ਰੋਕ ਲਗਾ ਕੇ ਬੈਂਚ ਨੇ ਦੋਸ਼ੀਆਂ ਦੀ ਆਜ਼ਾਦੀ ਪੂਰੀ ਤਰ੍ਹਾਂ ਸਰਕਾਰੀ ਧਿਰ ਦੇ ਹਵਾਲੇ ਕਰ ਦਿੱਤੀ ਹੈ। ਜਿਸਦਾ ਸਿੱਧਾ ਨਤੀਜਾ ਉਨ੍ਹਾਂ ਦੀ ਜੇਲ੍ਹਬੰਦੀ ਨੂੰ ਹੋਰ ਵਧਾਉਣਾ ਹੈ। ਸੁਪਰੀਮ ਕੋਰਟ ਵੱਲੋਂ ਬਿਨਾਂ ਮੁਕੱਦਮਾ ਚਲਾਏ ਲੰਮੀ ਜੇਲ੍ਹਬੰਦੀ ਨੂੰ ਜਾਇਜ਼ ਠਹਿਰਾਉਣ ਨੇ ਯੂਏਪੀਏ ਦੇ ਜਾਬਰ ਕਾਨੂੰਨੀ ਢਾਂਚੇ ਨੂੰ ਮਾਨਤਾ ਦੇ ਦਿੱਤੀ ਹੈ ਜਿਸ ਵਿਚ ਕਿਸੇ ਨੂੰ ਜੇਲ੍ਹ ਵਿਚ ਸਾੜਨ ਲਈ ਪੁਲਿਸ ਜਾਂ ਜਾਂਚ ਏਜੰਸੀਆਂ ਕੋਲੋਂ ਉਸ ਉੱਪਰ ਦਹਿਸ਼ਤਗਰਦ ਹੋਣ ਦਾ ਇਲਜ਼ਾਮ ਲਗਵਾਉਣਾ ਹੀ ਕਾਫ਼ੀ ਹੈ।

ਕਿਹਾ ਜਾਂਦਾ ਹੈ ਕਿ ਅਦਾਲਤਾਂ ਸਿਰਫ਼ ਕਾਨੂੰਨ ਦੀਆਂ ਵਿਆਖਿਆਕਾਰ ਨਹੀਂ ਹੁੰਦੀਆਂ; ਉਹ ਸੰਵਿਧਾਨਕ ਨੈਤਿਕਤਾ ਦੀਆਂ ਰਖਵਾਲੀਆਂ ਵੀ ਹੁੰਦੀਆਂ ਹਨ। ਭਾਰਤ ਅੰਦਰ ਇਹ ਦਾਅਵਾ ਪੂਰੀ ਤਰ੍ਹਾਂ ਖੋਖਲੇ ਰੂਪ ‘ਚ ਸਭ ਦੇ ਸਾਹਮਣੇ ਹੈ ਕਿ ਸੁਪਰੀਮ ਕੋਰਟ ਕਾਨੂੰਨ ਦੀ ਪਾਲਣਾ ਨੂੰ ਕਿੰਨਾ ਕੁ ਯਕੀਨੀ ਬਣਾ ਰਹੀ ਹੈ ਅਤੇ ‘ਸੰਵਿਧਾਨ ਦੀ ਆਤਮਾ’ ਦੀ ਕਿੰਨੀ ਕੁ ਰੱਖਿਆ ਕਰ ਰਹੀ ਹੈ। ਭਾਰਤ ਦੀ ਸੁਪਰੀਮ ਕੋਰਟ ਪਿਛਲੇ ਸਮੇਂ ਤੋਂ ਜਿਸ ਤਰ੍ਹਾਂ ਦੇ ਰਾਜਨੀਤਕ ਫ਼ੈਸਲੇ ਸੁਣਾ ਰਹੀ ਹੈ, ਉਨ੍ਹਾਂ ਕਾਰਨ ਇਹ ਇਤਿਹਾਸ ਵਿਚ ਉਸ ਸੰਸਥਾ ਵਜੋਂ ਯਾਦ ਕੀਤੀ ਜਾਵੇਗੀ ਜਿਸਨੇ ਅਸਹਿਮਤੀ ਦੇ ਅਧਿਕਾਰ ਦੀ ਰਾਖੀ ਕਰਨ ਦੀ ਤਾਂ ਗੱਲ ਛੱਡੋ, ਸਗੋਂ ਆਪਣੇ ਫ਼ੈਸਲਿਆਂ ਰਾਹੀਂ ਇਸ ਹੱਕ ਨੂੰ ਕੁਚਲਣ ਦੇ ਹੁਕਮਰਾਨ ਧਿਰ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਚ ਹੱਥ ਵਟਾਇਆ। ਸੁਪਰੀਮ ਕੋਰਟ ਸੰਵਿਧਾਨਕ ਸਮਤੋਲ ਬਣਾਉਣ ਦੀ ਬਜਾਏ ਹਕੂਮਤ ਦੀਆਂ ਤਰਜੀਹਾਂ ਨੂੰ ਰੈਲ਼ਾ ਬਣਾਉਣ ਵਾਲੀ ਸੰਸਥਾ ਦੀ ਭੂਮਿਕਾ ਨਿਭਾ ਰਹੀ ਹੈ।

ਲਿਹਾਜ਼ਾ, ਸਵਾਲ ਸਿਰਫ਼ ਉਮਰ ਜਾਂ ਸ਼ਰਜ਼ੀਲ ਦਾ ਨਹੀਂ ਹੈ, ਸਗੋਂ ਉਸ ਖ਼ਤਰਨਾਕ ਪਿਰਤ ਦਾ ਹੈ ਜੋ ਮਜ਼ਬੂਤ ਕੀਤੀ ਜਾ ਰਹੀ ਹੈ। ਜੇ ਬਿਨਾਂ ਸਿੱਧੀ ਹਿੰਸਾ ਦੇ, ਭਾਸ਼ਣ ਅਤੇ ਪੁਰਅਮਨ ਸੰਘਰਸ਼ ਨੂੰ ਦਹਿਸ਼ਤਗਰਦ ਸਾਜ਼ਿਸ਼ ਕਰਾਰ ਦਿੱਤਾ ਜਾ ਸਕਦਾ ਹੈ, ਤਾਂ ਇਹ ਅਸਹਿਮਤੀ ਅਤੇ ਜੁਰਮ ਦਰਮਿਆਨ ਲਕੀਰ ਨੂੰ ਖ਼ਤਰਨਾਕ ਤਰੀਕੇ ਨਾਲ ਧੁੰਦਲੀ ਕਰ ਦਿੱਤੇ ਜਾਣ ਤੋਂ ਸਿਵਾਏ ਕੁਝ ਨਹੀਂ ਹੈ। ਜਿਸ ਪਿੱਛੇ ਸੱਤਾਧਾਰੀ ਧਿਰ ਦਾ ਇੱਕੋ-ਇਕ ਮਨੋਰਥ ਜਾਬਰ ਸੱਤਾ ਦੇ ਖ਼ੌਫ਼ ਰਾਹੀਂ ਨਾਗਰਿਕਾਂ ਦੀ ਜ਼ਬਾਨਬੰਦੀ ਕਰਨਾ ਹੈ। ਅਜਿਹੇ ਸਾਰੇ ਕੇਸਾਂ ਵਿਚ ਇਕ ਸਾਂਝਾ ਪੈਟਰਨ ਸਾਫ਼ ਦੇਖਿਆ ਜਾ ਸਕਦਾ ਹੈ: ਜਾਂਚ ਏਜੰਸੀਆਂ ਅਸਹਿਮਤ ਆਵਾਜ਼ਾਂ ਨੂੰ ‘ਮਾਸਟਰਮਾਈਂਡ’ ਜਾਂ ‘ਵਿਚਾਰਧਾਰਕ ਸਾਜ਼ਿਸ਼ਘਾੜੇ’ ਵਜੋਂ ਪੇਸ਼ ਕਰਦੀਆਂ ਹਨ; ਅਦਾਲਤਾਂ ਵਿਸ਼ੇਸ਼ ਕਾਨੂੰਨ ਯੂਏਪੀਏ ਲਗਾਇਆ ਹੋਣ ਦੇ ਆਧਾਰ ‘ਤੇ ਜ਼ਮਾਨਤ ਦੇ ਪੜਾਅ ’ਤੇ ਸਰਕਾਰੀ ਬਿਰਤਾਂਤਾਂ ਨੂੰ ਬਿਨਾਂ ਪਰਖ਼-ਪੜਤਾਲ ਕੀਤੇ ਸਵੀਕਾਰ ਕਰ ਲੈਂਦੀਆਂ ਹਨ; ਅਤੇ ਯੂਏਪੀਏ ਦੇ ਬਹਾਨੇ ਜ਼ਮਾਨਤ ਦੇ ਹੱਕ ਤੋਂ ਵਾਂਝਾ ਕੀਤਾ ਬੇਗੁਨਾਹ ‘ਦੋਸ਼ੀ’ ਬਿਨਾਂ ਮੁਕੱਦਮਾ ਚੱਲੇ ਲੰਮੀ ਕੈਦ ਦੇ ਵੱਸ ਪਾ ਦਿੱਤਾ ਜਾਂਦਾ ਹੈ।

ਇਸ ਨੂੰ ਬੇਹੱਦ ਸਪਸ਼ਟਤਾ ਨਾਲ ਸਮਝਣ ਅਤੇ ਲੋਕਾਈ ਨੂੰ ਸਮਝਾਉਣ ਦੀ ਜ਼ਰੂਰਤ ਹੈ ਕਿ ਯੂਏਪੀਏ ਵਰਗੇ ਵਿਸ਼ੇਸ਼ ਕਾਨੂੰਨ ਬਣਾਏ ਜਾਣ ਦਾ ਮਕਸਦ ਤਾਂ ‘ਕੌਮੀ ਸੁਰੱਖਿਆ’ ਦੱਸਿਆ ਗਿਆ ਪਰ ਅਸਲ ਵਿਚ ਇਹ ਹਕੂਮਤ ਤੋਂ ਅਸੰਤੁਸ਼ਟ ਆਵਾਜ਼ਾਂ ਨੂੰ ਲੰਮੇ ਸਮੇਂ ਤੱਕ ਜੇਲ੍ਹ ਵਿਚ ਰੱਖਣ ਲਈ ਈਜਾਦ ਕੀਤੇ ਜਬਰ ਦੇ ਸੰਦ ਹਨ। ਭਾਰਤੀ ਹੁਕਮਰਾਨ ਜਮਾਤ ਜਦੋਂ ‘ਕੌਮੀ ਸੁਰੱਖਿਆ’ ਦੀ ਗੱਲ ਕਰਦੀ ਹੈ ਤਾਂ ਉਸਦਾ ਭਾਵ ਸਿਰਫ਼ ਤੇ ਸਿਰਫ਼ ਹੁਕਮਰਾਨ ਗੁੱਟ ਦੇ ਸੌੜੇ ਰਾਜਨੀਤਕ ਹਿਤਾਂ ਅਤੇ ਉਸਦੇ ਚਹੇਤੇ ਕਾਰਪੋਰੇਟ ਸਰਮਾਏਦਾਰਾਂ ਦੇ ਕਾਰੋਬਾਰੀ ਹਿਤਾਂ ਦੀ ਸੁਰੱਖਿਆ ਹੈ। ਇਸ ਕਥਿਤ ਕੌਮੀ ਸੁਰੱਖਿਆ ਵਿਚੋਂ ਮੁਲਕ ਅਤੇ ਮੁਲਕ ਦੇ ਲੋਕਾਂ ਦੇ ਹਿਤ ਪੂਰੀ ਤਰ੍ਹਾਂ ਮਨਫ਼ੀ ਹਨ।

ਖ਼ਾਲਿਦ ਅਤੇ ਇਮਾਮ ਨੂੰ ਜ਼ਮਾਨਤ ਤੋਂ ਇਨਕਾਰ ਮੁਲਕ ਦੇ ਸਮੂਹ ਸੰਘਰਸ਼ਸ਼ੀਲ ਹਿੱਸਿਆਂ, ਹੱਕਾਂ ਦੇ ਕਾਰਕੁਨਾਂ, ਜ਼ਹੀਨ ਵਿਦਿਆਰਥੀਆਂ ਅਤੇ ਸਾਰੇ ਨਿਆਂਪਸੰਦ ਲੋਕਾਂ ਨੂੰ ਸਪਸ਼ਟ ਸੰਦੇਸ਼ ਹੈ ਕਿ ਦਿਨੋ-ਦਿਨ ਆਪਣੀ ਖ਼ੂਨੀ ਪਕੜ ਮਜ਼ਬੂਤ ਕਰ ਰਹੀ ਫਾਸ਼ੀਵਾਦੀ ਹਕੂਮਤ ਹੇਠ ਅਸਹਿਮਤੀ ਮਹਿਜ਼ ਰਾਜਨੀਤਕ ਖ਼ਤਰਾ ਸਹੇੜਨਾ ਨਹੀਂ ਹੈ, ਸਗੋਂ ਇਸਦਾ ਨਤੀਜਾ ਬਿਨਾਂ ਮੁਕੱਦਮੇ ਦੇ ਲੰਮੀ ਜੇਲ੍ਹਬੰਦੀ ਵੀ ਹੋ ਸਕਦਾ ਹੈ।

ਸੱਤਾ ਦੇ ਫਾਸ਼ੀਵਾਦ ਨੂੰ ਠੱਲ੍ਹ ਪਾਉਣ ਲਈ ਜਾਗਰੂਕ ਹਿੱਸਿਆਂ ਨੂੰ ਨਿਆਂ-ਪ੍ਰਣਾਲੀ ਸਮੇਤ ਸਟੇਟ ਦੇ ਵੱਖ-ਵੱਖ ਅੰਗਾਂ ਦੀ ਲੋਕ-ਵਿਰੋਧੀ ਭੂਮਿਕਾ ਬਾਰੇ ਲੋਕਾਈ ਨੂੰ ਚੇਤਨ ਕਰਨ ਲਈ ਬੇਹੱਦ ਸੰਜੀਦਗੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਜੇ ਅਦਾਲਤਾਂ ਦਾ ਹਕੂਮਤ ਦੇ ਪਾਏ ਪੂਰਨਿਆਂ ‘ਤੇ ਚੱਲਕੇ ਅਸਹਿਮਤੀ ਅਤੇ ਦਹਿਸ਼ਤਗਰਦੀ, ਸ਼ੱਕ ਅਤੇ ਦੋਸ਼ ਦਰਮਿਆਨ ਦੀ ਉੱਘੜਵੀਂ ਲਕੀਰ ਨੂੰ ਮੇਟਣ ਦਾ ਵਰਤਾਰਾ ਬੇਰੋਕ-ਟੋਕ ਜਾਰੀ ਰਹਿੰਦਾ ਹੈ ਤਾਂ ਕੋਈ ਵੀ ਨਾਗਰਿਕ ਇਸ ਦੀ ਮਾਰ ਤੋਂ ਬਚ ਨਹੀਂ ਸਕੇਗਾ।

# ਰੂਹ ਦੀ ਖ਼ੁਰਾਕ: ਸਮਾਜਵਾਦ ਤੇ ਪਿਆਰ ਦਾ ਅਲੋਕਾਰ ਸੁਮੇਲ

ਡਾਇਰੀਆਂ ਤੇ ਚਿੱਠੀਆਂ ਨੇ ਪੰਜਾਬੀ ਵਾਰਤਕ ਵਿਚ ਚਿਰਾਂ ਤੋਂ ਇਕ ਉਪ-ਵਿਧਾ ਵਜੋਂ ਆਪਣੀ ਚੰਗੀ ਖਾਸੀ ਥਾਂ ਬਣਾਈ ਹੋਈ ਹੈ। ਕਿਸੇ ਜਾਣੇ-ਪਛਾਣੇ ਨਾਂ ਦੇ ਨਿੱਜ ਬਾਰੇ ਜਾਣਨ ਦੀ ਪਾਠਕਾਂ ਦੀ ਜਗਿਆਸਾ ਅਜਿਹੀਆਂ ਪੁਸਤਕਾਂ ਦੀ ਕਦਰ-ਕੀਮਤ ਵਧਾ ਦਿੰਦੀ ਹੈ। ਗੁਰਦੇਵ ਪਾਲ ਦੀ ਪੁਸਤਕ 'ਰੂਹ ਦੀ ਖ਼ੁਰਾਕ: ਧੜਕਣ ਦਾ ਰੋਜ਼ਨਾਮਚਾ' ਇਸ ਜਗਿਆਸਾ ਦਾ ਭਰਪੂਰ ਹੁੰਗਾਰਾ ਹੈ। ਇਹ ਡਾਇਰੀ ਤੇ ਚਿੱਠੀਆਂ, ਦੋਵਾਂ ਦਾ ਸੁਮੇਲ ਹੈ। ਪੁਸਤਕ ਦੇ ਸ਼ੁਰੂ ਤੋਂ ਅੰਤ ਤੱਕ ਚਲਦੀ 11 ਅਪਰੈਲ 1976 ਤੋਂ 12 ਫਰਵਰੀ 1980 ਤੱਕ ਦੀ ਡਾਇਰੀ ਵਿਚ



ਅਛੋਪਲੇ ਜਿਹੇ ਚਿੱਠੀਆਂ ਆ ਸ਼ਾਮਲ ਹੁੰਦੀਆਂ ਹਨ। ਇਹ ਚਿੱਠੀ-ਪੱਤਰ ਨਾਇਕਾ ਤੇ ਨਾਇਕ ਵਿਚਕਾਰ ਵੀ ਹੈ, ਉਨ੍ਹਾਂ ਵਿਚੋਂ ਕਿਸੇ ਦਾ ਆਪਣੇ ਜਾਂ ਦੂਜੇ ਦੇ ਪਰਿਵਾਰ ਨਾਲ ਵੀ ਹੈ ਤੇ ਪ੍ਰਸੰਗਿਕ ਹੋਣ ਸਦਕਾ ਕਿਸੇ ਹੋਰ ਦਾ ਹੋਰ ਨਾਲ ਵੀ ਹੈ। ਇੱਥੇ

**ਗੁਰਬਚਨ ਸਿੰਘ ਭੁੱਲਰ**
**ਫੋਨ: 80763-63058**

ਨਾਇਕ ਤੇ ਨਾਇਕਾ ਦੇ ਪੱਖੋਂ ਇਸ ਪੁਸਤਕ ਦੀ ਅਲੋਕਾਰਤਾ ਵੱਲ ਧਿਆਨ ਦਿਵਾਉਣਾ ਵੀ ਠੀਕ ਰਹੇਗਾ। ਸਾਹਿਤ ਵਿਚ ਪੁਰਸ਼ ਨੂੰ ਪ੍ਰੇਮੀ ਤੇ ਨਾਇਕ ਅਤੇ ਇਸਤਰੀ ਨੂੰ ਪ੍ਰੇਮਿਕਾ ਤੇ ਨਾਇਕਾ ਕਿਹਾ ਜਾਂਦਾ ਹੈ। ਸ਼ਾਇਦ ਇਹ ਗੱਲ ਪੁਰਸ਼-ਕੇਂਦ੍ਰਿਤ ਸਮਾਜ ਦੀਆਂ ਕਦਰਾਂ-ਕੀਮਤਾਂ ਵਿਚੋਂ ਢਲ਼ੇ ਇਸਤਰੀ ਦੇ ਸੰਕੋਚਵੇਂ ਸੁਭਾਅ ਕਾਰਨ ਹੈ। ਜੀਵਨ ਤੇ ਸਾਹਿਤ ਵਿਚ ਪਿਆਰ ਦੀ ਪਹਿਲ ਪੁਰਸ਼ ਕਰਦਾ ਹੈ ਤੇ ਇਸਤਰੀ ਅਬੋਲ ਸਹਿਮਤੀ ਦਿੰਦੀ ਹੈ। ਵਾਰਸ ਸ਼ਾਹ ਇਸ ਵਰਤਾਰੇ ਦਾ ਸਾਰ ਇਕ ਸਤਰ ਵਿਚ ਹੀ ਪੇਸ਼ ਕਰ ਦਿੰਦਾ ਹੈ: ਰਾਂਝੇ ਉੱਠ ਕੇ ਆਖਿਆ 'ਵਾਹ ਸੱਜਣ', ਹੀਰ ਹੱਸ ਕੇ ਤੇ ਮਿਹਰਬਾਨ ਹੋਈ। ਇੱਥੇ ਪਿਆਰ ਦਾ ਬਾਗ਼ ਗੁਰਦੇਵ ਲਾਉਂਦੀ-ਖਿੜਾਉਂਦੀ ਹੋਣ ਸਦਕਾ ਗੁਰਦੇਵ ਨਾਇਕ ਤੇ ਪ੍ਰੇਮੀ ਬਣ ਕੇ ਉਭਰਦੀ ਹੈ।

ਚਿੱਠੀਆਂ ਤੇ ਡਾਇਰੀ ਦੀਆਂ ਲਿਖਤਾਂ ਅਕਸਰ ਉਨ੍ਹਾਂ ਨੂੰ ਲਿਖੇ ਜਾਣ ਦੇ ਸੀਮਤ ਸਮੇਂ ਦੀ ਗੱਲ ਕਰਦੀਆਂ ਹੁੰਦੀਆਂ ਹਨ। ਇਸੇ ਕਰਕੇ ਉਹ ਪੁਸਤਕ ਦਾ ਰੂਪ ਦਿੱਤਿਆਂ ਵੀ ਟੁੱਟਵਾਂ-ਬਿੱਖਰਵਾਂ ਪ੍ਰਭਾਵ ਦਿੰਦੀਆਂ ਹਨ। ਇਹ ਪੁਸਤਕ ਪੜ੍ਹਦਿਆਂ ਲਗਾਤਾਰਤਾ ਦਾ ਅਹਿਸਾਸ ਹੁੰਦਾ ਹੈ। ਵਕਤੀ ਗੱਲਾਂ ਦੇ ਵਿਚਕਾਰ ਇਸ ਪੁਸਤਕ ਵਿਚ ਦੋ ਕਹਾਣੀਆਂ ਅੱਗੇ ਵਧਦੀਆਂ ਹਨ, ਇਕ ਪਿਆਰ ਦੀ ਤੇ ਦੂਜੀ ਇਨਕਲਾਬ ਦੀ। ਤਦੇ ਹੀ ਤਾਂ ਇਹਦਾ ਪਾਠ ਕਰਦਿਆਂ ਮੈਨੂੰ ਡਾਇਰੀਆਂ ਤੇ ਚਿੱਠੀਆਂ ਦੀਆਂ ਪੁਸਤਕਾਂ ਨਾਲੋਂ ਇਕ ਨਾਵਲ ਤੇ ਇਕ ਫ਼ਿਲਮ ਦਾ ਚੇਤਾ ਵਧੇਰੇ ਆਉਂਦਾ ਰਿਹਾ। ਨਾਵਲ ਸੀ ਨਾਨਕ ਸਿੰਘ ਜੀ ਦਾ 'ਸੁਮਨ-ਕਾਂਤਾ' ਜੋ ਇਸੇ ਨਾਂ ਦੀਆਂ ਦੋ ਸਹੇਲੀਆਂ ਦੀਆਂ ਇਕ ਦੂਜੀ ਨੂੰ ਲਿਖੀਆਂ ਚਿੱਠੀਆਂ ਦੇ ਰੂਪ ਵਿਚ ਹੀ ਅੱਗੇ ਵਧਦਾ ਹੈ। ਫ਼ਿਲਮ ਸੀ ਨਿਰਦੇਸ਼ਕ ਖ਼ਵਾਜਾ ਅਹਿਮਦ ਅੱਬਾਸ ਦੀ 1959 ਦੀ ਚਰਚਿਤ 'ਚਾਰ ਦਿਲ, ਚਾਰ ਰਾਹੇਂ'। ਉਸ ਵਿਚ ਪੱਕੇ ਰੰਗ ਦੀ ਅਛੂਤ ਨਾਇਕਾ ਚਾਵਲੀ (ਮੀਨਾ ਕੁਮਾਰੀ) ਤੇ ਸ਼ਹਿਰੋਂ ਪੜ੍ਹ ਕੇ ਆਏ ਉੱਚੀ ਜਾਤ ਦੇ ਗੋਵਿੰਦਾ (ਰਾਜ ਕਪੂਰ) ਦੀ ਬਚਪਨ ਦੀ ਜਾਣਕਾਰੀ ਸਮਾਜਿਕ ਅੜਿੱਕਿਆਂ ਦੇ ਬਾਵਜੂਦ ਪਿਆਰ ਦਾ ਰੂਪ ਧਾਰ ਲੈਂਦੀ ਹੈ। ਗੋਵਿੰਦਾ ਸ਼ਹਿਰੋਂ ਸਕੂਲੀ ਜਮਾਤਾਂ ਦੀਆਂ ਪੁਸਤਕਾਂ ਪੜ੍ਹਨ ਦੇ ਨਾਲ-ਨਾਲ ਸਮਾਜਿਕ-ਆਰਥਿਕ ਜਮਾਤਾਂ ਦਾ ਸਿਧਾਂਤ ਸਮਾਜਵਾਦ ਵੀ ਪੜ੍ਹ ਆਇਆ ਹੈ। ਜਦੋਂ ਉਹ ਚਾਵਲੀ ਨੂੰ ਭਵਿੱਖੀ ਸਮਾਜਵਾਦ ਦੀਆਂ ਗੱਲਾਂ ਸੁਣਾਉਂਦਾ ਹੈ, ਉਹ ਮਾਸੂਮ ਪੁੱਛਦੀ ਹੈ, ਤੇਰੇ ਸਮਾਜਵਾਦ ਵਿਚ ਪਿਆਰ ਦੀ ਕਿੰਨੀ ਕੁ ਥਾਂ ਹੋਵੇਗੀ? ਖ਼ਵਾਜਾ ਨੇ ਤਾਂ ਆਪਣੀ ਫ਼ਿਲਮ ਵਿਚ ਚਾਵਲੀ ਦੇ ਸਵਾਲ ਦਾ ਜੋ ਜਵਾਬ ਦੇਣਾ ਸੀ, ਦੇ ਦਿੱਤਾ, ਪਰ ਗੁਰਦੇਵ ਦੀ ਇਹ ਪੁਸਤਕ ਸਾਰੀ ਦੀ ਸਾਰੀ ਚਾਵਲੀ ਦੇ

> ***ਹੋਸ਼ਮੰਦ ਪਾਠਕ ਜਦੋਂ ਆਖ਼ਰੀ ਪੰਨਾ ਪੜ੍ਹ ਕੇ ਪੁਸਤਕ ਨੂੰ ਸੰਤੋਖਦਾ ਹੈ, ਇਹ ਉਹਦੇ ਮਨ ਵਿਚ ਇਕ ਡੂੰਘੀ ਰਾਜਨੀਤਕ ਚੀਸ ਵੀ ਛੱਡ ਜਾਂਦੀ ਹੈ। ਕਮਿਊਨਿਸਟ ਪਾਰਟੀ ਦੇ ਵੱਡੀ ਗਿਣਤੀ ਆਗੂ ਇਮਾਨਦਾਰੀ, ਸੁਹਿਰਦਤਾ, ਨਿਸ਼ਕਾਮਤਾ, ਲੋਕ-ਸੇਵਾ, ਕਿਰਤੀ ਸੰਘਰਸ਼ ਤੇ ਕੁਰਬਾਨੀ ਜਿਹੀਆਂ ਸਿਫ਼ਤਾਂ ਦੀ ਮਿਸਾਲ ਸਨ।***

ਸਵਾਲ ਦਾ ਜਵਾਬ ਹੀ ਹੈ। ਇਸ ਵਿਚ ਸਮਾਜ, ਇਨਕਲਾਬ ਤੇ ਪਿਆਰ, ਤਿੰਨੇ ਮੁਟਿਆਰ ਦੀ ਗੁੱਤ ਵਾਂਗ ਇਕ ਦੂਜੇ ਨਾਲ ਗੁੰਦੇ ਹੋਏ ਹਨ।

ਆਪਣੀ ਇਕ ਮਖੌਲੀਆ ਕਹਾਵਤ ਹੈ, 'ਵਿਆਹ-ਮੁਕਲਾਵੇ ਬਥੇਰੇ ਦੇਖੇ, ਇਹੋ ਜਿਹਾ ਰਾਮ-ਰੌਲ਼ਾ ਕਦੇ ਨਹੀਂ ਦੇਖਿਆ!' ਪਿਆਰ ਬਥੇਰੇ ਦੇਖੇ, ਪਰ ਇਹ ਪਿਆਰ...ਤੋਬਾ...ਤੋਬਾ! ਆਜ ਫਿਰ ਜੀਨੇ ਕੀ ਤਮੰਨਾ ਹੈ, ਆਜ ਫਿਰ ਮਰਨੇ ਕਾ ਇਰਾਦਾ ਹੈ। ਪਿਆਰ, ਜੋ ਜ਼ਿੰਦਗੀ ਤੇ ਮੌਤ ਜਿਹੇ ਸੰਕਲਪਾਂ 'ਤੋਂ ਵੀ ਉੱਚਾ ਉੱਠ ਖਲੋਂਦਾ ਹੈ। 23 ਮਾਰਚ 1978 ਦੀ ਡਾਇਰੀ ਵਿਚ ਗੁਰਦੇਵ ਲਿਖਦੀ ਹੈ, 'ਅੱਜ ਹੀ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਨ ਏ। ਇਸ ਯੋਧੇ ਨੂੰ ਸਜਦਾ ਕਰਦੀ ਹਾਂ। ਮੈਨੂੰ ਤੇਰੇ ਵਿਚੋਂ ਬਹੁਤਾ ਕੁਝ ਭਗਤ ਸਿੰਘ ਵਰਗਾ ਲਗਦਾ ਏ...ਮੈਂ ਤੈਨੂੰ ਉਸ ਵਰਗਾ ਨਹੀਂ, ਪਰ ਉਸ ਤਰ੍ਹਾਂ ਬਣਨ ਵਾਲਾ ਬਾਂਕਾ ਜ਼ਰੂਰ ਸਮਝਦੀ ਹਾਂ ਤੇ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਸਮਝਦੀ ਹਾਂ ਕਿ ਮੈਂ ਤੇਰੀ ਹਾਂ। ਜੇ ਤੂੰ ਉਸ ਤਰ੍ਹਾਂ ਕੁਰਬਾਨ ਵੀ ਹੋ ਜਾਵੇਂ ਤਾਂ ਤੇਰੀ ਵਿਧਵਾ ਬਣ ਕੇ ਜਿਉਣਾ ਵੀ ਮੇਰਾ ਉੱਚਾ ਫ਼ਖ਼ਰ ਹੋਵੇਗਾ। ਮੈਂ ਤੇਰੇ ਲਈ, ਤੇਰੇ ਕਾਜ਼ ਲਈ ਜਿਉਣਾ ਚਾਹਾਂਗੀ।' ਜਿੰਨਾ ਭਰੋਸਾ ਗੁਰਦੇਵ ਨੂੰ ਸਾਥੀ ਲਈ ਆਪਣੇ ਪਿਆਰ ਦਾ ਹੈ, ਓਨਾ ਹੀ ਆਪਣੇ ਲਈ ਸਾਥੀ ਦੇ ਪਿਆਰ ਦਾ ਹੈ। ਉਹ ਆਖਦੀ ਹੈ, 'ਮੈਂ ਉਹ ਹਾਂ ਤੇ ਉਹ ਮੈਂ ਹੈ।' ਇਕ ਹੋਰ ਥਾਂ ਉਹਦਾ ਕਹਿਣਾ ਹੈ, 'ਘਰ ਸਭ ਲਈ ਕੁਝ ਨਾ ਕੁਝ ਗਿਫ਼ਟ ਲਿਆਂਦੇ ਨੇ, ਤੇਰੇ ਲਈ ਮੈਂ ਕੁਝ ਨਹੀਂ ਲਿਆਈ, ਤੇਰੇ ਲਈ ਮੈਂ ਆਪ ਆ ਗਈ ਹਾਂ।'

ਇਨਕਲਾਬ ਲਈ ਸੰਗਰਾਮ ਦੇ ਲੇਖੇ ਜ਼ਿੰਦਗੀ ਲਾ ਦੇਣ ਵਾਲੇ ਜਿਨ੍ਹਾਂ ਸੂਬਾਈ ਤੇ ਕੌਮੀ ਕਮਿਊਨਿਸਟ ਆਗੂਆਂ ਦਾ ਗੁਰਦੇਵ ਨੇ ਅਪਣੱਤ ਤੇ ਸਤਿਕਾਰ ਨਾਲ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚੋਂ ਕਈਆਂ ਨਾਲ ਮੇਰਾ ਵੀ ਨੇੜਲਾ ਵਾਹ ਰਿਹਾ। ਉਨ੍ਹਾਂ ਦੀਆਂ ਹਿੱਕਾਂ ਵਿਚ ਮਘਦੀ ਇਨਕਲਾਬ ਦੀ ਧੂਣੀ ਦਾ ਸੇਕ ਮੈਂ ਵੀ ਮਹਿਸੂਸ ਕੀਤਾ ਹੋਇਆ ਹੈ। ਪਰ ਇਨ੍ਹਾਂ ਦੋਵਾਂ ਦੀਆਂ ਆਪਣੀਆਂ ਧੜਕਣਾਂ ਵਿਚ ਇਨਕਲਾਬ ਦੀ ਜੋ ਜੁਆਲਾ ਲਟਲਟ ਬਲਦੀ ਹੈ, ਉਹ...ਤੋਬਾ...ਤੋਬਾ! ਚੰਗੇ ਪਾਸੇ ਵੱਲ ਚੁੱਕਿਆ ਦੇਸ ਦਾ ਇਕ ਕਦਮ ਵੀ ਗੁਰਦੇਵ ਨੂੰ ਉਤਸ਼ਾਹਿਤ ਕਰ ਦਿੰਦਾ ਹੈ। 26 ਜਨਵਰੀ 1977 ਨੂੰ ਉਹ ਕਹਿੰਦੀ ਹੈ, 'ਅੱਜ ਸਾਡਾ ਗਣਰਾਜ ਦਿਨ...ਪਹਿਲੀ ਵਾਰ 'ਸਮਾਜਵਾਦੀ+ਧਰਮ ਨਿਰਪੇਖ' ਸ਼ਬਦਾਂ ਦੇ ਸਾਡੇ ਸੰਵਿਧਾਨ ਵਿਚ ਜੋੜਨ ਤੋਂ ਬਾਅਦ ਮਨਾਇਆ ਜਾ ਰਿਹਾ ਹੈ। ਸਾਡੀ ਪਹੁੰਚ ਸਮਾਜਵਾਦੀ ਹੋਵੇਗੀ ਤੇ ਇੱਥੇ ਧਰਮ ਕਰਕੇ ਕੋਈ ਭੇਦ-ਭਾਵ ਨਹੀਂ ਹੋਵੇਗਾ।' 23 ਨਵੰਬਰ 1977 ਦੀ ਉਹਦੀ ਲਿਖਤ ਵਿਚ ਆਪਣੇ ਦੋਸਤ ਦਾ ਤੇ ਆਪਣੇ ਦੇਸ ਦੇ ਭਵਿੱਖੀ ਇਨਕਲਾਬ ਦਾ ਜਨਮ-ਦਿਨ ਇਕ ਹੋ ਜਾਂਦੇ ਹਨ, 'ਅੱਜ ਤੇਰਾ ਜਨਮ ਦਿਨ ਏ।...ਤੈਨੂੰ ਲੱਖ-ਲੱਖ ਵਧਾਈ ਹੋਵੇ ਇਸ ਦਿਨ ਦੀ। ਸਾਡੀ ਜ਼ਿੰਦਗੀ ਵਿਚ ਹੀ ਨਹੀਂ, ਸਾਡੇ ਦੇਸ਼ ਵਿਚ ਵੀ ਸਾਡੀਆਂ ਇੱਛਾਵਾਂ ਮੁਤਾਬਕ ਰੈਵੋਲਿਊਸ਼ਨ ਆਵੇ ਤੇ ਫਿਰ ਅਸੀਂ ਰੈਵੋਲਿਊਸ਼ਨ ਦਾ ਬਰਥਡੇ ਮਨਾ ਸਕੀਏ ਤੇ ਜ਼ਿੰਦਗੀ ਨੂੰ ਸਕਾਰਥ ਕਰ ਸਕੀਏ।' ਇਕ ਹੋਰ ਥਾਂ ਉਹ ਲੋਕਾਂ ਨਾਲ ਦੋਵਾਂ ਦੀ ਇਕ-ਮਿਕਤਾ ਇਉਂ ਦਸਦੀ ਹੈ, 'ਮੇਰੇ ਰਾਹਾਂ ਦੇ ਚਾਨਣ, ਮੇਰੇ ਦੋਸਤ, ਆਪਾਂ ਰਲ ਕੇ ਇਸ ਚਾਨਣ ਨਾਲ ਆਪਣੀਆਂ ਹੀ ਨਹੀਂ, ਲੋਕਾਂ ਦੀਆਂ, ਆਲੇ-ਦੁਆਲੇ ਦੀਆਂ ਰਾਹਾਂ ਨੂੰ ਭਖਾਣਾ ਤੇ ਰੁਸ਼ਨਾਉਣਾ ਏ ਤੇ ਇਸ ਲਈ ਮੈਨੂੰ ਤੇਰੀ ਅਥਾਹ ਜ਼ਰੂਰਤ ਏ।' ਇਸੇ ਤਰ੍ਹਾਂ ਦੋਸਤ ਲਈ ਵੀ ਸਾਰੀ ਦੁਨੀਆ ਆਪਣਾ ਘਰ ਤੇ ਸਾਰੀ ਲੋਕਾਈ ਆਪਣਾ ਪਰਿਵਾਰ ਹੈ, 'ਹੋਰ ਤੂੰ ਘਰਦਿਆਂ ਬਾਰੇ ਲਿਖਿਆ ਹੈ, ਦੋਸਤਾ ਹੁਣ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਾਰਾ ਹਿੰਦੁਸਤਾਨ, ਸਾਰੀ ਦੁਨੀਆ ਮੇਰਾ ਘਰ ਹੈ। ਮਿਸਾਲ ਦੇ ਤੌਰ 'ਤੇ ਮੈਂ ਘਰਦਿਆਂ ਬਾਰੇ ਇੰਨਾ ਫ਼ਿਕਰਮੰਦ ਨਹੀਂ ਸਾਂ ਜਿੰਨਾ ਕਿ ਲਾਲ ਸਾਗਰ ਤੋਂ ਆਈਆਂ ਖ਼ਬਰਾਂ ਬਾਰੇ (ਇਥੋਪੀਆ), ਫ਼ਲਸਤੀਨੀਆਂ ਉੱਤੇ ਹੋਏ ਹਮਲੇ ਤੇ ਸਾਡੇ ਆਪਣੇ ਦੇਸ਼ ਵਿਚ ਨਿੱਤ-ਦਿਹਾੜੇ ਦਲਿਤਾਂ 'ਤੇ ਹਮਲੇ ਤੇ ਉਹ ਖ਼ਬਰਾਂ ਕਿ ਲੁਧਿਆਣੇ




ਜ਼ਿਲ੍ਹੇ ਦੇ ਇਕ ਦਲਿਤ ਨੌਜਵਾਨ ਨੂੰ ਸੰਗਲੀਆਂ ਮਾਰ ਕੇ ਪਿੰਡ ਵਿਚ ਜਲੂਸ ਕੱਢਿਆ ਗਿਆ।'

ਗੁਰਦੇਵ ਨੂੰ ਜਿਵੇਂ ਇਨਕਲਾਬ ਤੋਂ ਉਰ੍ਹੇ ਊਣਾ ਸਮਾਜ ਮਨਜ਼ੂਰ ਨਹੀਂ, ਉਹ ਆਪ ਵੀ ਸੰਪੂਰਨ ਇਸਤਰੀ ਬਣ ਕੇ ਸਾਹਮਣੇ ਆਉਂਦੀ ਹੈ ਤੇ ਆਪਣੇ ਦੋਸਤ ਨੂੰ ਵੀ ਅਸਾਧਾਰਨ ਮਨੁੱਖ ਦੇ ਰੂਪ ਵਿਚ ਹੀ ਚਿਤਵਦੀ ਹੈ। ਉਹ ਦੱਸਦੀ ਹੈ, 'ਤੇਰੇ ਲਈ ਮੇਰੇ ਅੰਦਰ ਅਜਿਹੀਆਂ ਫੀਲਿੰਗਜ਼ ਆ ਜਾਂਦੀਆਂ ਨੇ ਤੇ ਲਗਦਾ ਏ ਮੈਂ ਤੇਰੀ ਮਾਂ ਹੋਵਾਂ, ਤੈਨੂੰ ਬੇਗ਼ਰਜ਼ ਮੋਹ ਪਿਆਰ ਦੇਵਾਂ, ਤੇਰੀ ਭੈਣ ਹੋਵਾਂ, ਤੇਰਾ ਹੱਥ ਸਿਰ 'ਤੇ ਮਹਿਸੂਸ ਕਰਾਂ, ਤੇਰੀ ਦੋਸਤ ਹੋਵਾਂ, ਤੇਰੇ ਹੱਥ ਦੀ ਪਕੜ ਪੀਡੀ ਕਰਾਂ, ਤੇਰੀ ਬੇਟੀ ਹੋਵਾਂ, ਤੇਰੀ ਗੋਦ ਵਿਚ ਸਿਰ ਰੱਖ ਕੇ ਹਰ ਗ਼ਮ ਭੁੱਲ ਜਾਵਾਂ, ਇਕ ਬਚਪਨ ਦਾ ਸਾਥੀ ਹੋਵਾਂ, ਬੇਲੀ ਹੋਵਾਂ, ਤੇਰੇ ਨਾਲ ਘੁ਼ਲਾਂ, ਟੱਪਾਂ, ਨੱਚਾਂ ਤੇ ਤੇਰੀ ਹਮਕਰਮ, ਹਮਖ਼ਿਆਲ, ਹਮਤੋਰ ਹੋਵਾਂ ਤੇ ਹਰ ਔਖੇ-ਸੌਖੇ ਰਾਹ ਤੇ ਤੇਰੇ ਨਾਲ ਤੇਰੇ ਪ੍ਰਛਾਵੇਂ ਦੀ ਤਰ੍ਹਾਂ ਰਹਾਂ।' ਉਹ ਸਾਥੀ ਦੀ ਸ਼ਖ਼ਸੀਅਤ ਬਾਰੇ ਆਪਣੀ ਰੀਝ ਇਨ੍ਹਾਂ ਸ਼ਬਦਾਂ ਵਿਚ ਦੱਸਦੀ ਹੈ, 'ਤੇਰੀ ਦੋਸਤ, ਪੂਰੀ ਸ਼ਿੱਦਤ ਨਾਲ, ਉਸ ਦਿਨ ਦੀ ਉਡੀਕ ਕਰ ਰਹੀ ਏ, ਜਦੋਂ ਤੂੰ ਲੋਕਾਂ ਦਾ ਪੁੱਤਰ ਬਣ ਕੇ, ਲੋਕਾਂ ਲਈ, ਇਸ ਲੋਕ ਹੱਕਾਂ ਦੇ ਯੁੱਧ ਵਿਚ ਨਿੱਤਰ ਪਵੇਂਗਾ, ਤਾਂ ਇਨ੍ਹਾਂ ਲੋਕਾਂ ਵਿਚੋਂ ਹੀ, ਲੋਕਾਂ ਵਿਚ ਖੜ੍ਹੀ ਹੋਈ ਤੇਰੀ ਸਾਥਣ, ਤੈਨੂੰ ਵੱਡੇ ਉਲਾਰ ਨਾਲ ਸਿਰ ਮੱਥੇ 'ਤੇ ਚੁੱਕ ਲਵੇਗੀ। ਤੇ ਮੈਂ ਚਾਹੁੰਦੀ ਹਾਂ ਕਿ ਜਿਸ ਦਿਨ ਤੂੰ ਆਵੇਂ, ਇੰਜ ਆਵੇਂ ਕਿ ਮੈਂ ਤੇਰਾ ਫ਼ਖ਼ਰ ਮਹਿਸੂਸ ਕਰ ਸਕਾਂ। ਦੇਖ, ਮੈਂ ਤੇਰੇ ਕੋਲੋਂ ਕਦੀ ਕੁਝ ਨਹੀਂ ਮੰਗਿਆ ਤੇ ਹੁਣ ਸਿਰਫ਼ ਇਕ ਚੀਜ਼ ਮੰਗਦੀ ਹਾਂ ਕਿ ਤੂੰ ਕੁਝ ਬਣ ਕੇ ਆਵੀਂ। ਮੈਂ ਤੈਨੂੰ ਆਮ ਮਨੁੱਖ ਨਹੀਂ ਕਬੂਲ ਸਕਦੀ ਤੇ ਤੂੰ ਆਮ ਹੈ ਵੀ ਨਹੀਂ।'

ਇਸ ਪੁਸਤਕ ਵਿਚੋਂ ਦੇਹਵਾਦੀ ਨਾਰੀਵਾਦ ਦੇ ਮੁਕਾਬਲੇ ਖਰੇ ਨਾਰੀਵਾਦ ਦੇ ਦੀਦਾਰ ਹੁੰਦੇ ਹਨ। ਆਪਣੇ ਇਸਤਰੀ ਹੋਣ ਦਾ ਮਾਣ, ਮੁਟਿਆਰ ਹੋਣ ਦਾ ਚਾਅ, ਸਵੈਮਾਨੀ ਹੋਣ ਦਾ ਫ਼ਖ਼ਰ, ਪਿਆਰ ਕਰਨ ਦਾ ਅਧਿਕਾਰ, ਮਾਂ, ਭੈਣ, ਦੋਸਤ, ਬੇਟੀ, ਹਮਕਰਮ, ਹਮਖ਼ਿਆਲ, ਹਮਤੋਰ ਸਾਥੀ-ਬੇਲੀ ਆਦਿ ਆਪਣੇ ਹਰ ਰੂਪ ਦਾ ਜਜ਼ਬਾ, ਪੁਰਸ਼ ਦੇ ਪਿੱਛੇ-ਪਿੱਛੇ ਜਾਂ ਉਹਦੀ ਉਂਗਲ ਫੜ ਕੇ ਤੁਰਨ ਦੀ ਥਾਂ ਮੋਢੇ ਨਾਲ ਮੋਢਾ ਜੋੜ ਕੇ ਤੇ ਲੋੜ ਵੇ਼ਲੇ ਅਗਵਾਈ ਕਰਦਿਆਂ ਅੱਗੇ ਵਧਣ ਦਾ ਹੌਸਲਾ, ਆਪਣੇ ਲਈ ਚੰਗੇਰੇ ਜੀਵਨ ਦੀ ਕੋਸ਼ਿਸ਼ ਦੇ ਨਾਲ-ਨਾਲ ਹਰ ਮਨੁੱਖ ਲਈ ਰੋਟੀ, ਕੱਪੜੇ ਤੇ ਮਕਾਨ ਨੂੰ ਫ਼ਰਜ਼ ਸਮਝਣ ਵਾਲੇ ਚੰਗੇਰੇ ਸਮਾਜ ਦੀ ਸਿਰਜਣਾ ਨੂੰ ਆਪਣਾ ਟੀਚਾ ਮਿਥਣਾ।

ਭਾਸ਼ਾ ਦੀ ਸਹਿਜਤਾ ਤੇ ਸੰਖੇਪਤਾ ਵੀ ਦੇਖਣ ਵਾਲੀ ਹੈ। ਇਕ ਮਿਸਾਲ ਵਜੋਂ, ਕਈ ਪੰਨੇ ਲੋੜਦਾ ਪਰਿਵਾਰ ਦਾ ਹਿਸਾਬ-ਅਲਜਬਰਾ ਉਹ ਕੁਛ ਸਤਰਾਂ ਵਿਚ ਸਮੇਟ ਦਿੰਦੀ ਹੈ, 'ਘਰ ਦੇ ਵੀ ਬਹੁਤਾ ਲਿਖਦੇ ਨਹੀਂ। ਬਾਪੂ ਜੀ ਮਟੀਰੀਅਲਿਸਟਿਕ ਹੋ ਗਏ ਹਨ। ਮਾਂ ਸ਼ਰਧਾਯੋਗ ਹੁੰਦੀ ਜਾ ਰਹੀ ਹੈ। ਭੈਣਾਂ ਸੈਲਫ਼ ਸੈਂਟਰਡ ਨੇ। ਭਰਾ ਚੁਸਤੀਆਂ ਕਰਦਾ ਏ। ਭਾਬੀ ਇਰੀਟੇਟ ਕਰਦੀ ਏ। ਮੈਂ ਡਲਿਵਰੀ ਕਿੱਥੇ ਕਰਵਾਵਾਂਗੀ, ਅਜੇ ਸਮਝ ਨਹੀਂ ਆਉਂਦੀ। ਕਿੰਨਾ ਚੰਗਾ ਹੋਵੇ ਜੇ ਤੂੰ ਮੈਨੂੰ ਆਪਣੇ ਕੋਲ ਬੁਲਾ ਲਵੇਂ।' ਪਿਆਰ ਦੇ ਜ਼ਿਕਰ ਵੇਲੇ, ਕਿਸੇ ਨਵੀਂ ਦੇਖੀ ਥਾਂ ਦਾ, ਖਾਸ ਕਰ ਕੇ ਕਸ਼ਮੀਰ ਦਾ ਦ੍ਰਿਸ਼ ਲਿਖਣ ਵੇਲੇ ਤਾਂ ਉਹਦੀ ਵਾਰਤਕ ਕਵਿਤਾ ਵਿਚ ਪਲਟ ਜਾਂਦੀ ਹੈ। ਪਾਠਕ ਸੋਚਦਾ ਹੈ, ਗੁਰਦੇਵ ਸਾਹਿਤਕ ਰਚਨਾ ਦੇ ਮਾਰਗ ਦੀ ਪਾਂਧੀ ਕਿਉਂ ਨਾ ਬਣੀ!

ਇਹਦੇ ਨਾਲ ਹੀ ਸਭੇ ਗੁਣਾਂ ਦੇ ਹੁੰਦਿਆਂ ਭਾਸ਼ਾ ਦੀ ਇਕ ਲਾਪਰਵਾਹੀ ਵੀ ਵਰਤੀ ਗਈ ਹੈ। ਉਹ ਹੈ ਚਲਦੇ ਵਾਕਾਂ ਦੇ ਰੋਮਨ ਲਿਪੀ ਵਿਚ ਲਿਖੇ ਹੋਏ ਸ਼ਬਦ। ਸਾਡੇ ਭਾਸ਼ਾਈ ਸਮਝ ਤੋਂ ਕੋਰੇ ਤੇ ਅਵੇਸਲੇ ਕਈ ਆਲੋਚਕ, ਵਿਦਵਾਨ, ਚਿੰਤਕ ਕਹਾਉਣ ਵਾਲੇ ਸੱਜਨ ਪਰਦੇਸੀ ਨਾਂ-ਥਾਂ ਇਉਂ ਲਿਖਦੇ ਹਨ। ਗੁਰਦੇਵ ਹੈਰਾਨ ਕਰ ਦਿੰਦੀ ਹੈ ਜਦੋਂ ਪੰਜਾਬੀ ਨਾਂ, ਜਿਵੇਂ ਮਿਸਟਰ ਤੇ ਮਿਸਜ਼ ਡਾਂਗ, ਵੀ ਰੋਮਨ ਅੱਖਰਾਂ ਵਿਚ ਲਿਖਦੀ ਹੈ। ਪੁਸਤਕ ਵਿਚ ਇਨ੍ਹਾਂ ਨੂੰ ਉਸੇ ਤਰ੍ਹਾਂ ਛਾਪ ਦਿੱਤੇ ਜਾਣਾ ਇਹ ਤਾਂ ਦੱਸਦਾ ਹੈ ਕਿ ਨਿੱਜੀ ਡਾਇਰੀ ਤੇ ਚਿੱਠੀਆਂ ਲੋਕਾਂ ਸਾਹਮਣੇ ਪੇਸ਼ ਕਰਦਿਆਂ ਉਨ੍ਹਾਂ ਵਿਚ ਕੋਈ ਘਾਟਾ-ਵਾਧਾ ਨਹੀਂ ਕੀਤਾ ਗਿਆ, ਪਰ ਰੜਕਦਾ ਬਹੁਤ ਹੈ। ਮੇਰਾ ਮੰਨਣਾ ਹੈ ਕਿ ਪੁਸਤਕ ਵਿਚ ਇਨ੍ਹਾਂ ਸ਼ਬਦਾਂ ਨੂੰ ਅਨੁਵਾਦ ਹੋ ਸਕਣ ਵਾਲੇ ਸ਼ਬਦਾਂ ਸਮੇਤ ਉਸੇ ਤਰ੍ਹਾਂ ਰੱਖਦਿਆਂ ਰੋਮਨ ਦੀ ਥਾਂ ਗੁਰਮੁਖੀ ਵਿਚ ਕਰ ਦੇਣਾ ਚਾਹੀਦਾ ਸੀ। ਇਸ ਲੇਖ ਵਿਚ ਪੁਸਤਕ ਵਿਚੋਂ ਟੂਕਾਂ ਵਰਤਦਿਆਂ ਮੈਂ ਅਜਿਹਾ ਹੀ ਕੀਤਾ ਹੈ। ਮੇਰਾ ਸੁਝਾਅ ਹੈ, ਅਗਲੀ ਸੈਂਚੀ ਵਿਚ ਅਜਿਹਾ ਕਰ ਦਿੱਤਾ ਜਾਣਾ ਚਾਹੀਦਾ ਹੈ।

ਹੋਸ਼ਮੰਦ ਪਾਠਕ ਜਦੋਂ ਆਖ਼ਰੀ ਪੰਨਾ ਪੜ੍ਹ ਕੇ ਪੁਸਤਕ ਨੂੰ ਸੰਤੋਖਦਾ ਹੈ, ਇਹ ਉਹਦੇ ਮਨ ਵਿਚ ਇਕ ਡੂੰਘੀ ਰਾਜਨੀਤਕ ਚੀਸ ਵੀ ਛੱਡ ਜਾਂਦੀ ਹੈ। ਕਮਿਊਨਿਸਟ ਪਾਰਟੀ ਦੇ ਵੱਡੀ ਗਿਣਤੀ ਆਗੂ ਇਮਾਨਦਾਰੀ, ਸੁਹਿਰਦਤਾ, ਨਿਸ਼ਕਾਮਤਾ, ਲੋਕ-ਸੇਵਾ, ਕਿਰਤੀ ਸੰਘਰਸ਼ ਤੇ ਕੁਰਬਾਨੀ ਜਿਹੀਆਂ ਸਿਫ਼ਤਾਂ ਦੀ ਮਿਸਾਲ ਸਨ। ਆਗੂਆਂ ਦਾ ਹੀ ਨਹੀਂ, ਹੇਠਲੀਆਂ ਪਰਤਾਂ ਦੇ ਸਾਥੀਆਂ ਦਾ ਜਜ਼ਬਾ ਤੇ ਸਮਰਪਣ ਵੀ ਆਪਣੀ ਮਿਸਾਲ ਆਪ ਸੀ। ਗੁਰਦੇਵ ਆਪਣੇ ਪਿਆਰੇ ਨੂੰ ਲਿਖਦੀ ਹੈ, 'ਮੈਂ ਯਕੀਨ ਨਾਲ ਕਹਿੰਦੀ ਹਾਂ ਕਿ ਅਗਲੀ ਪਾਰਟੀ ਕਾਂਗਰਸ ਵਿਚ ਆਪਾਂ ਦੋਵੇਂ ਹੋਵਾਂਗੇ ਤੇ ਦੋਵੇਂ ਵਾਲੰਟੀਅਰਜ਼ ਦਾ ਕੰਮ ਕਰਾਂਗੇ। ਹਰ ਛੋਟਾ ਕੰਮ ਵੀ ਕਰਾਂਗੇ, ਆਪਣੀ ਪਾਰਟੀ ਕਾਂਗਰਸ ਨੂੰ ਵੱਡੀ ਸਫਲ ਬਣਾਉਣ ਲਈ।' ਆਜ਼ਾਦੀ ਮਗਰੋਂ ਲੰਮੇ ਸਮੇਂ ਤੱਕ ਇਹ ਪਾਰਟੀ ਮੁੱਖ ਵਿਰੋਧੀ ਧਿਰ ਰਹੀ ਤੇ ਇਹਨੇ ਹੀ ਪਹਿਲੀ ਗੈਰ-ਕਾਂਗਰਸੀ ਸਰਕਾਰ ਕੇਰਲਾ ਵਿਚ ਬਣਾਈ। ਫੇਰ ਲੋਕਾਂ ਦੀ ਹੁੰਦਿਆਂ ਇਹ ਲੋਕਾਂ ਨਾਲੋਂ, ਇਥੋਂ ਤੱਕ ਕਿ ਮਜ਼ਦੂਰਾਂ ਤੇ ਕਿਸਾਨਾਂ ਨਾਲੋਂ ਵੀ ਟੁੱਟ ਕੇ ਭਲੇ ਵੇਲ਼ਿਆਂ ਵਿਚ ਬਣਾਏ ਦਫ਼ਤਰਾਂ ਤੱਕ ਸੀਮਤ ਕਿਉਂ ਹੋ ਗਈ?

# ਇਸ ਸਦੀ ਦਾ ਕਾਮਯਾਬ ਆਸ਼ਿਕ

ਸੱਚੇ ਆਸ਼ਕਾਂ ਅਤੇ ਮਾਸ਼ੂਕਾਂ ਨਾਲ ਇਤਿਹਾਸ ਭਰਿਆ ਪਿਆ ਹੈ ਪਰ ਉਹ ਸਾਰਾ ਇਤਿਹਾਸ ਸਦੀਆਂ ਪੁਰਾਣਾ ਹੈ ਜਿਸ ਵਿੱਚ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸ਼ੀਰੀਂ ਫ਼ਰਹਾਦ, ਰੋਮੀਓ ਜੂਲੀਅਟ, ਸੋਹਣੀ



ਮਹੀਂਵਾਲ, ਲੈਲਾ ਮਜਨੂੰ, ਇੰਦਰ ਬੇਗੋ ਆਦਿ ਹੋਏ ਹਨ। ਪਰ ਨਾ ਤਾਂ ਇਨ੍ਹਾਂ ਨੂੰ ਕਿਸੇ ਨੇ ਅੱਖੀਂ ਵੇਖਿਆ ਨਾ ਹੀ ਕੰਨੀਂ ਸੁਣਿਆ ਹੈ। ਕੁਝ ਲੋਕ ਇਸ ਨੂੰ ਸੱਚ ਮੰਨਦੇ ਹਨ ਅਤੇ ਕੁਝ ਮਨੋ ਕਲਪਿਤ

**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਕਹਾਣੀਆਂ ਮੰਨਦੇ ਹਨ, ਪਰ 80-90 ਵਰ੍ਹੇ ਪਹਿਲਾਂ ਇੱਕ ਸੱਚਾ ਆਸ਼ਿਕ ਪੰਜਾਬ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਆਪਣੇ ਪਿਆਰ ਦੀ ਹਿੰਡ ਪੁਗਾਉਣ ਖ਼ਾਤਰ ਆਪਣੀ ਪਹਿਲੀ ਰੱਬ ਰੂਪ ਪਤਨੀ ਤੇ ਪੁੱਤਰਾਂ ਧੀਆਂ ਨਾਲ ਚਹਿਕਦੇ ਪਰਿਵਾਰ ਨਾਲ ਭਿੜ ਗਿਆ। ਕਾਨੂੰਨੀ ਅੜਚਨਾਂ ਤੋਂ ਬਚਣ ਖਾਤਰ ਧਰਮ ਵੀ ਬਦਲ ਲਿਆ ਤੇ ਆਪਣੇ ਪਿਆਰ ਨਾਲ ਚਾਲੀ ਪੰਜਤਾਲੀ ਵਰ੍ਹੇ ਨਿਭਾਉਣ ਅਤੇ ਮੁੜ ਪਿਤਾ ਬਣਨ ਦਾ ਫਰਜ਼ ਨਿਭਾਅ ਕੇ ਦੁਨੀਆਂ ਤੋਂ ਰੁਖ਼ਸਤ ਹੋਇਆ। ਇਹ ਸਭ ਕੁਝ ਮੇਰੇ ਹਮ ਉਮਰ ਮੇਰੇ ਤੋਂ ਵੀਹ ਪੱਚੀ ਸਾਲ ਵੱਡਿਆਂ ਅਤੇ ਮੇਰੇ ਤੋਂ ਪੰਜਾਹ-ਪਚਵੰਜਾ ਸਾਲ ਛੋਟਿਆਂ ਨੇ ਅੱਖੀਂ ਵੇਖਿਆ ਹੈ ਅਤੇ ਉਸ ਦੀਆਂ ਫਿਲਮਾਂ ਦਾ ਆਨੰਦ ਮਾਣਿਆ ਅਤੇ ਉਸਦੀ ਸ਼ਖ਼ਸੀਅਤ ਦੇ ਮੁਰੀਦ ਹੋ ਗਏ। ਏਨੇ ਵੇਰਵੇ ਦੇਣ ਉਪਰੰਤ ਕੋਈ ਅਜਿਹਾ ਵਿਅਕਤੀ ਨਹੀਂ ਹੋਵੇਗਾ ਜਿਸ ਨੂੰ ਸਮਝਣ ਵਿਚ ਮੁਸ਼ਕਿਲ ਆਈ ਹੋਵੇ ਉਹ ਕੌਣ ਸੀ। ਅਸਲ ਕਹਾਣੀ ਇਉਂ ਬਣਦੀ ਹੈ ਕਿ 'ਐ ਦਿਲ ਜ਼ਰਾ ਸੀ ਤੂੰ ਸਮਝ ਕਰ, ਅਸਲ ਹਾਲਾਤ ਕੋ ਤੂੰ ਜਾਨਤਾ ਹੀ ਨਹੀਂ...ਇਹ ਕਿਸੇ ਦੀ ਸੁਣਦਾ ਨੀਂ ਆਪਣੀ ਮਰਜ਼ੀ ਕਰੇ ਦਿਲ, ਹੈ ਕਿ ਚੰਦਰਾ ਮਾਨਤਾ ਹੀ ਨਹੀਂ।



ਯੇ ਨਾਦਾਨ ਉਸਕੇ ਪੀਛੇ ਭੀ ਲਗ ਜਾਤਾ ਹੈ
ਜਿਸੇ ਵੋ ਜਾਨਤਾ ਵੀ ਨਹੀਂ
ਏਕ ਕਾ ਹੋਕਰ ਬੈਠਜਾ ਓਏ ਮੂਰਖ
ਏਕ ਕਾ ਹੋ ਜਾਨੇ ਸੇ ਫੇਰ ਦਰ ਦਰ ਕੀ ਖਾਕ ਛਾਨਤਾ ਵੀ ਨਹੀਂ।'

ਧਰਮਿੰਦਰ ਜੀ ਦਾ ਦਿਲ ਆਇਆ ਡ੍ਰੀਮਗਰਲ ਹੇਮਾ ਮਾਲਿਨੀ 'ਤੇ। ਫਿਲਮੀ ਕਹਾਣੀ ਅਨੁਸਾਰ ਹੇਮਾ ਮਾਲਿਨੀ ਬੇਸ਼ੱਕ ਰਾਜ਼ੀ ਸੀ ਪਰ ਕਬਾਬ ਵਿਚ ਹੱਡੀ ਬਣੀ ਹੇਮਾ ਦੀ ਮੌਸੀ (ਮਾਸੀ)। ਜਦੋਂ ਅਮਿਤਾਭ ਬੱਚਨ ਰਾਹੀਂ ਤਰਲੇ ਮਿੰਨਤਾਂ ਕਰਾਉਣ ਨਾਲ ਵੀ ਮਾਸੀ ਨਾ ਮੰਨੀ ਤਾਂ ਧਰਮਿੰਦਰ ਹੁਣਾਂ ਦੇ ਅੰਦਰਲਾ ਜੱਟ ਜਾਗਿਆ ਅਤੇ ਉਹ ਚੜ੍ਹ ਗਏ ਪਾਣੀ ਵਾਲੀ ਟੈਂਕੀ 'ਤੇ ਜਿਥੋਂ ਸਾਰਾ ਸ਼ਹਿਰ ਦਿਸਦਾ ਸੀ। ਜੇ ਤਾਂ ਕੋਈ ਅੱਜ ਵਰਗਾ ਭੂੰਡ ਆਸ਼ਿਕ ਹੁੰਦਾ ਤਾਂ ਟੈਂਕੀ ਤੋਂ ਹੇਠਾਂ ਨਜ਼ਰ ਮਾਰਦਾ ਕੋਈ ਸੋਹਣੀ ਜਿਹੀ ਕੁੜੀ ਵੇਖਦਾ ਤਾਂ ਛਾਲਾਂ ਮਾਰਦਾ ਹੇਠਾਂ ਐਂ ਆਉਂਦਾ ਜਿਵੇਂ ਡਾਲਰ ਮੂਹਰੇ ਰੁਪਈਆ ਆਉਂਦਾ ਹੈ ਤੇ ਉਸ ਨਾਲ ਵਿਆਹ ਕਰ ਲੈਂਦਾ ਕਿਉਂਕਿ ਮੌਕੇ ਦੇ (ਹੀ ਮੈਨ) ਨਾਲ ਵਿਆਹ ਕਰਾਉਣ ਨੂੰ ਕੋਈ ਵੀ ਰਾਜ਼ੀ ਹੋ ਜਾਂਦੀ ਪਰ ਜੱਟ ਨੇ ਵਿਆਹ ਨਹੀਂ ਸੀ ਕਰਾਉਣਾ ਹਿੰਡ ਪੁਗਾਉਣੀ ਸੀ ਅਤੇ ਉਹ ਦੁਨੀਆਂ ਜਹਾਨ ਧਰਮ ਜਾਤ ਤੋਂ ਉੱਪਰ ਉੱਠ ਕੇ ਪਰਿਵਾਰ ਨੂੰ ਵੀ ਨਜ਼ਰ ਅੰਦਾਜ਼ ਕਰਕੇ ਸੱਚੇ ਅਤੇ ਕਾਮਯਾਬ ਆਸ਼ਿਕਾਂ ਵਿੱਚ ਆਪਣਾ ਨਾਮ ਦਰਜ ਕਰਵਾ ਗਿਆ।

# ਗੁਰਦੇਵ ਚੌਹਾਨ ਦੀ ਕਿਤਾਬ 'ਕਲਮੀ ਗੁਲਾਬ' ਨੂੰ ਚਿੱਥ ਕੇ ਪੜ੍ਹਦਿਆਂ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ : +1 647 567-9128

ਕਿਤਾਬਾਂ ਦੇ ਪੜ੍ਹੇ ਜਾਣ ਬਾਰੇ ਅੰਗਰੇਜ਼ੀ ਦੇ ਉੱਘੇ-ਲੇਖਕ ਫ਼ਰਾਂਸਿਸ ਬੇਕਨ ਦਾ ਮਸ਼ਹੂਰ ਭਾਵਨਾਤਮਿਕ 'ਕਥਨ' (ਕੋਟੇਸ਼ਨ) ਹੈ, "Some books are to be tasted, others to be swallowed, and some few to be chewed and digested"

ਪੰਜਾਬੀ ਵਿਚ ਇਸ ਨੂੰ ਇੰਜ ਕਿਹਾ ਜਾ ਸਕਦਾ ਹੈ ਕਿ ਕਈ ਕਿਤਾਬਾਂ ਕੇਵਲ ਸੁਆਦ ਚੱਖਣ ਵਾਂਗ ਹੁੰਦੀਆਂ ਹਨ, ਕਈ ਗਲ਼ੇ ਦੇ ਅੰਦਰ ਸੁੱਟਣ ਵਾਲੀਆਂ ਅਤੇ ਕੁਝ ਕੁ ਚਬਾਉਣ ਤੇ ਪਚਾਉਣ ਵਾਲੀਆਂ ਹੁੰਦੀਆਂ ਹਨ। ਇਸ ਦਾ ਭਾਵ ਹੈ ਕਿ ਕਈ ਕਿਤਾਬਾਂ ਕੇਵਲ ਓਪਰੀ ਨਜ਼ਰੇ 'ਵੇਖਣ-ਚਾਖਣ' ਵਾਲੀਆਂ ਹੁੰਦੀਆਂ ਹਨ, ਕਈ ਪੜ੍ਹਨ ਵਾਲੀਆਂ ਹੁੰਦੀਆਂ ਹਨ ਪਰ ਓਨੀ ਦਿਲਚਸਪੀ ਨਾਲ਼ ਨਹੀਂ, ਅਤੇ ਕਈ ਕਿਤਾਬਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਅੱਖਰ-ਅੱਖਰ ਬੜੇ ਧਿਆਨ ਨਾਲ ਪੜ੍ਹਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਾਲੇ 'ਬੀਟਵੀਨ ਦ ਲਾਈਨਜ਼' (Between the lines) ਕਹਿੰਦੇ ਹਨ।

ਗੁਰਦੇਵ ਚੌਹਾਨ ਦੀ ਇਹ ਵਾਰਤਕ ਪੁਸਤਕਾਂ ਦੀ ਅਖ਼ੀਰਲੀ ਕਿਸਮ ਦੀ ਸ਼੍ਰੇਣੀ 'ਚ ਆਉਂਦੀ ਹੈ ਜਿਸ ਦੀ ਇੱਕ-ਇੱਕ ਸਤਰ ਧਿਆਨ ਨਾਲ ਪੜ੍ਹਨ ਵਾਲੀ ਹੈ। ਗੁਰਦੇਵ ਚੌਹਾਨ ਵੱਲੋਂ ਇਹ ਪੁਸਤਕ ਮੈਨੂੰ 7-8 ਮਹੀਨੇ ਪਹਿਲਾਂ ਪ੍ਰਾਪਤ ਹੋਈ ਪਰ ਉਦੋਂ ਕੁਝ ਨਿੱਜੀ ਰੁਝੇਵਿਆਂ ਕਾਰਨ ਮੈਂ ਇਸ ਨੂੰ ਕੇਵਲ ਸਰਸਰੀ ਨਜ਼ਰ ਨਾਲ ਹੀ ਵੇਖ ਸਕਿਆ ਸੀ। ਮੈਨੂੰ ਇਹ ਲੱਗਿਆ ਸੀ ਕਿ ਇਹ ਪੁਸਤਕ ਆਮ ਪੁਸਤਕਾਂ ਵਰਗੀ ਨਹੀਂ ਹੈ ਅਤੇ ਇਸ ਨੂੰ ਨਿੱਠ ਕੇ ਪੜ੍ਹਨ ਦੀ ਜ਼ਰੂਰਤ ਹੈ ਤੇ ਇਸ ਬਾਰੇ ਕੁਝ ਲਿਖਣ ਲਈ ਇਹ ਵਧੇਰੇ ਧਿਆਨ ਮੰਗਦੀ ਹੈ। ਇਸ ਦੌਰਾਨ ਚਾਰ-ਪੰਜ ਹੋਰ ਲੇਖਕਾਂ ਦੀਆਂ ਕਿਤਾਬਾਂ ਆ ਗਈਆਂ ਅਤੇ ਮੇਰੇ ਵੱਲੋਂ ਪੜ੍ਹਨ ਲਈ ਪਹਿਲ ਉਨ੍ਹਾਂ ਨੂੰ ਦੇ ਦਿੱਤੀ ਗਈ, ਕਿਉਂਕਿ ਉਹ ਪੜ੍ਹਨੀਆਂ ਮੁਕਾਬਲਤਨ ਆਸਾਨ ਸਨ। ਵਾਰੀ-ਵਾਰੀ ਉਹ ਪੜ੍ਹੀਆਂ ਤੇ ਉਨ੍ਹਾਂ ਬਾਰੇ ਆਪਣੇ ਵਿਚਾਰ 'ਪੁਸਤਕ-ਰੀਵਿਊ' ਦੇ ਰੂਪ 'ਚ ਵੱਖ-ਵੱਖ ਅਖ਼ਬਾਰਾਂ 'ਚ ਛਪਣ ਲਈ ਭੇਜੇ ਜੋ ਪਾਠਕਾਂ ਦੀ ਨਜ਼ਰੀਂ ਪਏ ਅਤੇ ਸਲਾਹੇ ਵੀ ਗਏ।

ਪੰਜਾਬੀ ਪੁਸਤਕਾਂ ਬਾਰੇ ਮੇਰਾ ਵਿਚਾਰ ਤੇ ਹੁਣ ਤੱਕ ਦਾ ਨਿੱਜੀ ਤਜਰਬਾ ਹੈ ਕਿ ਕਹਾਣੀ, ਨਾਵਲ, ਸਵੈ-ਜੀਵਨੀ ਜਾਂ ਕਿਸੇ ਸਫ਼ਰਨਾਮੇ ਦੇ 60-70 ਪੰਨੇ ਇੱਕ ਦਿਨ 'ਚ ਬੜੇ ਆਰਾਮ ਨਾਲ ਪੜ੍ਹੇ ਜਾ ਸਕਦੇ ਹਨ। ਕਵਿਤਾਵਾਂ ਦੀ 100 ਕੁ ਪੰਨਿਆਂ ਦੀ ਕਿਤਾਬ ਤਾਂ ਇੱਕ ਬੈਠਕ ਵਿਚ ਵੀ ਪੜ੍ਹੀ ਜਾ ਸਕਦੀ ਹੈ, ਪਰ ਵਾਰਤਕ ਨੂੰ ਸਮਝ ਕੇ ਪੜ੍ਹਨ ਲਈ ਵਧੇਰੇ ਸਮਾਂ ਚਾਹੀਦਾ ਹੈ। ਗੁਰਦੇਵ ਚੌਹਾਨ ਦੀ ਇਸ ਵਾਰਤਕ ਪੁਸਤਕ ਦੇ 8-10 ਪੰਨਿਆਂ ਦਾ ਆਰਟੀਕਲ ਮੈਂ ਇੱਕ ਦਿਨ 'ਚ ਮਸਾਂ ਇੱਕ ਹੀ ਪੜ੍ਹ ਸਕਿਆ ਹਾਂ। ਇਸ ਤਰ੍ਹਾਂ 319 ਪੰਨਿਆਂ ਦੀ ਇਹ ਕਿਤਾਬ ਪੜ੍ਹਨ ਵਿਚ ਮੈਨੂੰ ਡੇਢ ਮਹੀਨੇ ਤੋਂ ਵੀ ਵਧੇਰੇ ਸਮਾਂ ਲੱਗ ਗਿਆ, ਕਿਉਂਕਿ ਇਸ ਕਿਤਾਬ ਦੀਆਂ ਕਈ ਸਤਰਾਂ ਵਾਰ-ਵਾਰ ਪੜ੍ਹਨ ਵਾਲੀਆਂ ਸਨ। ਇੱਥੋਂ ਇਸ ਪੁਸਤਕ ਅਤੇ ਇਸਦੇ ਲੇਖਕ ਦੀ ਗੰਭੀਰਤਾ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਕਿਤਾਬ ਦੀ ਸਮੱਗਰੀ 'ਚ ਵਿਭਿੰਨਤਾ ਤੇ ਵੰਨ-ਸਵੰਨਤਾ ਹੈ ਅਤੇ ਇਸ ਨੂੰ ਪਾਠਕਾਂ ਅੱਗੇ ਪ੍ਰੋਸਣ ਦਾ ਗੁਰਦੇਵ ਚੌਹਾਨ ਹੁਰਾਂ ਦਾ ਆਪਣਾ ਵਿਲੱਖਣ ਤਰੀਕਾ ਤੇ ਸਲੀਕਾ ਹੈ।


ਪੰਜਾਬੀ ਲੇਖਕਾਂ ਦੀ ਸੂਚੀ ਵਿਚ ਗੁਰਦੇਵ ਚੌਹਾਨ ਅਹਿਮ ਹਸਤਾਖ਼ਰ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ ਦੀਆਂ ਪੰਜ ਪੁਸਤਕਾਂ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ', 'ਮੱਕੀ ਦਾ ਗੀਤ', 'ਦਿੱਭ ਦੇ ਸਿੱਟੇ', 'ਸਪਤਕ', 'ਅਕਸਮਾਤ', ਵਾਰਤਕ ਦੀਆਂ ਦੋ 'ਆਸ ਪਾਸ' ਤੇ 'ਚਸ਼ਮਦੀਦ' ਅਤੇ ਹਾਸ-ਵਿਅੰਗ ਦੀਆਂ ਦੋ ਪੁਸਤਕਾਂ 'ਕੁੱਤਾ, ਕਿਤਾਬ ਤੇ ਗੁਲਾਬ' ਤੇ 'ਦੇਸੀ ਮੁਰਗ਼ ਵਲਾਇਤੀ ਬਾਂਗ' ਪੰਜਾਬੀ ਪਾਠਕਾਂ ਦੀ ਨਜ਼ਰੀਂ ਚੜ੍ਹ ਚੁੱਕੀਆਂ ਹਨ। ਇਨ੍ਹਾਂ ਮੌਲਿਕ ਸਾਹਿਤਕ ਪੁਸਤਕਾਂ ਤੋਂ ਇਲਾਵਾ ਲੇਖਕ ਨੇ ਬੁੱਧ ਧਰਮ ਬਾਰੇ ਗੰਭੀਰ ਅਧਿਐਨ ਕਰਨ ਤੋਂ ਬਾਅਦ ਪੁਸਤਕ 'ਬੁੱਧ ਦ੍ਰਿਸ਼ਟੀ' ਵੀ ਛਪਵਾਈ ਹੈ ਅਤੇ ਕਈ ਅੰਗਰੇਜ਼ੀ ਤੇ ਹਿੰਦੀ ਪੁਸਤਕਾਂ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਹੈ, ਜਿਸ ਦੇ ਵਿਸਥਾਰ 'ਚ ਜਾਣ ਦੀ ਇੱਥੇ ਲੋੜ ਨਹੀਂ ਹੈ। ਇਸ ਦੇ ਨਾਲ ਹੀ ਇਹ ਬਹੁ-ਪੱਖੀ ਤੇ ਬਹੁ-ਭਾਸ਼ਾਈ ਲੇਖਕ ਅੰਗਰੇਜ਼ੀ ਦਾ ਮਿਆਰੀ ਤਿਮਾਹੀ ਮੈਗ਼ਜ਼ੀਨ 'ਸਾਊਥ ਏਸ਼ੀਅਨ ਅਨਸਾਂਬਲ' ਵੀ ਕਈ ਸਾਲ ਸੰਪਾਦਿਤ ਕਰਦਾ ਰਿਹਾ ਹੈ।


ਹੱਥਲੀ ਪੁਸਤਕ 'ਕਲਮੀ ਗੁਲਾਬ' ਵਿਚ ਜਿੱਥੇ ਪੰਜਾਬੀ ਦੇ ਪ੍ਰਮੁੱਖ ਲੇਖਕਾਂ ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਭੂਸ਼ਨ ਧਿਆਨਪੁਰੀ, ਨਵਤੇਜ ਭਾਰਤੀ, ਅਜਮੇਰ ਰੋਡੇ, ਅਮਰਜੀਤ ਚੰਦਨ, ਪਟਿਆਲੇ ਵਾਲੇ 'ਲਾਲੀ ਬਾਬਾ', ਸੁਰਜਨ ਜ਼ੀਰਵੀ, ਹਰਭਜਨ ਹਲਵਾਰਵੀ, ਗੁਰਬਚਨ, ਡਾ. ਸੁਖਪਾਲ, ਗੁਰਬਚਨ, ਜਸਪਾਲ ਸਿੰਘ, ਆਦਿ ਨਾਲ ਬਿਤਾਏ ਹੋਏ ਖ਼ੂਬਸੂਰਤ ਪਲਾਂ ਤੇ ਦਿਨਾਂ ਦੀਆਂ ਯਾਦਾਂ ਨੂੰ ਗੁਰਦੇਵ ਚੌਹਾਨ ਵੱਲੋਂ ਦਿਲਚਸਪ ਸ਼ਬਦ-ਚਿੱਤਰਾਂ ਦੇ ਰੂਪ ਵਿਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ, ਉੱਥੇ ਬਰੈਂਪਟਨ ਵਿਚ ਰਹਿੰਦੇ ਬਲਰਾਜ ਚੀਮਾ ਦੀ ਸ਼ਖ਼ਸੀਅਤ ਨੂੰ 'ਚਾਚੇ ਚੀਮੇ ਦਾ ਚੁਬਾਰਾ' ਅਤੇ ਰਾਮ ਸਰੂਪ ਅਣਖੀ ਨੂੰ ਉਸ ਦੇ ਨਾਵਲ 'ਚ ਵਸਾਏ ਗਏ ਪਿੰਡ 'ਕੋਠੇ ਖੜਕ ਸਿੰਘ' ਨਾਂ ਦੇ ਲੇਖਾਂ ਦੇ ਰੂਪ ਵਿਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਏਸੇ ਤਰ੍ਹਾਂ ਲੇਖਕ ਵੱਲੋਂ ਆਪਣੇ ਬਾਪ, ਜਿਸ ਨੂੰ ਉਹ 'ਚਾਚਾ' ਕਹਿ ਕੇ ਸੰਬੋਧਨ ਕਰਦਾ ਹੈ ਅਤੇ ਆਪਣੀ ਮਾਂ (ਚਾਚੀ) ਬਾਰੇ ਬਹੁਤ ਵਧੀਆ ਤਰੀਕੇ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਅੰਗਰੇਜ਼ੀ ਦੀ ਮਸ਼ਹੂਰ ਪੱਤਰਕਾਰ ਤੇ ਲੇਖਿਕਾ ਅਰੁਣਧਤੀ ਰੌਇ ਨੂੰ ਉਹ ਉਸ ਦੀਆਂ ਗਰਮ ਸਮਾਜਿਕ ਤੇ ਰਾਜਨੀਤਕ ਲਿਖ਼ਤਾਂ ਕਰਕੇ 'ਅੱਗ ਦੀ ਪੁਤਲੀ' ਕਹਿੰਦਾ ਹੈ। ਜਾਪਾਨ ਤੋਂ ਸ਼ੁਰੂ ਹੋਈ ਕਵਿਤਾ ਦੀ ਵੰਨਗੀ 'ਹਾਈਕੂ' ਬਾਰੇ ਗੱਲ ਕਰਦਿਆਂ ਆਪਣੀ ਹਾਈਕੂ-ਪੁਸਤਕ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ' ਬਾਰੇ ਉਹ ਦੱਸਦਾ ਹੈ ਕਿ ਹਾਈਕੂ ਦੇ ਨਿੱਕੇ ਆਕਾਰ ਤੋਂ ਪ੍ਰਭਾਵਿਤ ਹੋ ਕੇ ਉਸਨੇ ਹਾਈਕੂ ਲਿਖਣੇ ਸ਼ੁਰੂ ਕੀਤੇ, ਉੱਥੇ ਉਸ ਨੇ ਇਨ੍ਹਾਂ ਦੇ ਰਚਣਹਾਰਿਆਂ 'ਬਾਸ਼ੋ', 'ਸ਼ੀਕੀ', 'ਬੂਸਨ', 'ਈਸ਼ਾ', 'ਸ਼ੋਹਾ', 'ਕਿਓਰੀ', 'ਸੈਬੀ' ਅਤੇ ਔਟਵਾ ਰਹਿੰਦੇ 'ਪੰਜਾਬੀ ਹਾਈਕੂ ਸਪੈਸ਼ਲਿਸਟ' ਅਮਰਜੀਤ ਸਾਥੀ, ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਵੱਲੋਂ ਲਿਖੇ ਗਏ 'ਹਾਈਕੂਆਂ' ਦੀਆਂ ਕੁਝ ਮਿਸਾਲਾਂ ਵੀ ਇਸ ਪੁਸਤਕ ਵਿਚ ਦਿੱਤੀਆਂ ਗਈਆਂ ਹਨ। ਗੁਰਦੇਵ ਚੌਹਾਨ ਦੀ ਕਵਿਤਾ ਬਾਰੇ ਉਸ ਦੇ ਨਾਲ ਪੰਜਾਬੀ ਕਵੀਆਂ/ਕਵਿੱਤਰੀਆਂ ਗੁਰਪ੍ਰੀਤ, ਸ਼ਾਇਰ ਮਲਵਿੰਦਰ ਅਤੇ ਸੁਰਜੀਤ ਕੌਰ ਟੋਰਾਂਟੋ ਵੱਲੋਂ ਕੀਤੀਆਂ ਗਈਆਂ ਲੰਮੀਆਂ-ਚੌੜੀਆਂ ਗੱਲਾਂ-ਬਾਤਾਂ ਇੰਟਰਵਿਊਆਂ ਦੇ ਰੂਪ ਵਿਚ ਪੁਸਤਕ 'ਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਪੁਸਤਕ ਵਿਚ ਹਾਸ-ਵਿਅੰਗ ਨਾਲ ਭਰਪੂਰ ਦੋ ਆਰਟੀਕਲ 'ਚੋਣਾਂ: ਦੇਸੀ ਅਤੇ ਕੈਨੇਡੀਅਨ' ਤੇ 'ਚੋਣ-ਸਮੱਗਰੀ ਦੀ ਹੱਟੀ' ਵੀ ਦਰਜ ਕੀਤੇ ਗਏ ਹਨ।

ਖ਼ੈਰ, ਇਹ ਤਾਂ ਹੋਈ ਪੁਸਤਕ ਦੀ ਵਿਭਿੰਨਤਾ ਤੇ ਵੰਨ-ਸਵੰਨਤਾ ਦੀ ਗੱਲ। ਹੁਣ ਜ਼ਰਾ ਇਸਦੀ ਵੰਨ-ਸਵੰਨੀ ਸਮੱਗਰੀ ਵੱਲ ਵੀ ਥੋੜ੍ਹਾ ਜਿਹਾ ਧਿਆਨ ਮਾਰ ਲਈਏ, ਜਿਸ ਦੇ ਲਈ ਪੁਸਤਕ ਵਿਚਲੇ ਹਵਾਲਿਆਂ ਦਾ ਕੁਝ ਜ਼ਿਕਰ ਜ਼ਰੂਰੀ ਹੈ। ਪੁਸਤਕ ਦਾ ਪਹਿਲਾ ਆਰਟੀਕਲ ਅੰਮ੍ਰਿਤਾ ਪ੍ਰੀਤਮ ਬਾਰੇ ਹੈ ਜਿਸ ਨੂੰ ਉਸ ਦੇ ਘਰ ਮਿਲਣ ਦੀ ਤੀਬਰ ਇੱਛਾ ਉਦੋਂ ਹਰੇਕ ਪੰਜਾਬੀ ਲੇਖਕ ਦੀ ਹੁੰਦੀ ਸੀ। ਲੇਖਕ ਉਸ ਦੇ ਨਾਲ ਆਪਣੀਆਂ ਦਿਲਚਸਪ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ, 'ਉਸ ਨੂੰ ਮਿਲਣ ਲਈ ਕਦੇ ਮੈਂ ਇਕੱਲਾ ਚਲੇ ਜਾਂਦਾ, ਕਦੇ ਕੋਈ ਲੇਖਕ ਦੋਸਤ ਨਾਲ ਹੁੰਦਾ ਤੇ ਕਦੇ ਕਦੇ ਤਾਂ ਲੇਖਕਾਂ ਦਾ ਪੂਰਾ ਲਾਣਾ ਹੀ ਕਿਸੇ ਸਾਹਿਤਕ ਫੰਕਸ਼ਨ ਤੋਂ ਬਾਅਦ ਉੱਥੇ ਚਲਾ ਜਾਂਦਾ। ਬਹੁਤੀ ਵੇਰ ਲੇਖਕ ਆਪਣੀਆਂ ਪ੍ਰੇਮਕਾਵਾਂ ਨੂੰ ਵੀ ਅੰਮ੍ਰਿਤਾ ਨਾਲ ਆਪਣੀ ਨੇੜਤਾ ਦਾ ਰੋਅਬ ਪਾਉਣ ਲਈ ਲੈ ਜਾਂਦੇ। (ਪੰਨਾ-14)

ਗੁਰਦੇਵ ਚੌਹਾਨ ਕਈ ਵਾਰ 'ਨਾਗਮਣੀ' ਵਿਚ ਛਪਣ ਵਾਲੇ ਮੈਟਰ ਲਈ 'ਸਹਿਯੋਗ' ਦੇਣ ਲਈ ਜਾਂਦਾ ਸੀ ਅਤੇ ਉਸਨੇ ਇਸ ਦੇ ਕਈ ਸਪੈਸ਼ਲ ਅੰਕਾਂ 'ਕਾਲੇ ਤਿਲੀਅਰ', 'ਦੇਖ ਕਬੀਰਾ' ਆਦਿ ਵਿਚ ਆਪਣਾ ਯੋਗਦਾਨ ਪਾਇਆ, ਜਿਸ ਵਿਚ ਭੂਸ਼ਨ ਧਿਆਨਪੁਰੀ, ਰਾਮ ਸਰੂਪ ਅਣਖੀ, ਕਿਰਪਾਲ ਕਜ਼ਾਕ ਤੇ ਕਈ ਹੋਰ ਲੇਖਕਾਂ ਦੀਆਂ ਪਤਨੀਆਂ ਬਾਰੇ ਲਿਖੇ ਹੋਏ ਦਿਲਚਸਪ ਸ਼ਬਦ-ਚਿੱਤਰ ਸ਼ਾਮਲ ਸਨ। ਭੂਸ਼ਨ ਦੇ ਨਾਲ ਅੰਮ੍ਰਿਤਾ ਦੇ ਘਰ ਉਹ ਪਹਿਲੀ ਵਾਰ ਅਜੀਤ ਕੌਰ, ਦਲੀਪ ਕੌਰ ਟਿਵਾਣਾ ਅਤੇ ਕਈ ਹੋਰ ਲੇਖਕਾਂ ਨੂੰ ਮਿਲਿਆ। ਜੋਗਾ ਸਿੰਘ ਤੇ ਹਰਭਜਨ ਹਲਵਾਰਵੀ ਦੇ ਨਾਲ ਅੰਮ੍ਰਿਤਾ ਨੂੰ ਮਿਲਣ ਜਾਣ ਦੀ ਦਿਲਚਸਪ ਗਾਥਾ ਬਿਆਨ ਕਰਦਿਆਂ ਉਹ ਦੱਸਦਾ ਹੈ ਕਿ 1993 ਦੇ ਅੱਤਵਾਦ ਦੇ ਦਿਨਾਂ ਦੇ ਇੱਕ ਮਹੀਨੇ ਉਹ ਤਿੰਨੇ ਭਾਰਤੀ ਸਾਹਿਤ ਅਕਾਦਮੀ ਦੇ ਇੱਕ ਸੈਮੀਨਾਰ ਵਿਚ ਭਾਗ ਲੈਣ ਗਏ। ਉੱਥੇ ਉਸਨੇ ਤੇ ਜੋਗਾ ਸਿੰਘ ਨੇ ਆਪਣੇ ਪਰਚੇ ਪੜ੍ਹਨੇ ਸਨ ਤੇ ਹਰਭਜਨ ਹਲਵਾਰਵੀ ਉੱਪਰ ਕਿਸੇ ਹੋਰ ਨੇ ਪਰਚਾ ਪੜ੍ਹਨਾ ਸੀ। ਰਾਤ ਉਨ੍ਹਾਂ ਦਾ ਜੋਗਾ ਸਿੰਘ ਦੇ ਮਾਮੇ ਦੇ ਘਰ ਠਹਿਰਨ ਦਾ ਪ੍ਰੋਗਰਾਮ ਸੀ ਜਿਸ ਨੂੰ ਲੱਭਦਿਆਂ ਬੱਸੋਂ ਉੱਤਰ ਕੇ ਉਹ 10 ਕਿਲੋਮੀਟਰ ਤੋਂ ਵੀ ਵਧੇਰੇ ਪੈਂਡਾ ਪੈਦਲ ਤੁਰੇ। ਜੋਗਾ ਸਿੰਘ ਸੈਮੀਨਾਰ ਲਈ ਆਪਣਾ ਪੇਪਰ ਤਿਆਰ ਨਹੀਂ ਸੀ ਕਰ ਸਕਿਆ ਅਤੇ ਉਸ ਨੇ ਅਗਲੇ ਦਿਨ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਬੁਲਾਰਿਆਂ ਕੋਲੋਂ ਉਨ੍ਹਾਂ ਦੇ ਲਿਖਤੀ ਪੇਪਰ ਲੈਣ ਆਈ ਲੜਕੀ ਨੂੰ ਬੜੀ ਖ਼ੂਬਸੂਰਤੀ ਨਾਲ ਟਾਲ਼ਿਆ ਤੇ ਲਿਖਤੀ ਪੇਪਰ ਦੀ ਬਜਾਏ ਜ਼ਬਾਨੀ ਬੋਲ ਕੇ ਡੰਗ ਟਪਾਇਆ। ਸੈਮੀਨਾਰ ਤੋਂ ਬਾਅਦ ਅੰਮ੍ਰਿਤਾ ਦੇ ਘਰ ਜਾਣ ਤੋਂ ਜੋਗਾ ਸਿੰਘ ਡਰ ਰਿਹਾ ਸੀ, ਕਿਉਂਕਿ ਅੰਮ੍ਰਿਤਾ ਨੇ ਉਸਦੀ ਜ਼ਾਮਨੀ 'ਤੇ ਪ੍ਰਤਾਪ ਮਹਿਤਾ ਦੀ ਦੁਕਾਨ 'ਤੇ ਆਪਣੀਆਂ ਕਾਫ਼ੀ ਕਿਤਾਬਾਂ ਭੇਜੀਆਂ ਸਨ ਜੋ ਵਿਕ ਚੁੱਕੀਆਂ ਸਨ ਪਰ ਉਨ੍ਹਾਂ ਦੇ ਪੈਸੇ ਅੰਮ੍ਰਿਤਾ ਨੂੰ ਨਹੀਂ ਮਿਲੇ ਸਨ। ਦਰਅਸਲ, ਪ੍ਰਤਾਪ ਮਹਿਤਾ ਉਹ ਪੈਸੇ ਕਿਧਰੇ ਹੋਰ ਵਰਤ ਚੁੱਕਾ ਸੀ ਅਤੇ ਉਹ ਹੋਰ ਦੇਣ ਤੋਂ ਉਸ ਸਮੇਂ ਅਸਮਰੱਥ ਸੀ। ਖ਼ੈਰ, ਜੋਗਾ ਸਿੰਘ ਵੱਲੋਂ ਬਾਰ-ਬਾਰ ਮੁਆਫ਼ੀ ਮੰਗਣ 'ਤੇ ਅਖ਼ੀਰ ਉਹ ਮਸਾਂ ਹੀ ਇਹ ਪੈਸੇ ਉਸਦੇ ਕੋਲੋਂ ਕਿਸ਼ਤਾਂ 'ਚ ਹਰ ਮਹੀਨੇ ਵਾਪਸ ਕਰਨ 'ਤੇ ਸਹਿਮਤ ਹੋਈ ਅਤੇ ਤਾਂ ਜਾ ਕੇ ਹਾਲਾਤ ਸਾਂਵੇਂ-ਪੱਧਰੇ ਹੋ ਸਕੇ। (ਪੰਨਾ-20)



ਡਾ. ਹਰਿਭਜਨ ਸਿੰਘ ਨਾਲ ਗੁਰਦੇਵ ਚੌਹਾਨ ਦੀ ਸਾਂਝ ਅਤੇ ਵਾਕਫ਼ੀਅਤ ਬਾਹਰੀ ਨਾਲੋਂ ਅੰਦਰੂਨੀ ਲਹਿਜ਼ਾ ਵੱਧ ਰੱਖਦੀ ਹੈ। ਉਹ ਉਸ ਦੀਆਂ ਕਵਿਤਾਵਾਂ ਤੋਂ ਬੜਾ ਪ੍ਰਭਾਵਿਤ ਹੋਇਆ ਸੀ ਅਤੇ ਉਸ ਦਾ ਬਹੁਤ ਸਤਿਕਾਰ ਕਰਦਾ ਸੀ। ਉਸ ਦੇ ਕਹਿਣ ਅਨੁਸਾਰ, "ਹਰਿਭਜਨ ਸਿੰਘ ਸਪਾਟ ਦਾ ਕਵੀ ਨਹੀਂ; ਉਹ ਵਿਸਤਾਰ ਦਾ ਕਵੀ ਹੈ, ਡੂੰਘ ਦਾ ਕਵੀ ਹੈ, ਪਸਰੀ ਹੋਈ ਜਟਿਲਤਾ ਦਾ ਕਵੀ ਹੈ। ਆਪਣੀਆਂ ਬਹੁਤੀਆਂ ਕਵਿਤਾਵਾਂ ਵਿਚ ਉਹ ਰਹੱਸਵਾਦੀ ਲਹਿਜ਼ੇ ਵਿਚ ਤੁਰਦਾ ਹੈ।" (ਪੰਨਾ-29)

ਸ਼ਿਵ ਕੁਮਾਰ ਬਟਾਲਵੀ ਨਾਲ ਲੇਖਕ ਦੀ ਪਹਿਲੀ ਮੁਲਾਕਾਤ ਚੰਡੀਗੜ੍ਹ 'ਚ ਹੋਈ ਜਦੋਂ ਉਹ ਉੱਥੇ ਬੈਂਕ ਵਿਚ ਨੌਕਰੀ ਕਰਦਾ ਸੀ। ਉਹ ਤੇ ਭੂਸ਼ਨ ਸ਼ਿਵ ਦੇ 21 ਸੈਕਟਰ ਵਾਲੇ ਘਰ ਉਸਦੀ ਨਵੀਂ ਛਪੀ ਕਿਤਾਬ 'ਮੈਂ ਤੇ ਮੈਂ' ਦੇਣ ਗਏ ਸਨ ਤੇ ਫਿਰ ਉਨ੍ਹਾਂ ਦੀ ਬਾਅਦ 'ਚ 'ਪਿਆਲੇ ਦੀ ਸਾਂਝ' ਕਰਕੇ ਕਾਫ਼ੀ ਨੇੜਤਾ ਹੋ ਗਈ। ਉਹ ਸ਼ਿਵ ਦੇ ਅਖ਼ੀਰਲੇ ਦਿਨਾਂ ਦਾ ਜ਼ਿਕਰ ਬੜੇ ਭਾਵਨਾਤਮਿਕ ਸ਼ਬਦਾਂ ਵਿਚ ਕਰਦਾ ਹੈ, 'ਉਸਨੂੰ ਜਿੰਨਾ ਕੁਝ ਤੇਜ਼ੀ ਨਾਲ ਯਾਦ ਆ ਰਿਹਾ ਸੀ, ਉਤਨੀ ਤੇਜ਼ੀ ਨਾਲ ਇਹ ਭੁੱਲ ਵੀ ਰਿਹਾ ਸੀ। ਹੁਣ ਕੋਈ ਉਸਨੂੰ ਇੰਗਲੈਂਡ ਬਾਰੇ ਕੁਝ ਦੱਸਣ ਲਈ ਕਹਿ ਰਿਹਾ ਸੀ ਤਾਂ ਕੋਈ ਉਸ ਨੂੰ ਤਾਜ਼ਾ ਨਜ਼ਮ ਸੁਣਾਉਣ ਲਈ ਆਖ ਰਿਹਾ ਸੀ ਪਰ ਸ਼ਿਵ ਕੁਝ ਵੀ ਜਵਾਬ ਨਹੀਂ ਦੇ ਰਿਹਾ ਸੀ। ਉਹ ਬਸ ਬਿੱਟ-ਬਿੱਟ ਵੇਖ ਹੀ ਰਿਹਾ ਸੀ, ਕਦੇ ਸਾਡੇ ਵੱਲ ਅਤੇ ਕਦੇ ਕਿਸੇ ਦੇ ਵੱਲ ਵੀ ਨਹੀਂ। ਫਿਰ ਅਚਾਨਕ ਇੱਕ ਮੋਟਾ ਹੰਝੂ ਨਿਕਲ ਕੇ ਉਸ ਦੀ ਗੱਲ੍ਹ ਦੀ ਇੱਕ ਤ੍ਰੇੜ ਵਿਚ ਅਟਕ ਗਿਆ।" (ਪੰਨਾ- 38)

ਭੂਸ਼ਨ ਧਿਆਨਪੁਰੀ (ਅਸਲ ਨਾਂ ਬੇਨਤੀ ਸਰੂਪ ਸ਼ਰਮਾ) ਬਾਰੇ ਲੇਖਕ ਦਾ ਕਹਿਣਾ ਹੈ, 'ਭੂਸ਼ਨ ਪੀਂਦਾ ਜੱਟਾਂ ਵਾਂਗ ਹੈ ਪਰ ਪਿਲਾਉਣ ਤੋਂ ਠੇਠ ਬਾਣੀਏ ਵਾਂਗ ਭੱਜਦਾ ਹੈ। ਲਤੀਫ਼ੇ ਘੜਦਾ ਹੈ, ਸਮਾਂ ਕੋਈ ਵੀ ਹੋਵੇ। ਉਸ ਦੇ ਲਤੀਫ਼ਿਆਂ ਵਿਚ ਮੱਕੀ ਦੇ ਮੁਰਮੁਰਿਆਂ ਦੀ ਕੜਾਕੇਦਾਰ ਤਾਜ਼ਗੀ ਤੇ ਸਵਾਦ ਹੁੰਦਾ ਹੈ।' (ਪੰਨਾ-39)

ਉਸਦੀ ਪੈਰੋਡੀ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ, 'ਅਸਲ ਵਿਚ ਭੂਸ਼ਨ ਵੇਖਣ ਨੂੰ, ਬੰਦਾ ਘੱਟ ਅਤੇ 'ਪੈਰੋਡੀ' ਵੱਧ ਲੱਗਦਾ ਹੈ। ਉਸ ਨੇ ਪੈਰੋਡੀਆਂ ਕੇਵਲ ਉਨ੍ਹਾਂ ਸਾਹਿਤਕਾਰਾਂ ਜਾਂ ਉਨ੍ਹਾਂ ਦੀਆਂ ਕਵਿਤਾਵਾਂ ਬਾਰੇ ਹੀ ਲਿਖੀਆਂ ਹਨ ਜਿਨ੍ਹਾਂ ਨੂੰ ਬੇਹੱਦ ਪਿਆਰ ਕਰਦਾ ਹੈ।

ਉਦਾਹਰਣ ਵਜੋਂ:
ਸੰਤ ਸਿੰਘ ਸੇਖੋਂ ਆਖੇ ਤੇਜਵੰਤ ਨੂੰ,
ਮੇਰੇ ਵਾਲਾ ਹਾਲ ਹੋਣਾ ਤੇਰਾ ਅੰਤ ਨੂੰ।

ਆਖ ਭੱਠੀ ਵਾਲੀ ਨੂੰ,
ਨੀ ਪੀੜਾਂ ਦਾ ਪਰਾਗਾ ਮੇਰਾ,
ਸਾੜ ਕੇ ਸਵਾਹ ਕਰ ਦੇ। (ਪੰਨਾ-44)

ਨਵਤੇਜ ਭਾਰਤੀ ਤੇ ਅਜਮੇਰ ਰੋਡੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ ਕਿ ਪਿਛਲੇ ਦਸ ਸਾਲ ਤੋਂ ਜਦ ਤੋਂ ਦੋਹਾਂ ਭਰਾਵਾਂ ਸਾਂਝੀ ਕਾਵ-ਪੁਸਤਕ 'ਲੀਲ੍ਹਾ' ਪ੍ਰਕਾਸ਼ਿਤ ਹੋਈ ਹੈ, ਇਸਨੇ ਪੰਜਾਬੀ ਦੀ ਬਹੁਤ ਸਾਰੀ ਕਵਿਤਾ ਨੂੰ ਬੇਲੋੜੀ ਤੇ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਇਸ ਨੂੰ ਪੜ੍ਹ ਕੇ ਜਾਪਦਾ ਹੈ ਕਿ ਜ਼ਿੰਦਗੀ ਦਾ ਅਸਲ ਮਜ਼ਬੂਨ ਤਾਂ ਛੋਟੇ ਅਹਿਸਾਸਾਂ ਅਤੇ ਭਾਵ-ਚਿਤਰਾਂ ਵਿਚ ਪਿਆ ਹੈ, ਕੁਦਰਤ ਦੀ ਅਮੁੱਕ ਅਤੇ ਅਤੁੱਟ ਵਿਰਾਟਤਾ ਅਤੇ ਨੇੜਤਾ ਵਿਚ, ਝੁਣਝੁਣੀ ਦੀ ਸਰੀਰਕਤਾ ਵਿਚ ਅਤੇ ਪਿਆਰ ਦੀ ਅਛੋਹ ਅਤੇ ਅਮੂਕ ਛਹਿਬਰ ਵਿਚ। 'ਲੀਲ੍ਹਾ' ਦੀ ਬਹੁਤੀ ਕਵਿਤਾ ਕੁਝ ਕਹਿਣ ਤੇ ਮਨਾਉਣ ਵੱਲ ਨਹੀਂ, ਕੁਝ ਮਹਿਸੂਸ ਕਰਾਉਣ ਵੱਲ ਰੁਚਿਤ ਹੈ। (ਪੰਨਾ-51)

ਅਮਰਜੀਤ ਚੰਦਨ ਬਾਰੇ ਲੇਖਕ ਦਾ ਕਹਿਣਾ ਹੈ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਚੰਦਨ ਵਿਚ ਨਵਾਂ ਰਚਣ ਅਤੇ ਨਵੀਂ ਤਰ੍ਹਾਂ ਰਚਣ ਦੀ ਸਮਰੱਥਾ ਹੈ। ਪੰਜਾਬੀ ਵਿਚ ਅਜਿਹੀ ਮਿਸਾਲ ਮਿਲਣੀ ਔਖੀ ਹੈ ਪਰ ਕਈ ਵੇਰ ਇਸ ਪ੍ਰਵਿਰਤੀ ਹੇਠ ਉਹ ਅਜਿਹਾ ਵੀ ਲਿਖ ਜਾਂਦਾ ਹੈ ਜਿਹੜਾ ਉਠਾਲਣਯੋਗ ਨਹੀਂ ਹੁੰਦਾ ਜਾਂ ਨਹੀਂ ਰਹਿੰਦਾ। (ਪੰਨਾ-59)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਂਥਰੋਪੌਲੋਜੀਕਲ ਲਿੰਗੂਇਸਟਿਕਸ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ 'ਲਾਲੀ ਬਾਬੇ' ਨੂੰ ਗੁਰਦੇਵ ਚੌਹਾਨ ਪਟਿਆਲਾ ਦੇ 'ਭੂਤਵਾੜੇ' ਦੇ ਅਹਿਮ ਮੈਂਬਰ ਵਜੋਂ ਯਾਦ ਕਰਦਾ ਹੈ। ਉਹ ਕਹਿੰਦਾ ਹੈ, 'ਭੂਤਵਾੜੇ ਨੂੰ ਲਾਲੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਦੀਆਂ ਸਾਰੀਆਂ ਹਸਤੀਆਂ ਆਪੋ ਆਪਣੀਆਂ ਰਚਨਾਤਮਿਕ ਭਟਕਣਾਂ ਕਾਰਨ ਇੱਕ ਦੂਜੇ ਦੀਆਂ ਪੂਰਕ ਸਨ। ਗੁਰਭਗਤ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ, ਲਾਲੀ ਬਾਬਾ, ਪ੍ਰੇਮ ਪਾਲੀ, ਅਮਰਜੀਤ ਸਾਥੀ, ਨੂਰ, ਸੁਰਜੀਤ ਲੀਅ, ਕੁਲਵੰਤ ਗਰੇਵਾਲ, ਨਕਸਲੀਆ ਹਰਭਜਨ ਸੋਹੀ, ਜੋਗਿੰਦਰ ਹੀਰ ਇਸ ਦੇ ਮੁੱਖ ਮੈਂਬਰ ਸਨ। ਕਦੇ ਕਦੇ ਜੋਗਾ ਸਿੰਘ, ਅਮਰਜੀਤ ਪਰਾਗ, ਗੁਰਬਖ਼ਸ਼ ਸਿੰਘ ਸੋਚ ਵੀ ਉੱਥੇ ਜਾ ਡੇਰਾ ਲਾਉਂਦੇ। ਇਨ੍ਹਾਂ 'ਭੂਤਾਂ' ਦਾ ਅਜੇ ਆਪਣਾ ਕੋਈ 'ਪ੍ਰਛਾਵਾਂ' ਨਹੀਂ ਸੀ ਉੱਭਰਿਆ। ਸਾਰਿਆਂ ਭੂਤਾਂ ਦੇ ਪੈਰ ਪੁੱਠੇ ਸਨ। (ਪੰਨਾ-80)

ਸੁਰਜਨ ਸਿੰਘ ਜ਼ੀਰਵੀ ਜੋ 'ਨਵਾਂ ਜ਼ਮਾਨਾ' ਅਖ਼ਬਾਰ ਦੇ ਲੰਮਾ ਸਮਾਂ ਸੰਪਾਦਕ ਰਹੇ, ਨੂੰ ਲੇਖਕ 'ਇੱਕੀਵੀਂ ਸਦੀ ਦਾ ਸ਼ਾਹਸਵਾਰ' ਮੰਨਦਾ ਹੈ। ਉਹ ਕਹਿੰਦਾ ਹੈ, "ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇਂ ਦੇ ਸ਼ੀਸ਼ਿਆਂ ਵਿਚੋਂ ਉਸਦੀ ਪੈਨੀ ਦ੍ਰਿਸ਼ਟੀ ਸਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ ਜਿਹੜੀਆਂ ਮੀਡੀਆ ਦੇ ਰਹਿਮੋਂ-ਕਰਮ 'ਤੇ ਸਨ। ... ਉਸਦੀ 'ਇਹ ਹੈ ਬਾਰਬੀ ਸੰਸਾਰ' ਵਿਚ ਕੁਝ ਅਜਿਹੇ ਮਸਲੇ ਹਨ ਜਿਹੜੇ ਕੈਨੇਡਾ ਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਿਤ ਹੀ ਨਹੀਂ, ਸਗੋਂ ਇਨ੍ਹਾਂ ਉੱਤੇ ਕਰਾਰੀ ਚੋਟ ਵੀ ਕਰਦੇ ਹਨ।" (ਪੰਨਾ-83, 84)

ਇਸ ਤਰ੍ਹਾਂ ਇਸ ਆਰਟੀਕਲ ਵਿਚ ਇਸ ਕਿਤਾਬ ਵਿਚੋਂ ਗੁਰਦੇਵ ਚੌਹਾਨ ਦੇ ਸਮਕਾਲੀ ਲੇਖਕਾਂ, ਜਿਨ੍ਹਾਂ ਦੀ ਤੁਲਨਾ ਉਸ ਨੇ ਖ਼ੂਬਸੂਰਤ 'ਕਲਮੀ ਗੁਲਾਬਾਂ' ਨਾਲ ਕੀਤੀ ਹੈ ਅਤੇ ਜਿਨ੍ਹਾਂ ਨਾਲ ਉਸਦੀ ਬੜੀ ਨੇੜਤਾ ਰਹੀ ਹੈ, ਬਾਰੇ ਬਹੁਤ ਦਿਲਚਸਪ ਟੂਕਾਂ ਤੇ ਟਿੱਪਣੀਆਂ ਦਿੱਤੀਆਂ ਜਾ ਸਕਦੀਆਂ ਹਨ। ਪਰ ਇੱਥੇ ਇਹ ਏਨੀਆਂ ਹੀ ਕਾਫ਼ੀ ਹਨ, ਬਾਕੀ ਪਾਠਕ ਆਪ ਇਹ ਪੁਸਤਕ ਪੜ੍ਹ ਕੇ ਵੇਖ ਸਕਦੇ ਹਨ। ਕਿਤਾਬ ਸਾਰੀ ਦੀ ਸਾਰੀ ਨਿੱਠ ਕੇ ਪੜ੍ਹਨ ਵਾਲੀ ਹੈ। ਪਾਠਕ ਨੂੰ ਇਸ ਵਿਚੋਂ 'ਬਹੁ-ਮੁੱਲੇ ਪ੍ਰਵਚਨ' ਪ੍ਰਾਪਤ ਹੋ ਸਕਦੇ ਹਨ। ਮਸਲਨ, ਸਫ਼ਰਨਾਮੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ, 'ਸਫ਼ਰਨਾਮਾ ਉਹ ਹੁੰਦਾ ਹੈ ਜਦ ਕੋਈ ਕਿਧਰੇ ਇਸ ਆਸ ਨਾਲ ਜਾਵੇ ਕਿ ਉਸ ਨੇ ਮੁੜ ਆਣਾ ਹੈ। ਸਫ਼ਰਨਾਮਾ ਮੁੜ ਆਣ ਦੀ ਆਸ ਵਿਚੋਂ ਸ਼ੁਰੂ ਹੁੰਦਾ ਹੈ। ਇਸ ਵਿਚ ਉਹ ਖ਼ੁਸ਼ੀ ਸ਼ਾਮਲ ਹੁੰਦੀ ਹੈ, ਜਿਹੜੀ ਕੋਈ ਹੋਰਨਾਂ ਨੂੰ ਦੱਸਦਾ ਹੋਇਆ ਮਹਿਸੂਸ ਕਰਦਾ ਹੈ ਕਿ ਉਸ ਕਿਵੇਂ ਤੇ ਕਿਹੜੀਆਂ ਦੂਰ-ਦੁਰਾਢੀਆਂ ਥਾਂਵਾਂ ਗਾਹ ਮਾਰੀਆਂ ਹਨ। (ਪੰਨਾ-186)

ਏਸੇ ਤਰ੍ਹਾਂ ਕਾਵਿ-ਸਿਰਜਣਾ ਬਾਰੇ ਉਸ ਦਾ ਵਿਚਾਰ ਹੈ ਕਿ ਇਹ ਦਰਖ਼ਤਾਂ ਦੇ ਸੱਕ ਲਾਹੁਣ ਵਾਂਗ ਹੈ। ਬਾਗ਼ ਵਿਚ ਦੇਰ ਸਵੇਰ ਅਕਾਰਣ ਸੈਰ ਕਰਨ ਵਾਂਗ। ਬਾਗ਼ ਦੀ ਥਾਂ ਥੇਹ ਵੀ ਲੈ ਸਕਦੀ ਹੈ ਅਤੇ ਦਰਖ਼ਤਾਂ ਦੀ ਥਾਂ ਦਰਦ ਵੀ। ਕਵਿਤਾ ਦੀ ਸਾਰਥਕਤਾ ਵਿਚ ਫ਼ਰਕ ਕੇਵਲ ਉਦੋਂ ਪੈਂਦਾ ਹੈ ਜਦ ਗੱਲ ਨਿਰੀ ਦਿਮਾਗ਼ੀ ਬਣ ਕੇ ਰਹਿ ਜਾਵੇ। ਬਾਗ਼, ਥੇਹ ਜਾਂ ਦਰਖ਼ਤ ਇਸ ਵਿਚ ਹੋਣ ਜਾਂ ਨਾ, ਪਰ ਕਵਿਤਾ ਵਿਚ ਦਿਲ ਦੇ ਟੋਟੇ ਦਾ ਹੋਣਾ ਅਤਿਅੰਤ ਜ਼ਰੂਰੀ ਹੈ। (ਪੰਨਾ-199)

ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਗੁਰਦੇਵ ਚੌਹਾਨ ਨੇ ਕੈਨੇਡਾ ਦੀ ਮੋਟਲ ਇੰਡਸਟਰੀ ਨੂੰ ਨੇੜਿਉਂ ਵੇਖਿਆ ਤੇ ਹੱਡੀਂ ਹੰਢਾਇਆ ਹੈ। ਅੱਠ ਸਾਲ ਦੇ ਇਸ ਲੰਮੇਂ ਸਮੇਂ ਦੌਰਾਨ ਉਸ ਨੇ ਇੱਥੋਂ ਦੇ ਛੋਟੇ ਜਿਹੇ ਸ਼ਹਿਰ 'ਟਰਿੰਟਨ' ਵਿਖੇ ਸਥਿਤ ਆਪਣੇ ਧੀ-ਜੁਆਈ ਦੇ 'ਡੋਰਵਾਲ ਪਾਰਕ ਮੋਟਲ' ਦਾ ਦੋ-ਤਿੰਨ ਵਾਰ ਚਾਰਜ ਸੰਭਾਲਿਆ। ਇਸ ਦੌਰਾਨ ਉਸਦਾ ਕਈ ਤਰ੍ਹਾਂ ਦੇ 'ਗਾਹਕਾਂ' (ਗੈਸਟਾਂ) ਨਾਲ ਵਾਹ ਪਿਆ ਜਿਨ੍ਹਾਂ ਵਿਚ ਕਈ ਚਲਾਕ ਕਿਸਮ ਦੇ ਕਿਰਾਇਆ ਮਾਰਨ ਵਾਲੇ ਅਤੇ ਗ਼ਲਤ ਕੰਮ ਕਰਨ ਵਾਲੇ ਵੀ ਸ਼ਾਮਲ ਸਨ ਅਤੇ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਪੋਲੀਸ ਦੀ ਮਦਦ ਨਾਲ ਮੋਟਲ ਵਿਚੋਂ ਬਾਹਰ ਕੱਢਿਆ ਗਿਆ। ਇੱਥੇ ਉਹ ਇੱਕ ਅਜਿਹੀ ਮਾਸੂਮ ਲੜਕੀ ਦਾ ਵੀ ਜ਼ਿਕਰ ਕਰਦਾ ਹੈ ਜਿਸ ਨੂੰ ਵੇਸਵਾ ਬਣਨ ਲਈ ਮਜਬੂਰ ਕਰ ਦਿੱਤਾ ਗਿਆ ਸੀ। (ਪੰਨਾ-283)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਪੁਸਤਕ ਵਿਚ ਗੁਰਦੇਵ ਚੌਹਾਨ ਨੇ ਜਿੱਥੇ ਆਪਣੇ ਸਮਕਾਲੀ ਲੇਖਕਾਂ ਨਾਲ ਗੁਜ਼ਾਰੇ ਦਿਨਾਂ ਨੂੰ ਬਾਖ਼ੂਬੀ ਯਾਦ ਕੀਤਾ ਹੈ, ਉੱਥੇ ਇਸ ਵਿਚ ਕਵਿਤਾ, ਕਾਵਿ-ਸਿਰਜਣਾ, ਸਫ਼ਰਨਾਮੇ, ਮੋਟਲਨਾਮੇ, ਕੈਨੇਡਾ ਦੇ ਬਰਫ਼ਨਾਮੇ, ਕਰੋਨਾ, ਨੀਂਦ, ਪੇੜਾਂ, ਪੱਤਿਆਂ, ਬ੍ਰਹਿਮੰਡੀ ਚੇਤਨਾ, ਮੱਛੀ ਦੇ ਪਕੌੜਿਆਂ ਦੀ ਸੁਗੰਧ, ਸ਼ਰਾਬ ਤੇ ਹਾਈਡਰੋਜਨ ਦੇ ਅਦਭੁੱਤ ਗੁਣਾਂ, ਆਦਿ ਬਾਰੇ ਬਹੁ-ਮੁੱਲੀਆਂ ਗੱਲਾਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਜਾਣਕਾਰੀ ਵਿਚ ਢੇਰ ਸਾਰਾ ਵਾਧਾ ਹੁੰਦਾ ਹੈ। ਮੈਂ ਇਹ ਪੁਸਤਕ ਲਿਆਉਣ ਲਈ ਗੁਰਦੇਵ ਚੌਹਾਨ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਪਾਠਕਾਂ ਨੂੰ ਇਹ ਬਹੁ-ਮੁੱਲੀ ਜਾਣਕਾਰੀ ਭਰਪੂਰ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ।

# ਹਿੰਦੋਸਤਾਨ ਵਿਚ ਖੱਬੀ ਧਿਰ ਦੀ ਰਾਜਨੀਤੀ ਜੜ੍ਹ ਕਿਉਂ ਨਾ ਲੱਗੀ?

***ਪੰਜਾਬ ਵਿਚ ਕਮਿਊਨਿਸਟ ਲਹਿਰ ਦਾ ਇਤਿਹਾਸ 100 ਸਾਲ ਤੋਂ ਵੀ ਵੱਧ ਪੁਰਾਣਾ ਹੈ। ਕਮਿਊਨਿਸਟ ਵਿਚਾਰਾਂ ਦੀ ਆਮਦ ਪੰਜਾਬ ਦੀ ਧਰਤੀ 'ਤੇ ਰੂਸੀ ਇਨਕਲਾਬ ਤੋਂ ਤੁਰੰਤ ਬਾਅਦ ਗਦਰ ਪਾਰਟੀ ਦੀ ਲਹਿਰ ਨਾਲ ਹੀ ਸ਼ੁਰੂ ਹੋ ਗਈ ਸੀ। ਪੰਜਾਬ ਵਿਚ ਇਸ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਸੈਂਕੜੇ ਨਹੀ, ਬਲਕਿ ਹਜ਼ਾਰਾਂ ਵਰਕਰਾਂ ਵਲੋਂ ਕਮਿਊਨਿਸਟ ਪਾਰਟੀ ਦੀਆਂ ਜੜ੍ਹਾਂ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਲੋਕਪੱਖੀ ਹੋਣ ਦੇ ਬਾਵਜੂਦ ਇਸ ਦੀਆਂ ਜੜ੍ਹਾਂ ਕਿਉਂ ਨਾ ਲਗੀਆਂ ਇਸਦਾ ਮੁਖ ਕਾਰਨ ਸ.ਹਰਜੀਤ ਸਿੰਘ ਗਿੱਲ ਇਸਨੂੰ ਆਪਣੇ ਵਿਰਸੇ ਨਾਲ ਨਾ ਜੋੜ ਸਕਣਾ ਦੱਸਦੇ ਹਨ।-ਸੰਪਾਦਕ***

ਕਮਿਊਨਿਸਟ ਵਿਚਾਰਧਾਰਾ ਅਤੇ ਸਮਾਜਵਾਦੀ ਵਿਚਾਰਧਾਰਾ ਅਕਸਰ ਇਕੋ ਜਿਹੀਆਂ ਲੱਗਦੀਆਂ ਹਨ, ਪਰ ਦੋਵਾਂ ਵਿਚ ਕੁਝ ਮੂਲ ਸਮਾਨਤਾਵਾਂ ਵੀ ਹਨ ਅਤੇ ਕਈ ਮਹੱਤਵਪੂਰਨ ਵਖਰੇਵੇਂ ਵੀ ਹਨ। ਦੋਵੇਂ ਵਿਚਾਰਧਾਰਾਵਾਂ ਦੇ ਲੋਕ ਪੂੰਜੀਵਾਦੀ ਪ੍ਰਣਾਲੀ ਦਾ ਵਿਰੋਧ ਕਰਦੇ ਹਨ ਕਿਉਂਕਿ ਇਸ ਨਾਲ ਅਸਮਾਨਤਾ ਵਧਦੀ ਹੈ। ਦੋਵੇਂ ਧਰਾਵਾਂ ਹੀ ਸਮਾਜ ਵਿਚ ਦੌਲਤ ਦੀ ਨਿਆਂ-ਯੁਕਤ ਵੰਡ ਦੀ ਗੱਲ ਕਰਦੀਆਂ ਹਨ। ਮਜ਼ਦੂਰ, ਕਿਸਾਨ ਅਤੇ ਹੇਠਲੇ ਵਰਗ ਦੇ ਹੱਕਾਂ ਦੀ ਰੱਖਿਆ ਦੋਵਾਂ ਦਾ ਕੇਂਦਰੀ ਮੁੱਦਾ ਹੈ। ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਨੂੰ ਖਤਮ ਕਰਨਾ ਹੀ ਦੋਵਾਂ ਦਾ ਉਦੇਸ਼ ਹੈ। ਦੋਵਾਂ ਦਾ ਮੱਤ ਹੈ ਕਿ ਸਟੇਟ ਆਰਥਿਕ ਅਸਮਾਨਤਾਵਾਂ ਘਟਾਉਣ ਵਿਚ ਭੂਮਿਕਾ ਨਿਭਾ ਸਕਦਾ ਹੈ। ਇਸੇ ਕਰਕੇ ਰਾਜਨੀਤਕ ਸੰਭਾਵਨਾਵਾਂ ਨੂੰ ਰਾਜ ਸੱਤਾ ਤੀਕ ਪਹੁੰਚਣ ਲਈ ਵਰਤਣਾ ਯੋਗ ਹੈ।



ਸਮਾਜਵਾਦ ਨੂੰ ਕਮਿਊਨਿਜ਼ਮ ਵੱਲ ਜਾਣ ਦਾ ਇੱਕ ਪੜਾਅ ਵੀ ਮੰਨਿਆ ਜਾਂਦਾ ਹੈ। ਸਮਾਜਵਾਦ


**ਹਰਜੀਤ ਸਿੰਘ ਗਿੱਲ**
ਫੋਨ:+1 647 542 0007
+919888945127 (ਭਾਰਤ)

ਅਮਲੀ ਅਤੇ ਸੁਧਾਰਕ ਰਸਤਾ ਅਪਣਾਉਂਦਾ ਹੈ, ਜਦਕਿ ਕਮਿਊਨਿਜ਼ਮ ਇਨਕਲਾਬੀ ਅਤੇ ਸਿਧਾਂਤਕ ਰਸਤਾ। ਲੈਨਿਨ ਅਨੁਸਾਰ ਸੁਧਾਰਵਾਦ ਮਜ਼ਦੂਰ ਜਮਾਤ ਨੂੰ ਧੋਖਾ ਦੇਣ ਦਾ ਬੁਰਜੂਆ ਤਰੀਕਾ ਹੈ। ਸਮਾਜਵਾਦੀ ਵਿਚਾਰਧਾਰਾ ਕਲਿਆਣਕਾਰੀ ਅਤੇ ਬਰਾਬਰੀ ਵਾਲਾ ਸਮਾਜ, ਮਜ਼ਬੂਤ ਰਾਜ, ਵੈਲਫੇਅਰ ਸਟੇਟ, ਲੋਕਤੰਤਰਿਕ ਅਤੇ ਸ਼ਾਂਤੀਪੂਰਨ ਸੁਧਾਰਾਂ ਰਾਹੀਂ ਇੱਕ ਅਜਿਹਾ ਢਾਂਚਾ ਉਸਾਰਨਾ ਚਾਹੁੰਦੀ ਹੈ। ਸਮਾਜਵਾਦੀਆਂ ਨੂੰ ਸੀਮਿਤ ਨਿੱਜੀ ਮਲਕੀਅਤ ਵੀ ਮਨਜ਼ੂਰ ਹੁੰਦੀ ਹੈ, ਜਦ ਕਿ ਕਮਿਊਨਿਸਟ ਵਿਚਾਰਧਾਰਾ ਨਿੱਜੀ ਮਲਕੀਅਤ ਪੂਰੀ ਤਰ੍ਹਾਂ ਖਤਮ ਕਰਨ, ਰਾਜ-ਰਹਿਤ, ਵਰਗ-ਰਹਿਤ ਸਮਾਜ ਉਸਾਰਨ ਅਤੇ ਸੱਤਾ ਤੀਕ ਪਹੁੰਚਣ ਲਈ ਕਈ ਵਾਰ ਹਿੰਸਾਤਮਕ ਅੰਦੋਲਨ ਅਤੇ ਤੌਰ ਤਰੀਕੇ ਅਪਨਾਉਣ ਨੂੰ ਇਨਕਲਾਬੀ ਕਦਮ ਦੱਸਦੇ ਹਨ। ਮਾਰਕਸਵਾਦੀ ਡਾਇਲੈਕਟਿਕ ਅਨੁਸਾਰ ਜਮਾਤੀ ਸੰਘਰਸ਼ ਅਟਲ ਅਤੇ ਜ਼ਰੂਰੀ ਹੈ। ਕਹਿਣ ਨੂੰ ਇਹ ਵੀ ਕਿਹਾ ਜਾਂਦਾ ਹੈ ਕਿ ਅੰਤਮ ਨਿਸ਼ਾਨੇ ਵਿਚ ਰਾਜ ਦਾ ਖ਼ਾਤਮਾ ਵੀ ਹੈ, ਪਰ ਹਾਲੇ ਤੀਕ ਅਜਿਹਾ ਸੰਭਵ ਨਹੀਂ ਹੋ ਸਕਿਆ, ਸਗੋਂ ਹਰ ਇਨਕਲਾਬ ਦਾ ਅੰਤ ਤਾਨਾਸ਼ਾਹੀ ਵੱਲ ਹੀ ਗਿਆ ਹੈ।

ਮਾਰਕਸਵਾਦੀ ਸਿਧਾਂਤ ਲੋਕਪੱਖੀ ਵਿਚਾਰਧਾਰਾ ਹੈ, ਜੋ ਰੋਟੀ, ਰੋਜ਼ਗਾਰ, ਮਨੁੱਖੀ ਬਰਾਬਰੀ ਅਤੇ ਇਜ਼ਤ ਵਰਗੇ ਮੂਲ ਮੁੱਦਿਆਂ 'ਤੇ ਖੜ੍ਹਾ ਹੈ। ਇਸ ਦੇ ਬਾਵਜੂਦ ਆਮ ਲੋਕ ਇਸ ਵਿਚਾਰਧਾਰਾ ਦੀ ਵੱਡੀ ਧਿਰ ਕਿਉਂ ਨਹੀਂ ਬਣ ਸਕੇ? ਇਹ ਸੁਆਲ ਹਰ ਮਨੁੱਖਤਾਵਾਦੀ ਚੇਤੰਨ ਮਨੁੱਖ ਨੂੰ ਪ੍ਰੇਸ਼ਾਨ ਕਰਦਾ ਹੈ। ਇਸ ਦਾ ਮੁੱਖ ਕਾਰਨ ਪੂੰਜੀਵਾਦ ਦੇ ਦਬਦਬੇ ਵਾਲੇ ਨਿਜ਼ਾਮ ਵਿਚ ਆਮ ਮਨੁੱਖ ਦੀ ਦੌੜ ਆਪਣੇ ਪਰਿਵਾਰ ਲਈ ਦੋ ਵਕਤ ਦੀ ਰੋਟੀ ਜੁਟਾਉਣ ਤੀਕ ਸੀਮਤ ਹੋ ਗਈ ਹੈ। ਵਰਗ ਚੇਤਨਾ ਦੀ ਘਾਟ ਦੀ ਪ੍ਰਕਿਰਿਆ ਵਿਚ ਜਿੰਨੇ ਕਸੂਰਵਾਰ ਸਿਧਾਂਤ ਨੂੰ ਲਾਗੂ ਕਰਨ ਵਾਲੇ ਰਹੇ ਹਨ, ਉਸ ਤੋਂ ਵੀ ਵਧੀਕ ਜਾਤ, ਧਰਮ, ਭਾਸ਼ਾ, ਕੌਮ ਦੇ ਮੁੱਦੇ ਉਭਾਰ ਕੇ ਵਿਰੋਧੀ ਖੇਮੇ ਦੇ ਸੱਜੇ ਪੱਖੀ ਸ਼ਕਤੀਆਂ ਦੇ ਮਜ਼ਦੂਰ ਨੂੰ ਮਜ਼ਦੂਰ ਤੋਂ ਵੀ ਪਹਿਲਾਂ ਹਿੰਦੂ, ਮੁਸਲਮਾਨ, ਸਿੱਖ ਅਤੇ ਦਲਿਤ ਵਿਚ ਵੰਡ ਕੇ ਬੁੱਧੂ ਬਣਾਉਣ ਵਾਲੇ ਕਾਰਨਾਮੇ ਹਨ। ਸਟੇਟ ਅਤੇ ਪੂੰਜੀ ਦੀ ਤਾਕਤ ਨਾਲ ਬਣੀ ਵਿਚਾਰਧਾਰਕ ਤਾਕਤ ਦੇ ਬਲਬੂਤੇ ਪੂੰਜੀਪਤੀ ਲੋਕ ਗਰੀਬ ਨੂੰ ਇਹ ਦੱਸਦੇ ਰਹੇ ਹਨ ਕਿ ਜੇਕਰ ਤੂੰ ਗਰੀਬ ਅਤੇ ਬੇਸਹਾਰਾ ਹੈ ਤਾਂ ਇਹ ਤੇਰਾ ਕਸੂਰ ਹੈ, ਤੇਰੇ ਪਿਛਲੇ ਜਨਮ ਦਾ ਲੇਖਾ ਹੈ। ਸਬਰ ਕਰ, ਕੁਦਰਤ ਦੇ ਘਰ ਇਨਸਾਫ ਤਾਂ ਹੈ, ਪਰ ਇਸ ਲਈ ਸਮਾਂ ਸਥਾਨ ਨਿਸ਼ਚਿਤ ਹੈ। ਅਜਿਹੇ ਧਾਰਮਿਕ ਪਰਪੰਚ ਨਾਲ ਗਰੀਬ ਮਜ਼ਦੂਰ ਨੂੰ ਉਸ ਨਾਲ ਹੁੰਦਾ ਸ਼ੋਸ਼ਣ ਕੁਦਰਤੀ ਲੱਗਣ ਲੱਗ ਪਿਆ। ਬੇਬਸ ਮਜ਼ਦੂਰ ਨੂੰ ਧਰਮ ਅਤੇ ਰਾਸ਼ਟਰਵਾਦ (ਬਹੁਤ ਵਾਰੀ ਅੰਧ ਰਾਸ਼ਟਰਵਾਦ) ਦਾ ਸਬਕ ਦਿੱਤਾ ਗਿਆ। ਦੂਸਰਾ ਮਾਰਕਸਵਾਦੀ ਸਿਧਾਂਤ ਬਹੁਤ ਹੀ ਜਟਿਲ ਮਾਰਕਸਵਾਦੀ ਢਾਂਚੇ 'ਤੇ ਖੜ੍ਹਾ ਹੈ ਅਤੇ ਬਹੁਤ ਹੀ ਕਠਿਨ ਭਾਸ਼ਾ ਜਿਵੇਂ ਦਵੰਦਵਾਦੀ ਭੌਤਿਕਵਾਦ, ਸਰਪਲਸ ਵੈਲਿਊ, ਇਤਿਹਾਸਕ ਪਦਾਰਥਵਾਦ ਅਤੇ ਬਾਅਦ ਵਿਚ ਰੂਸੀ ਭਾਸ਼ਾ ਤੋਂ ਆਏ ਭਾਰੀ ਭਰਕਮ ਸ਼ਬਦ ਬੁਰਜੂਆਜ਼ੀ, ਬਾਲਸ਼ਵਿਕ, ਪੈਟੀ ਬੁਰਜੂਆਜ਼ੀ ਆਦਿ ਆਮ ਜਨ-ਸਧਾਰਨ ਦੀ ਸਮਝ ਤੋਂ ਪਰੇ ਦੀ ਚੀਜ਼ ਬਣ ਕੇ ਰਹਿ ਜਾਂਦੇ ਹਨ। ਗਰੀਬ ਵਿਅਕਤੀ ਲਈ ਕਰਜ਼ਾ, ਤੁਰੰਤ ਰੋਜ਼ੀ-ਰੋਟੀ ਦੀ ਫਿਕਰ, ਦਿਨ ਦੀ ਮਜ਼ਦੂਰੀ ਦੀ ਥਕਾਵਟ, ਪੁਲਿਸ ਅਤੇ ਪ੍ਰਸ਼ਾਸਨ ਦੇ ਡਰ ਨਾਲ ਭਰੀ ਲੰਬੀ ਸਿਆਸੀ ਲੜਾਈ ਔਖੀ ਬਣ ਗਈ। ਕਮਿਊਨਿਸਟ ਪਾਰਟੀਆਂ ਦੀਆਂ ਆਪਣੀਆਂ ਅੰਦਰੂਨੀ ਕਮਜ਼ੋਰੀਆਂ, ਧੜੇਬੰਦੀ, ਪਾਟੋਧਾੜ, ਸਥਾਨਕ ਹਾਲਾਤਾਂ ਦੀ ਅਣਦੇਖੀ ਅਤੇ ਜਨਤਾ ਤੋਂ ਦੂਰੀ ਨੇ ਲਹਿਰ ਦਾ ਵੱਡਾ ਨੁਕਸਾਨ ਕੀਤਾ। ਜਿੱਥੇ ਮਾਰਕਸਵਾਦੀ ਪਾਰਟੀਆਂ ਇਹ ਸੰਤੁਲਨ ਨਾ ਬਣਾ ਸਕੀਆਂ, ਉੱਥੇ ਆਮ ਗਰੀਬ ਲੋਕ ਇਨ੍ਹਾਂ ਦੀ ਵੱਡੀ ਧਿਰ ਨਹੀਂ ਬਣ ਸਕੇ। ਪ੍ਰਸਿੱਧ ਇਨਕਲਾਬੀ ਨਾਟਕਕਾਰ ਅਤੇ ਲੋਕ ਮਨਾ ਵਿਚ ਸਤਿਕਾਰ ਨਾਲ ਯਾਦ ਕੀਤੇ ਜਾਂਦੇ, ਜਿਨ੍ਹਾਂ ਨੂੰ ਕਾਮਰੇਡ ਭਾਜੀ ਗੁਰਸ਼ਰਨ ਅਤੇ ਆਮ ਲੋਕ ਉਨ੍ਹਾਂ ਦੇ ਨਾਟਕ ਦੇ ਇੱਕ ਪਾਤਰ ਭਾਈ ਮੰਨਾ ਸਿੰਘ ਦੇ ਨਾ ਨਾਲ ਜਾਣਦੇ ਹਨ। ਅਕਸਰ ਇਹ ਕਿਹਾ ਕਰਦੇ ਸਨ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਵਾਪਰੀ ਹਰ ਘਟਨਾ ਦਾ ਸਟੀਕ ਵਿਸ਼ਲੇਸ਼ਣ ਸਾਡੇ ਕਾਮਰੇਡਾਂ ਦੀ ਮੁੱਠੀ ਵਿਚ ਹੁੰਦਾ ਹੈ ਪਰ ਜਦੋ ਇਹ ਆਪਣੀ ਸਿਆਸਤ ਲੋਕਾਂ ਨੂੰ ਦਿੰਦੇ ਹਨ ਤਾਂ ਉਹ ਲੋਕਾਂ ਦੇ ਸਿਰਾਂ 'ਤੋਂ ਲੰਘ ਜਾਂਦੀ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੀ ਨੀਂਹ ਐਮ.ਐਨ.ਰਾਏ ਨੇ 1920 ਵਿਚ ਤਾਸ਼ਕੰਦ ਵਿਚ ਰੱਖੀ ਸੀ। ਭਾਰਤ ਵਿਚ ਇਸ ਦਾ ਵਿਧੀਵਤ ਜਨਮ 1925 ਨੂੰ ਕਾਨਪੁਰ ਕਾਨਫਰੰਸ ਵਿਚ ਹੋਇਆ। ਆਜ਼ਾਦੀ ਦੀ ਲੜਾਈ ਨੂੰ ਭਾਰਤੀ ਕਾਮਰੇਡਾਂ ਨੇ ਸਮਾਜਿਕ ਅਤੇ ਆਰਥਿਕ ਮੁਕਤੀ ਨਾਲ ਜੋੜਿਆ। ਕਮਿਊਨਿਸਟਾਂ ਦੀ ਅਗਵਾਈ ਹੇਠ ਮਜ਼ਦੂਰ ਹੱਕਾਂ ਲਈ ਸੰਘਰਸ਼ ਅਤੇ ਹੜਤਾਲਾਂ ਸ਼ੁਰੂ ਕੀਤੀਆਂ। ਇਸ ਤਰ੍ਹਾਂ ਮਜ਼ਦੂਰ ਵਰਗ ਆਜ਼ਾਦੀ ਦੇ ਅੰਦੋਲਨ ਨਾਲ ਜੁੜਿਆ। 1930 ਦੇ ਦਹਾਕੇ ਵਿਚ ਕਮਿਊਨਿਸਟ ਕਾਂਗਰਸ ਦੇ ਅੰਦਰ ਰਹਿ ਕੇ ਕੰਮ ਕਰਦੇ ਸਨ। ਪਰ ਕਮਿਊਨਿਸਟ ਧਿਰਾਂ ਨੇ 1942 ਦੇ ਕਾਂਗਰਸ ਵੱਲੋਂ 'ਭਾਰਤ ਛੱਡੋ ਅੰਦੋਲਨ' ਦਾ ਸਮਰਥਨ ਨਹੀਂ ਸੀ ਕੀਤਾ, ਕਿਉਂਕਿ ਸੋਵੀਅਤ ਯੂਨੀਅਨ ਇਸ ਵਿਸ਼ਵ ਯੁੱਧ ਵਿਚ ਬ੍ਰਿਟੇਨ ਦਾ ਸਹਿਯੋਗੀ ਸੀ। ਭਾਰਤੀ ਕਮਿਊਨਿਸਟਾਂ ਨੇ ਸੋਵੀਅਤ ਯੂਨੀਅਨ ਦੇ ਹਿੱਤਾਂ ਕਰਕੇ ਇਸ ਅੰਦੋਲਨ ਵਿਚ ਨਾ ਹਿੱਸਾ ਲਿਆ ਅਤੇ ਨਾ ਹੀ ਇਸ ਦਾ ਸਮਰਥਨ ਕੀਤਾ। ਭਾਰਤ ਦੇ ਕਮਿਊਨਿਸਟ ਇਤਿਹਾਸ ਦਾ ਇਹ ਇੱਕ ਵੱਡਾ ਵਿਰੋਧਾਭਾਸ ਭਰਿਆ ਅਧਿਆਇ ਮੰਨਿਆ ਜਾਂਦਾ ਰਿਹਾ ਹੈ।

1939 ਤੋਂ 1945 ਤਕ ਚੱਲੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ 18 ਫਰਵਰੀ 1946 ਰਾਇਲ ਇੰਡੀਅਨ ਨੇਵੀ ਵਿਚ ਘਟੀਆ ਖਾਣਾ, ਘੱਟ ਤਨਖਾਹ, ਨਸਲੀ ਭੇਦਭਾਵ ਅਤੇ ਭਾਰਤੀ ਨੇਵੀ ਦੇ ਜੁਆਨਾਂ ਨਾਲ ਅਪਮਾਨਜਨਕ ਵਰਤਾਅ, ਭਾਰਤੀਆਂ ਨੂੰ ਅੰਗਰੇਜ਼ ਅਫ਼ਸਰਾਂ ਨਾਲ ਬਰਾਬਰੀ ਨਹੀਂ ਮਿਲਦੀ, ਇਸ ਕਾਰਨ ਬਗਾਵਤ ਉਠ ਖੜੀ ਹੋਈ। ਪਰ ਆਜ਼ਾਦੀ ਦੀ ਲੜਾਈ ਵਿਚ ਇਸ ਬਗਾਵਤ ਦੇ ਯੋਗਦਾਨ ਨੂੰ ਲੰਮੇ ਸਮੇਂ ਤੱਕ ਅਜਾਦੀ ਨੂੰ ਸਿਰਫ ਆਪਣੀ ਪ੍ਰਾਪਤੀ ਸਮਝਣ ਵਾਲੀਆਂ ਤਾਕਤਾਂ ਨੇ ਅਣਡਿੱਠ ਕੀਤਾ। ਇਸੇ ਤਰ੍ਹਾਂ ਹੀ ਭਾਰੀ ਕੁਰਬਾਨੀਆਂ ਨਾਲ ਭਰੇ ਗ਼ਦਰ ਅੰਦੋਲਨ ਨੂੰ ਅਜੇ ਤੀਕ ਵੀ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਭਾਗ ਸਵੀਕਾਰ ਨਹੀਂ ਕੀਤਾ ਗਿਆ। ਇਸ ਬਗਾਵਤ ਨੇ







ਬਰਤਾਨਵੀ ਹਕੂਮਤ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ, ਕਿ ਹੁਣ ਤੁਸੀਂ ਭਾਰਤੀ ਫੌਜਾਂ 'ਤੇ ਵੀ ਪੂਰਾ ਭਰੋਸਾ ਨਹੀਂ ਕਰ ਸਕਦੇ। ਜਿਸ ਨਾਲ ਆਜ਼ਾਦੀ ਦੀ ਪ੍ਰਕਿਰਿਆ ਤੇਜ਼ ਹੋਈ। ਬਾਅਦ ਵਿਚ 1934 ਵਿਚ ਕਿਰਤੀ ਕਿਸਾਨ ਪਾਰਟੀ ਦੀ ਸਥਾਪਨਾ ਸੋਹਣ ਸਿੰਘ ਭਕਨਾ, ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰਾ ਅਤੇ ਬਾਬਾ ਬੁੱਢਾ ਸਿੰਘ ਵਰਗੇ ਗ਼ਦਰ ਲਹਿਰ ਵਿਚੋਂ ਆਏ ਕਮਿਊਨਿਸਟ ਵਿਚਾਰਧਾਰਾ ਵਾਲੇ ਆਗੂਆਂ ਨੇ ਕੀਤੀ। 1936 ਵਿਚ ਪ੍ਰਗਤੀਸ਼ੀਲ ਲੇਖਕ ਅੰਦੋਲਨ ਅਤੇ ਨੌਜਵਾਨ ਅੰਦੋਲਨ ਨੇ ਅਜਾਦੀ ਦੇ ਅੰਦੋਲਨ ਵਿਚ ਕ੍ਰਾਂਤੀਕਾਰੀ ਅਤੇ ਬੌਧਿਕ ਯੋਗਦਾਨ ਪਾਇਆ। ਭਾਰਤੀ ਸੁਤੰਤਰਤਾ ਸੰਗਰਾਮ ਦੇ ਇਨਕਲਾਬੀ ਰਾਮਪ੍ਰਸਾਦ ਬਿਸਮਿਲ, ਯੋਗੇਸ਼ ਚੰਦਰ ਚਟਰਜੀ, ਸ਼ਿਵ ਵਰਮਾ, ਚੰਦਰ ਸ਼ੇਖਰ ਆਜ਼ਾਦ ਅਤੇ ਸਚਿੰਦਰ ਨਾਥ ਸਾਨਿਆਲ ਨੇ ਹਿੰਦੁਸਤਾਨ ਰਿਪਬਲਿਕਨ ਐਸੋਸਿਏਸ਼ਨ ਦੀ ਸਥਾਪਨਾ ਕਾਨਪੁਰ ਵਿਚ ਕੀਤੀ ਸੀ। ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਬਸਤੀਵਾਦੀ ਸ਼ਾਸਨ ਖ਼ਤਮ ਕਰਨ ਅਤੇ ਹਿੰਦੁਸਤਾਨ ਸੋਸ਼ਲਿਸਟ ਗਣਰਾਜ ਦੀ ਸਥਾਪਨਾ ਕਰਨਾ ਸੀ। ਇਸ ਦਲ ਦੇ ਇੱਕ ਪ੍ਰਮੁੱਖ ਮੈਂਬਰ ਚੰਦਰ ਸ਼ੇਖਰ ਆਜਾਦ ਨੇ ਭਗਤ ਸਿੰਘ, ਵਿਜੈ ਕੁਮਾਰ ਸਿਨਹਾ, ਕੁੰਦਨ ਲਾਲ ਗੁਪਤ, ਭਗਵਤੀ ਚਰਣ ਵੋਹਰਾ, ਜੈਦੇਵ ਕਪੂਰ ਅਤੇ ਸ਼ਿਵ ਵਰਮਾ ਆਦਿ ਨਾਲ ਸੰਪਰਕ ਕੀਤਾ। 8 ਅਤੇ 9 ਸਤੰਬਰ 1928 ਨੂੰ ਦਿੱਲੀ ਦੇ ਫਿਰੋਜ ਸ਼ਾਹ ਕੋਟਲਾ ਮੈਦਾਨ ਵਿਚ ਇੱਕ ਗੁਪਤ ਬੈਠਕ ਕਰਕੇ ਭਗਤ ਸਿੰਘ ਦੀ ਭਾਰਤ ਨੌਜਵਾਨ ਸਭਾ ਦੇ ਸਾਰੇ ਮੈਂਬਰਾਂ ਨੇ ਸਭਾ ਦਾ ਰਲੇਵਾ ਹਿੰਦੁਸਤਾਨ ਰਿਪਬਲਿਕਨ ਐਸੋਸਿਏਸ਼ਨ ਵਿਚ ਕੀਤਾ ਅਤੇ ਕਾਫ਼ੀ ਸਲਾਹ ਮਸ਼ਵਰੇ ਬਾਅਦ ਆਮ ਸਹਿਮਤੀ ਨਾਲ ਐਸੋਸਿਏਸ਼ਨ ਨੂੰ ਇੱਕ ਨਵਾਂ ਨਾਮ ਦਿੱਤਾ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸਿਏਸ਼ਨ'। ਸ਼ਹੀਦੇ ਆਜਮ ਭਗਤ ਸਿੰਘ ਅਤੇ ਉਸ ਦੇ ਸਾਥੀ ਭਾਵੇਂ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਨਹੀਂ ਸਨ, ਪਰ ਉਨ੍ਹਾਂ ਦੀ ਸੋਚ ਬਸਤੀਵਾਦ ਵਿਰੋਧੀ ਭਾਵਨਾ ਵਿਚੋਂ ਪੈਦਾ ਹੋਈ। ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਦਾ ਉਦੇਸ਼ ਵੀ ਅਜਾਦੀ ਪ੍ਰਾਪਤ ਕਰਨਾ ਅਤੇ ਭਾਰਤ ਨੂੰ ਸੋਸ਼ਲਿਸਟ ਮੁਲਕ ਵੱਜੋਂ ਵੇਖਣ ਦਾ ਸੀ। ਇਨ੍ਹਾਂ ਕ੍ਰਾਂਤੀਕਾਰੀ ਨੌਜਵਾਨਾਂ ਅਤੇ ਕਮਿਊਨਿਸਟ ਯੋਗਦਾਨ ਦੇ ਬਿਨਾਂ ਆਜ਼ਾਦੀ ਦੀ ਲੜਾਈ ਅਧੂਰੀ ਹੀ ਰਹਿੰਦੀ। ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਭਾਰਤੀ ਨੌਜਵਾਨਾਂ ਦਾ ਹੀਰੋ ਹੈ ਪਰ ਭਾਰਤੀ ਕਮਿਊਨਿਸਟ ਪਾਰਟੀਆਂ ਨੇ ਕਾਂਗਰਸ ਦੇ ਪ੍ਰਭਾਵ ਹੇਠ ਇਨ੍ਹਾਂ ਇਨਕਲਾਬੀ ਨੌਜਵਾਨਾਂ ਦੇ ਅਜਾਦੀ ਦੇ ਘੋਲ ਵਿਚ ਯੋਗਦਾਨ ਨੂੰ ਉਹ ਥਾਂ ਕਦੀ ਵੀ ਨਾ ਦਿੱਤੀ, ਜਿਸ ਦੇ ਉਹ ਹੱਕਦਾਰ ਸਨ, ਸਗੋਂ ਉਨ੍ਹਾਂ ਸ਼ਹੀਦਾਂ ਨੂੰ ਇਹ ਲੋਕ ਦਹਿਸ਼ਤਗਰਦ ਕਹਿੰਦੇ ਰਹੇ। ਹਾਲਾਂ ਕਿ ਉਨ੍ਹਾਂ ਦੇ ਇਨਕਲਾਬੀ ਸਾਥੀਆਂ ਪੰਡਤ ਕਿਸ਼ੋਰੀ ਲਾਲ, ਸ਼ਿਵ ਵਰਮਾ ਅਤੇ ਅਨੇਕ ਹੋਰ ਬਾਅਦ ਵਿਚ ਕਮਿਊਨਿਸਟ ਪਾਰਟੀਆਂ ਦਾ ਹਿੱਸਾ ਬਣੇ।

ਭਾਵੇਂ ਕਿ ਭਾਰਤੀ ਕਮਿਊਨਿਸਟਾਂ ਨੇ 1947 ਦੀ ਆਜ਼ਾਦੀ ਨੂੰ ਝੂਠੀ ਆਜ਼ਾਦੀ ਕਿਹਾ। ਕਮਿਊਨਿਸਟਾਂ ਦੇ ਅਨੁਸਾਰ 1947 ਵਿਚ ਸਿਰਫ਼ ਸੱਤਾ ਦਾ ਹਸਤਾਂਤਰ ਹੋਇਆ, ਸ਼ੋਸ਼ਣ ਪ੍ਰਣਾਲੀ ਦਾ ਅੰਤ ਨਹੀਂ ਸੀ ਹੋਇਆ। ਉਨ੍ਹਾਂ ਮੁਤਾਬਕ ਇਹ ਸਿਰਫ਼ ਰਾਜਨੀਤਕ ਆਜ਼ਾਦੀ ਸੀ। ਪਰ ਆਰਥਿਕ ਅਤੇ ਸਮਾਜਿਕ ਮੁਕਤੀ ਨਹੀਂ ਸੀ। ਬਰਤਾਨਵੀ ਸ਼ਾਸਕ ਭਾਵੇਂ ਦੇਸ਼ ਛੱਡ ਕੇ ਚਲੇ ਗਏ ਸਨ, ਪਰ ਜ਼ਿਮੀਦਾਰ, ਪੂੰਜੀਪਤੀ ਅਤੇ ਸਾਮਰਾਜਵਾਦੀ ਢਾਂਚੇ ਕਾਇਮ ਰਹੇ। 1947 ਤੋਂ ਬਾਅਦ ਵੀ ਜ਼ਮੀਦਾਰੀ ਪੂਰੀ ਤਰ੍ਹਾਂ ਖਤਮ ਨਹੀਂ ਸੀ ਹੋਈ, ਮਜ਼ਦੂਰ ਅਤੇ ਕਿਸਾਨ ਦੀ ਹਾਲਤ ਜਿਉਂ ਦੀ ਤਿਉਂ ਹੀ ਰਹੀ। ਇਸ ਲਈ ਕਮਿਊਨਿਸਟਾਂ ਨੇ ਕਿਹਾ ਇਹ ਬੁਰਜੁਆ ਆਜ਼ਾਦੀ ਹੈ, ਲੋਕਾਂ ਦੀ ਆਜ਼ਾਦੀ ਨਹੀਂ। ਮਾਊਂਟਬੈਟਨ ਪਲਾਨ ਅਤੇ ਇੱਕ ਬ੍ਰਿਟਿਸ਼ ਵਕੀਲ ਸਿਰਿਲ ਰੈਡਕਲਿਫ਼ ਨੇ ਭਾਰਤ ਦੀ ਵੰਡ ਦੀ ਲੀਕ ਖਿੱਚ ਦਿੱਤੀ। ਇਹ ਲੀਕ ਬ੍ਰਿਟਿਸ਼ ਸਾਮਰਾਜਵਾਦ ਦੀ ਜਲਦਬਾਜ਼ੀ ਅਤੇ ਰਾਜਨੀਤਕ ਨਾਕਾਮੀ ਦਾ ਨਤੀਜਾ ਸੀ। ਜਿਸ ਨਾਲ ਦੇਸ਼ ਭਰ ਵਿਚ ਫਿਰਕੂ ਦੰਗੇ ਹੋਏ, ਖਾਸ ਕਰਕੇ ਪੰਜਾਬ ਅਤੇ ਬੰਗਾਲ ਵਿਚ 10 ਤੋਂ 15 ਲੱਖ ਦੇ ਲਗਭਗ ਲੋਕ ਮਾਰੇ ਗਏ, ਇੱਕ ਕਰੋੜ ਤੋਂ ਵੀ ਵੱਧ ਬੇਘਰ ਹੋਏ। ਬ੍ਰਿਟਿਸ਼ ਵਕੀਲ ਰੈਡਕਲਿਫ਼ ਇਸ ਜ਼ਿੰਮੇਵਾਰੀ ਨੂੰ ਲੈਣ ਤੋਂ ਪਹਿਲਾਂ ਕਦੇ ਵੀ ਭਾਰਤ ਨਹੀਂ ਆਇਆ ਸੀ ਅਤੇ ਨਾ ਹੀ ਭਾਰਤ ਨਾਲ ਪਹਿਲਾਂ ਉਸ ਦੀ ਕੋਈ ਜਾਣ-ਪਛਾਣ ਸੀ। ਉਸ ਨੇ ਪੰਜ-ਛੇ ਹਫਤਿਆਂ ਦੇ ਘੱਟ ਸਮੇਂ ਵਿਚ ਹੀ ਕਰੋੜਾਂ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਕਰ ਦਿੱਤਾ ਸੀ। ਇਸ ਅਫਰਾ-ਤਫਰੀ ਵਿਚ ਕਈ ਦਿਨ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗਿਆ ਕਿ ਉਹ ਕਿਸ ਦੇਸ਼ ਵਿਚ ਹਨ। ਰੈਡਕਲਿਫ਼ ਬਿਨਾ ਆਪਣੀ ਫੀਸ ਲਏ ਭਾਰਤ ਛੱਡ ਗਿਆ। ਬਾਅਦ ਵਿਚ ਉਸ ਨੇ ਕਿਹਾ 'ਜੇ ਮੈਨੂੰ ਪਤਾ ਹੁੰਦਾ ਇੰਨਾ ਖੂਨ ਵਹੇਗਾ ਤਾਂ ਮੈਂ ਇਹ ਕੰਮ ਨਾ ਕਰਦਾ।' ਭਾਰਤੀ ਕਮਿਊਨਿਸਟ ਪਾਰਟੀ ਦਾ ਅਜਾਦੀ ਨੂੰ ਸਵੀਕਾਰ ਨਾ ਕਰਨ ਕਰਕੇ ਆਲੋਚਨਾ ਅਤੇ ਵਿਰੋਧ ਵੀ ਹੋਇਆ। ਬਹੁਤ ਸਾਰੇ ਵਿਦਵਾਨ ਕਹਿੰਦੇ ਰਹੇ ਕਿ ਕਮਿਊਨਿਸਟਾਂ ਦੀ ਆਲੋਚਨਾ ਪੂਰੀ ਤਰ੍ਹਾਂ ਗਲਤ ਨਹੀਂ ਸੀ। ਆਖਰਕਾਰ 1951 ਤੋਂ ਬਾਅਦ ਕਮਿਊਨਿਸਟ ਪਾਰਟੀ ਆਫ਼ ਇੰਡੀਆ ਨੇ ਸੰਵਿਧਾਨਕ ਰਾਹ ਅਪਣਾਇਆ ਅਤੇ ਲੋਕਤੰਤਰੀ ਵਿਧੀ ਰਹੀ ਚੋਣ ਰਾਜਨੀਤੀ ਵਿਚ ਸ਼ਾਮਲ ਹੋਈ।

ਅੱਜ ਕੱਲ੍ਹ ਸਮੁੱਚੀ ਦੁਨੀਆਂ ਵਿਚ ਹੀ ਪਰ ਭਾਰਤ ਵਿਚ ਖਾਸ ਕਰਕੇ ਕਮਿਊਨਿਸਟ ਵਿਚਾਰਧਾਰਾ ਦੇ ਮਰ ਜਾਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਪਰ ਅਕਾਦਮਿਕ ਤੌਰ 'ਤੇ ਕਹੀਏ ਤਾਂ ਇਹ ਪੂਰੀ ਤਰ੍ਹਾਂ ਖਤਮ ਨਹੀਂ ਹੋਈ, ਬਲਕਿ ਰਾਜਨੀਤਕ ਤੌਰ 'ਤੇ ਹਾਸ਼ੀਏ 'ਤੇ ਧੱਕੀ ਗਈ ਹੈ। ਇਸ ਦੇ ਪਿੱਛੇ ਕਈ ਇਤਿਹਾਸਕ, ਸਮਾਜਕ, ਸਿਆਸੀ ਅਤੇ ਅੰਦਰੂਨੀ ਕਾਰਨ ਹਨ। ਮਾਰਕਸਵਾਦ ਦੀ ਬੁਨਿਆਦ ਜਮਾਤੀ ਸੰਘਰਸ਼ 'ਤੇ ਟਿਕੀ ਹੈ, ਪਰ ਭਾਰਤ ਵਿਚ ਜਾਤ, ਧਰਮ, ਖੇਤਰੀ ਪਛਾਣ ਵਰਗ ਚੇਤਨਾ ਤੋਂ ਕਈ ਗੁਣਾ ਵੱਧ ਪ੍ਰਭਾਵਸ਼ਾਲੀ ਰਹੇ ਹਨ। ਖਾਸ ਕਰਕੇ ਮਨੂੰ ਦੀ ਵਰਨ ਵੰਡ ਜੋ ਮਾਰਕਸਵਾਦੀ ਫਲਸਫਾ ਘਾੜਿਆਂ ਦੇ ਕਦੀ ਧਿਆਨ ਗੋਚਰ ਹੀ ਨਹੀਂ ਰਹੀ ਸੀ ਅਤੇ ਭਾਰਤੀ ਕਮਿਊਨਿਸਟਾਂ ਨੇ ਮਾਰਕਸਵਾਦ ਦੇ ਸਿਧਾਂਤ ਨੂੰ ਧਰਮ ਵਾਂਗ ਲਾਗੂ ਕਰਨਾ ਚਾਹਿਆ। ਦਲਿਤ ਮਜ਼ਦੂਰ ਆਪਣੇ-ਆਪ ਨੂੰ ਮਜ਼ਦੂਰ ਤੋਂ ਪਹਿਲਾਂ ਦਲਿਤ ਮੰਨਦਾ ਹੈ। ਕਮਿਊਨਿਸਟ ਪਾਰਟੀਆਂ ਜਾਤ ਦੇ ਮੁੱਦੇ ਨੂੰ ਲੰਬੇ ਸਮੇਂ ਤੱਕ ਕੋਈ ਸਮੱਸਿਆ ਹੀ ਨਹੀਂ ਸਨ ਮੰਨਦੀਆਂ। ਦੂਸਰਾ ਭਾਰਤ ਦੀ ਆਜ਼ਾਦੀ ਤੋਂ ਬਾਅਦ ਭਾਰਤ ਨੇ ਪਲਾਨਿੰਗ, ਪਬਲਿਕ ਸੈਕਟਰ, ਲੇਬਰ ਕਾਨੂੰਨ ਅਤੇ ਕਈ ਵੈਲਫੇਅਰ ਸਕੀਮਾਂ ਸ਼ੁਰੂ ਕੀਤੀਆਂ, ਜਿਸ ਨਾਲ ਗਰੀਬ ਵਰਗ ਨੂੰ ਕੁਝ ਰਾਹਤ ਮਿਲੀ ਅਤੇ ਇਨਕਲਾਬੀ ਗੁੱਸਾ ਵੀ ਠੰਢਾ ਪੈ ਗਿਆ। ਕਾਂਗਰਸ ਪਾਰਟੀ ਨੇ ਸਮਾਜਵਾਦੀ ਭਾਸ਼ਾ ਅਪਨਾ ਕੇ ਕਮਿਊਨਿਸਟਾਂ ਦੇ ਲੜਨ ਦਾ ਮੈਦਾਨ ਖੋਹ ਲਿਆ। ਦੂਸਰਾ, ਕੌਣ ਅਸਲੀ ਮਾਰਕਸਵਾਦੀ ਕੌਣ ਨਕਲੀ, ਇਸ ਲੜਾਈ ਨੇ ਜਨਤਾ ਨਾਲੋਂ ਕਾਮਰੇਡਾਂ ਦਾ ਨਾਤਾ ਤੋੜ ਦਿੱਤਾ।

1962 ਦੇ ਚੀਨ ਅਤੇ ਭਾਰਤ ਯੁੱਧ ਨੇ ਭਾਰਤੀ ਕਮਿਊਨਿਸਟ ਅੰਦੋਲਨ 'ਤੇ ਡੂੰਘਾ ਅਤੇ ਲੰਬੇ ਸਮੇਂ ਤੱਕ ਰਹਿਣ ਵਾਲਾ ਅਸਰ ਪਾਇਆ। ਇਹ ਯੁੱਧ ਸਿਰਫ਼ ਸਰਹੱਦੀ ਟਕਰਾਅ ਹੀ ਨਹੀਂ ਸੀ, ਸਗੋਂ ਇਸ ਨੇ ਭਾਰਤੀ ਕਮਿਊਨਿਸਟ ਪਾਰਟੀ ਲਈ ਇੱਕ ਸਿਆਸੀ, ਸਿਧਾਂਤਕ ਅਤੇ ਵਿਚਾਰਧਾਰਾ ਦਾ ਸੰਕਟ ਪੈਦਾ ਕਰ ਦਿੱਤਾ ਸੀ। ਇਸ ਯੁੱਧ ਨੇ ਕਮਿਊਨਿਸਟ ਪਾਰਟੀ ਵਿਚ ਭਾਰੀ ਫੁੱਟ ਪੈਦਾ ਕਰ ਦਿੱਤੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਅੰਦਰ ਦੋ ਵੱਡੇ ਧੜੇ ਬਣ ਗਏ। ਇੱਕ ਧੜੇ ਨੇ ਚੀਨ ਨੂੰ ਸਮਾਜਵਾਦੀ ਭਰਾ ਦੇ ਤੌਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਦੂਸਰੇ ਨੇ ਚੀਨ ਦੀ ਕਾਰਵਾਈ ਨੂੰ ਭਾਰਤੀ ਪ੍ਰਭੂਸੱਤਾ 'ਤੇ ਹਮਲਾ ਕਰਾਰ ਦਿੱਤਾ। ਨਤੀਜੇ ਵੱਜੋ ਆਖ਼ਰਕਾਰ 1964 ਵਿਚ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ, ਜਿਸ ਨਾਲ ਇਸ ਦੀ ਤਾਕਤ ਬਹੁਤ ਘਟ ਗਈ।

ਕਾਂਗਰਸ ਅਤੇ ਦੱਖਣਪੰਥੀ ਤਾਕਤਾਂ ਨੇ ਆਮ ਲੋਕਾਂ ਵਿਚ ਇਹ ਧਾਰਣਾ ਬਣਾਈ ਕਿ ਕਮਿਊਨਿਸਟ ਭਾਰਤ ਤੋਂ ਵੱਧ ਚੀਨ ਨਾਲ ਵਫ਼ਾਦਾਰ ਹਨ। ਕਮਿਊਨਿਸਟਾਂ ਨੂੰ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਨਿਗਰਾਨੀ 'ਚ ਰੱਖਿਆ ਗਿਆ। ਯੁੱਧ ਦੌਰਾਨ ਅਤੇ ਬਾਅਦ ਵਿਚ ਹਜ਼ਾਰਾਂ ਕਮਿਊਨਿਸਟ ਆਗੂ ਗ੍ਰਿਫ਼ਤਾਰ ਕੀਤੇ ਗਏ। ਇਸ ਨਾਲ ਪਾਰਟੀ ਦੀ ਜਨਤਕ ਪਹੁੰਚ ਅਤੇ ਸੰਗਠਨ ਦੀ ਤਾਕਤ ਕਮਜ਼ੋਰ ਹੋਈ। ਭਾਵੇਂ 1967 ਤੋਂ ਬਾਅਦ ਪੱਛਮੀ ਬੰਗਾਲ, ਕੇਰਲ ਵਿਚ ਲੋਕਤੰਤਰੀ ਵਿਧੀ ਨਾਲ ਤਾਕਤ ਤਾਂ ਮਿਲੀ, ਪਰ ਪੂਰੇ ਦੇਸ਼ ਪੱਧਰ 'ਤੇ ਕਮਿਊਨਿਸਟਾਂ ਦੀ ਭਰੋਸੇਯੋਗਤਾ ਵਾਪਸ ਨਾ ਆ ਸਕੀ। ਠੀਕ ਇਸੇ ਸਮੇਂ ਹੀ ਚੀਨ-ਪੱਖੀ ਵਿਚਾਰਧਾਰਾ ਵਾਲੇ ਕਈ ਨੌਜਵਾਨਾਂ, ਜਿਨ੍ਹਾਂ 'ਤੇ ਚੀਨੀ ਮਾਓਵਾਦ ਦਾ ਡੂੰਘਾ ਪ੍ਰਭਾਵ ਸੀ, ਨੇ 1967 ਵਿਚ ਨਕਸਲਬਾੜੀ ਅੰਦੋਲਨ ਸ਼ੁਰੂ ਕਰ ਦਿੱਤਾ। ਨਕਸਲਬਾੜੀ ਅੰਦੋਲਨ ਹਿੰਸਕ ਸੀ ਅਤੇ ਮਾਉ ਦੀ

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦਾ ਬਾਕੀ)*

ਵਿਚਾਰਧਾਰਾ ਦੀ ਲਾਈਨ, ਕਿ ਇਨਕਲਾਬ ਹਮੇਸ਼ ਬੰਦੂਕ ਦੀ ਨਾਲੀ ਵਿਚੋਂ ਹੀ ਨਿਕਲਦਾ ਹੈ। ਉਹ ਲਾਲ ਕਿਤਾਬ ਦਾ ਹਵਾਲਾ ਦਿੰਦੇ, ਸਰਕਾਰ ਨੇ ਬੇਰਹਿਮੀ ਨਾਲ ਇਸ ਅੰਦੋਲਨ ਨੂੰ ਦਬਾਇਆ। ਭਾਰਤ ਦੀ ਅਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੁਲੀਸ ਨੂੰ ਖੁੱਲੀ ਛੁੱਟੀ ਦਿੱਤੀ ਗਈ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਦੌਰ ਸ਼ੁਰੂ ਹੋਇਆ। ਭਾਰਤੀ ਕਮਿਊਨਿਸਟ ਪਾਰਟੀ ਅਨੇਕ ਛੋਟੇ ਧੜਿਆਂ ਵਿਚ ਵੰਡੀ ਗਈ ਜਿਸ ਵਿਚ ਕਮਿਊਨਿਸਟ ਪਾਰਟੀ ਮਾਰਕਸਵਾਦੀ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਲਿਨਵਾਦੀ ਬਣ ਗਏ। ਸਿਧਾਂਤਕ ਪਾਟੋ-ਧਾੜ ਵਿਚ ਸੋਵੀਅਤ ਲਾਈਨ, ਚੀਨੀ ਲਾਈਨ ਅਤੇ ਅਤੇ ਖੱਬੀ ਵਿਚਾਰਧਾਰਾ ਨਕਸਲ ਅਤੇ ਮਾਓਵਾਦੀ ਲਾਈਨ ਤੀਕ ਹੀ ਸੀਮਤ ਨਾ ਰਹੀ ਸਗੋਂ ਹੋਰ ਬਹੁਤ ਸਾਰੇ ਸਿਧਾਂਤਕ ਵਖਰੇਵੇਂ ਪੀਪਲ ਵਾਰ ਗਰੁੱਪ, ਲਿਬਰੇਸ਼ਨ, ਨਾਗਾਰੇਡੀ, ਚਾਰੂ ਮਜੂਮਦਾਰ, ਪੂਹਲਾ ਰੈਡੀ ਆਦਿ ਨਿਕਲੇ, ਜਿਨ੍ਹਾਂ ਨੂੰ ਸਿਧਾਂਤਕ ਨਕਸਲੀ ਕਿਹਾ ਜਾਂਦਾ ਹੈ। ਉਹ ਮਾਰਕਸਵਾਦ-ਲੇਨਿਨਵਾਦ-ਮਾਓਵਾਦ ਨੂੰ ਭਾਰਤੀ ਹਕੀਕਤਾਂ ਨਾਲ ਟਕਰਾਉਂਦੀ ਹੋਈ ਸਿਧਾਂਤਕ ਪਵਿੱਤਰਤਾ ਨਾਲ ਲਾਗੂ ਕਰਨਾ ਚਾਹੁੰਦੇ ਸਨ। ਇਨ੍ਹਾਂ ਦਾ ਕਾਡਰ ਮਾਰਕਸਵਾਦ ਨੂੰ ਨਿੰਠ ਕੇ ਪੜ੍ਹਨ ਵਾਲਾ ਪੜ੍ਹਾਕੂ ਅਤੇ ਵਚਨਬੱਧ ਵਿਚਾਰਕ ਵੀ ਸੀ। ਇਹ ਨਕਸਲੀ ਵਿਚਾਰਧਾਰਾ ਦੇ ਗਰੁੱਪ ਸਿਧਾਂਤ ਨੂੰ ਹਕੀਕਤ 'ਤੇ ਪਰਖਣ ਦੀ ਥਾਂ, ਹਕੀਕਤ ਨੂੰ ਸਿਧਾਂਤ ਦੇ ਅਨੁਕੂਲ ਮੋੜਨਾ ਚਾਹੁੰਦੇ ਸਨ। ਇਨ੍ਹਾਂ ਗਰੁੱਪਾਂ ਦੀ ਇੱਕ ਵੱਡੀ ਸਮੱਸਿਆ ਇਹ ਵੀ ਸੀ ਕਿ ਹਥਿਆਰਬੰਦ ਸੰਘਰਸ਼ ਨੂੰ ਇੱਕ ਨੈਤਿਕ ਅਤੇ ਸਿਧਾਂਤਕ ਮਾਪਦੰਡ ਬਣਾ ਦਿੱਤਾ ਗਿਆ। ਜੋ ਹਿੰਸਾ ਨਹੀਂ ਅਪਣਾਉਂਦਾ, ਉਹ ਕ੍ਰਾਂਤੀਕਾਰੀ ਨਹੀਂ ਹੋ ਸਕਦਾ। ਇਸ ਨਾਲ ਆਮ ਗਰੀਬ ਲੋਕ, ਖ਼ਾਸ ਕਰਕੇ ਕਿਸਾਨ ਅਤੇ ਆਦਿਵਾਸੀ, ਦੋ ਸਾਹਨਾਂ ਦੇ ਭੇੜ ਵਿਚ ਫਸ ਗਏ। ਇੱਕ ਪਾਸੇ ਰਾਜ ਅਤੇ ਪੁਲੀਸ ਦਾ ਦਬਾਅ, ਦੂਜੇ ਪਾਸੇ ਨਕਸਲੀ ਲੜਾਕੂ ਦਬਾਅ। ਨਤੀਜੇ ਵਜੋਂ ਆਮ ਲੋਕਾਂ ਵਿਚ ਹਮਦਰਦੀ ਦੀ ਥਾਂ ਡਰ ਪੈਦਾ ਹੋ ਗਿਆ। ਇੱਕ ਹੋਰ ਅਹਿਮ ਪੱਖ ਇਹ ਸੀ ਕਿ ਇਹ ਸਿਧਾਂਤਕ ਨਕਸਲੀ ਧਾਰਾ ਅੰਦਰੂਨੀ ਤੌਰ 'ਤੇ ਬਹੁਤ ਅਸਹਿਣਸ਼ੀਲ ਸੀ। ਥੋੜ੍ਹੇ ਜਿਹੇ ਸਿਧਾਂਤਕ ਅੰਤਰ 'ਤੇ ਨਵੇਂ ਨਵੇਂ ਗਰੁੱਪ ਬਣ ਜਾਂਦੇ। ਹਰ ਗਰੁੱਪ ਆਪਣੇ-ਆਪ ਨੂੰ ਅਸਲੀ ਮਾਓਵਾਦੀ ਅਤੇ ਦੂਜਿਆਂ ਨੂੰ ਗੱਦਾਰ ਕਹਿੰਦਾ। ਇਸ ਟੁੱਟ-ਭੱਜ ਨੇ ਆਮ ਜਨਤਾ ਲਈ ਕਮਿਊਨਿਸਟ ਰਾਜਨੀਤੀ ਨੂੰ ਅਣ-ਭਰੋਸੇਯੋਗ ਬਣਾ ਦਿੱਤਾ।

ਭਾਰਤ ਦੀਆਂ ਖੱਬੇ-ਪੱਖੀ ਪਾਰਟੀਆਂ ਨੂੰ ਇੱਕ ਵੇਰ ਫਿਰ ਇੱਕ ਵੱਡਾ ਮੌਕਾ ਮਿਲਿਆ, ਜਿਸ ਨੂੰ ਉਨ੍ਹਾਂ ਸੰਭਾਲਣ ਦੀ ਥਾਂ ਗੁਆ ਦਿੱਤਾ। ਹੋਇਆ ਇਹ ਕਿ 1996 ਦੀ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਸੀ ਮਿਲਿਆ। ਉਸ ਸਮੇਂ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਨੇ ਖੱਬੇ ਮੋਰਚੇ ਨੂੰ ਬਾਹਰੋਂ ਸਮਰਥਨ ਦੇਣ ਦੀ ਪੇਸ਼ਕਸ਼ ਕੀਤੀ। ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਜੋਯਤੀ ਬਾਸੂ ਨੂੰ ਸਰਕਾਰ ਬਣਾਉਣ ਲਈ ਬੁਲਾਇਆ ਵੀ। ਇਸ ਮੌਕੇ ਨੂੰ ਸੰਭਾਲਣ ਦੀ ਥਾਂ ਇੱਕ ਵੇਰ ਫਿਰ ਪਾਰਟੀ ਲਾਈਨ ਦੀ ਲਕੀਰ ਪਿੱਟਣ ਵਾਲੇ ਲੋਕਾਂ ਨੇ ਵੱਡੀ ਇਤਿਹਾਸਕ ਭੁੱਲ ਕਰ ਦਿੱਤੀ। ਪਰ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਪੋਲਿਟ ਬਿਊਰੋ ਨੇ ਫ਼ੈਸਲਾ ਕੀਤਾ ਕਿ ਕਾਂਗਰਸ ਦੇ ਸਹਿਯੋਗ ਨਾਲ ਕੇਂਦਰੀ ਸਰਕਾਰ ਵਿਚ ਸ਼ਾਮਲ ਹੋਣਾ ਪਾਰਟੀ ਦੀ ਲਾਈਨ ਦੇ ਖ਼ਿਲਾਫ਼ ਹੈ। ਮਾਰਕਸਵਾਦੀ ਕਮਿਊਨਿਸਟ ਪਾਰਟੀ ਕਾਂਗਰਸ ਨੂੰ ਬੁਰਜੂਆ ਪਾਰਟੀ ਮੰਨਦੀ ਸੀ। ਪਾਰਟੀ ਦੀ ਰਣਨੀਤੀ ਸੀ ਕਿ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਤੋਂ ਇੱਕੋ ਜਿੰਨੀ ਦੂਰੀ ਬਣਾ ਕੇ ਰੱਖੀ ਜਾਵੇ। ਜੋਯਤੀ ਬਾਸੂ ਖੁਦ ਪ੍ਰਧਾਨ ਮੰਤਰੀ ਬਣਨ ਲਈ ਤਿਆਰ ਸੀ, ਪਰ ਉਸ ਨੂੰ ਪਾਰਟੀ ਅਨੁਸ਼ਾਸਨ ਅੱਗੇ ਝੁਕਣਾ ਪਿਆ। ਉਹ ਇਹ ਮੰਨਦਾ ਸੀ ਕਿ ਪ੍ਰਧਾਨ ਮੰਤਰੀ ਬਣ ਕੇ ਉਹ ਧਰਮ ਨਿਰਪੇਖਤਾ ਅਤੇ ਖੱਬੀ ਨੀਤੀਆਂ ਨੂੰ ਮਜ਼ਬੂਤ ਕਰ ਸਕਦਾ ਸੀ। ਇਸ ਤਰ੍ਹਾਂ ਕਰਨ ਨਾਲ ਸੰਪਰਦਾਇਕ, ਫ਼ਾਸਿਸਟ ਅਤੇ ਹਿੰਦੂਤਵੀ ਸੋਚ ਵਾਲੀ ਭਾਰਤੀ ਜਨਤਾ ਪਾਰਟੀ ਦੇ ਉਭਾਰ ਨੂੰ ਰੋਕਿਆ ਜਾ ਸਕਦਾ ਸੀ ਅਤੇ ਭਾਰਤ ਨੂੰ ਸੈਕੂਲਰ ਬਣਿਆ ਰਹਿਣ ਦਾ ਰਾਹ ਬਣਦਾ-ਬਣਦਾ ਰਹਿ ਗਿਆ ਸੀ। ਬਾਅਦ ਵਿਚ ਜੋਯਤੀ ਬਾਸੂ ਨੇ ਖੁਦ ਕਿਹਾ ਕਿ ਇਹ ਇੱਕ ਇਤਿਹਾਸਕ ਭੁੱਲ ਸੀ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਸਖ਼ਤ ਵਿਚਾਰਧਾਰਾ ਦੀ ਲਕੀਰ ਦਾ ਹੀ ਨਤੀਜਾ ਸੀ ਕਿ ਖੱਬੀ ਲਹਿਰ ਨੂੰ ਕੇਂਦਰੀ ਸੱਤਾ ਤੋਂ ਦੂਰ ਰੱਖਿਆ ਅਤੇ ਇਸ ਨਾਲ ਭਾਰਤੀ ਰਾਜਨੀਤੀ ਦੀ ਦਿਸ਼ਾ ਅਤੇ ਦਸ਼ਾ ਹੀ ਬਦਲ ਗਈ। ਦੂਸਰੇ ਪਾਸੇ ਸੀ.ਪੀ.ਆਈ. ਪਾਰਟੀ ਦੇ ਵੱਡੇ ਲੀਡਰ ਐਸ.ਏ.ਡਾਂਗੇ, ਮੋਹਿਤ ਸੈਨ, ਸੀ. ਰਾਜੇਸ਼ਵਰ ਰਾਓ, ਇੰਦ੍ਰਜੀਤ ਗੁਪਤਾ, ਅਜਯ ਘੋਸ਼ ਨੇ ਵੀ ਆਪੋ-ਆਪਣੇ ਸਮੇਂ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਕਾਂਗਰਸ ਨਾਲ ਲੰਬੇ ਸਮੇਂ ਦੀ ਨੇੜਤਾ ਵਾਲੀ ਸਾਂਝ ਦਾ ਸੁਧਾਰਵਾਦੀ ਰਾਹ ਅਪਣਾਇਆ। ਐਮਰਜੈਂਸੀ ਦਾ ਸਮਰਥਨ ਕਰਨ ਵਾਲੀ ਬੱਜਰ ਗਲਤੀ ਕੀਤੀ, ਸੋਵੀਅਤ ਯੂਨੀਅਨ ਦੀ ਦਿੱਤੀ ਸ਼ਾਂਤਮਈ ਸਹਿਹੋਂਦ ਦੀ ਲਾਈਨ ਦੀ ਅੰਧਾ-ਧੁੰਦ ਪਾਲਣਾ ਕਰਕੇ ਆਪਣੇ ਪਾਰਟੀ ਕੇਡਰ ਦੀਆਂ ਸਫ਼ਾਂ ਵਿਚ ਨਿਰਾਸ਼ਤਾ ਪੈਦਾ ਕੀਤੀ, ਜਿਸ ਨਾਲ ਪਾਰਟੀ ਹਾਸ਼ੀਏ 'ਤੇ ਜਾ ਪਹੁੰਚੀ।

ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਅਤੇ ਜੋਯਤੀ ਬਾਸੂ ਬਿਨਾਂ ਭਾਰਤੀ ਕਮਿਊਨਿਸਟ ਅੰਦੋਲਨ ਦਾ ਜ਼ਿਕਰ ਅਧੂਰਾ ਹੈ, ਕਿਉਂਕਿ ਉਹ ਦੋਵੇਂ ਸਿਰਫ਼ ਆਗੂ ਹੀ ਨਹੀਂ ਸਨ, ਬਲਕਿ ਭਾਰਤੀ ਖੱਬੀ ਰਾਜਨੀਤੀ ਦੇ ਸਿਧਾਂਤ-ਘਾੜੇ, ਰਣਨੀਤੀ ਅਤੇ ਜਨ-ਅਧਾਰ ਨੂੰ ਜੋੜਨ ਵਾਲੀ ਕੇਂਦਰੀ ਕੜੀ ਸਨ। 1926 ਵਿਚ ਜਨਮੇ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਆਜ਼ਾਦੀ ਅੰਦੋਲਨ 'ਤੋਂ ਲੈ ਕੇ 21ਵੀਂ ਸਦੀ ਤੀਕ ਭਾਰਤ ਦੀ ਕੌਮੀ ਰਾਜਨੀਤੀ ਤੱਕ ਲਗਾਤਾਰ ਅਹਿਮ ਭੂਮਿਕਾ ਰਹੀ। ਜਯੋਤੀ ਬਾਸੂ ਵੀ ਭਾਰਤੀ ਕਮਿਊਨਿਸਟ ਅੰਦੋਲਨ ਦੇ ਸਭ ਤੋਂ ਲੰਮੇ ਸਮੇਂ ਤੱਕ ਪ੍ਰਭਾਵਸ਼ਾਲੀ ਨੇਤਾਵਾਂ 'ਚੋਂ ਇੱਕ ਰਹੇ ਹਨ। ਜਯੋਤੀ ਬਾਸੂ ਦਾ ਜਨਮ 1914 ਵਿਚ ਹੋਇਆ ਅਤੇ 1930 ਵਿਚ ਉਹ ਕਮਿਊਨਿਸਟ ਅੰਦੋਲਨ ਨਾਲ ਜੁੜੇ। ਜਯੋਤੀ ਬਾਸੂ ਦਾ ਕਿਸਾਨ ਦੇ ਹੱਕ ਲਈ ਜ਼ਮੀਨ ਸੁਧਾਰ ਮਾਡਲ ਭਾਰਤ ਵਿਚ ਸਭ ਤੋਂ ਸਫਲ ਸਮਝਿਆ ਜਾਂਦਾ ਹੈ। ਬਾਸੂ ਨੇ ਪੱਛਮੀ ਬੰਗਾਲ ਵਿਚ ਸੱਤਾ ਸੰਭਾਲ ਕੇ ਇਹ ਸਾਬਤ ਕੀਤਾ ਕਿ ਕਮਿਊਨਿਸਟ ਸਿਰਫ਼ ਸੰਘਰਸ਼ ਹੀ ਨਹੀਂ ਕਰਨਾ ਜਾਣਦੇ ਲੋਕਤੰਤਰਿਕ ਤੌਰ 'ਤੇ ਸਰਕਾਰ ਵੀ ਚਲਾ ਸਕਦੇ ਹਨ। ਉਹ ਲੋਕਤੰਤਰ ਅਤੇ ਸੰਵਿਧਾਨ ਵਿਚ ਭਰੋਸਾ ਰੱਖਦੇ ਹੋਏ ਕੱਟੜਪੰਥ ਦੇ ਖ਼ਿਲਾਫ਼ ਧਰਮ ਨਿਰਪੇਖ ਤਾਕਤਾਂ ਅਤੇ ਭਾਰਤੀ ਖੱਬੇ ਪੱਖੀ ਪਾਰਟੀ ਦੀ ਨੈਤਿਕ ਆਵਾਜ਼ ਬਣੇ। ਕਾਮਰੇਡ ਬਾਸੂ ਨੇ ਕਮਿਊਨਿਸਟਾਂ ਨੂੰ ਸੱਤਾ ਤੀਕ ਤਾਂ ਪਹੁੰਚਾ ਦਿੱਤਾ ਪਰ ਆਪਣੇ ਲੋਕਾਂ ਨੂੰ ਮੁੜ ਸੰਘਰਸ਼ ਕਰਨ ਵੱਲ ਨਹੀਂ ਲੈ ਕੇ ਜਾ ਸਕੇ। ਉਨ੍ਹਾਂ ਨੇ ਹਾਰੀ ਹੋਈ ਕਾਂਗਰਸ ਪਾਰਟੀ ਦੇ ਮਹੌਲਾ ਗੁੰਡਿਆਂ ਦਾ ਸਹਿਯੋਗ ਲਿਆ। ਬਿਊਰੋਕ੍ਰੈਟਿਕ ਢੰਗ ਨਾਲ ਪਾਰਟੀ ਰਲਗੱਡ ਕਰ ਦਿੱਤੀ, ਇਸ ਲਈ ਆਮ ਜਨਤਾ ਨੇ ਪਾਰਟੀ ਨਾਲ ਦੂਰੀ ਬਣਾ ਲਈ। ਉਸ ਨੇ ਲੰਮਾ ਸਮਾਂ ਰਾਜ ਸੱਤਾ ਭੋਗਦਿਆਂ 'ਰਾਜ ਸੱਤਾ' ਨੂੰ ਹੀ ਜਮਾਤੀ ਸੰਘਰਸ਼ ਦਾ ਬਦਲ ਸਮਝ ਲਿਆ ਸੀ। ਸਟੇਟ ਪਾਵਰ ਤੇ ਆਪਣੀ ਪਕੜ ਬਣਾਈ ਰੱਖਣ ਲਈ ਕਾਡਰ ਵਿਚੋਂ ਨਵੀਂ ਪੀੜ੍ਹੀ ਦੀ ਅਗਵਾਈ ਤਿਆਰ ਨਾ ਕੀਤੀ। ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸਿੰਗੂਰ ਅਤੇ ਨੰਦੀਗ੍ਰਾਮ ਵਿਚ ਗਲਤ ਉਦਯੋਗੀਕਰਨ ਦੀ ਨੀਤੀ ਅਪਣਾਉਣ ਕਰਕੇ ਖੱਬੇ ਪੱਖੀ ਤਾਕਤ ਦੀ ਨੈਤਿਕ ਹਾਰ ਹੋਈ ਅਤੇ ਤੇਜ਼-ਤਰਾਰ ਮਮਤਾ ਬੈਨਰਜੀ ਨੇ ਤਾਕਤ ਹਥਿਆ ਲਈ। ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਨੂੰ ਇੱਕ ਸਮੇਂ ਕੌਮੀ ਰਾਜਨੀਤੀ ਦਾ ਕਿੰਗਮੇਕਰ ਕਿਹਾ ਜਾਣ ਲੱਗਾ ਸੀ। ਉਨ੍ਹਾਂ ਨੇ ਗਠਜੋੜ ਦੀ ਰਾਜਨੀਤੀ ਨੂੰ ਖੱਬੇ-ਪੱਖੀ ਰਣਨੀਤੀ ਦਾ ਸਿਧਾਂਤ ਬਣਾ ਦਿੱਤਾ। ਉਹ ਕਾਂਗਰਸ ਨਾਲ ਰਣਨੀਤਕ ਸਾਂਝ ਬਣਾ ਕੇ ਕਾਂਗਰਸ ਨੂੰ ਮੁੱਖ ਵਿਰੋਧੀ ਮੰਨਣ ਵਾਲੀ ਲਾਈਨ 'ਤੋਂ ਪਿੱਛੇ ਹਟ ਗਏ। ਇਸ ਨਾਲ ਪਾਰਟੀ ਦੇ ਕੇਡਰ ਵਿਚ ਕਮਿਊਨਿਸਟ ਵਿਚਾਰਧਾਰਾ ਪ੍ਰਤੀ ਗੁੰਝਲ ਭਰੀ ਉਲਝਣ ਪੈਦਾ ਹੋ ਗਈ। ਇਨ੍ਹਾਂ ਦੋਵਾਂ ਹੀ ਵੱਡੇ ਆਗੂਆਂ ਦੀਆਂ ਗਲਤੀਆਂ ਦਾ ਨਤੀਜਾ ਇਹ ਨਿਕਲਿਆ, ਜਿਸ ਪਾਰਟੀ ਦੇ 1996 ਵਿਚ 44 ਮੈਂਬਰ ਪਾਰਲੀਮੈਂਟ ਜਿੱਤ ਕੇ ਆਏ ਅਤੇ ਰਾਸ਼ਟਰਪਤੀ ਸਰਕਾਰ ਬਣਾਉਣ ਦਾ ਸੱਦਾ ਦੇ ਰਿਹਾ ਸੀ, 2024 ਤੀਕ ਪਹੁੰਚਦਿਆਂ ਗਿਣਤੀ ਸਿਰਫ ਚਾਰ ਤੀਕ ਹੀ ਸੀਮਤ ਹੋ ਕੇ ਰਹਿ ਗਈ।

ਪੰਜਾਬ ਵਿਚ ਵੀ ਕਮਿਊਨਿਸਟ ਵਿਚਾਰਧਾਰਾ ਅਤੇ ਸਿੱਖੀ ਵਿਚਾਰਧਾਰਾ ਦਾ ਟਕਰਾਅ ਸਿੱਧਾ ਅਤੇ ਸਿਧਾਂਤਕ ਨਹੀਂ ਸੀ ਸਗੋਂ ਗਲਤ ਸੱਭਿਆਚਾਰਕ ਅਤੇ ਸਿਆਸੀ ਪੱਧਰ ਦੀ ਸਮਝ 'ਤੇ ਬਣਿਆ ਸੀ। ਕਮਿਊਨਿਸਟ ਵਿਚਾਰਧਾਰਾ ਵਿਚ ਧਰਮ ਦੀ ਆਲੋਚਨਾ ਕਾਰਲ ਮਾਰਕਸ ਦੇ ਕਥਨ 'ਧਰਮ ਲੋਕਾਂ ਲਈ ਇੱਕ ਅਫ਼ੀਮ ਹੈ' ਨਾਲ ਕੀਤੀ ਜਾਂਦੀ ਹੈ। ਧਰਮ ਨੂੰ ਸ਼ੋਸ਼ਣ ਅਤੇ ਲੁੱਟ ਨੂੰ ਢੱਕਣ ਵਾਲੀ ਵਿਚਾਰਧਾਰਾ ਕਹਿ ਕੇ ਭੰਡਿਆ ਜਾਂਦਾ ਹੈ। ਰੱਬ ਦੀ ਹੋਂਦ ਨੂੰ ਨਾ ਮੰਨਣਾ ਅਤੇ ਨਾਸਤਿਕਤਾ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰ ਸਿੱਖੀ ਕੋਈ ਕਰਮਕਾਂਡੀ ਧਰਮ ਨਹੀਂ ਹੈ। ਸਿੱਖੀ ਦਾ ਫਲਸਫਾ ਵੀ ਸੇਵਾ, ਨਿਆਂ, ਸ਼ਹਾਦਤ, ਮੀਰੀ-ਪੀਰੀ, ਸੰਸਾਰੀ ਨਿਆਂ 'ਤੇ ਅਧਾਰਿਤ ਇੱਕੋ-ਇੱਕ ਅਕਾਲ ਪੁਰਖ ਦੀ ਹੋਂਦ ਵਾਲੀ ਸੋਚ 'ਤੇ ਆਧਾਰਿਤ ਮਾਰਕਸਵਾਦ ਵਾਂਗਰ ਹੀ ਇੱਕ ਲੋਕ-ਪੱਖੀ ਅਤੇ ਮਾੜੇ ਨਿਤਾਣੇ ਦੀ ਬਾਂਹ ਫੜਨ ਵਾਲਾ ਇਨਕਲਾਬੀ ਫਲਸਫਾ ਹੈ। ਜੋ ਬਾਬੇ ਨਾਨਕ ਦੇ ਜੀਵਨ ਸਿਧਾਂਤ ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਅਤੇ ਰਾਜੇ ਸੀਹ ਮੁਕੱਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ॥ ਵਰਗੇ ਜੁਝਾਰੂ ਸਿਧਾਂਤ ਨਾਲ ਗੜੁੱਚ ਹੈ। ਕਮਿਊਨਿਸਟਾਂ ਦੀ ਇਹ ਸ਼ੁਰੂਆਤੀ ਗਲਤੀ ਹੀ ਸੀ ਕਿ ਸਿੱਖੀ ਨੂੰ ਧਾਰਮਿਕ ਸੰਕੀਰਤਾ ਵਾਂਗ ਦੇਖਣਾ ਅਤੇ ਅਕਾਲੀ ਅੰਦੋਲਨ ਨੂੰ ਪੈਟੀ ਬੁਰਜੂਆ ਕਹਿਣਾ। ਇਸ ਨਾਲ ਗੁਰਦੁਆਰਾ ਅੰਦੋਲਨ ਦੇ ਸਮੇਂ ਤੋਂ ਹੀ ਜਥੇਬੰਦਕ ਸਿੱਖ ਸਿਆਸਤ ਤੋਂ ਕਮਿਊਨਿਸਟ ਦੂਰ ਹੋ ਗਏ ਸਨ। ਜਿਸ ਨਾਲ ਪੰਜਾਬ ਦਾ ਭਾਰੀ ਨੁਕਸਾਨ ਹੋਇਆ। ਜਵਾਬ ਵਿਚ ਸਿੱਖ ਸਿਆਸਤ ਵਿਚ ਭਾਰੂ ਅਕਾਲੀ ਦਲ ਦਾ ਕਮਿਊਨਿਸਟ ਸਿਧਾਂਤ ਨੂੰ ਨਾਸਤਿਕਤਾ ਦਾ ਸਿਧਾਂਤ, ਦੇਸ਼ ਅਤੇ ਧਰਮ ਵਿਰੋਧੀ ਕਹਿ ਕੇ ਸਿੱਖ ਆਧਾਰ ਵਾਲੇ ਪਿੰਡਾਂ ਵਿਚ ਲਾਲ ਪਾਰਟੀ ਦੇ ਖ਼ਿਲਾਫ਼ ਧਾਰਮਿਕ ਪ੍ਰਚਾਰ ਸ਼ੁਰੂ ਹੋ ਗਿਆ ਸੀ। ਜਿਸ ਨਾਲ ਪੈਦਾ ਹੋਏ ਸਿਆਸੀ ਟਕਰਾਅ ਨੇ ਦਰਸ਼ਨ ਵਿਚਲੇ ਵਿਰੋਧ ਨੂੰ ਹੋਰ ਡੂੰਘਾ ਕੀਤਾ।

ਇਸ ਸਿਆਸੀ ਬਖੇੜੇ ਕਰਕੇ ਪੰਜਾਬ ਦੇ ਕਿਸਾਨ ਨੇ ਆਪਣੇ-ਆਪ ਨੂੰ ਮਜ਼ਦੂਰ ਵਰਗ ਤੋਂ ਪਹਿਲਾਂ ਸਿੱਖ ਕਿਸਾਨ ਮੰਨਿਆ। ਕਮਿਊਨਿਸਟ ਸਿੱਖੀ ਦੀ ਨਿਆਂ-ਪੱਖੀ ਰੂਹ ਨਾਲ ਨਾ ਜੁੜ ਸਕੇ, ਜਿਸ ਦੀ ਬਹੁਤ ਹੀ ਵੱਡੀ ਸੰਭਾਵਨਾ ਬਣ ਸਕਦੀ ਸੀ। ਕਮਿਊਨਿਸਟ ਪਾਰਟੀਆਂ ਨੇ ਆਪਣੇ ਸੱਭਿਆਚਾਰ ਅਤੇ ਖਿੱਤੇ ਦੇ ਨਾਇਕ ਅਤੇ ਯੋਧੇ ਛੱਡ ਕੇ ਬਾਹਰੀ ਲੋਕਾਂ ਨੂੰ ਆਪਣੇ ਹੀਰੋ ਸਮਝਣ ਦੀ ਗਲਤੀ ਵਾਰ-ਵਾਰ ਦੁਹਰਾਈ। ਸਿੱਖ ਲਹਿਰ ਅਤੇ ਧਰਮ ਨੂੰ ਝੂਠੀ ਚੇਤਨਾ ਕਹਿ ਕੇ ਰੱਦ ਕੀਤਾ, ਜਿਸ ਕਾਰਨ ਟਕਰਾਅ ਵਧਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਕਿਸ਼ਨ ਸਿੰਘ ਪੰਜਾਬੀ ਬੋਧਿਕ ਪਰੰਪਰਾ ਦੇ ਉਹ ਵਿਦਵਾਨ ਸਨ ਜਿਨ੍ਹਾਂ ਨੇ ਸਿੱਖੀ ਦੇ ਗੁਰਮਤਿ ਫਲਸਫੇ ਅਤੇ ਮਾਰਕਸਵਾਦ ਦੇ ਰਿਸ਼ਤੇ ਨੂੰ ਟਕਰਾਅ ਦੀ ਥਾਂ ਸੰਵਾਦ ਅਤੇ ਸਾਂਝੇ ਮਾਨਵ ਮੁੱਲਾਂ ਦੇ ਅਧਾਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ। ਪ੍ਰੋ. ਕਿਸ਼ਨ ਸਿੰਘ ਨੇ ਲਿਖਿਆ ਕਿ ਸਿੱਖੀ ਇੱਕ ਸਮਾਜਕ ਕ੍ਰਾਂਤੀਕਾਰੀ ਫਲਸਫਾ ਹੈ ਨਾ ਕਿ ਕੇਵਲ ਦੂਸਰੇ ਧਰਮਾਂ ਦੀ ਨਿਆਈਂ ਪੂਜਾ-ਪਾਠ ਦੀ ਕੋਈ ਪ੍ਰਣਾਲੀ ਹੈ। ਇਕ ਓਅੰਕਾਰ ਆਪਣੇ-ਆਪ ਵਿਚ ਮਨੁੱਖੀ ਬਰਾਬਰੀ ਦਾ ਫਲਸਫਾ ਹੈ। ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਕੇ ਛਕਣਾ ਨੂੰ ਉਨ੍ਹਾਂ ਨੇ ਮਿਹਨਤ ਦੀ ਕਦਰ ਕਰਨਾ, ਸਮਾਜਿਕ ਸ਼ੋਸ਼ਣ ਦਾ ਵਿਰੋਧ, ਸਮਾਜਕ ਨਿਆਂ, ਲੰਗਰ ਪ੍ਰਥਾ ਨੂੰ ਵਰਗ ਅਤੇ ਜਾਤੀ ਵਿਰੋਧੀ ਸੰਸਥਾ ਦੱਸਦਿਆਂ ਕਿਹਾ ਕਿ ਸਿੱਖੀ ਵਿਚ ਮੀਰੀ 'ਤੇ ਪੀਰੀ ਦਾ ਅਰਥ ਧਰਮ ਅਤੇ ਰਾਜਨੀਤੀ ਦੀ ਵੱਖਰਤਾ ਹਰਗਿਜ਼ ਨਹੀਂ, ਬਲਕਿ ਨਿਆਂ ਲਈ ਸਾਂਝੇ ਸੰਘਰਸ਼ ਦੀ ਅਵਾਜ਼ ਬੁਲੰਦ ਕਰਨ ਵਾਲਾ ਸਿਧਾਂਤ ਹੈ। ਇਸ ਲਈ

**ਅੱਜ ਕੱਲ੍ਹ ਸਮੁੱਚੀ ਦੁਨੀਆਂ ਵਿਚ ਹੀ ਪਰ ਭਾਰਤ ਵਿਚ ਖਾਸ ਕਰਕੇ ਕਮਿਊਨਿਸਟ ਵਿਚਾਰਧਾਰਾ ਦੇ ਮਰ ਜਾਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਪਰ ਅਕਾਦਮਿਕ ਤੌਰ 'ਤੇ ਕਹੀਏ ਤਾਂ ਇਹ ਪੂਰੀ ਤਰ੍ਹਾਂ ਖਤਮ ਨਹੀਂ ਹੋਈ, ਬਲਕਿ ਰਾਜਨੀਤਕ ਤੌਰ 'ਤੇ ਹਾਸ਼ੀਏ 'ਤੇ ਧੱਕੀ ਗਈ ਹੈ। ਇਸ ਦੇ ਪਿੱਛੇ ਕਈ ਇਤਿਹਾਸਕ, ਸਮਾਜਕ, ਸਿਆਸੀ ਅਤੇ ਅੰਦਰੂਨੀ ਕਾਰਨ ਹਨ।**

ਮਾਰਕਸਵਾਦ ਨੂੰ ਭਾਰਤੀ, ਪੰਜਾਬੀ ਸੰਦਰਭ ਵਿਚ ਵਿਕਸਿਤ ਕਰਨ ਦੀ ਲੋੜ ਹੈ। ਜੋ ਨਾ ਹੀ ਸਿੱਖੀ ਦੇ ਅਲੰਬਦਾਰਾਂ ਨੂੰ ਸਮਝ ਪਿਆ ਅਤੇ ਮਾਰਕਸਵਾਦੀ ਤਾਂ ਧਰਮ ਤੋਂ ਵੀ ਵੱਧ ਕੇ ਮਾਰਕਸਵਾਦੀ ਧਰਮ ਵਿਚ ਬੱਝੇ ਹੋਏ ਸਨ। ਦਲਿਤ ਭਗਤ, ਭਗਤੀ ਲਹਿਰ ਦੀ ਸਭ ਤੋਂ ਪ੍ਰਗਤੀਸ਼ੀਲ ਆਵਾਜ਼ ਸਨ। ਭਗਤੀ ਲਹਿਰ ਨੇ ਦਲਿਤਾਂ ਵਿਚ ਸਵੈ-ਸਨਮਾਨ ਦੀ ਚੇਤਨਾ ਜਗਾਈ ਅਤੇ ਜਾਤੀ-ਵਿਵਸਥਾ ਨੂੰ ਨੈਤਿਕ ਤੌਰ 'ਤੇ ਚੁਣੌਤੀ ਦਿੱਤੀ। ਗੁਰੂ ਰਵਿਦਾਸ, ਭਗਤ ਕਬੀਰ ਜੀ, ਨਾਮਦੇਵ ਜੀ, ਸੈਣ ਜੀ, ਚੋਖਾਮੇਲਾ, ਕਰਮਾ ਮੇਲਾ, ਚੋਖਾਮੇਲਾ ਦੀ ਪਤਨੀ ਸੋਯਰਾਬਾਈ, ਨੰਦਨਾਰ ਅਤੇ ਭਗਤ ਕੰਨੱਪਾ ਨਾਇਨਾਰ- ਇਹ ਸਾਰੇ ਦਲਿਤ ਅਤੇ ਮਜ਼ਦੂਰ ਜਮਾਤ ਵਿਚੋਂ ਆਏ ਸਨ। ਪਰ ਕਮਿਊਨਿਸਟਾਂ ਨੇ ਇਸ ਲਹਿਰ ਨੂੰ ਵੀ ਧਾਰਮਿਕ ਮੰਨਦੇ ਹੋਏ ਇਨ੍ਹਾਂ ਦੇ ਪ੍ਰਗਤੀਸ਼ੀਲ ਜੁਝਾਰੂ ਕੰਮਾਂ ਨੂੰ ਵੀ ਨਾ ਪਛਾਣਿਆ।

ਕਿਹਾ ਜਾਂਦਾ ਹੈ ਕਿ ਜਦੋਂ ਇਨਕਲਾਬੀ ਪਾਰਟੀ ਖੁਦ ਹੀ ਸਟੇਟ ਦੀ ਸੱਤਾ ਬਣ ਜਾਵੇ, ਉਹ ਆਪਣਾ-ਆਪ ਹੀ ਵਿਰੋਧ ਬਣ ਜਾਂਦੀ ਹੈ। ਇਹੋ ਕੁਝ ਪੱਛਮੀ ਬੰਗਾਲ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਨਾਲ ਵਾਪਰਿਆ। ਕਾਮਯਾਬੀ ਤੋਂ ਅਸਫਲਤਾ ਵੱਲ ਯਾਤਰ੍ਹਾਂ ਅਚਾਨਕ ਨਹੀਂ ਹੋਈ, ਬਲਕਿ ਲੰਬੇ ਸਮੇਂ ਦੀਆਂ ਨੀਤੀਆਂ, ਵਿਰੋਧਾਭਾਸਾਂ ਅਤੇ ਬਦਲਦੇ ਸਮਾਜਕ-ਆਰਥਿਕ ਹਾਲਾਤਾਂ ਦਾ ਨਤੀਜਾ ਸੀ। ਪਾਰਟੀ ਨੂੰ ਸ਼ੁਰੂਆਤੀ ਸਫਲਤਾ 1977 ਤੋਂ 1990 ਦਰਮਿਆਨ ਮਿਲੀ, ਜਦੋਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਭੂਮੀ ਸੁਧਾਰਾਂ, ਬਟਾਈਦਾਰਾਂ ਨੂੰ ਕਾਨੂੰਨੀ ਸੁਰੱਖਿਆ ਲਈ ਜਦੋ-ਜਹਿਦ ਕੀਤੀ ਜਿਸ ਨਾਲ ਕਿਸਾਨਾਂ ਵਿਚ ਵੱਡਾ ਭਰੋਸਾ ਪੈਦਾ ਹੋਇਆ। ਪਾਰਟੀ ਨੇ ਪੰਚਾਇਤੀ ਰਾਜ ਦੀ ਮਜ਼ਬੂਤੀ ਲਈ ਕੰਮ ਕੀਤਾ, ਸਥਾਨਕ ਲੋਕਤੰਤਰ ਵਿਚ ਗਰੀਬਾਂ ਦੀ ਸਿਆਸੀ ਭਾਗੀਦਾਰੀ ਨਿਸਚਿਤ ਕੀਤੀ, ਟ੍ਰੇਡ ਯੂਨੀਅਨ ਨੂੰ ਮਜ਼ਬੂਤ ਕੀਤਾ, ਸੱਭਿਆਚਾਰਕ ਸਰਗਰਮੀਆਂ ਨਾਲ ਬੁੱਧੀਜੀਵੀਆਂ ਦਾ ਸਮਰਥਨ ਕੀਤਾ। ਲੰਬਾ ਸਮਾਂ ਲੱਗਭਗ 34 ਸਾਲ ਸੱਤਾ ਵਿਚ ਰਹਿਣ ਕਾਰਨ ਪਾਰਟੀ ਖੁਦ ਹੀ ਸਟੇਟ ਬਣ ਗਈ ਅਤੇ ਕਾਡਰ ਸ਼ਾਸਕ ਵਰਗ ਵਿਚ ਤਬਦੀਲ ਹੋ ਗਿਆ। ਲੜਾਕੂ ਲਹਿਰ ਹੁਣ ਸਟੇਟਸ ਕੋ ਦੀ ਰੱਖਿਆ ਲਈ ਯਤਨਸ਼ੀਲ ਹੋ ਗਈ। ਉਦਯੋਗਕ ਨੀਤੀ ਨੂੰ ਲੈ ਕੇ ਵਿਰੋਧਾਭਾਸ ਪੈਦਾ ਹੋਣ ਲੱਗੇ, ਪਹਿਲਾਂ ਪਹਿਲ ਉਦਯੋਗ ਦਾ ਵਿਰੋਧ ਫਿਰ ਬਾਅਦ ਵਿਚ ਕਾਰਪੋਰੇਟ ਨਿਵੇਸ਼ ਲਈ ਜ਼ਮੀਨ ਅਧਿਗ੍ਰਹਿਣ ਕਰਨ ਲਈ ਸਿੰਗੂਰ, ਨੰਦੀਗ੍ਰਾਮ ਵਿਚ ਕਿਸਾਨਾਂ ਨਾਲ ਟਕਰਾਅ ਪੈਦਾ ਹੋਇਆ। ਪਾਰਟੀ ਕੇਡਰ ਝੂਠੇ ਸਰਟੀਫਿਕੇਟ ਪ੍ਰਾਪਤ ਕਰਨ, ਨੌਕਰੀ ਲਈ ਸਿਫ਼ਾਰਸ਼ ਕਰਨ ਅਤੇ ਠੇਕੇ ਲੈਣ ਲੱਗ ਪਿਆ। ਨਵੀਆਂ ਪਛਾਣਾਂ ਦਲਿਤ ਅਤੇ ਆਦਿਵਾਸੀ ਭਾਈਚਾਰਾ ਅਤੇ ਖੇਤਰੀ ਪਛਾਣ ਦੇ ਮੁੱਦਿਆਂ 'ਤੇ ਲੈਫ਼ਟ ਦੀ ਤਿਆਰੀ ਅਤੇ ਪੇਤਲੀ ਸਮਝ ਕਰਕੇ ਸਭ ਕੁਝ ਬਿਖਰ ਗਿਆ। 1991 ਬਾਅਦ ਦਾ ਨਿਓ-ਲਿਬਰਲ ਦਬਾਅ, ਕੇਂਦਰ ਦੀਆਂ ਨੀਤੀਆਂ ਜਿਸ ਵਿਚ ਪਾਰਟੀ ਭਾਈਵਾਲ ਸੀ ਅਤੇ ਰਾਜਾਂ ਵਿਚ ਨਿਵੇਸ਼ ਦੀ ਮੁਕਾਬਲੇਬਾਜ਼ੀ ਕਰਕੇ ਲੈਫ਼ਟ ਆਪਣੀ ਹੀ ਪੁਰਾਣੀ ਨੀਤੀ ਦੇ ਉਲਟ ਚੱਲ ਪਿਆ, ਜਿਸ ਨਾਲ ਲੋਕਾਂ ਦਾ ਭਰੋਸਾ ਟੁੱਟਿਆ। ਪਾਰਟੀ ਸਖ਼ਤ, ਬਿਊਰੋਕ੍ਰੈਟਿਕ ਕੁਰਬਾਨੀ ਦੀ ਭਾਸ਼ਾ 'ਚ ਫਸੀ ਰਹੀ ਜਿਸ ਦਾ ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ ਨੇ ਫਾਇਦਾ ਚੁੱਕਿਆ ਉਸ ਦਾ ਉਭਾਰ ਕਿਸਾਨੀ ਭਾਸ਼ਾ ਵਿਚ ਗੁੱਸੇ ਭਰੀ ਆਵਾਜ਼ ਨਾਲ ਹੋਇਆ।

ਮਾਓਵਾਦੀ ਮਾਰਕਸਵਾਦ ਤੋਂ ਪ੍ਰਭਾਵਿਤ ਨਕਸਲੀ ਵਿਚਾਰਧਾਰਾ ਦਾ ਉਭਾਰ ਜੋ ਕਿਸਾਨਾਂ ਅਤੇ ਆਦਿਵਾਸੀਆਂ ਦੀ ਲਹਿਰ ਸੀ, ਦੇ ਵਿਚੋਂ ਹੋਇਆ। ਇਸ ਲਹਿਰ ਦੇ ਪਨਪਣ ਦੇ ਪਿੱਛੇ ਮੁੱਖ ਧਾਰਾ ਦੀਆਂ ਭਾਰਤੀ ਕਮਿਊਨਿਸਟ ਪਾਰਟੀਆਂ ਦੀਆਂ ਗਲਤੀਆਂ ਅਤੇ ਅਸਫਲਤਾਵਾਂ ਵੀ ਵੱਡਾ ਕਾਰਨ ਸਨ। ਇਸ ਦੇ ਮੁੱਖ ਨੇਤਾ ਚਾਰੂ ਮਜ਼ੂਮਦਾਰ ਅਤੇ ਕਨੂ ਸਾਨਿਆਲ ਦਾ ਮੱਤ ਸੀ ਕਿ ਖੇਤੀਹੀਣ ਕਿਸਾਨ ਹੀ ਅਸਲ ਕ੍ਰਾਂਤੀਕਾਰੀ ਹਨ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਸੰਸਦ ਰਾਹੀਂ ਇਨਕਲਾਬ ਸੰਭਵ ਨਹੀਂ, ਇਸ ਲਈ ਮਾਓ ਦਾ ਸਿਧਾਂਤ ਪਿੰਡਾਂ ਤੋਂ ਸ਼ਹਿਰਾਂ ਦੀ ਘੇਰਾਬੰਦੀ ਕਰਕੇ ਸੰਭਵ ਬਣਾਇਆ ਜਾ ਸਕਦਾ ਹੈ। ਨਕਸਲਵਾਦ ਦਾ ਅਸਰ ਪੱਛਮੀ ਬੰਗਾਲ, ਆਂਧ੍ਰਾ ਪ੍ਰਦੇਸ਼, ਬਿਹਾਰ, ਉੜੀਸਾ ਅਤੇ ਪੰਜਾਬ ਤੱਕ ਵੀ ਫੈਲਿਆ। ਇਸ ਅੰਦੋਲਨ ਵਿਚ ਨੌਜਵਾਨ ਵਿਦਿਆਰਥੀ, ਬੁੱਧੀਜੀਵੀ, ਕਵੀ ਅਤੇ ਲੇਖਕ ਵੀ ਸ਼ਾਮਲ ਹੋਏ। ਨਕਸਲਵਾਦ ਨੇ ਬਹੁਤ ਸਾਰੇ ਸਹੀ ਸਵਾਲ ਤਾਂ ਚੁੱਕੇ, ਪਰ ਗਲਤ ਧਾਰਨਾਵਾਂ ਅਧੀਨ ਉੱਤਰ ਗਲਤ ਦਿੱਤੇ। ਇਸ ਲਈ ਇਹ ਅੰਦੋਲਨ 21ਵੀਂ ਸਦੀ ਦੇ ਭਾਰਤ ਦੀਆਂ ਲੋੜਾਂ ਅਤੇ ਸਮੱਸਿਆਵਾਂ ਦੇ ਅਨੁਕੂਲ ਨਹੀਂ ਸੀ ਬਣ ਸਕਿਆ, ਇਸ ਨੇ ਵੀ ਮਾਸ ਲਾਈਨ ਦੀ ਅਣਦੇਖੀ ਕੀਤੀ। ਜਿਸ ਨਾਲ ਆਮ ਲੋਕਾਂ ਨੇ ਲਹਿਰ ਨਾਲੋਂ ਦੂਰੀ ਬਣਾ ਲਈ। ਹਿੰਸਾ ਨਾਲ ਬਦਲਾਅ ਦੇ ਰਾਹ ਦਾ ਸਿਧਾਂਤ ਸਥਾਈ ਪਕੜ ਨਾ ਰੱਖ ਸਕਿਆ ਅਤੇ ਇਹ ਸਾਬਤ ਹੋਇਆ ਕਿ ਬਿਨਾਂ ਜਨਤਾ ਦੀ ਲਾਮਬੰਦੀ ਦੇ ਕੋਈ ਇਨਕਲਾਬ ਸਫ਼ਲ ਨਹੀਂ ਹੋ ਸਕਦਾ। ਖਣਿਜ, ਜ਼ਮੀਨ ਅਤੇ ਜੰਗਲ ਨੂੰ ਲੈ ਕੇ ਆਦਿਵਾਸੀ ਸਵਾਲ ਅੱਜ ਵੀ ਜਿੰਦਾ ਹਨ ਅਤੇ ਮਾਓਵਾਦੀ ਸੰਘਰਸ਼ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ। ਪਹਿਲਾ ਕਾਂਗਰਸ ਦੇ ਦੌਰ ਵਿਚ ਅਤੇ ਹੁਣ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਕਾਰਪੋਰੇਟ ਅੱਗੇ ਸਭ ਕੁਝ ਪਰੋਸ ਦੇਣ ਕਾਰਨ ਸੰਘਰਸ਼ ਚੱਲ ਰਿਹਾ ਹੈ। ਇਸ ਆਦਿਵਾਸੀ ਜੁਝਾਰੂ ਅੰਦੋਲਨ ਨੂੰ ਕੁਚਲਣ ਲਈ ਜਬਰ ਜ਼ੁਲਮ ਦਾ ਸਹਾਰਾ ਲਿਆ ਜਾ ਰਿਹਾ ਹੈ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਅੰਦੋਲਨ ਨੂੰ ਮਾਰਚ 2026 ਤੱਕ ਖਤਮ ਕਰ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪਰ ਹਕੀਕਤ ਇਹ ਹੈ ਕਿ ਜਦ ਤੱਕ ਆਦਿਵਾਸੀ ਸਮੱਸਿਆਵਾਂ ਨੂੰ ਸਿਰਫ ਸੁਰੱਖਿਆ ਸਮੱਸਿਆਵਾਂ ਸਮਝਿਆ ਜਾਂਦਾ ਰਹੇਗਾ, ਮਾਓਵਾਦ ਕਿਸੇ ਨਾ ਕਿਸੇ ਰੂਪ ਵਿਚ ਜਿਊਂਦਾ ਰਹੇਗਾ।

1991 ਵਿਚ ਸੋਵੀਅਤ ਸੰਘ ਦਾ ਟੁੱਟਣਾ ਦੁਨੀਆ ਭਰ ਦੀ ਕਮਿਊਨਿਸਟ ਲਹਿਰ ਲਈ ਭਾਰੀ ਝਟਕਾ ਸਾਬਤ ਹੋਇਆ ਸੀ। ਸੋਵੀਅਤ ਸੰਘ ਪਹਿਲਾ ਸਫ਼ਲ ਕਮਿਊਨਿਸਟ ਰਾਜ ਸੀ ਜਿਸ ਨੇ ਇਹ ਸਿੱਧ ਕੀਤਾ ਕਿ ਪੂੰਜੀਵਾਦ ਤੋਂ ਬਿਨਾਂ ਵੀ ਰਾਜ ਚੱਲ ਸਕਦਾ ਹੈ। ਸਮਾਜਵਾਦ ਦਾ ਇਹ ਸਫਲ ਮਾਡਲ ਦੁਨੀਆ ਭਰ ਦੀਆਂ ਕਮਿਊਨਿਸਟ ਪਾਰਟੀਆਂ ਲਈ ਪ੍ਰੇਰਣਾ-ਸਰੋਤ ਸੀ, ਜੋ ਇਕ ਵੈਧ ਹਕੂਮਤ (Legiti-macy) ਦਾ ਇੱਕ ਸਹਾਰਾ ਵੀ ਸੀ। ਸੋਵੀਅਤ ਸੰਘ ਦੇ ਟੁੱਟਣ ਨਾਲ ਸਿਰਫ਼ ਰਾਜ ਹੀ ਨਹੀਂ, ਇੱਕ ਸ਼ਾਨਾਂਮੱਤਾ ਇਤਿਹਾਸ ਵੀ ਡਿੱਗਿਆ ਅਤੇ ਇਹ ਧਾਰਨਾ ਵੀ ਟੁੱਟੀ ਕਿ ਅਖ਼ੀਰ ਵਿਚ ਸਮਾਜਵਾਦ ਜਿੱਤੇਗਾ। ਦੁਨੀਆ ਭਰ ਦੀ ਕਮਿਊਨਿਸਟ ਲਹਿਰ ਮਨੋਵਿਗਿਆਨਕ ਤੌਰ 'ਤੇ ਸਵੈ-ਰੱਖਿਅਕ ਮੋਡ 'ਚ ਚਲੀ ਗਈ। ਸੁਆਲ ਉੱਠਣ ਲੱਗੇ ਕਿ ਤਾਨਾਸ਼ਾਹੀ ਹੀ ਕਮਿਊਨਿਜ਼ਮ ਦਾ ਅਟਲ ਨਤੀਜਾ ਅਤੇ ਨਿਯਮ ਹੈ। ਬਹੁਤ ਸਾਰੀਆਂ ਕਮਿਊਨਿਸਟ ਪਾਰਟੀਆਂ ਕੋਲ ਇਸ ਦੇ ਸਪਸ਼ਟ ਜਵਾਬ ਨਹੀਂ ਸਨ। ਬਹੁਤ ਸਾਰੇ ਦੇਸ਼ਾਂ ਵਿਚ ਕਮਿਊਨਿਸਟ ਪਾਰਟੀਆਂ ਟੁੱਟ ਗਈਆਂ, ਫੰਡਿੰਗ ਅਤੇ ਅੰਤਰ ਰਾਸ਼ਟਰੀ ਸਹਿਯੋਗ ਖਤਮ ਹੋ ਗਿਆ। ਯੂਨੀਅਨਾਂ ਕਮਜ਼ੋਰ ਹੋਈਆਂ ਅਤੇ ਕਈ ਥਾਵਾਂ ਤੇ ਕਮਿਊਨਿਸਟ ਪਾਰਟੀਆਂ ਨੇ ਆਪਣੇ ਨਾਮ ਬਦਲ ਕੇ ਪ੍ਰਗਤੀਸ਼ੀਲ, ਜਮਹੂਰੀ ਪਾਰਟੀ ਰੱਖ ਲਿਆ। ਕਿਊਬਾ, ਵਿਅਤਨਾਮ ਸਭ ਸਰਵਾਈਵ ਮੋਡ 'ਤੇ ਚਲੇ ਗਏ। ਕੋਈ ਸਪਸ਼ਟ, ਆਕਰਸ਼ਕ ਮਾਡਲ ਬਾਕੀ ਨਹੀਂ ਬਚਿਆ। ਕਮਿਊਨਿਜ਼ਮ ਦੀ ਮੌਤ ਦੀ ਤਰ੍ਹਾਂ ਵਾਪਰਿਆ ਇਹ ਇੱਕ ਯੁੱਗ ਦਾ ਅੰਤ ਸੀ, ਨਹੀਂ, ਮਾਰਕਸ ਦੇ ਮੁੱਖ ਸਵਾਲ ਅਸਮਾਨਤਾ, ਸ਼ੋਸ਼ਣ, ਲੁੱਟ-ਖਸੁੱਟ, ਪੂੰਜੀ ਦਾ ਕੇਂਦਰੀਕਰਨ ਅਜੇ ਵੀ ਜਿਉਂ ਦੇ ਤਿਉਂ ਜਿੰਦਾ ਹਨ। ਅੱਜ ਲੈਫ਼ਟ ਦੀ ਨਵੀਂ ਦਿਸ਼ਾ ਦੇ ਮੁੱਖ ਰੁਝਾਨ ਸਿਵਲ ਸੋਸਾਇਟੀ ਦੇ ਅੰਦੋਲਨ, ਕਾਨੂੰਨੀ ਲੜਾਈ ਜਮਾਤਾਂ ਦੀ ਵੰਡ ਤੋਂ ਅੱਗੇ ਵਧ ਕੇ ਦਲਿਤ, ਆਦਿਵਾਸੀ ਪਛਾਣ ਦੇ ਮਸਲੇ, ਔਰਤਾਂ ਦੀ ਸਥਿਤੀ, ਘੱਟ ਗਿਣਤੀਆਂ ਦੇ ਘੋਲ, ਗਲੋਬਲ ਪੂੰਜੀ ਦਾ ਵਿਰੋਧ, ਨਿਓਲਿਬਰਲਿਜ਼ਮ ਦੀ ਆਲੋਚਨਾ, ਪਰ ਐਂਟੀ-ਮਾਰਕੀਟ ਬਖੇੜੇ ਖੜੇ ਕਰਨਾ ਨਹੀਂ ਰਿਹਾ, ਡਿਵੈਲਪਮੈਂਟ ਬਨਾਮ ਵਿਸਥਾਪਨ, ਵਾਤਾਵਰਨ ਸੰਭਾਲ ਅਤੇ ਕਲਾਈਮੇਟ ਜਸਟਿਸ, ਜਲ-ਜੰਗਲ-ਜ਼ਮੀਨ ਦੀ ਲੜਾਈ, ਕਿਸਾਨ ਅੰਦੋਲਨ, ਸਟੂਡੈਂਟ ਮੂਵਮੈਂਟ, ਨਵੇਂ ਰੂਪ ਵਾਲੇ ਮਜ਼ਦੂਰ ਸੰਗਠਨ, ਵੈਲਫੇਅਰ ਅਤੇ ਫੈਡਰਲਿਜ਼ਮ ਵਾਲੇ ਮਸਲੇ ਹਨ। ਸਮਾਜਵਾਦੀ ਵਿਚਾਰਧਾਰਾ ਅੱਜ ਵੀ ਪ੍ਰਸੰਗਕ ਹੈ। ਇਸ ਦੀ ਤਾਜ਼ਾ ਮਿਸਾਲ ਪੂੰਜੀਵਾਦ ਦੇ ਸਿਖਰ ਨੂੰ ਹੰਢਾਅ ਰਹੇ ਅਮਰੀਕਾ ਦੇ ਪੂੰਜੀਪਤੀਆਂ ਦੇ ਸ਼ਹਿਰ ਨਿਊਯਾਰਕ ਦੀ ਹੈ, ਜਿੱਥੇ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਸਮਾਜਵਾਦ ਬਾਰੇ ਇੱਕ ਨਵੀਂ ਬਹਿਸ ਖੜ੍ਹੀ ਕਰ ਦਿੱਤੀ ਹੈ। ਮਮਦਾਨੀ ਆਪਣੇ ਆਪ ਨੂੰ ਕੇਵਲ ਸਮਾਜਵਾਦੀ ਹੀ ਨਹੀਂ ਕਹਿੰਦਾ, ਸਗੋਂ ਉਹ ਕਹਿੰਦਾ ਹੈ ਕਿ ਮੈਂ ਡੈਮੋਕ੍ਰੈਟਿਕ ਸੋਸ਼ਲਿਸਟ ਹਾਂ। ਉਸਦਾ ਮਕਸਦ ਹੈ ਅਮਰੀਕੀ ਨਾਗਰਿਕਾਂ ਲਈ ਆਰਥਿਕ ਇਨਸਾਫ਼ ਦੇ ਸਮਾਨ ਮੌਕੇ ਲੈ ਕੇ ਆਉਣਾ। ਮਮਦਾਨੀ ਆਪਣੇ-ਆਪ ਨੂੰ ਭਾਵੇਂ ਮਾਰਕਸਵਾਦੀ ਕਮਿਊਨਿਸਟ ਨਹੀਂ ਮੰਨਦਾ ਪਰ ਉਹ ਇਸ ਵਿਚਾਰ ਨੂੰ ਅੰਗੀਕਾਰ ਕਰਦਾ ਹੈ ਕਿ ਰਾਜਨੀਤਿਕ ਲੋਕਤੰਤਰ ਨੂੰ ਆਮ ਲੋਕਾਂ ਦੇ ਹਿੱਤ ਵਿਚ ਕੰਮ ਕਰਨਾ ਚਾਹੀਦਾ ਹੈ ਨਾ ਕਿ ਸਿਰਫ਼ ਪੂੰਜੀਪਤੀਆਂ ਅਤੇ ਵੱਡੇ ਕਾਰਪੋਰੇਟਾਂ ਦੇ ਹਿਤ ਨੂੰ ਪਹਿਲ ਦੇਣੀ ਚਾਹੀਦੀ ਹੈ।

# ਸੰਦਲੀ ਸੁਪਨਿਆਂ ਦਾ ਸੁਦਾਗਰ: ਗੁਰਦਿਆਲ ਕੰਵਲ

ਗੁਰਦਿਆਲ ਕੰਵਲ ਕਈ ਗੱਲਾਂ ਕਰ ਕੇ ਹੋਰਾਂ ਨਾਲੋਂ ਵੱਖਰੀ ਪਛਾਣ ਦਾ ਮਾਲਕ ਹੈ। ਹੋਰਾਂ ਨਾਲੋਂ ਉਸ ਦੇ ਅਵੱਲੇ ਸ਼ੌਕ, ਅਵੱਲਾ ਰਹਿਣ-ਸਹਿਣ ਤੇ ਅਵੱਲਾ ਵਰਤਣ ਵਿਹਾਰ ਹੈ। ਉਸ ਦੀ ਜ਼ਿੰਦਗੀ ਦੀ ਤੋਰ ਸਹਿਜ-ਸੁਭਾਵੀ ਨਹੀਂ। ਉਹ ਟੇਢੇ ਤੇ ਬਿਖੜੇ ਪੈਂਡਿਆਂ ਦਾ ਪਾਂਧੀ ਹੈ। ਉਹ ਪਰਛਾਵਿਆਂ ਪਿੱਛੇ ਦੌੜਨ ਵਾਲਾ ਨਹੀ, ਤਿਤਲੀਆਂ ਦਾ ਪੁਜਾਰੀ ਨਹੀਂ, ਤਲਖ ਹਕੀਕਤਾਂ ਦਾ ਵਣਜਾਰਾ ਹੈ। ਉਹ ਕੰਡਿਆਂ 'ਤੇ ਤੁਰਨ ਦੀ ਆਦਤ ਦਾ ਤੇ ਖੰਘਰਾਂ ਨਾਲ ਸਿੱਧਾ ਮੱਥਾ ਲਾਉਣ ਦੀ ਆਦਤ ਦਾ ਡੰਗਿਆ ਹੋਇਆ। ਉਸ ਨੇ ਹਰ ਉਹ ਕੰਮ ਕੀਤੇ; ਜਿਨ੍ਹਾਂ ਤੋਂ ਸਧਾਰਨ ਵਿਅਕਤੀ ਤ੍ਰਹਿੰਦਾ ਹੈ। ਉਹ ਕੁੱਦਣ ਜਾਣਦਾ ਹੈ, ਡੁੱਬ ਜਾਣ ਦੀ ਕੋਈ ਚਿੰਤਾ ਨਹੀਂ। ਕੰਮ ਵਿਚ ਪੈਰ ਪਸਾਰਨ ਜਾਣਦਾ ਹੈ, ਘਾਟਾ ਖਾਣ ਦਾ ਕੋਈ ਝੋਰਾ ਨਹੀਂ। ਅਕਸਰ ਉਹ ਘਾਟਿਆਂ-ਤੋਟਿਆਂ ਵਿਚ ਜੀਵਿਆ ਹੈ। 'ਕੰਮ ਕੋਈ ਛਡਿਆ ਨਹੀਂ, ਲਾਹਾ ਕੋਈ ਖੱਟਿਆ ਨਹੀਂ।' ਉਹ ਕਿਹੜੀ ਗਲੀ ਜਿੱਥੇ ਨਿਹਾਲੋ ਨਹੀਂ ਖੜ੍ਹੀ'। ਘਾਟਿਆਂ ਤੋਟਿਆਂ ਤੋਂ ਪੂਰੀ ਤਰ੍ਹਾਂ ਨਿਰਲੇਪ। ਉਹ ਆਪਣੇ ਅੰਦਰਲੀ ਕਸਤੂਰੀ ਬਾਹਰੋਂ ਭਾਲਦਾ ਤੱਤੇ ਰੇਤੇ ਦੇ ਮ੍ਰਿਗ ਤ੍ਰਿਸ਼ਨਾ ਦਾ ਡੰਗਿਆ ਅਣਥੱਕ ਰਾਹੀ ਹੈ।



ਗੁਰਦਿਆਲ ਸਿਰੇ ਦਾ ਮਹਿਮਾਨ ਨਿਵਾਜ਼ ਤੇ ਮਿੱਤਰ ਨਿਵਾਜ਼ ਹੈ। ਯਾਰਾਂ ਦਾ ਯਾਰ,

ਪੂਰਨ ਸਿੰਘ ਪਾਂਧੀ ਟਰਾਂਟੋ, ਕਨੇਡਾ

ਮਿੱਤਰਾਂ ਦਾ ਮਿੱਤਰ। ਉਸ ਵਿਚ ਮਿੱਤਰਾਂ ਤੋਂ ਸਭ ਕੁਝ ਨਿਛਾਵਰ ਕਰਨ ਦੀ ਭਾਵਨਾ ਹੈ। ਮਿੱਤਰਾਂ ਲਈ ਜਾਨ ਤਲੀ 'ਤੇ ਰੱਖ ਦੇਣ ਦਾ ਜੇਰਾ ਹੈ। ਉਹ ਆਪ ਕਹਿੰਦਾ ਹੈ, 'ਉਸ ਦੇ ਜੀਵਨ ਦੀ ਅਸਲ ਘਾਲ ਕਮਾਈ ਤੇ ਸਹੀ ਪੂੰਜੀ ਉਸ ਦੇ ਮਿੱਤਰ ਹਨ।' ਪਰ ਮਿੱਤਰਤਾ ਦੀ ਪਰਖ-ਨਿਰਖ ਦੇ ਉਸ ਦੇ ਆਪਣੇ ਪੈਮਾਨੇ ਹਨ। ਉਸ ਦੀ ਮਿੱਤਰਤਾ ਦੇ ਤਰਾਜੂ ਵਿਚ ਝੋਲ ਮਾਰਨ ਵਾਲਾ, ਲੰਗੜੀ ਚਾਲ ਵਾਲਾ, ਟੀਰ ਮਾਰਨ ਵਾਲਾ, ਉਸ ਦਾ ਕੁਝ ਨਹੀਂ ਲਗਦਾ। ਅਜਿਹੇ ਵੱਡੇ ਆਖੇ ਜਾਂਦੇ ਕਈ ਮਹਾਨ ਪੁਰਸ਼ਾਂ ਨੂੰ ਦਾਲ ਦੇ ਕੋਕੜੂ ਵਾਂਗ ਚਲਾ ਕੇ ਮਾਰਦਾ ਹੈ। ਉਹ ਕਿਸੇ ਖੱਬੀ-ਖਾਂ ਦੀ ਪ੍ਰਵਾਹ ਨਹੀਂ ਕਰਦਾ। ਅਜਿਹਾ ਮਹਾਨ ਪੁਰਸ਼ ਭਾਵੇਂ ਕਿਸੇ ਖੇਤਰ ਦਾ ਹੋਵੇ, ਲੀਡਰ ਹੋਵੇ, ਸਾਹਿਤਕਾਰ, ਕਵੀ ਜਾਂ ਕੁਝ ਵੀ ਹੋਵੇ, ਆਪੂੰ ਬਣੇ ਅਜਿਹੇ ਚੌਧਰੀ ਨੂੰ ਮੋਢਾ ਮਾਰ ਕੇ ਚਲਦਾ ਬਣੇਗਾ।

ਉਹ ਦੋਸਤ ਹੈ ਜਾਂ ਦੁਸ਼ਮਣ, ਵਿਚ-ਵਿਚਾਲਾ ਕੋਈ ਨਹੀਂ। ਉਸ ਨੂੰ ਮੂੰਹ-ਫੱਟ ਵੀ ਨਹੀਂ ਆਖ ਸਕਦੇ। ਐਨਾ ਵੀ ਕਿ ਉਹ ਕਿਸੇ ਭਲੇਮਾਣਸ ਦੇ ਖਾਹ-ਮੁਖਾਹ ਗਲ ਪੈਂਦਾ ਹੋਵੇ; ਹਕੀਕਤ ਵਿਚ ਉਹ ਬਹੁਤ ਕੋਮਲ ਤੇ ਸਿਰੇ ਦਾ ਜਜ਼ਬਾਤੀ ਹੈ। ਪਰ ਦਬੰਗ ਹੋ ਕੇ ਜਾਂ ਨਿਵ ਕੇ ਰਹਿਣ ਦਾ ਉਸ ਕੋਲ ਕੋਈ ਗੁਰਮੰਤਰ ਨਹੀਂ। ਬੱਸ ਅੜ ਗਿਆ ਸੋ ਅੜ ਗਿਆ, ਖੜ ਗਿਆ ਸੋ ਖੜ ਗਿਆ। ਨਾ ਕਿਸੇ ਦੀ ਕੋਈ ਝੇਪ ਨਾ ਸੰਗ ਸੰਗਾਅ। ਲਿਪਾ-ਪੋਚੀ ਤਾਂ ਉਸ ਨੂੰ ਕਰਨੀ ਆਉਂਦੀ ਨਹੀਂ। ਅੰਦਰੋਂ ਹੋਰ ਤੇ ਬਾਹਰੋਂ ਹੋਰ ਵਾਲੀ ਨੀਤੀ ਨਾਲ ਉਸ ਨੂੰ ਸਿਰੇ ਦਾ ਵੈਰ ਹੈ। ਉਹ ਆਪਣੇ ਦਿਲ ਦੀ ਗੱਲ ਲੁਕੋਅ ਕੇ ਨਹੀਂ ਰੱਖ ਸਕਦਾ। ਗੱਲ ਭਾਵੇਂ ਚੰਗੀ ਹੋਵੇ ਜਾਂ ਮਾੜੀ, ਕੌੜੀ ਹੋਵੇ ਜਾਂ ਫਿੱਕੀ, ਕੱਢ ਕੇ ਬਾਹਰ ਮਾਰਦਾ ਹੈ। ਆਖਤਖਾਨਾਂ, ਬੇਈਮਾਨਾਂ ਤੇ ਚੁਗਲਖੋਰਾਂ ਨੂੰ ਮੂਹਰਿਓਂ ਹੋ ਕੇ ਟੱਕਰਨ ਦੀ ਉਸ ਦੀ ਚੰਦਰੀ ਆਦਤ ਹੈ।

ਕੰਵਲ ਮਾਨਵਪ੍ਰਜ ਵਿਅਕਤੀ ਹੈ। ਤਰਸਵਾਨ, ਕਦਰਦਾਨ, ਹਮਦਰਦ ਤੇ ਸਹਿਯੋਗੀ ਭਾਵਨਾ ਦਾ ਭਰਿਆ ਹੋਇਆ। ਕਿਸੇ ਦੇਸ਼ ਦਾ ਕੋਈ ਬੰਦਾ ਕਨੇਡਾ ਆਇਆ ਹੋਵੇ, ਉਸ ਦੇ ਆਉਣ ਦੀ ਭਿਣਕ ਇਸ ਦੇ ਕੰਨੀਂ ਪੈ ਜਾਵੇ, ਇਹ ਉਸ ਦੀ ਪੈੜ ਕੱਢੇਗਾ, ਉਸ ਨੂੰ ਲੱਭੇਗਾ, ਉਸ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰੇਗਾ, ਉਸ ਦਾ ਸਹਾਰਾ ਬਣੇਗਾ, ਉਸ ਦੇ ਵਸੇਬੇ ਤੇ ਰੋਜ਼ਗਾਰ ਲਈ ਸਿਰ ਤੋੜ ਯਤਨ ਕਰੇਗਾ। ਠੀਕ ਅਰਥਾਂ ਵਿਚ ਇਹ ਨਿਆਸਰਿਆਂ ਦਾ ਆਸਰਾ ਤੇ ਬੇਘਰਿਆਂ ਦਾ ਘਰ ਬਣਦਾ ਹੈ।

ਉਹ ਮਤਵਾਲਾ ਹੈ ਚੰਗਿਆਈ ਦਾ। ਚੰਗਿਆਈ ਦੀ ਉਸ ਨੂੰ ਦੂਰੋਂ ਮਹਿਕ ਆ ਜਾਂਦੀ ਹੈ। ਉਹ ਕਦਰ ਕਰਦਾ ਹੈ ਇਮਾਨਦਾਰੀ ਦੀ, ਵਫਾਦਾਰੀ ਦੀ, ਨਿਰਛਲ ਵਰਤੋਂ-ਵਿਹਾਰ ਦੀ। ਉਸ ਦੀ ਪਾਰਖੂ ਅੱਖ ਝੱਟ ਤਾੜ ਜਾਂਦੀ ਹੈ। ਕੌਣ ਕਿਹੋ ਜਿਹਾ ਹੈ, ਉਸ ਦੀ ਨੀਅਤ ਕੀ ਹੈ, ਮੁਰਾਦਾਂ ਕੀ ਹਨ। ਨਿਰਛਲ ਤੇ ਇਮਾਨਦਾਰ ਭਾਵੇਂ ਉਸ ਦੀ ਹਿੱਕ 'ਤੇ ਛਾਲਾਂ ਮਾਰੀ ਜਾਵੇ, ਪਰ ਧੋਖੇਬਾਜ਼, ਚਾਲਬਾਜ਼ ਤੇ ਬੇਈਮਾਨਾਂ ਲਈ ਨੱਕ 'ਤੇ ਮੱਖੀ ਨਹੀਂ ਬਹਿਣ ਦੇਵੇਗਾ।

ਉਹ ਭੁੱਖਾ ਹੈ ਪਿਆਰ ਦਾ। ਉਹ ਪਿਆਸਾ ਹੈ ਮੇਲ ਮਿਲਾਪ ਦਾ। ਉਸ ਨੂੰ ਦੋਸਤੀਆਂ ਗੰਢਣੀਆਂ ਤੇ ਯਾਰੀਆਂ ਨਿਭਾਉਣੀਆਂ ਆਉਂਦੀਆਂ ਹਨ। ਉਸ ਨੂੰ ਕੋਈ ਸਿਧੇ ਮੂੰਹ ਬੁਲਾ ਲਵੇ ਸਹੀ, ਅੱਖ ਨਾਲ ਅੱਖ ਮਿਲਾ ਲਵੇ ਸਹੀ, ਫਿਰ ਅਗਲੇ ਦਾ ਪਿੱਛਾ ਨਹੀਂ ਛੱਡੇਗਾ, ਸੌ ਵਿੰਗ ਪਾ ਕੇ ਮਿਲਣ ਜਾਵੇਗਾ, ਆਪਣਾ ਬਣਾ ਲਵੇਗਾ, ਸੌ ਸੌ ਸਲਾਹਾਂ-ਸਕੀਮਾਂ ਕਰੇਗਾ।

ਗੁਰਦਿਆਲ ਕੰਵਲ ਸੰਦਲੀ ਸੁਪਨਿਆਂ ਦਾ ਸੁਦਾਗਰ ਹੈ। ਉਸ ਅੰਦਰ ਫਕੀਰਾਂ ਵਰਗੀ ਮਸਤੀ ਤੇ ਬਾਦਸ਼ਾਹਾਂ ਵਰਗੀ ਦਰਿਆ-ਦਿਲੀ ਹੈ। ਉਸ ਨੂੰ ਕਿਸੇ ਦਾ ਮਾਣ-ਤਾਣ ਕਰਨ, ਮਹਿਫਲਾਂ ਸਜਾਉਣ ਤੇ ਰੌਣਕ ਮੇਲਾ ਕਰਨ ਦਾ ਝੱਲ ਦੀ ਹੱਦ ਤੱਕ ਸ਼ੌਕ ਹੈ। ਉਹ ਟਿਕ ਕੇ ਬੈਠ ਹੀ ਨਹੀਂ ਸਕਦਾ। ਵਿਹਲੇ ਨੂੰ ਅੱਚਵੀ ਲੱਗ ਜਾਂਦੀ ਹੈ। ਉਸ ਅੰਦਰ ਕੋਈ ਨਾ ਕੋਈ ਇਕੱਠ ਕਰਨ ਜਾਂ ਮਹਿਫਲਾਂ ਸਜਾਉਣ ਦਾ ਇਕਤਾਰਾ ਵਜਦਾ ਰਹਿੰਦਾ ਹੈ, ਬਿਰਹਾ ਤੇ ਵਿਯੋਗ ਦੀਆਂ ਸੁਰਾਂ ਗੂੰਜਦੀਆਂ ਰਹਿੰਦੀਆਂ ਹਨ। ਆਪਣੇ ਅੰਦਰਲੀ ਕਸਤੂਰੀ ਦੀ ਮਹਿਕ ਬੰਦਿਆਂ ਦੀ ਭੀੜ ਵਿਚੋਂ ਭਾਲਦਾ, ਕਨੇਡਾ ਦੇ ਵੱਡੇ ਹਾਲਾਂ ਵਿਚ, ਪੂਰੀ ਸ਼ਾਨ-ਸ਼ੌਕਤ ਤੇ ਸਜ-ਧਜ ਨਾਲ ਵੱਡੇ ਇਕੱਠ ਜੋੜਦਾ ਹੈ। ਵੱਡੇ ਇਕੱਠ, ਰੰਗੀਨ ਮਹਿਫਲਾਂ, ਚੋਟੀ ਦੇ ਸਾਹਿਤਕਾਰ, ਕਵੀ, ਸ਼ਹਿਰ ਦੇ ਪਤਵੰਤੇ, ਲੀਡਰ ਆਦਿ ਸਭ ਜੁੜਦੇ, ਭਾਸ਼ਣ ਹੁੰਦੇ ਤੇ ਕਵਿਤਾਵਾਂ ਦੇ ਦੌਰ ਚਲਦੇ ਹਨ ਤੇ ਹਰ ਪ੍ਰਕਾਰ ਦੇ ਪਦਾਰਥਾਂ ਦੇ ਅਟੁੱਟ ਲੰਗਰ ਲਗਦੇ ਹਨ। ਸਾਰਾ ਪਰਿਵਾਰ ਸੇਵਾ ਵਿਚ ਜੁਟੇ ਹੁੰਦੇ ਹਨ।

ਉਸ ਦਾ ਘਰ ਤਾਂ ਮਹਿਫਲਾਂ ਦਾ ਸ਼ਿੰਗਾਰ ਹੈ। ਆਏ ਦਿਨ ਕੋਈ ਕਿਸੇ ਨਾ ਕਿਸੇ ਪਾਰਟੀ ਦਾ ਤੇ ਮਹਿਫਲ ਦਾ ਬਹਾਨਾ ਬਣਿਆ ਰਹਿੰਦਾ ਹੈ। ਮਿੱਤਰਾਂ ਨੂੰ ਸੱਦਾ ਦੇਵੇਗਾ, ਖੂਬ ਖਰਚ ਕਰੇਗਾ। ਰੌਣਕਾਂ ਹੁੰਦੀਆਂ ਹਨ। ਖਰਚ ਕਰਨ 'ਤੇ ਪੈਸੇ ਲਾਉਣ ਦੀ ਉਸ ਨੂੰ ਕੋਈ ਪਰਵਾਹ ਨਹੀਂ। ਸਭ ਕੁਝ ਲੁਟਾਉਣ ਤੱਕ ਜਾਵੇਗਾ। ਫਿਰ ਕਿਧਰੇ ਉਸ ਦੇ ਕਾਲਜੇ ਨੂੰ ਠੰਡ ਪਵੇਗੀ।

ਦੁਆਬੇ ਦੇ ਨਗਰ ਜਗਤਪੁਰ ਵਿਚ ਪਿਤਾ ਨਾਜਰ ਸਿੰਘ ਗਿੱਲ ਮਾਤਾ ਚੈਂਚਲ ਕੌਰ ਗਿੱਲ ਦੇ ਘਰ 6 ਮਾਰਚ 1947 ਵਿਚ ਜਨਮੇ ਗੁਰਦਿਆਲ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਕੱਚੀ ਕੈਲ ਉਮਰ ਪਰ ਪਰਿਵਾਰ ਨਾਲ ਹਾਲਾਤ ਕੁੜੱਤਣ ਭਰੇ ਹੱਦ ਦਰਜੇ ਦੇ। ਰੁੱਸ ਕੇ ਘਰੋਂ ਚਲਾ ਜਾਂਦਾ ਹੈ। ਚਲਾ ਤਾਂ ਗਿਆ ਪਰ ਜੀਵਨ ਦੀ ਕੋਈ ਸੇਧ ਨਹੀਂ ਸੀ, ਕਿਸੇ ਟਿਕਾਣੇ ਦਾ ਕੁਝ ਪਤਾ ਨਹੀਂ, ਬੇਸੇਧ ਤੇ ਦਿਸ਼ਾ-ਹੀਣ ਜ਼ਿੰਦਗੀ। ਕਿਵੇਂ ਨਾ ਕਿਵੇਂ ਗੁਰੂ ਕੀ ਨਗਰੀ ਅੰਮ੍ਰਿਤਸਰ ਜਾ ਪੁੱਜਾ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵਿਚ ਪ੍ਰਿੰਸੀਪਲ ਨਿਹਾਲ ਸਿੰਘ 'ਰਸ' ਦੇ 'ਗਿਆਨੀ ਕਾਲਜ' ਦੀ ਮਸ਼ਹੂਰੀ ਸੀ, ਕਲਾਸਾਂ ਲਗਦੀਆਂ ਸਨ। ਇਸ ਨੇ ਦਲੇਰੀ ਕੀਤੀ। ਗਿਆਨੀ ਕਾਲਜ ਵਿਚ ਦਾਖਲ ਹੋ ਗਿਆ ਤੇ ਗਿਆਨੀ ਪਾਸ ਕਰ ਲਈ। ਅੱਗੋਂ ਪੜ੍ਹਾਈ ਦੇ ਰਾਹ ਖੁੱਲ੍ਹ ਗਏ। ਫਿਰ ਇਸ ਨੇ ਖਾਲਸਾ ਕਾਲਜ ਤੋਂ ਬੀ.ਏ. ਕੀਤੀ। ਬੀ.ਏ. ਤਾਂ ਕਰ ਲਈ ਪਰ ਕਮਾਈ ਦਾ ਕੋਈ ਸਾਧਨ ਨਹੀਂ, ਬੇਰੋਜ਼ਗਾਰ ਸੀ। ਬੜੇ ਔਖੇ ਦਿਨ ਸਨ। ਰੋਜ਼ੀ-ਰੋਟੀ ਲਈ ਕਈ ਤਰ੍ਹਾਂ ਦੇ ਪਾਪੜ ਵੇਲਣੇ ਪਏ। ਹੋਟਲਾਂ ਵਿਚ ਕੰਮ ਕੀਤਾ, ਗਾਹਕਾਂ ਦੇ ਜੂਠੇ ਭਾਂਡੇ ਮਾਂਜਣੇ ਪਏ।

ਕੰਵਲ 1970 ਵਿਚ ਕਨੇਡਾ ਆਇਆ। ਜ਼ਿੰਦਗੀ ਦੀ ਨਵੀਂ ਉਸਾਰੀ ਲਈ ਇੱਥੇ ਇਸ ਨੂੰ ਬਹੁਤ ਮੁਸ਼ੱਕਤ ਕਰਨੀ ਪਈ। ਥਾਂ-ਥਾਂ ਪਾਪੜ ਵੇਲੇ, ਘਾਟ-ਘਾਟ ਦਾ ਪਾਣੀ ਪੀਤਾ, ਖੇਤਾਂ ਵਿਚ ਕੰਮ ਕੀਤਾ, ਰੈਸਟੋਰੈਂਟ ਵਿਚ ਨੌਕਰੀ ਕੀਤੀ, ਟੈਕਸੀ ਚਲਾਈ, 'ਖਾਲਸਾ ਇੰਪੋਰੀਅਮ' ਨਾਂ ਦਾ ਗਰੋਸਰੀ ਸਟੋਰ ਖੋਲ੍ਹਿਆ। ਪਰ ਹਰ ਥਾਂ, ਹਰ ਕੰਮ ਵਿਚ ਘਾਟਾ ਖਾਣ ਤੋਂ ਹੱਥ-ਪੱਲੇ ਕੁਝ ਨਾ ਪਿਆ। ਕਿਹੜਾ ਕੰਮ ਜਿਸ 'ਤੇ ਹੱਥ ਅਜ਼ਮਾਈ ਨਹੀਂ ਕੀਤੀ।

ਏਨਾ ਫਿਰਿਆ ਤੁਰਿਆ, ਬਹੁ-ਭਾਂਤੇ ਲੋਕਾਂ ਵਿਚ ਵਿਚਰਿਆ ਤੇ ਏਨੇ ਵਿਸ਼ਾਲ ਤਜਰਬੇ ਦਾ ਮਾਲਕ ਆਖਰ ਸਿਆਣਾ ਸਮਝਿਆ ਜਾਂਦਾ ਹੈ। ਇਸ ਕਿਸਮ ਦਾ ਸਿਆਣਾ ਕਿ ਹੋਰਾਂ ਦੀ ਦੇਖਾ-ਦੇਖੀ ਹੋਰਾਂ ਵਾਂਗ ਆਪਣਾ ਹੱਥ ਘੁੱਟਣ ਲੱਗ ਪੈਂਦਾ ਤੇ ਹੋਰਾਂ ਦੇ ਹੱਥਾਂ ਵੱਲ ਝਾਕਣ ਲੱਗ ਪੈਂਦਾ ਹੈ। ਖਾਣ-ਖਰਚਣ ਵਿਚ ਕੰਜੂਸੀ ਹੋਣ ਲੱਗ ਜਾਂਦੀ ਹੈ। ਪਰ ਅਸ਼ਕੇ ਇਸ ਲੋਹ ਪੁਰਸ਼ ਗੁਰਦਿਆਲ ਦੇ ਕਿ ਹੋਰਾਂ ਦੀਆਂ ਕੰਨੀ 'ਤੇ ਰਹਿਣ ਦੀਆਂ ਸਿਆਣਪਾਂ, ਜੁਗਤਾਂ ਤੇ ਚੁਸਤੀਆਂ ਵੇਖ ਕੇ ਵੀ, ਇਸ ਨੇ ਆਪਣੀ ਤੋਰ ਨਹੀਂ ਬਦਲੀ, ਨਾ ਸੋਚ ਬਦਲੀ ਨਾ ਵਰਤਣ-ਵਿਹਾਰ ਵਿਚ ਟੀਰ ਪੈਣ ਦਿੱਤਾ; ਜਿਵੇਂ ਉਹ ਪਹਿਲਾਂ ਸੀ, ਓਸੇ ਮੌਲਕ ਤੇ ਯਥਾਰਥੀ ਰੂਪ ਵਿਚ, ਓਨਾ ਦਰਿਆ ਦਿਲ, ਸਖੀ ਤੇ ਮਿਲਾਪੜਾ ਰਿਹਾ ਹੈ।

ਗੁਰਦਿਆਲ ਨਿਰਾ ਕਿਤਾਬੀ ਗਿਆਨ ਦਾ ਪੁਜਾਰੀ ਨਹੀਂ, ਫੀਲਡ ਦਾ ਯੋਧਾ ਵੀ ਹੈ। ਆਪਣੇ ਘਰ ਦੇ ਛੋਟੇ ਜਿਹੇ ਬੈਕ ਯਾਰਡ ਵਿਚ, ਉਸ ਨੇ ਘੀਆ ਕੱਦੂ (ਯੁਚੀਨੀ) ਦੀਆਂ ਸੰਸਾਰ ਵਿਚ ਸਭ ਤੋਂ ਲੰਮੀਆਂ ਤੋਰੀਆਂ (7-10-3) ਸੱਤ ਫੁੱਟ ਦਸ ਇੰਚ, ਪਆਇੰਟ ਤਿੰਨ ਦਾ ਉਤਪਾਦਨ ਕਰ ਕੇ ਰਿਕਾਰਡ ਸਥਾਪਤ ਕੀਤਾ ਅਤੇ ਗਿੰਨੀਜ਼ ਬੁੱਕ ਵਿਚ ਆਪਣਾ ਨਾਂ ਦਰਜ ਕਰਾਉਣ ਵਿਚ ਸਫਲ ਹੋਇਆ ਹੈ।

ਜੀਵਨ ਦੇ ਮੁੱਢਲੇ ਦਿਨਾਂ ਵਿਚ ਉਸ ਨੇ ਸਾਹਿਤਕਾਰੀ ਦੇ ਪਿੜ ਵਿਚ ਪੈਰ ਪਾਇਆ। ਪਹਿਲਾਂ ਸਕੂਲ ਵਿਚ, ਫਿਰ ਕਾਲਜ ਵਿਚ ਕਵਿਤਾਵਾਂ ਲਿਖਣ ਦਾ ਸ਼ੌਕ ਪਾਲਦਾ ਰਿਹਾ। ਸਾਹਿਤ ਸਿਰਜਣਾ ਦੀ ਚਿਣਗ ਇਸ ਦੇ ਧੁਰ ਅੰਦਰ ਤੱਕ ਮਘਦੀ ਰਹੀ ਹੈ। ਇਸ ਅੱਗ ਨੇ ਕਨੇਡਾ ਵਿਚ ਵੀ ਇਸ ਨੂੰ ਚੈਨ ਨਾਲ ਨਹੀਂ ਬਹਿਣ ਦਿੱਤਾ। ਸਾਰੀ ਹਯਾਤੀ ਵਿਚ ਇੱਕ ਅਖਬਾਰ ਜਾਂ ਇੱਕ ਰਸਾਲਾ ਕੱਢ ਲੈਣਾ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ। ਪਰ ਇਸ ਨੇ ਤਾਂ ਪਹਿਲਾ, ਦੂਜਾ, ਫਿਰ ਤੀਜੇ ਨੂੰ ਜਾ ਹੱਥ ਪਾਇਆ। ਪਹਿਲਾਂ 'ਜੀਵਨ ਸਾਂਝਾਂ' ਫਿਰ 'ਨਵੀਂ ਧਰਤੀ' ਫਿਰ 'ਪੰਜ ਦਰਿਆ ਇੰਟਰਨੈਸ਼ਨਲ' ਪਾਠਕਾਂ ਨੂੰ ਅਰਪਣ ਕੀਤੇ। ਏਡਾ ਹੌਸਲਾ, ਏਨੀ ਹਿੰਮਤ, ਏਨੀ ਯੋਗਤਾ ਤੇ ਵਿਦਵਤਾ? ਪਤਾ ਨਹੀਂ ਇਹ ਕਿਸ ਮਿੱਟੀ ਦਾ ਬਣਿਆ ਹੈ? ਇਹ ਕਾਰਜ ਸੀ ਤਾਂ ਸਿਰੇ ਦੇ ਉੱਤਮ, ਪਰਉਪਕਾਰੀ, ਸਾਹਿਤਕ ਤੇ ਆਦਰਸ਼ਕ। ਕੁਝ ਸਮਾ ਇਹ ਬਜ਼ਾਰ ਚਲਦਾ ਰਿਹਾ, ਬੱਲੇ-ਬੱਲੇ ਹੁੰਦੀ ਰਹੀ, ਪਰ ਇੱਥੇ ਵੀ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਸੀ। ਘਾਟੇ ਦੀਆਂ ਪੰਡਾਂ ਦਾ ਭਾਰ ਕਿੰਨਾ ਕੁ ਚਿਰ ਚੁੱਕਿਆ ਜਾਂਦਾ? ਆਖਰ ਫਕੀਰ ਬਣਨਾ ਪਿਆ, ਮੈਗਜ਼ੀਨ ਬੰਦ ਕਰਨੇ ਪਏ। 'ਜਦੋਂ ਮੁੱਕ'ਗੇ ਘੜੇ 'ਚੋਂ ਦਾਣੇ, ਬਣ ਗਏ ਸਿੰਘ ਸਭੀਏ।'

ਗੁਰਦਿਆਲ ਸਿੰਘ ਕੰਵਲ ਦੇ ਮਿੱਤਰਚਾਰੇ ਅਤੇ ਪ੍ਰਸ਼ੰਸਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪ੍ਰਸਿੱਧ ਸਾਹਿਤਕਾਰ, ਚਿੰਤਕ, ਕਵੀ ਤੇ ਕਹਾਣੀਕਾਰ ਰਵਿੰਦਰ ਰਵੀ ਨੂੰ ਉਹ ਆਪਣਾ ਸਤਿਕਾਰਤ ਗੁਰੂ ਦਾ ਸਥਾਨ ਦਿੰਦਾ ਹੈ। ਉਸ ਦਾ ਆਖਣਾ ਹੈ ਕਿ 'ਮੇਰੇ ਆਪਣੇ ਜੀਵਨ ਵਿਚ ਜੋ ਵੀ ਚਮਕਦੀ ਚੰਗਿਆਈ ਜਾਂ ਕਿਸੇ ਕਲਾ ਦੇ ਕਿਣਕੇ ਮੈਨੂੰ ਪ੍ਰਾਪਤ ਹੋਏ ਹਨ, ਉਹ ਸਭ ਰਵਿੰਦਰ ਰਵੀ ਦੀ ਉੱਚ ਸਿਖਿਆ, ਪਿਆਰ ਭਰੀ ਪ੍ਰੇਰਨਾ ਅਤੇ ਯੋਗ ਅਗਵਾਈ ਤੇ ਨਾ ਭੁੱਲਣ ਵਾਲੀ ਰਹਿਨੁਮਾਈ ਸਦਕਾ ਹੀ ਹੋ ਸਕਿਆ ਹੈ।' 'ਰਵਿੰਦਰ ਰਵੀ ਖੁਦ ਕੰਵਲ ਨੂੰ ਆਪਣੇ ਪਿੰਡ ਦੀ ਮਿੱਟੀ ਦਾ ਕਿਣਕਾ ਆਖਦਾ ਹੈ।' ਲੇਖਕ ਮਹਿੰਦਰ ਦੁਸਾਂਝ ਕੰਵਲ ਨੂੰ ਜਿੱਥੇ 'ਮਾਰੂਥਲ ਦਾ ਫੁੱਲ ਆਖਦਾ ਹੈ; ਉੱਥੇ ਉਸ ਨੂੰ ਕਨੇਡੀਅਨ ਪੱਤਰਕਾਰੀ ਦਾ ਮੋਢੀ ਅਤੇ ਉਸਤਾਦ ਆਖਦਾ ਹੈ।' ਇਕਬਾਲ ਰਾਮੂਵਾਲੀਆ 'ਕੰਵਲ ਦੀ ਸ਼ਾਇਰੀ ਨੂੰ ਪੱਤਰਕਾਰੀ ਵਿਚ ਗੁੰਮ ਹੁੰਦੀ ਵੇਖਦਾ ਹੈ ਪਰ ਉਹ



ਇਹ ਵੀ ਆਖਦਾ ਹੈ ਕਿ ਕੰਵਲ ਨੇ ਕਨੇਡਾ ਦੀ ਪੱਤਰਕਾਰੀ ਨੂੰ ਬਹੁਤ ਕੁਝ ਦਿੱਤਾ ਹੈ।'

ਪ੍ਰੇਮ ਗੋਰਖੀ 'ਉਸ ਦੀ ਤੁਲਣਾ ਸਮੁੰਦਰ ਨਾਲ ਕਰਦਾ ਹੈ।' ਪੰਜਾਬੀ ਦੇ ਮਕਬੂਲ ਤੇ ਮਹਿਬੂਬ ਵਿਅੰਗਕਾਰ ਕੇ ਐਲ ਗਰਗ ਆਖਦਾ ਹੈ ਕਿ 'ਕੰਵਲ ਮਾਰਧਾੜ ਅਤੇ ਖੂਨੀ ਪੰਜੇ ਦੇ ਨਾਚ ਦਾ ਜ਼ਿਕਰ ਕਰਦਿਆਂ ਵੀ ਜ਼ਿੰਦਗੀ ਤੋਂ ਬੇਆਸ ਨਹੀਂ ਹੁੰਦਾ ਅਤੇ ਉਹ ਜ਼ਿੰਦਗੀ ਨੂੰ ਰੱਜ ਕੇ ਜੀਣ ਦਾ ਅਭਿਲਾਸ਼ੀ ਹੈ।' ਕਵੀ ਸੁਖਿੰਦਰ ਉਸ ਨੂੰ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਜੁੜਿਆ ਕਵੀ ਕਹਿੰਦਾ ਹੈ।' ਕਰਨੈਲ ਸਿੰਘ ਥਿੰਦ ਨੂੰ 'ਕੰਵਲ ਦੀ ਸ਼ਾਇਰੀ ਵਿਚੋਂ ਪੰਜਾਬ ਅਤੇ ਕਨੇਡਾ ਇੱਕੋ ਸਮੇ ਬੋਲਦੇ ਪ੍ਰਤੀਤ ਹੁੰਦੇ ਹਨ; ਜਿਸ ਵਿਚ ਪਰਵਾਸ ਹੰਢਾਅ ਰਹੇ ਲੋਕਾਂ ਦੀਆਂ ਪੀੜਾਂ ਦੇ ਨਾਲ ਨਾਲ ਜਨਮ ਭੋਇ ਦੀ ਮਹਿਕ ਵੀ ਹੈ'

ਈਸ਼ਰ ਸਿੰਘ ਅਟਾਰੀ ਗੁਰਦਿਆਲ ਕੰਵਲ ਦੀ ਕਾਵਿ-ਕਲਾ ਬਾਰੇ ਲਿਖਦੇ ਹਨ ਕਿ 'ਕੰਵਲ (ਕੰਵਲ ਦੇ ਫੁੱਲ) ਦੇ ਅਨੁਭਵ ਦੀਆਂ ਜੜ੍ਹਾਂ ਸਾਡੇ ਸਮਾਜ ਦੇ ਕੁਚਲ ਕਠੋਰ ਅਤੇ ਕਪਟੀ ਪਾਣੀਆਂ ਵਿਚੋਂ ਹਨ।' ਪ੍ਰੋਫੈਸਰ ਪਿਆਰਾ ਸਿੰਘ ਗਿੱਲ ਕੰਵਲ ਨੂੰ ਨਿਵੇਕਲੀ ਕਾਵਿ ਪ੍ਰਣਾਲੀ ਦਾ ਮਹਾਨ ਕਵੀ ਆਖਦਾ ਹੈ। ਇਸ ਦੀਆਂ ਸਾਹਿਤਕ ਕਿਰਤਾਂ ਵਿਚ ਯਥਾਰਥਵਾਦ ਦੀਆਂ ਬਹੁ-ਪਰਤਾਂ ਅਤੇ ਰੌਚਕਤਾ ਵਿਚ ਕੰਘੀ ਪਾ ਕੇ ਤੁਰਦੀਆਂ ਹਨ।' ਦਰਸ਼ਨ ਸਿੰਘ ਗਿੱਲ ਗੁਰਦਿਆਲ ਕੰਵਲ ਦੀਆਂ ਰਚਨਾਵਾਂ ਬਾਰੇ ਜ਼ਿਕਰ ਕਰਦੇ ਹਨ ਕਿ 'ਇਸ ਵਿਚ ਕੋਈ ਸ਼ੱਕ ਨਹੀਂ ਕਿ ਕੰਵਲ ਨੇ ਆਤਮ-ਵਿਯੋਗ, ਵਿਸ਼ਾਦ, ਨਿਰਾਸ਼ਾ, ਲਿੰਗ ਭੋਗ ਦੀਆਂ ਉਲਾਰ ਰੁਚੀਆਂ ਅਤੇ ਅਜੋਕੇ ਜੀਵਨ ਦੀ ਆਦਰਸ਼-ਹੀਣਤਾ ਨੂੰ ਆਪਣੀਆਂ ਕਵਿਤਾਵਾਂ ਵਿਚ ਸਮਝਣ ਤੇ ਸਿਰਜਣ ਦਾ ਯਤਨ ਕੀਤਾ ਹੈ।'

ਟਰਾਂਟੋ ਦਾ ਸੁਲਝਿਆ ਪੱਤਰਕਾਰ, ਕਵੀ ਤੇ ਲੇਖਕ ਹਰਜੀਤ ਸਿੰਘ ਬਾਜਵਾ ਗੁਰਦਿਆਲ ਦਾ ਬਹੁਤ ਨੇੜੇ ਦਾ ਮਿੱਤਰ ਪਿਆਰਾ ਹੈ। ਉਸ ਦਾ ਆਖਣਾ ਹੈ, 'ਗੁਰਦਿਆਲ ਦੀਆਂ ਆਦਤਾਂ ਬੜੀਆਂ ਖੂਬਸੂਰਤ ਤੇ ਅਸਧਾਰਣ ਹਨ। ਆਪਣੇ ਘਰ ਆਉਣ ਵਾਲੇ ਨੂੰ ਉਹ ਕੋਈ ਨਿਸਚਤ ਸਮਾ ਨਹੀਂ ਦਿੰਦਾ, ਜਦੋਂ ਕੋਈ ਆਵੇ, ਜਿਸ ਵੇਲੇ ਆਵੇ; ਇਸ ਦੀ ਹੱਥਾਂ 'ਤੇ ਚੁੱਕ ਲੈਣ ਦੀ ਆਦਤ ਹੈ। ਸਭ ਤੋਂ ਅਨੋਖੀ ਗੱਲ ਕਿ ਉਹ ਕਿਸੇ ਨੂੰ ਚਾਹ ਆਦਿ ਦੀ ਸੁਲਾਹ ਮਾਰਨ ਦਾ ਆਦੀ ਨਹੀਂ; ਵੇਲਾ ਕੋਈ ਹੋਵੇ ਅੰਮ੍ਰਿਤ ਵੇਲਾ ਹੋਵੇ ਜਾਂ ਤਿੱਖੜ ਦੁਪਹਿਰ ਹੋਵੇ; ਬੱਸ ਇੱਕੋ ਪਦਾਰਥ ਹੈ ਸੋਮਰਸ। ਇਸ ਦੇ ਖੁੱਲ੍ਹੇ ਵਰਤਾਉਣ ਤੇ ਨਿਹਾਲ ਕਰਨ ਦੀ ਇਸ ਦੀ ਖੂਬਸੂਰਤ ਖੂਬੀ ਹੈ।'

ਗੁਰਦਿਆਲ ਕੰਵਲ ਨੇ ਕਵਿਤਾ ਤੇ ਵਾਰਤਕ ਦੀਆਂ ਇੱਕ ਦਰਜਣ ਤੋਂ ਵਧੇਰੇ ਕਿਤਾਬਾਂ ਪੰਜਾਬੀ ਨੂੰ ਅਰਪਣ ਕੀਤੀਆਂ ਹਨ। ਕੁਝ ਕਿਤਾਬਾਂ ਦੇ ਨਾਂ ਦੇਖੋ: ਸੱਜਰੇ ਸੁਫਨੇ, ਮੀਲ ਪੱਥਰ, ਕੰਚ ਕੰਕਰਾਂ, ਮੂੰਹ ਬੋਲਦਾ ਸੂਰਜ, ਪੱਛਮ ਵੱਲ ਖੁੱਲ੍ਹਦਾ ਬੂਹਾ, ਵਿਸ਼ਵ ਦਾ ਸਭ ਤੋਂ ਲੰਮਾ ਘੀਆ, ਸ਼ਬਦ ਮੰਥਨ, ਮੇਰੀ ਕਵਿਤਾ ਤੇਰੀ ਕਹਾਣੀ, ਚਿੱਟੀਆਂ ਰਾਤਾਂ ਕਾਲੇ ਦਿਨ, ਮਲਟੀ ਵਿਟਾਮਨ' ਆਦਿ।

ਗੁਰਦਿਆਲ ਕੰਵਲ ਦੇਸ਼-ਵਿਦੇਸ਼ ਤੋਂ ਡੇਢ ਦਰਜਣ ਤੋਂ ਵਧੇਰੇ ਵੱਖ ਵੱਖ ਸੰਸਥਾਵਾਂ ਵੱਲੋਂ ਉੱਚੇ ਤੇ ਵਕਾਰੀ ਸਨਮਾਨਾਂ ਦੁਆਰਾ ਸਨਮਾਨਤ ਕੀਤਾ ਜਾ ਚੁੱਕਿਆ ਹੈ; ਜੋ ਕਿ ਕਿਸੇ ਵਿਰਲੇ ਪ੍ਰਤਿਭਾਵਾਨ ਵਿਦਵਾਨ ਨੂੰ ਨਸੀਬ ਹੁੰਦੇ ਹਨ ਅਤੇ ਇਹ ਬਹੁਤ ਮਾਣ ਕਰਨ ਵਾਲੀ ਗੱਲ ਹੈ।

ਆਮ ਤੌਰ 'ਤੇ ਆਦਮੀ ਨੂੰ ਆਪਣੀ ਉਸਤਤ ਸੁਣਨੀ ਤੇ ਕਿਸੇ ਦੀ ਨਿੰਦਾ ਸੁਣਨੀ ਚੰਗੀ ਲਗਦੀ ਹੈ। ਜਿੰਨੀ ਆਪਣੀ ਨਿੰਦਾ ਸੁਣਨੀ ਔਖੀ ਹੈ, ਓਨੀ ਕਿਸੇ ਦੀ ਉਸਤਤ ਸੁਣਨੀ ਔਖੀ ਹੈ। ਔਸਤ ਆਦਮੀ ਦੀ ਇਹ ਕਮਜ਼ੋਰੀ ਹੈ, ਪਰ ਗੁਰਦਿਆਲ ਕੰਵਲ ਦੀ ਇਸ 'ਤੋਂ ਉਲਟ ਸੋਚ ਹੈ। ਉਹ ਅਜਿਹਾ ਵਿਅਕਤੀ ਹੈ; ਜਿਸਨੂੰ ਕਿਸੇ ਵਿਅਕਤੀ ਦਾ ਮਾਨ ਸਨਮਾਨ ਤੇ ਸਤਿਕਾਰ ਕਰਨ ਵਿਚੋਂ ਤੇ ਕਿਸੇ ਦੀ ਸੇਵਾ, ਸਹਾਇਤਾ ਤੇ ਉਸਤਤ ਕਰਨ ਵਿਚੋਂ ਆਤਮਿਕ ਸੰਤੁਸ਼ਟੀ ਮਿਲਦੀ ਹੈ। ਅਸਲ ਵਿਚ ਕਵੀਆਂ, ਕਲਾਕਾਰਾਂ ਅਤੇ ਕਿਸੇ ਵੀ ਫੀਲਡ ਦੇ ਅਦੁੱਤੀ ਪੁਰਸ਼ਾਂ ਦਾ ਸਨਮਾਨ, ਸਤਿਕਾਰ ਤੇ ਸਹਾਇਤਾ ਕਰਨ ਦਾ ਉਸਦੇ ਜੀਵਨ ਦਾ ਤਤਸਾਰ ਹੈ। ਉਸ ਦੇ ਜੀਵਨ ਦਾ ਇਹੋ ਸਿਧਾਂਤ ਤੇ ਇਹੋ ਉਦੇਸ਼ ਹੈ ਅਤੇ ਇਸੇ ਮਿਸ਼ਨ ਦੀ ਜੋਤ ਉਸ ਦੇ ਅੰਦਰ ਲਟ-ਲਟ ਬਲਦੀ ਪਈ ਹੈ।

ਗੁਰਦਿਆਲ ਕੰਵਲ ਨੇ 1978 ਵਿਚ 'ਕਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਡਮੀ' ਸੰਸਥਾ ਦੀ ਨੀਂਹ ਰੱਖੀ, ਇਸ ਦਾ ਛੋਟਾ ਨਾਂ 'ਸਿਪਸਾ' ਹੈ। ਗੁਰਦਿਆਲ ਕੰਵਲ ਇਸ ਦਾ ਸਥਾਈ ਪ੍ਰਧਾਨ ਹੈ। ਇਸ ਦੇ ਨਿਸ਼ਾਨੇ 'ਤੇ ਮੰਤਵ ਬਹੁਤ ਅਗਾਂਹ-ਵਧੂ ਤੇ ਉਸਾਰੂ ਹਨ: ਪਹਿਲਾ, ਮਨੁੱਖਤਾ ਦੀ ਭਲਾਈ ਲਈ ਕਿਸੇ ਵੀ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਸਾਹਿਤਕਾਰਾਂ, ਕਵੀਆਂ, ਕਲਾਕਾਰਾਂ ਤੇ ਖਿਡਾਰੀਆਂ ਨੂੰ ਸਨਮਾਨਤ ਕਰਨਾ। ਦੂਜਾ, ਹਰ ਸਾਲ ਕਿਸੇ ਇੱਕ ਨਗਰ ਦੇ ਸੀਨੀਅਰ ਸੈਕੰਡਰੀ ਸਕੂਲ ਦੀ ਚੋਣ ਕਰਨੀ, ਉਸ ਦੀ ਆਊਟ ਗੋਇੰਗ ਕਲਾਸ ਦੇ ਪਹਿਲਾ, ਦੂਜਾ, ਤੀਜਾ ਦਰਜਾ ਪ੍ਰਾਪਤ ਵਿਦਿਆਰਥੀਆਂ ਦੀ ਆਰਥਕ ਸਹਾਇਤਾ ਕਰਨੀ ਤੇ ਯਾਦਗਾਰੀ ਮੋਮੈਂਟੋ ਦੇਣੇ ਸਿਪਸਾ ਦੇ ਏਜੰਡੇ ਹਨ।

ਉਸ ਦੀ ਕਿਤਾਬ 'ਮੇਰੀ ਕਵਿਤਾ ਤੇਰੀ ਕਹਾਣੀ' ਵਿਚ ਦਰਜ ਸੂਚੀ ਤੋਂ ਪਤਾ ਲਗਦਾ ਹੈ ਕਿ ਸੰਨ 1978 ਤੋਂ 2010 ਤੱਕ ਕੋਈ 32 ਸਾਲਾਂ ਦੇ ਅਰਸੇ ਵਿਚ ਆਪਣੀ ਸੰਸਥਾ 'ਸਿਪਸਾ' ਦੁਆਰਾ ਉਹ ਪੰਜ ਦਰਜਣ ਤੋਂ ਵਧੇਰੇ (60 ਹਸਤੀਆਂ ਤੋਂ ਵਧੇਰੇ) ਕਲਮਕਾਰਾਂ, ਕਲਾਕਾਰਾਂ ਤੇ ਵਿਦਵਾਨਾਂ ਨੂੰ ਸਨਮਾਨਤ ਕਰ ਚੁੱਕਾ ਹੈ। ਕਿਸੇ 'ਕੱਲੇ ਕਹਿਰੇ ਵਿਅਕਤੀ ਦੀ ਤਾਂ ਗੱਲ ਛੱਡੋ; ਪੰਜਾਬੀ ਦੀ ਸ਼ਾਇਦ ਹੀ ਅਜਿਹੀ ਕੋਈ ਹੋਰ ਸੰਸਥਾ ਹੋਵੇ; ਜਿਸ ਨੇ ਏਡੀ ਵੱਡੀ ਛਾਲ ਮਾਰੀ ਹੋਵੇ, ਏਨਾ ਜੇਰਾ ਕੀਤਾ ਹੋਵੇ ਤੇ ਏਨੀ ਤਾਦਾਦ ਵਿਚ ਤੇ ਏਨੀ ਰਫਤਾਰ ਵਿਚ ਵਿਦਵਾਨਾ ਦਾ ਸਨਮਾਨ ਕੀਤਾ ਹੋਵੇ। ਇਸ ਤੋਂ ਇਲਾਵਾ ਪੰਜਾਬ ਵਿਚ ਕੰਵਲ ਆਪਣੇ ਨਗਰ ਦੀ ਉੱਭਰਦੀ ਜੁਆਨੀ ਦੀ ਯੋਗਿਤਾ ਤੇ ਪ੍ਰਤਿਭਾ ਨੂੰ ਨਿਖਾਰਨ, ਸ਼ਿੰਗਾਰਨ ਤੇ ਉਤਸ਼ਾਹਤ ਕਰਨ ਲਈ ਹਰ ਸਾਲ ਕੀਮਤੀ ਮੋਮੈਂਟੋ ਦਿੰਦਾ ਤੇ ਖੁੱਲ੍ਹੀ ਆਰਥਕ ਸਹਾਇਤਾ ਕਰਦਾ ਰਿਹਾ ਹੈ।

ਪਰ ਕੁਝ ਸਮੇਂ ਤੋਂ ਇਸ ਦੀ ਸਿਹਤ ਖਰਾਬ ਹੁੰਦੀ ਗਈ। ਖਾਧ-ਖੁਰਾਕ ਤੇ ਰਹਿਣ-ਸਹਿਣ ਵਿਚ ਵੀ ਲਾਪਰਵਾਹੀ ਕਰਦਾ ਰਿਹਾ। ਉਸ ਦੇ ਮਿੱਤਰਾਂ ਤੇ ਪ੍ਰਸ਼ੰਸਕਾਂ ਨੂੰ ਪਤਾ ਸੀ ਕਿ ਉਸ ਦੀ ਸਿਹਤ ਕੁਝ ਠੀਕ ਨਹੀਂ ਰਹਿੰਦੀ। ਲਗਦੈ ਜਿਵੇਂ ਉਸ ਦੀ ਹਿੰਮਤ ਨੂੰ ਬਿਮਾਰੀਆਂ ਤੇ ਬੇਵਸੀਆਂ ਨੇ ਘੇਰਾ ਪਾ ਲਿਆ ਹੋਵੇ। ਉਸ ਦੇ ਬਾਰ-ਬਾਰ ਹਸਪਤਾਲਾਂ ਵਿਚ ਜਾਣ 'ਤੇ ਡਾਕਟਰੀ ਇਲਾਜ ਕਰਾਉਣ ਦਾ ਪਤਾ ਸੀ। ਉਸ ਨੂੰ ਖੂੰਡੀ ਦੇ ਸਹਾਰੇ ਦੀ ਲੋੜ 'ਤੇ ਅਕਸਰ ਹੱਸ ਛਡਦੇ ਰਹੇ। ਇਹ ਵੀ ਕਹਿੰਦੇ ਰਹੇ ਕਿ ਉਸਨੂੰ ਘਰ ਦੇ ਬੈਕ ਯਾਰਡ ਵਿਚ ਆਪਣੇ ਹੱਥੀਂ ਉਗਾਈਆਂ ਵੇਲਾਂ ਤੇ ਫੁੱਲ ਬੂਟਿਆਂ ਨਾਲ ਉਸ ਦੀ ਯਾਰੀ ਵਧੇਰੇ ਨਿਭਦੀ ਹੈ।

ਉਸ ਦੇ ਬੱਚੇ ਆਗਿਆਕਾਰ ਹਨ। ਉਸ ਦੀ ਪਤਨੀ ਦਾ ਨਾਂ ਨਰਿੰਦਰਜੀਤ, ਉਸ ਦੇ ਪੁੱਤਰ: ਗਗਨਦੀਪ ਸਿੰਘ ਤੇ ਤਰਨਜੀਤ ਸਿੰਘ, ਇੱਕ ਪੁੱਤਰੀ ਹੈ ਸੁਖਵੰਤ ਕੌਰ। ਮਿਹਨਤ ਤੇ ਜ਼ੁੰਮੇਵਾਰੀਆਂ ਦੀ ਡੋਰੀ ਨਾਲ ਬੱਝੀ ਉਸ ਦੀ ਸੰਵੇਦਨਸ਼ੀਲ ਪਤਨੀ ਨਰਿੰਦਰਜੀਤ ਆਪਣੀ ਵੈਨ ਵਿਚ ਇਸ ਨੂੰ ਇਧਰ-ਉਧਰ ਲਈ ਫਿਰਦੀ ਰਹੀ। ਉਸ ਦੇ ਅਧੂਰੇ ਸ਼ੌਕ ਪੂਰੇ ਕਰਨ ਲਈ ਯਤਨਸ਼ੀਲ ਰਹੀ। ਇਸ ਦੌਰਾਨ ਉਹ ਕਈ ਵਾਰ ਬਿਮਾਰ ਹੋਇਆ, ਕਈ ਵਾਰ ਡਾਕਟਰੀ ਇਲਾਜ ਲਈ ਹਸਪਤਾਲ ਗਿਆ। ਇਸ ਤੋਂ ਪਹਿਲਾਂ ਵੀ ਉਸ ਦੇ ਮਿੱਤਰਾਂ ਨੂੰ ਡਾਕਟਰਾਂ ਨਾਲ ਉਸ ਦੇ ਫੇਰੇ-ਤੋਰੇ ਦਾ ਪਤਾ ਸੀ। ਸਾਥੀਆਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ।

ਸੰਦਲੀ ਸੁਪਨਿਆਂ ਦਾ ਸੁਦਾਗਰ, ਰੰਗੀਨ ਮਹਿਫਲਾਂ ਦਾ ਧਨੀ ਗੁਰਦਿਆਲ ਸਿੰਘ ਕੰਵਲ ਸਾਰੀ ਆਯੂ ਮੋਮਬੱਤੀ ਵਾਂਗ ਬਲ ਕੇ ਚਾਨਣ ਕਰਨ ਵਾਲਾ, ਅਗਰਬੱਤੀ ਵਾਂਗ ਧੁਖ ਕੇ ਸੁਗੰਧੀਆਂ ਵੰਡਣ ਵਾਲਾ; ਜਿਸ ਨੇ ਸਾਰੀ ਉਮਰ ਔਖੇ ਤੇ ਅਨੋਖੇ ਕੰਮਾਂ ਵਿਚ ਪੈਰ ਪਸਾਰੇ, ਡੂੰਘੇ ਸਮੁੰਦਰਾਂ ਵਿਚ ਉਤਰਿਆ ਤੇ ਪ੍ਰਾਪਤੀਆਂ ਵੱਲ ਵਧਿਆ। ਜ਼ਿੰਦਗੀ ਦੇ ਹਰ ਖੇਤਰ ਵਿਚ ਉਸ ਦੇ ਪਿਆਰ ਦੀ ਸ਼ਹਿਨਾਈ ਵਜਦੀ ਰਹੀ, ਉਸ ਘੇਰੇ ਵਿਚ ਮੁਹੱਬਤ ਦੀਆਂ ਧੁਨਾਂ ਉਭਰਦੀਆਂ ਰਹੀਆਂ। ਸਾਹਿਤ ਦੇ ਖੇਤਰ ਵਿਚ ਉਹ ਹੁਸੀਨ ਨਗਮੇ ਵਾਂਗ ਚਮਕਦਾ ਰਿਹਾ। ਕਵਿਤਾ ਤੇ ਵਾਰਤਕ ਦਾ ਧਰੂ ਤਾਰਾ, ਸਾਹਿਤ ਵਿਚ ਹਰਮਨ ਪਿਆਰਾ, ਮਨੁੱਖਤਾ ਨੂੰ ਪਿਆਰ ਕਰਨ ਵਾਲਾ, ਸਭਾ-ਸੁਸਾਇਟੀ ਵਿਚ ਹੁਸੀਨ ਨਗਮੇ ਛੇੜਨ ਵਾਲਾ ਅਤੇ ਲੋੜਵੰਦਾਂ ਦੀ ਰੱਜ ਕੇ ਸੇਵਾ ਤੇ ਸਹਾਇਤਾ ਕਰਨ ਵਾਲਾ ਗੁਰਦਿਆਲ ਸਿੰਘ ਕੰਵਲ ਇਸ ਵਾਰ ਡਾਕਟਰੀ ਇਲਾਜ ਲਈ ਹਸਪਤਾਲ ਗਿਆ। ਫਿਰ ਮੁੜਨਾ ਨਸੀਬ ਨਹੀਂ ਹੋਇਆ। ਕਿਸੇ ਦੇ ਚਿਤ-ਚੇਤੇ ਨਹੀਂ ਸੀ ਕਿ ਹਸਪਤਾਲ ਦੀ ਉਸ ਦੀ ਇਹ ਆਖਰੀ ਵਾਰੀ ਸੀ। ਉਸ ਦੇ ਪ੍ਰਸ਼ੰਸਕਾਂ ਦੇ ਸਾਹ ਸੂਤੇ ਗਏ, ਜਦੋਂ ਜੰਗਲ ਦੀ ਅੱਗ ਵਾਂਗ ਖਬਰ ਫੈਲ ਗਈ ਕਿ ਗੁਰਦਿਆਲ ਸਿੰਘ ਕੰਵਲ 70 ਸਾਲ ਦੀ ਆਯੂ ਵਿਚ 13 ਜਨਵਰੀ 2018 ਨੂੰ ਸਦੀਵੀ ਵਿਛੋੜਾ ਦੇ ਗਿਆ ਹੈ, ਖੁਸ਼ੀਆਂ ਖੇੜਿਆਂ ਦਾ ਵਿਹੜਾ ਸੁੰਨਾਂ ਕਰ ਗਿਆ ਹੈ। ਪਰ ਆਪਣੀਆਂ ਮਿੱਠੀਆਂ, ਪਿਆਰੀਆਂ ਤੇ ਖੂਬਸੂਰਤ ਯਾਦਾਂ ਦੀ ਖੁਸ਼ਬੋ ਤੇ ਭਿੰਨੀ ਸੁਗੰਧੀ ਛੱਡ ਗਿਆ ਹੈ।

# ਚੁਣੌਤੀਆਂ ਅਤੇ ਘਟਨਾਵਾਂ ਦਾ ਸਾਲ, ਬੇਵੱਸ ਪੰਜਾਬ ਸਰਕਾਰ ਅਤੇ ਮਾਯੂਸ ਲੋਕ



ਸੁੱਚਾ ਸਿੰਘ ਗਿੱਲ

ਬੀਤਿਆ ਸਾਲ ਪੰਜਾਬ ਲਈ ਕਾਫ਼ੀ ਚੁਣੌਤੀਆਂ ਅਤੇ ਮੁਸ਼ਕਲਾਂ ਭਰਪੂਰ ਰਿਹਾ ਹੈ। ਇਨ੍ਹਾਂ ਵਿਚੋਂ ਕੁਝ ਘਟਨਾਵਾਂ ਬਾਹਰਲੇ ਕਾਰਨਾਂ ਅਤੇ ਕੁੱਝ ਅੰਦਰੂਨੀ ਵਰਤਾਰਿਆਂ ਨੇ ਪੈਦਾ ਕੀਤੀਆਂ ਸਨ। ਇਨ੍ਹਾਂ ਤੋਂ ਪੈਦਾ ਹੋਈਆਂ ਮੁਸ਼ਕਲਾਂ ਨਾਲ ਲੋਕਾਂ ਨੂੰ ਜੂਝਣਾ ਪਿਆ। ਮੁਸ਼ਕਲਾਂ ਨਾਲ ਜੂਝਦੇ ਲੋਕਾਂ ਨੂੰ ਲੋੜੀਂਦਾ ਸਹਾਰਾ ਆਪਣੀ ਸਰਕਾਰ ਤੋਂ ਪ੍ਰਾਪਤ ਨਹੀਂ ਹੋਇਆ ਅਤੇ ਉਨ੍ਹਾਂ ਨੂੰ ਮਾਯੂਸੀ ਦੇ ਆਲਮ ਵਿਚੋਂ ਗੁਜ਼ਰਨਾ ਪਿਆ ਹੈ।

6 ਫਰਵਰੀ 2025 ਨੂੰ ਅਮਰੀਕੀ ਸੈਨਾ ਦਾ ਹਵਾਈ ਜਹਾਜ਼ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਏ ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਗਾ ਕੇ ਅੰਮ੍ਰਿਤਸਰ ਉਤਰਿਆ ਸੀ। ਇਸ ਵਿਚ ਕਾਫ਼ੀ ਗਿਣਤੀ ਵਿਚ ਪੰਜਾਬੀ ਨੌਜਵਾਨ ਵੀ ਸ਼ਾਮਿਲ ਸਨ। ਅਪਮਾਨਜਨਕ ਤਰੀਕੇ ਨਾਲ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ 'ਤੇ ਭਾਰਤ ਸਰਕਾਰ ਵਲੋਂ ਕੋਈ ਰੋਸ ਨਹੀਂ ਜਤਾਇਆ ਗਿਆ ਸੀ। ਪੰਜਾਬ ਸਰਕਾਰ ਵਲੋਂ ਵਾਪਸ ਆਉਣ ਵਾਲੇ ਨੌਜਵਾਨਾਂ ਦੇ ਮੁੜ ਵਸੇਬੇ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ। ਗੈਰ-ਕਾਨੂੰਨੀ ਪਰਵਾਸ ਦੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਟਰੈਵਲ ਏਜੰਟਾਂ ਦੇ ਖ਼ਿਲਾਫ ਵੀ ਕੋਈ ਸਖ਼ਤ/ਪੁਖਤਾ ਕਾਰਵਾਈ ਨਹੀਂ ਕੀਤੀ ਗਈ ਸੀ। ਨੌਜਵਾਨਾਂ ਵਲੋਂ ਪੰਜਾਬ ਨੂੰ ਕਾਨੂੰਨੀ ਅਤੇ ਗੈਰਕਾਨੂੰਨੀ ਤੌਰ 'ਤੇ ਛਡਣ ਦੇ ਕਾਰਨਾਂ ਨੂੰ ਜਾਣਨ ਅਤੇ ਸਮਝਣ ਵਾਸਤੇ ਸਰਕਾਰ ਵਲੋਂ ਕੋਈ ਅਧਿਐਨ ਕਰਵਾਉਣ ਜਾਂ ਅੰਕੜੇ ਇਕੱਠੇ ਕਰਨ ਦਾ ਯਤਨ ਵੀ ਨਹੀਂ ਕੀਤਾ ਗਿਆ। ਦਸੰਬਰ ਮਹੀਨੇ ਨਿਊਜ਼ੀਲੈਂਡ ਵਿਚ ਸਿੱਖਾਂ ਦੇ ਨਗਰ ਕੀਰਤਨ ਖ਼ਿਲਾਫ ਪ੍ਰਦਰਸ਼ਨ ਨੇ ਪੰਜਾਬ ਵਿਚੋਂ ਵਿਦੇਸ਼ਾਂ ਵੱਲ ਪਰਵਾਸ ਦੀ ਸਮੱਸਿਆ ਵਿਚ ਇੱਕ ਨਵਾਂ ਪਹਿਲੂ ਸ਼ਾਮਿਲ ਕਰ ਦਿੱਤਾ ਹੈ।

ਪੰਜਾਬ ਭਵਨ ਚੰਡੀਗੜ੍ਹ ਵਿਚ 3 ਮਾਰਚ ਨੂੰ ਕਿਸਾਨਾਂ ਨਾਲ ਚਲ ਰਹੀ ਮੀਟਿੰਗ ਵਿਚੋਂ ਪੰਜਾਬ ਦੇ ਮੁੱਖ ਮੰਤਰੀ ਖ਼ਫ਼ਾ ਹੋ ਕੇ ਚਲੇ ਗਏ ਸਨ। ਭਾਰਤ ਸਰਕਾਰ ਵਿਰੁੱਧ ਸ਼ੰਭੂ ਅਤੇ ਖਨੌਰੀ ਵਿਖੇ ਚੱਲ ਰਹੇ ਕਿਸਾਨਾਂ ਦੇ ਧਰਨਿਆਂ ਨੂੰ 19 ਮਾਰਚ ਨੂੰ ਪੰਜਾਬ ਸਰਕਾਰ ਵਲੋਂ ਪੁਲਸ ਐਕਸ਼ਨ ਨਾਲ ਜ਼ਬਰਦਸਤੀ ਚੁਕਵਾਇਆ ਗਿਆ ਸੀ। ਨਾਰਾਜ਼ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਖੇਤੀਬਾੜੀ ਮੰਤਰੀ ਨਾਲ 22 ਮਾਰਚ ਨੂੰ ਮੀਟਿੰਗ ਕਰਨ ਤੋਂ ਨਾਂਹ ਕਰ ਦਿੱਤੀ। ਕਿਸਾਨ ਯੂਨੀਅਨਾਂ ਦੇ ਆਗੂਆਂ ਦੀ ਫੜੋ-ਫੜਾਈ ਕਾਰਨ ਵਿਧਾਨ ਸਭਾ ਵਲ ਕਿਸਾਨਾਂ ਦਾ ਰੋਸ ਪ੍ਰਦਰਸ਼ਨ 26 ਮਾਰਚ ਨੂੰ ਮੁਲਤਵੀ ਕਰਕੇ ਜ਼ਿਲ੍ਹਾ ਪੱਧਰ 'ਤੇ ਪ੍ਰਦਰਸ਼ਨਾਂ ਵਿਚ ਤਬਦੀਲ ਕੀਤਾ ਗਿਆ ਸੀ। ਖੇਤੀ ਨੀਤੀ (2023) ਨੂੰ ਲਾਗੂ ਕਰਨ ਅਤੇ ਕਿਸਾਨਾਂ ਦੀਆਂ ਸਮਸਿਆਵਾਂ ਨੂੰ ਸੁਲਝਾਉਣ ਵਾਸਤੇ ਸਰਕਾਰ ਪਿਛੇ ਹਟਦੀ ਨਜ਼ਰ ਆਈ ਹੈ। ਮਈ ਮਹੀਨੇ ਵਿਚ ਸਰਕਾਰ ਵਲੋਂ ਲੈਂਡ ਪੂਲਿੰਗ ਪਾਲਿਸੀ ਦਾ ਐਲਾਨ ਕੀਤਾ ਗਿਆ। ਇਸ ਤਹਿਤ ਪੰਜਾਬ ਦੇ 124 ਪਿੰਡਾਂ ਦੀ 65,553 ਏਕੜ ਖੇਤੀ ਅਧੀਨ ਜ਼ਮੀਨ ਨੂੰ ਸਰਕਾਰ ਵਲੋਂ ਗ੍ਰਹਿਣ ਕਰਕੇ ਸ਼ਹਿਰੀ ਵਿਕਾਸ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਇਸ ਦਾ ਕਿਸਾਨਾਂ ਅਤੇ ਖੇਤੀ ਮਾਹਿਰਾਂ ਵਲੋਂ ਸਖ਼ਤ ਵਿਰੋਧ ਕੀਤਾ ਗਿਆ। ਸਰਕਾਰ ਇਸ ਪ੍ਰੋਗਰਾਮ ਦੀ ਸਾਰਥਿਕਤਾ ਬਾਰੇ ਸਪੱਸ਼ਟੀਕਰਨ ਦੇਣ ਵਿਚ ਅਸਫਲ ਰਹੀ ਅਤੇ 14 ਅਗਸਤ ਦੀ ਕੈਬਿਨੇਟ ਮੀਟਿੰਗ ਵਿਚ ਇਸ ਪਾਲਸੀ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਜੁਲਾਈ ਮਹੀਨੇ ਭਾਖੜਾ ਡੈਮ ਅਤੇ ਨਹਿਰੀ ਹੈਡ ਵਰਕਸਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਖ਼ਿਲਾਫ ਆਪਣੇ ਫ਼ੈਸਲੇ ਨੂੰ ਵਾਪਸ ਲੈ ਲਿਆ ਗਿਆ ਸੀ। ਇਸ ਕਾਰਨ ਮੀਡੀਆ ਵਲੋਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਆਪਣੇ ਫ਼ੈਸਲਿਆਂ ਤੋਂ 'ਪਿਛੇ ਹਟਣ ਦੀ ਆਦੀ ਸਰਕਾਰ' ਦਾ ਟਾਈਟਲ ਵੀ ਦਿੱਤਾ ਗਿਆ ਸੀ। ਗ੍ਰੀਨ ਟ੍ਰਿਬਿਊਨਲ ਨੇ 17 ਦਸੰਬਰ ਨੂੰ ਪੰਜਾਬ ਸਰਕਾਰ ਦੀ ਜੰਗਲਾਤ ਵਾਲੀ 55,000 ਹੈਕਟੇਅਰ ਜ਼ਮੀਨ ਤੇ ਫਾਰਮ ਹਾਊਸ ਲੈਂਡ ਪਾਲਿਸੀ 'ਤੇ ਰੋਕ ਲਗਾ ਦਿੱਤੀ। ਕੇਂਦਰ ਵਲੋਂ ਚਲਾਈ ਜਾ ਰਹੀ ਸਿਹਤ ਯੋਜਨਾ ਤਹਿਤ ਮੁਹੱਲਾ ਕਲੀਨਿਕ ਖੋਲ੍ਹਣ ਦੇ ਪ੍ਰੋਗਰਾਮ ਨੂੰ ਕੇਂਦਰ ਸਰਕਾਰ ਦੇ ਦਬਾਅ ਕਾਰਨ ਛੱਡਣਾ ਪਿਆ। ਅਗਸਤ ਮਹੀਨੇ ਦੇ ਅੱਧ ਵਿਚ ਪੰਜਾਬ ਦੇ ਵੱਡੇ ਹਿੱਸੇ ਨੂੰ ਹੜ੍ਹਾਂ ਦੀ ਵੱਡੀ ਸਮਸਿਆ ਨੇ ਘੇਰ ਲਿਆ। ਤੇਰ੍ਹਾਂ ਜ਼ਿਲ੍ਹਿਆਂ ਦੇ 1400 ਪਿੰਡ ਇਸ ਦੀ ਮਾਰ ਹੇਠ ਆ ਗਏ, ਜਿਸ ਕਰਕੇ 2.5 ਲੱਖ ਏਕੜ ਵਿਚ ਫਸਲਾਂ ਤਬਾਹ ਹੋ ਗਈਆਂ ਸਨ। ਵੱਡੀ ਗਿਣਤੀ ਵਿਚ ਮਕਾਨ ਅਤੇ ਘਰ ਢਹਿ ਗਏ, ਡੰਗਰ ਰੁੜ੍ਹ ਗਏ ਅਤੇ ਖੇਤੀ ਦੇ ਔਜ਼ਾਰ ਅਤੇ ਮਸ਼ੀਨਾਂ ਖ਼ਰਾਬ ਹੋ ਗਈਆਂ। ਹੜ੍ਹਾਂ ਦੌਰਾਨ ਦਰਿਆਵਾਂ ਦੇ ਵਹਿਣ ਬਦਲਣ ਕਾਰਨ 5,000 ਏਕੜ ਦੇ ਕਰੀਬ ਖੇਤੀ ਅਧੀਨ ਜ਼ਮੀਨ ਗਾਇਬ ਹੋ ਗਈ। ਕੇਂਦਰ ਸਰਕਾਰ ਵਲੋਂ ਐਲਾਨ ਕੀਤੇ ਫੰਡਾਂ ਨੂੰ ਆਨੇ-ਬਹਾਨੇ ਸੂਬੇ ਦੀ ਸਰਕਾਰ ਨੂੰ ਨਹੀਂ ਦਿੱਤਾ ਗਿਆ। ਪੰਜਾਬ ਸਰਕਾਰ ਵੀ ਆਪਣੇ ਐਲਾਨ ਕੀਤੇ ਵਾਅਦੇ ਮੁਤਾਬਕ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਾਇਕ ਮਦਦ ਨਹੀਂ ਕਰ ਸਕੀ। ਹੋਰ ਤਾਂ ਹੋਰ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਵਿਚੋਂ ਲੋਕਾਂ ਨੂੰ ਕੱਢਣ ਲਈ ਪੰਜਾਬ ਸਰਕਾਰ ਕਿਸ਼ਤੀਆਂ ਦਾ ਪ੍ਰਬੰਧ ਵੀ ਨਾ ਕਰ ਸਕੀ। ਇਨ੍ਹਾਂ ਹਾਲਾਤਾਂ ਵਿਚ ਲੋਕਾਂ ਨੂੰ ਆਪਣੀ ਹੋਣੀ ਨਾਲ ਆਪ ਹੀ ਜੂਝਣਾ ਪਿਆ ਸੀ। ਪਰ ਪੰਜਾਬ ਦੇ ਦੂਜੇ ਇਲਾਕਿਆਂ ਅਤੇ ਸੂਬੇ ਤੋਂ ਬਾਹਰ ਦੇ ਲੋਕਾਂ ਵਲੋਂ ਹੜ੍ਹ ਪੀੜਤਾਂ ਦੀ ਕਾਫ਼ੀ ਮਦਦ ਕੀਤੀ ਗਈ। ਇਸ ਦੌਰ ਵਿਚ ਲੋਕਾਂ ਦੇ ਮਨੁੱਖਤਾ ਪ੍ਰਤੀ ਸੇਵਾ ਭਾਵਨਾ ਦੇ ਜਜ਼ਬੇ ਨੇ ਮਾਯੂਸੀ ਦੇ ਆਲਮ ਵਿਚ ਚੜ੍ਹਦੀ ਕਲਾ ਦੀ ਕਿਰਨ ਨੂੰ ਰੌਸ਼ਨ ਕੀਤਾ। ਔਖੇ ਵਕਤ ਪੰਜਾਬ ਸਰਕਾਰ ਆਪਣੇ ਵਿੱਤੀ ਸਾਧਨਾਂ ਦੀ ਘਾਟ ਕਾਰਨ ਬੇਵੱਸ ਨਜ਼ਰ ਆਈ। ਜਿਹੜੇ ਕਿਸਾਨਾਂ ਦੀਆਂ ਜ਼ਮੀਨਾਂ ਦਰਿਆਵਾਂ ਦੇ ਵਹਿਣ ਬਦਲਣ ਨਾਲ ਖਤਮ ਹੋ ਗਈਆਂ ਪੰਜਾਬ ਸਰਕਾਰ ਉਨ੍ਹਾਂ ਦੇ ਮੁੜ ਵਸੇਬੇ ਦਾ ਕੋਈ ਪ੍ਰੋਗਰਾਮ ਬਣਾ ਨਹੀਂ ਸਕੀ। ਹੜ੍ਹਾਂ ਦੀ ਭਿਆਨਕ ਸਮਸਿਆ ਨੂੰ ਫੌਰੀ ਤੌਰ 'ਤੇ ਨਜਿੱਠਣ ਅਤੇ ਇਸ ਦੇ ਪੱਕੇ ਹੱਲ ਲਭਣ ਵਿਚ ਸਰਕਾਰ ਵਿਚ ਸੰਵੇਦਨਸ਼ੀਲਤਾ ਦੀ ਅਣਹੋਂਦ ਅਤੇ ਸਮਝ ਦੀ ਘਾਟ ਕਾਫ਼ੀ ਉਜਾਗਰ ਹੋਈ ਹੈ।

ਅਕਤੂਬਰ ਮਹੀਨੇ ਪੰਜਾਬ ਸਰਕਾਰ ਨੂੰ ਪੁਲਿਸ ਪ੍ਰਸ਼ਾਸਨ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਆਣ ਘੇਰਿਆ। ਇੱਕ ਡੀ.ਆਈ.ਜੀ. ਪੱਧਰ ਦੇ ਅਫਸਰ ਨੂੰ ਸੀ.ਬੀ.ਆਈ. ਵਲੋਂ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਗਿਆ। ਹਿਰਾਸਤ ਦੌਰਾਨ ਉਸ ਦੇ ਘਰ ਵਿਚੋਂ ਕਰੋੜਾਂ ਵਿਚ ਨਕਦੀ, ਸੋਨਾ, ਕੀਮਤੀ ਘੜੀਆਂ ਅਤੇ ਜਾਇਦਾਦ ਦੇ ਕਾਗਜ਼ ਬਰਾਮਦ ਕੀਤੇ ਗਏ। ਇਸ ਤੋਂ ਪਹਿਲਾਂ ਕਈ ਪੁਲਿਸ ਅਤੇ ਸਿਵਲ ਉੱਚ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗ ਚੁੱਕੇ ਸਨ। ਕਈ ਪੁਲਿਸ ਅਫਸਰ ਹਿਰਾਸਤ ਤੋਂ ਬਚਣ ਲਈ ਭਗੌੜੇ ਹੋਏ ਹਨ। ਉਨ੍ਹਾਂ ਨੂੰ ਭ੍ਰਿਸ਼ਟ ਪੁਲਿਸ ਪ੍ਰਬੰਧ ਫੜਨ ਤੋਂ ਬਚਾਉਂਦਾ ਨਜ਼ਰ ਆਉਂਦਾ ਹੈ। ਸੂਬੇ ਵਿਚ ਨਸ਼ਿਆਂ ਨੂੰ ਫੈਲਾਉਣ ਅਤੇ ਇਸ ਤੋਂ ਨਾਜਾਇਜ਼ ਕਮਾਈ ਕਰਨ ਵਿਚ ਪੁਲਿਸ ਪ੍ਰਬੰਧ ਦੀ ਸ਼ਮੂਲੀਅਤ ਸਾਫ਼ ਨਜ਼ਰ ਆਉਂਦੀ ਹੈ। ਇਸ ਤੋਂ ਇਲਾਵਾ ਪੁਲਿਸ ਪ੍ਰਸ਼ਾਸਨ ਨੂੰ 1980ਵਿਆਂ ਵਿਚ ਦਿੱਤੀਆਂ ਅਥਾਹ ਤਾਕਤਾਂ ਜਾਰੀ ਰਹਿਣ ਕਾਰਨ ਝੂਠੇ ਪੁਲਿਸ ਮੁਕਾਬਲੇ ਅਤੇ ਲੋਕਾਂ 'ਤੇ ਤਸ਼ੱਦਦ ਦੀਆਂ ਕਾਰਵਾਈਆਂ ਦੁਬਾਰਾ ਸ਼ੁਰੂ ਹੋ ਗਈਆਂ ਹਨ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਿਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ ਹੀ ਸੂਬੇ ਵਿਚ ਟੈਕਸਾਂ ਦੀ ਚੋਰੀ ਦਾ ਕਾਰਨ ਹੈ।

ਹੋਰਨਾਂ ਕਾਰਨਾਂ ਤੋਂ ਇਲਾਵਾ ਸੂਬੇ ਦੇ ਵਿੱਤੀ ਸੰਕਟ ਦਾ ਇੱਕ ਵੱਡਾ ਕਾਰਨ ਟੈਕਸਾਂ ਦੀ ਚੋਰੀ ਵੀ ਹੈ। ਜਿਹੜੇ ਟੈਕਸ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਹੋਣੇ ਚਾਹੀਦੇ ਹਨ, ਉਸ ਦਾ ਕੁਝ ਹਿੱਸਾ ਭ੍ਰਿਸ਼ਟ ਅਫ਼ਸਰਸ਼ਾਹੀ ਦੀ ਜੇਬ ਵਿਚ ਚਲਾ ਜਾਂਦਾ ਹੈ ਅਤੇ ਵੱਡਾ ਹਿੱਸਾ ਕਾਰੋਬਾਰੀਆਂ ਦੀ ਜੇਬ ਵਿਚ ਕਾਲੇ ਧਨ ਦੇ ਰੂਪ ਵਿਚ ਹੀ ਰਹਿ ਜਾਂਦਾ ਹੈ। ਜਿਹੜੇ ਟੈਕਸ ਵਸੂਲੀ ਤੋਂ ਬਾਅਦ ਸਰਕਾਰੀ ਖਜ਼ਾਨੇ ਵਿਚ ਆ ਜਾਂਦੇ ਹਨ, ਉਨ੍ਹਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਨਹੀਂ ਕੀਤੀ ਜਾਂਦੀ। ਇਸ ਦਾ ਵੱਡਾ ਹਿੱਸਾ ਸਰਕਾਰੀ ਠੇਕੇ ਦੇਣ ਸਮੇਂ ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਦੀ ਜੇਬ ਵਿਚ ਚਲਾ ਜਾਂਦਾ ਹੈ। ਟੈਕਸ ਚੋਰੀ ਅਤੇ ਭ੍ਰਿਸ਼ਟਾਚਾਰ ਨੇ 'ਕੱਟੜ ਇਮਾਨਦਾਰੀ' ਦੇ ਫੋਕੇ ਨਾਹਰਿਆਂ ਦੇ ਦੰਭ ਨੂੰ ਅਕਤੂਬਰ ਮਹੀਨੇ ਵਿਚ ਲੀਰੋ-ਲੀਰ ਕਰ ਦਿੱਤਾ ਸੀ। ਇਹੋ ਕਾਰਨ ਹੈ ਕਿ ਸਿੱਖਿਆ ਕ੍ਰਾਂਤੀ ਅਤੇ ਨਸ਼ਿਆਂ ਵਿਰੁੱਧ ਮੁਹਿੰਮਾਂ ਪੂਰੀ ਤਰ੍ਹਾਂ ਅਸਫਲ ਹੋ ਗਈਆਂ ਹਨ। ਵਿੱਤੀ ਸਾਧਨਾਂ ਦੀ ਘਾਟ ਦੀ ਪੂਰਤੀ ਲਈ ਸਰਕਾਰੀ ਜਾਇਦਾਦਾਂ ਵੇਚਣ ਦਾ ਕਿਸਾਨਾਂ ਅਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਵੈਸੇ ਵੀ ਸੀਮਤ ਸਰਕਾਰੀ ਜਾਇਦਾਦਾਂ ਦੇ ਵੇਚਣ ਨਾਲ ਕਦੋਂ ਤੱਕ ਵਿੱਤੀ ਸਾਧਨਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ? ਇਹ ਉਹ ਸਮਾਂ ਹੈ ਜਦੋਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਦੇ ਦਾਅਵੇਦਾਰ ਪਾਰਟੀਆਂ ਦੇ ਆਗੂ ਇੱਕ ਦੂਜੇ ਦੇ ਖਿਲਾਫ਼ ਬੜੀ ਭੱਦੀ ਸ਼ਬਦਾਵਲੀ ਵਰਤ ਕੇ ਚਿੱਕੜ ਸੁੱਟ ਰਹੇ ਹਨ। ਉਹ ਘਟੀਆ ਕਿਸਮ ਦੇ ਇਲਜ਼ਾਮ ਲਗਾ ਕੇ ਇੱਕ ਦੂਜੇ ਨੂੰ ਨੰਗਾ ਕਰਨ ਲਈ ਜ਼ੋਰ-ਅਜ਼ਮਾਈ ਰਹੇ ਹਨ। ਇਨ੍ਹਾਂ ਮੁੱਖ ਮੰਤਵ ਰਾਜਸਤਾ 'ਤੇ ਕਾਬਜ਼ ਹੋ ਕੇ ਲੋਕਾਂ ਨੂੰ ਲੁੱਟਣਾ ਅਤੇ ਕੁੱਟਣਾ ਹੀ ਰਹਿ ਗਿਆ ਹੈ। ਇਨ੍ਹਾਂ ਕੋਲ ਲੋਕਾਂ ਦੇ ਮੁੱਦਿਆਂ ਨੂੰ ਵਿਚਾਰਣ ਅਤੇ ਹੱਲ ਕਰਨ ਲਈ ਨਾ ਕੋਈ ਵਕਤ ਹੈ ਅਤੇ ਨਾ ਹੀ ਸਮਰੱਥਾ। ਇਹੋ ਕਾਰਨ ਹੈ ਕਿ ਨਵੰਬਰ ਦੇ ਮਹੀਨੇ ਵਿਚ ਕੇਂਦਰ ਸਰਕਾਰ ਵਲੋਂ ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਸਟੇਟਸ ਨੂੰ ਬਦਲ ਕੇ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਬਾਰੇ ਸਿਆਸੀ ਪਾਰਟੀਆਂ ਕੋਈ ਠੋਸ ਪ੍ਰੋਗਰਾਮ ਨਹੀਂ ਦੇ ਸਕੀਆਂ। ਇਹ ਮਾਮਲਾ ਵਿਦਿਆਰਥੀਆਂ, ਕਿਸਾਨਾਂ ਅਤੇ ਆਮ ਲੋਕਾਂ ਦੇ ਸਾਂਝੇ ਸੰਘਰਸ਼ ਕਾਰਨ ਹੀ ਰੁਕਿਆ ਸੀ। ਇਹ ਮਾੜੇ ਸਮਿਆਂ ਵਿਚ ਵੀ ਪੰਜਾਬ ਦੇ ਲੋਕਾਂ ਦੀ ਚੇਤਨਤਾ ਅਤੇ ਸੂਝ-ਬੂਝ ਦੀ ਗਵਾਹੀ ਭਰਦਾ ਹੈ।

ਜੂਨ ਵਿਚ ਲੁਧਿਆਣਾ ਅਤੇ ਨਵੰਬਰ ਵਿਚ ਤਰਨਤਾਰਨ ਦੀਆਂ ਜ਼ਿਮਨੀ ਚੋਣਾਂ ਵਿਚ ਹਾਕਮ ਪਾਰਟੀ ਵਲੋਂ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੀ ਵਰਤੋਂ ਖੁੱਲ੍ਹ ਕੇ ਕੀਤੀ ਗਈ ਸੀ। ਤਰਨਤਾਰਨ ਦੀ ਜ਼ਿਮਨੀ ਚੋਣ ਵਿਚ ਇਸ ਦਾ ਸ਼ਰ੍ਹੇਆਮ ਪਰਦਾਫਾਸ਼ ਹੋ ਗਿਆ। ਜ਼ਿਲ੍ਹੇ ਦੇ ਪੁਲਿਸ ਮੁਖੀ ਨੂੰ ਹਾਕਮ ਪਾਰਟੀ ਦੇ ਉਮੀਦਵਾਰ ਦੀ ਨਾਜਾਇਜ਼ ਮਦਦ ਕਰਨ ਦੇ ਦੋਸ਼ ਕਾਰਨ ਕੇਂਦਰੀ ਚੋਣ ਕਮਿਸ਼ਨ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਸੀ। ਪਰ ਇਸ ਦਾ ਖੁੱਲ੍ਹਾ ਤਾਂਡਵ ਨਾਚ ਦਸੰਬਰ ਮਹੀਨੇ ਕਰਵਾਏ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਵਿਚ ਨਜ਼ਰ ਆਇਆ। ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਹਾਕਮ ਪਾਰਟੀ ਦੇ ਵਰਕਰਾਂ ਵਲੋਂ ਪਾੜਨ ਅਤੇ ਅਧਿਕਾਰੀਆਂ ਵਲੋਂ ਨਾਜਾਇਜ਼ ਤੌਰ 'ਤੇ ਨਾਮਜ਼ਦਗੀ ਕਾਗਜ਼ ਰੱਦ ਕਰਨ ਦੇ ਇਲਜ਼ਾਮ ਮੀਡੀਆ ਵਿਚ ਨਸ਼ਰ ਹੋਏ ਹਨ। ਇਸ ਕਾਰਨ ਪਟਿਆਲਾ ਪੁਲਿਸ ਦੇ ਮੁਖੀ ਨੂੰ ਚੋਣਾਂ ਦੌਰਾਨ ਛੁੱਟੀ 'ਤੇ ਜਾਣਾ ਪਿਆ ਸੀ। ਇਸ ਦਾ ਸਬੂਤ ਇਨ੍ਹਾਂ ਚੋਣਾਂ ਵਿਚ ਲੋਕਾਂ ਦੀ ਘਟਦੀ ਦਿਲਚਸਪੀ ਤੋਂ ਨਜ਼ਰ ਆਉਂਦਾ ਹੈ। ਇਨ੍ਹਾਂ ਚੋਣਾਂ ਵਿਚ 2013 ਨੂੰ 63%, 2018 ਵਿਚ 58% ਅਤੇ 2025 ਵਿਚ 48% ਲੋਕਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਸਿਆਸੀ ਪਾਰਟੀਆਂ ਵਲੋਂ ਗੈਂਗਸਟਰਾਂ ਨੂੰ ਚੋਣਾਂ ਜਿੱਤਣ ਵਾਸਤੇ ਵਰਤਣ ਦੀਆਂ ਕੋਸ਼ਿਸ਼ਾਂ ਵੀ ਜੱਗ ਜ਼ਾਹਿਰ ਹੋਣ ਲੱਗ ਪਈਆਂ ਹਨ। ਇਸ ਨਾਲ ਹਾਕਮ ਪਾਰਟੀਆਂ, ਪੁਲਿਸ ਪ੍ਰਸ਼ਾਸਨ ਅਤੇ ਗੈਂਗਸਟਰਾਂ ਦਾ ਗਠਜੋੜ ਪੰਜਾਬ ਨੂੰ ਵਧੇਰੇ ਹਿੰਸਾ ਵਲ ਧੱਕਣ ਦੇ ਸੰਕੇਤ ਦੇ ਰਿਹਾ ਹੈ। ਹਾਕਮ ਪਾਰਟੀ ਵਲੋਂ ਚੋਣਾਂ ਜਿੱਤਣਾ ਹੀ ਮੁੱਖ ਉਦੇਸ਼ ਰਹਿ ਗਿਆ ਹੈ। ਇਸ ਵਾਸਤੇ ਹਾਕਮ ਪਾਰਟੀ ਦੇ ਲੀਡਰਾਂ ਵਲੋਂ ਇੱਕ ਨਵਾਂ ਫਾਰਮੂਲਾ 'ਸਾਮ, ਦਾਮ, ਦੰਡ, ਭੇਦ' ਚੋਣਾਂ ਜਿੱਤਣ ਲਈ ਪੇਸ਼ ਕੀਤਾ ਗਿਆ ਹੈ। ਇਸ ਵਰਤਾਰੇ ਤੋਂ ਇਹ ਵੀ ਨਜ਼ਰ ਆਉਂਦਾ ਹੈ ਕਿ ਸੂਬੇ ਵਿਚੋਂ ਨਸ਼ਿਆਂ 'ਤੇ ਰੋਕ ਲਗਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਹਨ। ਹਾਲਾਤ ਇਹ ਵੀ ਸੰਕੇਤ ਦੇ ਰਹੇ ਹਨ ਕਿ ਸੂਬੇ ਵਿਚ ਆਰਥਿਕ ਸੰਕਟ ਅਤੇ ਖਾਸ ਕਰਕੇ ਸਰਕਾਰੀ ਵਿੱਤੀ ਸਾਧਨਾਂ ਦੀ ਘਾਟ ਵਧਦੀ ਜਾਵੇਗਾ ਅਤੇ ਕਰਜੇ ਦੀ ਪੰਡ ਹੋਰ ਭਾਰੀ ਹੁੰਦੀ ਜਾਵੇਗੀ। ਇਸ ਕਾਰਨ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ, ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਜਾਂ ਖੇਤੀ ਸੰਕਟ ਨੂੰ ਹੱਲ ਕਰਨ ਲਈ ਸਰਕਾਰ ਦੀ ਸਮਰੱਥਾ ਹੋਰ ਘੱਟਦੀ ਜਾਵੇਗੀ। ਦੇਸ਼ ਦੀ ਸਤਾ ਵਿਚ ਵੱਧ ਰਹੇ ਕੇਂਦਰੀਕਰਨ ਖ਼ਿਲਾਫ਼ ਸੂਬੇ ਦੀ ਖ਼ੁਦਮੁਖ਼ਤਿਆਰੀ ਬਾਰੇ ਸਿਆਸੀ ਪਾਰਟੀਆਂ ਵਿਚ ਕੋਈ ਸਹਿਮਤੀ ਨਹੀਂ ਬਣ ਰਹੀ। ਗੈਂਗਸਟਰਾਂ ਦੀ ਹਿੰਸਾ ਅਤੇ ਸਿਵਲ/ਪੁਲਿਸ ਦੇ ਭ੍ਰਿਸ਼ਟਾਚਾਰ ਨੇ ਸੂਬੇ ਵਿਚ ਪ੍ਰਾਈਵੇਟ ਨਿਵੇਸ਼ ਦੀਆਂ ਸੰਭਾਵਨਾਵਾਂ ਨੂੰ ਲਗਭਗ ਖਤਮ ਕਰ ਦਿੱਤਾ ਹੈ। ਜੇਕਰ ਇਹ ਵਰਤਾਰਾ ਇਵੇਂ ਹੀ ਚਲਦਾ ਰਿਹਾ ਤਾਂ ਸਰਕਾਰ ਅਗਲੇ ਸਾਲਾਂ ਦੌਰਾਨ ਹੋਰ ਵੀ ਬੇਵੱਸ ਨਜ਼ਰ ਆਵੇਗੀ।

ਗੰਭੀਰ ਸਮਸਿਆਵਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਹੱਲ ਬਾਰੇ ਅਣਗਹਿਲੀ ਲੋਕਾਂ ਵਿਚ ਹੋਰ ਮਾਯੂਸੀ ਪੈਦਾ ਕਰ ਸਕਦੀ ਹੈ। ਇਸ ਮਾਯੂਸੀ ਦਾ ਪ੍ਰਗਟਾਵਾ ਤਿੰਨ ਤਰੀਕਿਆਂ ਨਾਲ ਹੋ ਸਕਦਾ ਹੈ। ਪਹਿਲਾ, ਕੁੱਝ ਮਾਯੂਸ ਨੌਜਵਾਨ ਭ੍ਰਿਸ਼ਟਾਚਾਰ ਨੇਤਾਵਾਂ, ਪੁਲਿਸ ਅਤੇ ਸਿਵਲ ਅਫ਼ਸਰਾਂ ਤੋਂ ਤੰਗ ਆ ਕੇ ਵਿਅਕਤੀਗਤ ਹਿੰਸਾ ਵੱਲ ਜਾ ਸਕਦੇ ਹਨ। ਇਸ ਨਾਲ ਲੁੱਟਾਂ-ਖੋਹਾਂ, ਧੋਖਾਧੜੀ ਅਤੇ ਗੈਂਗਸਟਰਵਾਦ ਵਿਚ ਵਾਧਾ ਹੋ ਸਕਦਾ ਹੈ। ਸੂਬੇ ਵਿਚ ਫੈਲੀ ਅਰਾਜਕਤਾ ਵਿਚ ਇਸ ਕਰਕੇ ਵਾਧਾ ਹੋ ਸਕਦਾ ਹੈ। ਦੂਜਾ, ਇਹ ਵਰਤਾਰਾ ਕੁੱਝ ਨੌਜਵਾਨਾਂ ਨੂੰ ਆਪਣੇ-ਆਪ ਖਿਲਾਫ਼ ਹਿੰਸਾ ਵੱਲ ਧੱਕ ਸਕਦਾ ਹੈ। ਇਸ ਨਾਲ ਨਸ਼ਿਆਂ ਵਲ ਵਧਦਾ ਰੁਝਾਨ ਆਤਮ ਹਤਿਆਵਾਂ ਵਿਚ ਹੋਰ ਵਾਧਾ ਵੀ ਕਰ ਸਕਦਾ ਹੈ। ਤੀਸਰਾ, ਲੋਕਾਂ ਦਾ ਗੁੱਸਾ ਸਰਕਾਰ ਖ਼ਿਲਾਫ਼ ਜਥੇਬੰਦਕ ਲਹਿਰ ਦਾ ਰੂਪ ਧਾਰਨ ਕਰ ਸਕਦਾ ਹੈ। ਮੌਜੂਦਾ ਸਥਿਤੀ ਵਿਚ ਤਿੰਨਾਂ ਹੀ ਰੁਝਾਨਾਂ ਦੇ ਅੰਸ਼ ਮੌਜੂਦ ਹਨ। ਸੂਬੇ ਦੇ ਲੋਕਾਂ ਵਿਚ ਕਈ ਤਰ੍ਹਾਂ ਦੇ ਵਿਚਾਰਾਂ ਦੇ ਬਾਰੇ ਮੰਥਨ ਹੋ ਰਹੇ ਹਨ। ਇਸ ਲਈ ਇਹ ਕਹਿਣਾ ਮੁਸ਼ਕਲ ਹੈ ਕਿ ਅਗਲੇ ਸਮੇਂ ਸਮਾਜਿਕ ਹਾਲਾਤ ਕਿਸ ਪਾਸੇ ਮੋੜਾ ਕਟਦੇ ਹਨ।

---

# ਮਾਂ ਜੂ ਹੋਈ !

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਅੱਧੀ ਰਾਤ...ਭਾਂਡੇ ਖੜਕਣ ਦੀ ਅਵਾਜ਼...ਚੱਲਦੀ ਟੂਟੀ...ਮਾਂ ਰਸੋਈ ਵਿਚ ਸੀ!

ਤਿੰਨੇ ਨੂੰਹਾਂ ਪੁੱਤ ਕਦੇ ਦੇ ਸੌਂ ਗਏ ਸਨ...ਪਰ ਉਹ ਜਾਗਦੀ ਸੀ...ਖੁਰੇ ਵਿਚ ਖਿੱਲਰੇ ਜੂਠੇ ਭਾਂਡੇ...ਕੰਮ ਸਾਂਝੇ ਟੱਬਰ ਦਾ ਸੀ ਪਰ ਉਹ ਖੁਦ ਦੀ ਜੁੰਮੇਵਾਰੀ ਸਮਝਦੀ ਸੀ...ਨਾਲੋਂ-ਨਾਲ ਦੁੱਧ ਦਾ ਪਤੀਲਾ ਗਰਮ ਹੋ ਰਿਹਾ ਸੀ...ਅਜੇ ਜਾਗ ਲਾਉਣਾ ਬਾਕੀ ਸੀ...ਤਾਂ ਕਿ ਸਾਰੇ ਅਗਲੀ ਸੁਵੇਰ ਤਾਜਾ ਦਹੀਂ ਖਾ ਸਕਣ...!

ਅਚਾਨਕ ਕੱਚ ਦਾ ਗਲਾਸ ਭੁੰਝੇ ਜਾ ਡਿੱਗਾ...ਸਿੱਧਾ ਸੱਜੇ ਪੈਰ ਦੇ ਅੰਗੂਠੇ 'ਤੇ...ਪੀੜ ਹੋਈ ਪਰ ਉਹ ਖੁਸ਼ ਸੀ...ਖੜਾਕ ਜੂ ਨਹੀਂ ਸੀ ਹੋਇਆ ਅਤੇ ਟੁੱਟਣੋਂ ਵੀ ਬਚ ਗਿਆ...! ਪਰ ਫੇਰ ਵੀ ਸੁੱਤੇ ਪਏ ਜਾਗ ਪਏ...!

ਵੱਡੇ ਪੁੱਤ ਦੇ ਘਰੋਂ ਆਖਣ ਲੱਗੀ...ਅੱਧੀ ਰਾਤ ਹੋ ਗਈ...ਇਸਨੂੰ ਨੀਂਦਰ ਨਹੀਂ ਪੈਂਦੀ...ਨਾ ਆਪ ਸੌਂਦੀ ਨਾ ਕਿਸੇ ਹੋਰ ਨੂੰ ਹੀ ਸੌਣ ਦਿੰਦੀ...!

ਵਿਚਲੇ ਥਾਂ ਵਾਲੀ...ਹੁਣ ਵੇਖਣਾ ਸੁਵੇਰੇ ਤੜਕੇ ਚਾਰ ਵਜੇ ਫੇਰ ਤੋਂ ਖੜ-ਖੜ ਸ਼ੁਰੂ ਹੋ ਜਾਣੀ...ਨਾ ਆਪ ਚੈਨ ਲੈਣਾ ਤੇ ਨਾ ਕਿਸੇ ਹੋਰ ਨੂੰ ਹੀ ਲੈਣ ਦੇਣਾ...!

ਸਭ ਤੋਂ ਨਿੱਕੀ...ਪਲੀਜ ਜਾ ਕੇ ਆਹ ਪਖੰਡ ਬੰਦ ਕਰਵਾਓ... ਅਖੇ ਆਥਣ ਵੇਲੇ ਜੂਠੇ ਹੋਏ ਅਗਲੀ ਸੁਵੇਰ ਤੱਕ ਲਈ ਨਹੀਂ ਛੱਡਣੇ ਚਾਹੀਦੇ...ਬਦਸ਼ਗਨੀ ਹੁੰਦੀ...!

ਉਹ ਗਿਆ ਪਰ ਓਦੋਂ ਤੱਕ ਮਾਂ ਭਾਂਡੇ ਸਾਂਭ ਚੁਕੀ ਸੀ...ਦੱਬੇ ਪੈਰੀ ਹੀ ਵਾਪਿਸ ਮੁੜ ਆਇਆ!

ਲੱਕ ਦਾ ਕੁੱਬ...ਚੇਹਰੇ ਦੀਆਂ ਝੜਰੀਆਂ...ਢਿਲਕੀ ਹੋਈ ਚਮੜੀ... ਜੋੜਾਂ ਦਾ ਦਰਦ...ਗੋਡਿਆਂ ਦੀ ਤਕਲੀਫ...ਅੱਖਾਂ ਦਾ ਮੋਤੀਆ...ਸਰਫ਼ੇ ਦੇ ਦੰਦ...ਮੁੜਕੇ ਨਾਲ ਭਿੱਜਿਆ ਸਰੀਰ...ਪੈਰਾਂ ਦੀ ਲੜ-ਖੜਾਹਟ...ਤਾਂ ਵੀ ਦੁੱਧ ਦਾ ਗਰਮ ਪਤੀਲਾ ਨੰਗੇ ਹੱਥਾਂ ਨਾਲ ਹੀ ਚੁੱਕ ਲਿਆ!

ਏਨੇ ਨੂੰ ਵੇਖਿਆ ਘੜੀ ਦੀਆਂ ਸੂਈਆਂ ਵੀ ਬਰੋਬਰ ਹੋ ਗਈਆਂ...!

ਆਪਣੇ ਮੰਜੇ ਵਲ ਨੂੰ ਜਾਣ ਲੱਗੀ ਫੇਰ ਵਾਪਿਸ ਪਰਤ ਆਈ...ਫਰਿੱਜ ਅੰਦਰੋਂ ਭਿੰਡੀਆਂ ਕੱਢੀਆਂ...ਸਾਰੀਆਂ ਕੱਟ ਦਿੱਤੀਆਂ...ਫੇਰ ਗੰਢੇ ਅਧਰਕ...!

ਫੇਰ ਕੁਝ ਚੇਤਾ ਆਇਆ...ਸਿਰਹਾਣੇ ਥੱਲਿਓਂ ਪੋਟਲੀ ਕੱਢੀ...ਅੰਦਰੋਂ ਅੰਦਾਜੇ ਜਿਹੇ ਨਾਲ ਗੋਲੀਆਂ ਕੱਢ ਫੱਕਾ ਮਾਰ ਲਿਆ ਤੇ ਪਾਣੀ ਦੇ ਘੁੱਟ ਨਾਲ ਅੰਦਰ ਲੰਘਾ ਗਈ! ਕੋਲ ਖੰਗਦੇ ਹੋਏ ਨਾਲਦੇ ਨੇ ਪੁੱਛਿਆ...ਆ ਗਈ ਏਂ...ਆਖਿਆ ਹਾਂ ਅੱਜ ਤੇ ਰਸੋਈ ਵਿੱਚ ਕੋਈ ਖਾਸ ਕੰਮ ਹੀ ਨਹੀਂ ਸੀ!

ਮਗਰੋਂ ਪਤਾ ਨਹੀਂ ਨੀਂਦਰ ਪਈ ਕੇ ਨਹੀਂ ਪਰ ਤੜਕੇ ਅਲਾਰਮ ਬਾਅਦ ਵਿਚ ਵੱਜਿਆ ਉਹ ਪਹਿਲੋਂ ਜਾਗ ਗਈ...ਪੋਹ-ਮਾਘ ਦੀਆਂ ਠੰਡੀਆਂ ਸੁਵੇਰਾਂ ਨੂੰ ਵੀ ਸ਼ਾਇਦ ਹੀ ਕਦੇ ਤੱਤੇ ਪਾਣੀ ਨਾਲ



ਨ੍ਹਾਤੀ ਹੋਵੇ...ਅਖੇ ਮੈਨੂੰ ਕਿਹੜੀ ਠੰਡ ਲੱਗਦੀ...ਪਰ ਹਰੇਕ ਨੂੰ ਵੱਖਰਾ ਗਰਮ ਪਾਣੀ...!

ਆਪ ਅਖਬਾਰ ਕਦੀ ਨਾ ਪੜ੍ਹਦੀ ਪਰ ਗੇਟ ਲਾਗੋਂ ਚੁੱਕਣੀ ਉਸਦੀ ਜੁੰਮੇਵਾਰੀ ਸੀ...ਖੁਦ ਸਾਰੀ ਜਿੰਦਗੀ ਕਦੀ ਚਾਹ ਨਹੀਂ ਸੀ ਪੀਤੀ ਪਰ ਬਾਕੀਆਂ ਲਈ ਪਿਆਲੀਆਂ ਢੱਕ ਕੇ ਰੱਖ ਜਰੂਰ ਦਿੰਦੀ...!

ਕਈ ਵੇਰ ਸੋਚਦਾ ਮਾਂ ਦੇ ਵਿਸ਼ੇ 'ਤੇ ਲਿਖਣਾ, ਬੋਲਣਾ, ਦੱਸਣਾ ਅਤੇ ਚਰਚਾ ਕਰਨਾ ਕਾਨੂੰਨਨ ਬੰਦ ਹੋਣਾ ਚਾਹੀਦੈ...ਇਸ ਰਿਸ਼ਤੇ ਨੂੰ ਕਿਸੇ ਕਸੌਟੀ 'ਤੇ ਪਰਖਣਾ ਵੀ ਪੂਰੀ ਤਰਾਂ ਵਰਜਿਤ ਹੋਵੇ...ਜੋ ਖੁਦ ਇੱਕ ਕਸੌਟੀ ਹੋਵੇ, ਉਹ ਦੂਜੀ ਕਸੌਟੀ 'ਤੇ ਕਿਵੇਂ ਪਰਖੀ ਜਾ ਸਕਦੀ...!

ਪਰ ਇਸ ਵਿਸ਼ੇ ਤੇ ਭਾਵੇਂ ਸਾਰੀ ਜਿੰਦਗੀ ਗੱਲਬਾਤ ਕਰਦੇ ਰਹੀਏ ਕਦੀ ਨਹੀਂ ਮੁੱਕੇਗੀ...ਗਮਾਂ ਦੀ ਰਾਤ ਲੰਮੀ ਏ...ਜਾਂ ਮੇਰੇ ਗੀਤ ਲੰਮੇ ਨੇ...ਨਾ ਭੈੜੀ ਰਾਤ ਮੁੱਕਦੀ ਏ...ਨਾ ਮੇਰੇ ਗੀਤ ਮੁੱਕਦੇ ਨੇ!

ਹਾਂ ਸੱਚ ਇੱਕ ਹੋਰ ਗੱਲ...ਜੇ ਇਹ ਸਭ ਕੁਝ ਪੜ੍ਹਦਿਆਂ ਰੋਣਾ ਆ ਜਾਵੇ ਤਾਂ ਲੁਕਾਇਓ ਨਾ ਤੇ ਨਾ ਹੀ ਡੱਕਿਆ ਹੀ ਜੇ...ਖੁੱਲ ਕੇ ਰੋ ਲੈਣਾ...ਭਾਰ ਹਲਕਾ ਹੋ ਜਾਵੇਗਾ...ਸਿਰ ਵਜੂਦ ਅਤੇ ਜਮੀਰ 'ਤੇ ਪਿਆ ਹੋਇਆ!

ਜੇ ਜਿਉਂਦੀ ਜਾਗਦੀ ਕੋਲ ਹੋਵੇ ਤਾਂ ਜੱਫੀ ਵਿਚ ਲੈ ਕੇ ਚੁੰਮ ਲੈਣਾ...ਅਤੇ ਜੇ ਕਰ ਪਹਿਲੋਂ ਹੀ ਰਵਾਨਗੀ ਪਾ ਗਈ ਏ ਤਾਂ ਉਸਦੀ ਸਭ ਤੋਂ ਪਿਆਰੀ ਚੀਜ ਨੂੰ ਗਲਵੱਕੜੀ ਵਿਚ ਲੈ ਕੇ ਉਸਨੂੰ ਇੱਕ ਵੇਰ ਉੱਚੀ ਸਾਰੀ ਅਵਾਜ ਜਰੂਰ ਦੇਣਾ...ਜਿਥੇ ਵੀ ਹੋਈ ਪ੍ਰਤਾਵੀਂ ਅਵਾਜ ਵਿਚ ਜਵਾਬ ਜਰੂਰ ਦੇਵੇਗੀ...ਮਾਂ ਜੂ ਹੋਈ!

ਕਲਾ ਪਰਿਕਰਮਾ

# ਮਲਕਾ-ਏ-ਤਰੰਨਮ - ਨੂਰ ਜਹਾਂ

ਕਈ ਦਹਾਕਿਆਂ ਤੱਕ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਗਾਇਕਾ, ਅਦਾਕਾਰਾ ਅਤੇ ਹਦਾਇਤਕਾਰਾ ਨੂਰ ਜਹਾਂ ਕਿਸੇ ਰਸਮੀ ਜਾਣ-ਪਛਾਣ ਦੀ ਮੁਹਤਾਜ਼ ਨਹੀਂ। ਨੂਰ ਜਹਾਂ ਦਾ ਜਨਮ ਪਿਤਾ ਇਮਦਾਦ ਅਲੀ ਤੇ ਮਾਤਾ ਫ਼ਤਿਹ ਬੀਬੀ ਦੇ ਘਰ 21 ਸਤੰਬਰ

**ਭੁਪਿੰਦਰ ਸਿੰਘ ਆਸ਼ਟ**



1926 ਨੂੰ ਕਸੂਰ ਸ਼ਹਿਰ ਦੇ ਨੇੜਲੇ ਪਿੰਡ ਕੋਟ-ਮੁਗ਼ਲ ਵਿਖੇ ਹੋਇਆ ਸੀ। ਉਸ ਦਾ ਪਹਿਲਾ ਨਾਮ ਅੱਲਾ ਵਸਾਈ ਸੀ। ਅੱਲਾ ਵਸਾਈ (ਨੂਰ ਜਹਾਂ) ਅਜੇ ਬਚਪਨ 'ਚ ਹੀ ਸੀ ਕਿ ਇਨ੍ਹਾਂ ਦਾ ਪਰਿਵਾਰ ਕੋਲਕਾਤੇ (ਕਲਕੱਤਾ) ਆ ਕੇ ਰਹਿਣ ਲੱਗਾ ਸੀ। ਨੂਰ ਜਹਾਂ ਦੇ ਮਾਤਾ- ਪਿਤਾ ਥੀਏਟਰ ਕਲਾਕਾਰ ਸਨ। ਏਦਾਂ ਨੂਰ ਜਹਾਂ 'ਚ ਹੀ ਗਾਇਕੀ- ਅਦਾਕਾਰੀ ਦੇ ਪੈਦਾਇਸ਼ੀ ਗੁਣ ਸਨ। ਮਾਤਾ-ਪਿਤਾ ਨੇ ਬੇਟੀ ਦੀ ਗਾਇਕੀ ਦੀ



ਸਿੱਖਿਆ ਲਈ ਘਰ 'ਚ ਹੀ ਉਸਤਾਦਾਂ ਦਾ ਪ੍ਰਬੰਧ ਕੀਤਾ ਸੀ। ਕਜ਼ਾਨ ਥਾਈ ਉਨ੍ਹਾਂ ਦੀ ਸਭ ਤੋਂ ਪਹਿਲੀ ਉਸਤਾਦ ਸੀ। ਇਸ ਪਿੱਛੋਂ ਕ੍ਰਮਵਾਰ ਬੜੇ ਗ਼ੁਲਾਮ ਅਲੀ ਖ਼ਾਨ ਤੇ ਗ਼ੁਲਾਮ ਮੁਹੰਮਦ ਸਾਹਿਬ ਉਨ੍ਹਾਂ ਦੇ ਉਸਤਾਦ ਰਹੇ। ਨੂਰ ਜਹਾਂ 'ਚ ਸਿੱਖਣ ਦੀ ਜਗਿਆਸਾ ਕਾਬਲੇ- ਤਾਰੀਫ਼ ਸੀ। ਉਹ ਗਾਇਕੀ 'ਚ ਜਲਦੀ ਪ੍ਰਵੀਨ ਹੋ ਗਈ।

## 'ਹਿੰਦ ਕੇ ਤਾਰੇ' 'ਚ ਕੰਮ ਕਰਨ ਦਾ ਮੌਕਾ

ਸਾਲ 1938 'ਚ ਬਾਲਪਨ ਦੀ ਉਮਰ 'ਚ ਹੀ ਉਨ੍ਹਾਂ ਨੂੰ ਫ਼ਿਲਮ 'ਹਿੰਦ ਕੇ ਤਾਰੇ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਹ ਮੂਕ ਫ਼ਿਲਮਾਂ ਦਾ ਦੌਰ ਸੀ। ਇਸ ਪਿੱਛੋਂ ਨੂਰਜਹਾਂ ਦੇ ਪਰਿਵਾਰ ਨੇ ਕੋਲਕਾਤੇ (ਕਲਕੱਤਾ) ਰਿਹਾਇਸ਼ ਕਰ ਲਈ। ਇਸੇ ਦੌਰਾਨ ਨੂਰਜਹਾਂ ਨੇ 11 ਮੂਕ ਫਿਲਮਾਂ 'ਚ ਕੰਮ ਕੀਤਾ। ਕੋਲਕਾਤੇ ਹੀ ਨੂਰਜਹਾਂ ਦੀ ਮੁਲਾਕਾਤ ਮਸ਼ਹੂਰ ਫ਼ਿਲਮਸਾਜ਼ ਦਲਸੁੱਖ ਪੰਚੋਲੀ ਨਾਲ ਹੋਈ। ਪੰਚੋਲੀ ਨੂੰ ਨੂਰ ਜਹਾਂ ਵਿਚ ਉੱਭਰਦੀ ਹੋਈ ਸਿਨੇ-ਤਾਰਿਕਾ ਦੀ ਝਲਕ ਨਜ਼ਰ ਆਈ।. ਸੋ ਉਨ੍ਹਾਂ ਨੇ ਆਪਣੀ ਫ਼ਿਲਮ 'ਗੁਲੇਬਕਾਵਲੀ' ਡਬਲਯੂ.ਆਰ ਲਈ ਚੁਣ ਲਿਆ। ਇਸੇ ਫ਼ਿਲਮ ਵਿਚ ਨੂਰ ਜਹਾਂ ਨੇ ਆਪਣਾ ਪਹਿਲਾ ਗੀਤ 'ਸ਼ਾਲਾ ਜਵਾਨੀਆਂ ਮਾਣੇ' ਗਾਇਆ। ਲਗਪਗ ਤਿੰਨ ਸਾਲ ਤੱਕ ' ਕੋਲਕਾਤੇ ਰਹਿਣ ਮਗਰੋਂ ਨੂਰ ਜਹਾਂ ਵਾਪਸ ਲਾਹੌਰ ਆ ਗਈ। ਇੱਥੇ ਹੀ ਇਨ੍ਹਾਂ ਦੀ ਮੁਲਾਕਾਤ ਜੀ.ਏ. ਚਿਸ਼ਤੀ (ਫ਼ਿਲਮਸਾਜ਼) ਨਾਲ ਹੋਈ। ਜੀ.ਏ. ਚਿਸ਼ਤੀ ਦੇ ਹੀ ਕਹਿਣ 'ਤੇ ਨੂਰ ਜਹਾਂ ਸਟੇਜ 'ਤੇ ਗੀਤ ਅਤੇ ਨ੍ਰਿਤ ਕਰਨ ਲੱਗੀ, ਜਿਸ ਦੇ ਇਵਜ਼ ਵਜੋਂ ਨੂਰ ਜਹਾਂ ਨੂੰ ਸਾਢੇ ਸੱਤ ਆਨੇ ਮਿਲਦੇ ਸਨ।

## ਨਿਰਦੇਸ਼ਕ ਸ਼ੌਕਤ ਹੁਸੈਨ ਨਾਲ ਨਿਕਾਹ

ਇਸ ਪਿੱਛੋਂ 1942 ਵਿਚ ਪੰਚੋਲੀ ਦੀ ਹੀ ਫਿਲਮ 'ਖ਼ਾਨਦਾਨ' ਦੀ ਸਫ਼ਲਤਾ ਤੋਂ ਬਾਅਦ ਨੂਰ ਜਹਾਂ ਨੇ ਅਦਾਕਾਰੀ ਵਿਚ ਜਬਰਦਸਤ ਮੁਕਾਮ ਹਾਸਲ ਕਰ ਲਿਆ। ਉਦੋਂ ਹੀ ਨੂਰ ਜਹਾਂ ਨੇ 'ਖ਼ਾਨਦਾਨ' ਫਿਲਮ ਦੇ ਨਿਰਦੇਸ਼ਕ ਸ਼ੌਕਤ ਹੁਸੈਨ ਨਾਲ ਨਿਕਾਹ ਕਰ ਲਿਆ ਸੀ। ਇਸੇ ਦੌਰਾਨ ਹੀ ਨੂਰ ਜਹਾਂ ਨੇ 'ਜੁਗਨੀ', 'ਅਨਮੋਲ ਘੜੀ, 'ਮਿਰਜ਼ਾ ਸਾਹਿਬਾਂ' ਤੇ ਪੰਜਾਬੀ ਫ਼ਿਲਮ 'ਪਿੰਡ ਦੀ ਕੁੜੀ' ਆਦਿ ਹਿੱਟ ਫਿਲਮਾਂ ਦਿੱਤੀਆਂ। 1947 ਵਿਚ ਦੇਸ਼ ਦੀ ਵੰਡ ਉਪਰੰਤ ਨੂਰ ਜਹਾਂ ਨੇ ਪਾਕਿਸਤਾਨਜਾਣ ਨੂੰ ਤਰਜੀਹ ਦਿੱਤੀ। ਇੱਧਰ ਆ ਕੇ ਉਨ੍ਹਾਂ ਆਪਣੇ ਨਿਰਦੇਸ਼ਨ 'ਚ ਫ਼ਿਲਮ 'ਚੰਨ ਵੇ' ਦਾ ਨਿਰਮਾਣ ਕੀਤਾ। ਇਸ ਤੋਂ ਬਾਅਦ ਫ਼ਿਲਮ 'ਦੁਪੱਟਾ' ਬਣਾਈ ਜੋ ਆਪਣੇ ਗੀਤ- ਸੰਗੀਤ ਕਰ ਕੇ ਬਹੁਤ ਸਫ਼ਲ ਰਹੀ। ਨੂਰ ਜਹਾਂ ਨੇ ਵੱਖ-ਵੱਖ ਭਾਸ਼ਾਵਾਂ ਵਿਚ ਲਗਪਗ 6000 ਗੀਤ ਗਾਏ ਹਨ।

## ਚਾਰ ਵਿਆਹ ਕਰਵਾਏ

ਮਲਿਕਾ ਤਰੰਨਮ ਨੂਰ ਜਹਾਂ ਗਿਆਰਾਂ ਭੈਣ-ਭਰਾ ਸਨ। ਨੂਰ ਜਹਾਂ ਨੇ ਆਪਣੀ ਜ਼ਿੰਦਗੀ ਵਿਚ ਚਾਰ ਵਿਆਹ ਕਰਵਾਏ। ਇਨ੍ਹਾਂ ਦਾ ਪਹਿਲਾ ਵਿਆਹ ਫਿਲਮ ਡਾਇਰੈਕਟਰ ਸ਼ੌਕਤ ਹੁਸੈਨ ਰਿਜ਼ਵੀ ਨਾਲ ਹੋਇਆ, ਜਿਸ ਤੋਂ ਦੋ ਪੁੱਤਰ- ਅਕਬਰ ਹੁਸੈਨ ਸਾਗਰ ਹੁਸੈਨ ਅਤੇ ਇਕ ਧੀ ਰੁਮਾ ਨੇ ਜਨਮ ਲਿਆ। ਇਨ੍ਹਾਂ ਦੀ ਦੂਸਰੀ ਬਾਦੀ



ਫਿਲਮੀ ਅਦਾਕਾਰ ਏਜਾਜ਼ ਦੁਰਾਨੀ ਨਾਲ ਹੋਈ। ਏਜਾਜ਼ ਦੁਰਾਨੀ ਪਾਕਿਸਤਾਨ ਦੇ ਮਸ਼ਹੂਰ ਅਦਾਕਾਰ ਸਨ ਜਿਨ੍ਹਾਂ ਨੇ ਪੰਜਾਬੀ, ਉਰਦੂ ਦੀਆਂ ਲਗਪਗ 150 ਫ਼ਿਲਮਾਂ 'ਚ ਕੰਮ ਕੀਤਾ। ਇਸ ਵਿਆਹ ਤੋਂ ਤਿੰਨ ਧੀਆਂ-ਸਾਜ਼ੀਆ ਹਿਨਾ ਤੇ ਈਨਾ ਪੈਦਾ ਹੋਈਆਂ। ਬੈਜਾਜ਼ ਦੁਰਾਨੀ ਵੀ ਜਲਦੀ ਹੀ ਨੂਰ ਜਹਾਂ ਤੋਂ, ਦੂਰੀ ਬਣਾ ਗਿਆ। ਨੂਰ ਜਹਾਂ ਦੀ ਤੀਸਰੀ ਸ਼ਾਦੀ ਯੂਸਫ਼ ਖ਼ਾਨ ਨਾਲ ਹੋਈ। ਯੂਸਫ਼ ਖ਼ਾਨ ਨੂੰ ਕਬੂਤਰ ਰੱਖਣ ਦਾ ਸ਼ੌਂਕ ਸੀ। ਕਬੂਤਰਾਂ ਦੀ ਪਰਵਰਿਸ਼ ਕਰਕੇ ਹੀ ਇਨ੍ਹਾਂ ਵਿਚ ਅਣਬਣ ਹੋਈ। ਫਿਰ ਗੱਲ ਤਲਾਕ 'ਤੇ ਖਤਮ । ਹੋਈ। ਯੂਸਫ਼, ਨੂਰ ਜਹਾਂ ਤੋਂ ਤਕਰੀਬਨ 9 ਸਾਲ ਛੋਟੇ ਸਨ। ਨੂਰ ਜਹਾਂ ਦੀ ਚੌਥੀ ਸ਼ਾਦੀ ਮਸ਼ਹੂਰ ਸੰਗੀਤਕਾਰ ਨਜ਼ੀਰ ਅਲੀ ਨਾਲ ਹੋਈ ਜੋ ਪਹਿਲਾਂ ਹੀ ਵਿਆਹੁਤਾ ਸਨ। ਵਿਆਹ ਤੋਂ ਥੋੜ੍ਹੀ ਦੇਰ ਬਾਅਦ ਹੀ ਨੂਰ ਜਹਾਂ ਨੇ ਕੁਝ ਸ਼ਰਤਾਂ ਰੱਖੀਆਂ ਜੋ ਨਜ਼ੀਰ ਅਤੀ ਨੇ ਨਾਮਲਜ਼ੂਰ ਕਰ ਦਿੱਤੀਆਂ। ਇਹ ਸ਼ਾਦੀ ਵੀ ਤਲਾਕ 'ਤੇ ਖ਼ਤਮ ਹੋਈ।

## ਆਖ਼ਰੀ ਵੇਲਾ

ਅਖ਼ੀਰ ਬੇਸ਼ੁਮਾਰ ਗੀਤਾ ਦੀ ਸ਼ਹਿਜ਼ਾਦੀ 23 ਦਸੰਬਰ, 2000 ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋ ਗਈ।

## ਪੰਜਾਬੀ 'ਚ ਗਾਏ ਬੇਸ਼ੁਮਾਰ ਗੀਤ


ਤਿੰਨ ਸਾਲ ਪਿੱਛੋਂ ਨੂਰ ਜਹਾਂ ਫਿਲਮਾਂ ਵੱਲੋਂ ਧਿਆਨ ਹਟਾ ਕੇ, ਸਿਰਫ਼ ਗੀਤ ਸੰਗੀਤ ਵੱਲ ਮੁੜੀ। ਉਨ੍ਹਾਂ ਨੇ ਉਰਦੂ ਸਿੰਧੀ ਅਤੇ ਪੰਜਾਬੀ 'ਚ ਬੇਸ਼ੁਮਾਰ ਗੀਤ ਗਾਏ। ਉਨ੍ਹਾਂ ਨੂੰ ਗਾਇਨ ਦੀਆਂ ਵੱਖ-ਵੱਖ ਸਿਨਫ਼ਾਂ ਜਿਵੇਂ ਕਿ ਠੁਮਰੀ, ਨਾਅਤ, ਦਾਦਰਾ, ਸੋਲੋ ਗਾਇਕੀ, ਦੋਗਾਣਾ ਗਾਇਕੀ, ਦੇਸ਼ ਪ੍ਰੇਮ ਦੇ ਗੀਤਾਂ 'ਤੇ ਅਬੂਰ ਹਾਸਿਲ ਸੀ। ਦੇਸ਼ ਦੀ ਵੰਡ ਉਪਰੰਤ, ਉਸਦੇ ਗੀਤ, ਭਾਰਤੀ ਪੰਜਾਬੀ ਲੋਕ ਰੇਡੀਓ ਲਾਹੌਰ ਨੰਬਰ ਇਕ ਤੋਂ ਸੁਣਦੇ ਰਹੇ ਹਨ। ਉਨ੍ਹਾਂ ਦੇ ਉਝ ਤਾਂ ਅਣਗਣਿਤ ਪੰਜਾਬੀ ਫਿਲਮੀ ਗੀਤ ਹਨ ਪਰ ਉਨ੍ਹਾਂ ਦੇ ਜੋ ਗੀਤ ਦਿਲਾਂ ਦੀ ਧੜਕਣ ਬਣੇ, ਉਨ੍ਹਾਂ 'ਚ ਇਹ ਹਨ:

> 'ਪਿਆਰ ਨਾਲੋਂ ਪਿਆਰੇ ਸੱਜਣਾ
**(ਬਾਊ ਜੀ)**
> 'ਅੱਖ ਲੜੀ ਬਦੋਬਦੀ
**(ਬਨਾਰਸੀ ਠੱਗ)**
> 'ਯਾਰ ਜਦੋਂ ਚੋਰੀ-ਚੋਰੀ
**(ਜਰਨੈਲ ਸਿੰਘ)**
' 'ਗਿੱਧਾ ਪਾਉਂਦੇ ਹੱਥ ਰੇਸ਼ਮੀ
**(ਸੰਗ)**
> 'ਸਾਨੂੰ ਨਹਿਰ ਵਾਲੇ ਪੁਲ 'ਤੇ
**(ਦੁੱਖ ਸੱਜਣਾਂ ਦੇ)**
ਤੂੰ ਮਿਲੇ ਕਦੀ ਕਦੀ
**(ਇੰਤਕਾਮ)**
> 'ਮੈਂ ਦਾਅ ਲਾਇਆ ਜਿੰਦ ਜਾਨ ਦਾ
**(ਅੱਤ ਖ਼ੁਦਾ ਦਾ ਵੈਰ)**
> 'ਦਿਲਦਾਰ ਸਦਕੇ'
**(ਸੁਲਤਾਨ)**
> 'ਅਸਾਂ ਤੇਰੇ ਦਿਲ ਵਿਚ ਰਹਿਣਾ
**(ਕਾਲਾ ਸਮੁੰਦਰ)**
> 'ਅੱਧੀ ਰਾਤੋਂ ਢਲ ਗਈ ਰਾਤ
**(ਖ਼ਾਨ ਚਾਚਾ)**
> 'ਜਦੋਂ ਹੌਲੀ ਜਿਹੀ ਲੈਨੇ ਮੇਰਾ ਨਾਂ'
**(ਅੱਤ ਖ਼ੁਦਾ ਦਾ ਵੈਰ)**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਜਨਵਰੀ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-725



*ਨਵੀਂ ਖੇਡ ਆਈ ਹੈ ਅੱਜ ਸ਼ਹਿਰ ਸਾਡੇ, ਆਈਸ ਹਾਕੀ ਦੇਖਣ ਦਾ ਸ਼ੌਕ ਚੜ੍ਹਿਆ,*
*ਚੁੱਕ ਗੱਡੀ ਦੌੜਾਈ ਸੈਪ ਸੈਂਟਰ ਵੱਲ ਨੂੰ, ਲੈ ਕੇ ਟਿਕਟ ਫਿਰ ਅੰਦਰ ਜਾ ਵੜਿਆ।*
*ਚਕਾਚੌਂਧ ਸਟੇਡੀਅਮ ਅੰਦਰ ਦਰਸ਼ਕਾਂ, ਦੁੱਧ ਚਿੱਟੀ ਚਾਨਣੀ ਦਾ ਹੜ੍ਹ ਆਇਆ,*
*ਗੇਂਦ ਜਾਂਦੀ ਸੀ ਗੋਲ਼ੀ ਦੀ ਸਪੀਡ ਉੱਤੇ, ਨਾਲ਼ੇ ਖਿਡਾਰੀਆਂ ਦਾ ਗੜ੍ਹ ਆਇਆ।*

## ਕੈਪਸ਼ਨ ਮੁਕਾਬਲਾ-723



ਚਰਖਾ ਡਾਅ ਕੇ ਧੀ ਬੈਠ ਗਈ,
ਤੰਦ ਤੱਕਲੇ ਪਾਵੇ
ਬਾਬਲ ਲੈ ਕੇ ਦਿੱਤਾ ਚਰਖਾ,
ਲਾਹ ਗਲੋਟੇ ਖੁਸ਼ੀ ਮਨਾਵੇ
ਸਿਰ 'ਤੇ ਚੁੰਨੀ ਗੋਟੇ ਵਾਲੀ,
ਬੈਠੀ ਪੀਹੜਾ ਡਾਹ ਕੇ
ਸੱਜ ਵਿਆਹੀਆਂ ਧੀਆਂ ਵਰਗਾ,
ਬੈਠੀ ਪੋਜ਼ ਬਣਾ ਕੇ
ਬਾਬਲ ਮੈਨੂੰ ਚਰਖਾ ਦਿੱਤਾ,
ਵਿਚ ਚਰਖੇ ਦੇ ਮੇਖਾਂ
ਬਾਬਲ ਤੈਨੂੰ ਯਾਦ ਕਰਾਂ,
ਜਦ ਮੈਂ ਚਰਖੇ ਵੱਲ ਵੇਖਾਂ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਮਾਂ, ਦਾਦੀ ਦੀ ਰੀਸ ਕਰੇਂਦੀ
ਤੱਕਲ਼ੇ ਤੰਦ ਨਾ ਪਾਉਣੀ ਆਵੇ।
ਹਾਰ ਸ਼ਿੰਗਾਰ ਲਗਾ ਕੇ ਬੈਠੀ
ਸੁਨਹਿਰੀ ਟਿੱਕਾ ਖ਼ੂਬ ਸੁਹਾਵੇ।
ਖੁਸ਼ੀ ਦੀ ਰੌਣਕ ਮੁੱਖੜੇ ਉੱਪਰ
ਚਾਅ ਨਾਲ਼ ਤਸਵੀਰ ਖਿਚਵਾਵੇ।
ਸ਼ਾਲਾ! ਸ਼ਦਾ ਇਹ ਹਾਸੇ ਵੰਡਣ
ਇਨ੍ਹਾਂ 'ਤੇ ਕੋਈ ਆਂਚ ਨਾ ਆਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403 439 2008***

---

ਧੀਆਂ ਨੂੰਹਾਂ ਨੂੰ ਰਲ ਮਿਲ ਕੇ
ਰੁਝੇਵਿਆਂ ਵਿਚ ਪਾਈ ਰੱਖਣ ਵਾਲਾ
ਚਰਖਾ ਸਭਿਆਚਾਰ
ਆਧੁਨਿਕਤਾ ਦੇ ਦੌਰ ਵਿਚੋਂ
ਗਿਆ ਉਡਾਰੀ ਮਾਰ।
ਨਵੇਂ ਨਵੇਂ ਖੇਤਰਾਂ
ਨੈੱਟ, ਮੋਬਾਈਲ, ਟੈਕਨਾਲੌਜੀ
ਸਪੇਸ ਉਡਾਰੀ, ਹਰ ਕੰਮ ਵਿਚ
ਮਰਦ ਨਾਲ ਮੋਢੇ ਨਾਲ ਮੋਢਾ ਜੋੜ
ਲਾਉਂਦੀਆਂ ਚੰਨ ਚਾਰ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***


---

ਸਾਡੀ ਸੱਭਿਅਤਾ, ਸਾਡੀ ਵਿਰਾਸਤ
ਸੁਪਨੇ ਹੋ ਗਈ ਅੱਜ
ਕੁੜੀ ਨੇ ਕਸਰ ਕੱਢ ਦਿੱਤੀ
ਸੱਜ ਧੱਜ ਉਵੇਂ ਦਾ ਹੀ ਚਰਖਾ
ਤ੍ਰਿੰਝਣ 'ਚ ਬੈਠੀਆਂ ਸੁਆਣੀਆਂ ਦਾ
ਹੂ ਬ ਹੂ ਖਿੱਚ ਦਿੱਤਾ ਨਕਸ਼ਾ
ਇਕ ਹੱਥ ਤੰਦ
ਦੂਜੇ ਹੱਥ ਹੱਥੀ
ਜਿਵੇਂ ਜਿਵੇਂ ਜਾਂਦਾ ਗੇੜਾ ਥੱਲੇ ਉਤੇ
ਗਲੋਟਾ ਵੱਡਾ ਹੁੰਦਾ ਜਾਂਦਾ
ਅੰਦਰ ਵੀ ਖੁਸ਼ੀਆਂ ਨਾਲ ਝੂਮਦਾ।
***-ਦਰਸ਼ਨ ਪਾਲ ਦੋਸਾਂਝ***

# ਫਿਲਮ 'ਲੋਹਰਦਗਾ' ਅਤੇ ਨਕਸਲੀ

ਵੀਡੀਓ ਕਲੱਬ ਵੱਲੋਂ, ਕੁਝ ਹਫ਼ਤੇ ਪਹਿਲਾਂ ਮੁੜ ਲਾਂਚ ਕੀਤੀ ਗਈ ਨਕਸਲੀ ਲਹਿਰ ਨਾਲ ਸਬੰਧਿਤ ਫਿਲਮ 'ਲੋਹਾਰਦਗਾ' ਇੱਕ ਵਾਰ ਫਿਰ ਚਰਚਾ 'ਚ ਹੈ। ਇਹ ਫ਼ਿਲਮ ਸੱਤ ਸਾਲ ਪਹਿਲਾਂ ਬਣੀ ਸੀ। 2019 'ਚ, ਭਾਰਤ ਵੱਲੋਂ ਇਹ ਫ਼ਿਲਮ ਫਰਾਂਸ 'ਚ ਹਰ ਸਾਲ ਹੋਣ ਵਾਲੇ ਕਾਨਜ਼ ਫ਼ਿਲਮ ਫੈਸਟੀਵਲ ਦੇ ਵਰਡ ਮੁਕਾਬਲੇ 'ਚ ਹਿੱਸਾ ਲੈਣ ਲਈ ਭੇਜੀ ਗਈ ਸੀ। ਫਿਰ ਉਸਤੋਂ ਚਾਰ ਸਾਲ ਬਾਅਦ ਮਾਰਚ 2023 'ਚ ਇਹ ਭਾਰਤੀ ਥੀਏਟਰ ਲਈ ਰਿਲੀਜ਼ ਕਰ ਦਿੱਤੀ ਗਈ।

ਝਾਰਖੰਡ-ਛੱਤੀਸਗੜ੍ਹ ਦੇ ਜੰਗਲੀ-ਪਹਾੜੀ ਇਲਾਕੇ 'ਚ ਚੱਲ ਰਹੀ ਆਦਿਵਾਸੀ-ਨਕਸਲੀ ਲਹਿਰ ਬਾਰੇ ਜਾਣਕਾਰੀ 'ਕੱਠੀ ਕਰਨ ਲਈ ਮੈਨੂੰ ਪੰਜਾਬੀ 'ਚ ਤਾਂ ਲਿਟਰੇਚਰ ਨਹੀਂ ਮਿਲਿਆ ਪਰ ਨਕਸਲੀ ਖੇਤਰਾਂ ਦਾ ਦੌਰਾ ਕਰਕੇ ਮੁੜੇ ਲੇਖਕਾਂ ਦੀਆਂ ਇੰਗਲਿਸ਼ 'ਚ ਚਾਰ ਕਿਤਾਬਾਂ ਮਿਲ ਗਈਆਂ। (1) ਅਰੁੰਧਤੀ



**ਪਰਮਜੀਤ ਰੋਡੇ**
**ਫੋਨ: 737 274 2370**

ਦੀ ਕਿਤਾਬ 'ਵਾਕਿੰਗ ਵਿਦ ਦਾ ਕਾਮਰੇਡਜ਼' (2) ਕਾਮਰੇਡ ਸਤਨਾਮ ਦੀ ਕਿਤਾਬ 'ਜੰਗਲਨਾਮਾਂ' (3) ਗੌਤਮ ਨਵਲੱਖਾ ਦੀ ਕਿਤਾਬ 'ਡੇਜ਼ ਐਂਡ ਨਾਈਟਜ਼ ਇਨ ਦਾ ਹਰਟਲੈਂਡ ਆਫ ਰੀਬੈਲੀਅਨ' ਅਤੇ (4) ਲੰਡਨ ਸਕੂਲ ਆਫ ਇਕਨਾਮਿਕਸ ਐਂਡ ਪੁਲੀਟੀਕਲ ਸਾਇੰਸ 'ਚ, ਐਨਥਰੋਪਾਲੋਜੀ ਦੀ ਅਸਿਸਟੈਂਟ ਪ੍ਰੋਫੈਸਰ ਅਤੇ ਨਕਸਲੀ ਗੁਰੀਲਿਆਂ ਨਾਲ ਸੱਤ ਰਾਤਾਂ 'ਚ 150 ਮੀਲ ਪੈਦਲ ਤੁਰਨ ਵਾਲੀ ਦ੍ਰਿੜ੍ਹ ਔਰਤ 'ਅਲਪਾ ਸ਼ਾਹ' ਦੀ ਕਿਤਾਬ 'ਨਾਈਟ-ਮਾਰਚ ਅਮੰਗ ਇੰਡੀਆ'ਜ ਰੈਵੋਲੂਸ਼ਨਰੀ ਗੁਰੀਲਾਜ਼।' ਇਹ ਚਾਰ ਕਿਤਾਬਾਂ ਪੜ੍ਹ ਕੇ ਨਕਸਲੀ ਕਮਿਊਨਿਸਟ ਇਨਕਲਾਬੀਆਂ ਬਾਰੇ ਮੇਰੀ ਜੋ ਸਮਝ ਬਣੀ ਹੈ, ਉਸ ਦੀ ਰੌਸ਼ਨੀ 'ਚ ਜਦ ਮੈਂ ਮੂਵੀ 'ਲੋਹਰਦਗਾ' ਨੂੰ ਦੇਖਿਆ/ ਵਿਚਾਰਿਆ ਤਾਂ ਇਸ ਦੀ ਕਹਾਣੀ ਦਾ ਆਖ਼ਰੀ ਹਿੱਸਾ ਮੈਨੂੰ ਥੋਥਾ ਤੇ ਸਾਜ਼ਿਸ਼ੀ ਲੱਗਿਆ।

ਕਹਿਣ ਨੂੰ ਭਾਵੇਂ ਕਹਾਣੀਕਾਰ ਜਾਂ ਪ੍ਰੋਡਿਊਸਰ ਨੇ ਇਸ ਨੂੰ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਕਹਾਣੀ ਕਿਹਾ ਹੈ ਪਰ ਸੱਚ ਇਹ ਹੈ ਕਿ ਕਹਾਣੀ ਦਾ ਸ਼ੁਰੂਆਤੀ ਤੇ ਪਹਿਲਾ ਭਾਗ ਤਾਂ ਹਕੀਕਤਾਂ ਨਾਲ ਕਾਫ਼ੀ ਮੇਲ ਖਾਂਦਾ ਹੈ ਪਰ ਬਾਕੀ ਸਭ ਨਕਸਲੀ ਲਹਿਰ ਦਾ ਸ਼ਕਲ-ਵਿਗਾੜ ਤੇ ਉਸ ਨੂੰ ਬਦਨਾਮ ਕਰਨ ਲਈ ਸਿਰਜਿਆ ਗਿਆ ਝੂਠ ਹੈ। ਜੇ ਅਸੀਂ ਇਸ ਮੂਵੀ ਦੇ ਕਲਾਤਮਕ ਅਤੇ ਤਕਨੀਕੀ ਨੁਕਤਾ ਨਜ਼ਰ ਦੀ ਗੱਲ ਕਰੀਏ ਤਾਂ ਇਹ ਇੱਕ ਵਧੀਆ ਫਿਲਮ ਦੇ ਮਿਆਰਾਂ 'ਤੇ ਪੂਰੀ ਉਤਰਦੀ ਹੈ। ਪਰ ਜੇ ਮੰਤਵ ਦੀ ਗੱਲ ਕਰੀਏ ਤਾਂ ਇਸ ਦੇ ਪਿੱਛੇ ਨਕਸਲੀ ਲਹਿਰ ਦਾ ਮੂੰਹ-ਮੁਹਾਂਦਰਾ ਵਿਗਾੜਨ ਦੀ ਚੇਤੰਨ ਰੂਪ 'ਚ ਖੋਟੀ ਤੇ ਬੇਈਮਾਨ ਭਾਵਨਾ ਕੰਮ ਕਰਦੀ ਹੈ।

ਮੂਵੀ ਦੀ ਕਹਾਣੀ, ਝਾਰਖੰਡ ਸੂਬੇ ਦੇ 'ਲੋਹਰਦਗਾ' ਨਾਮ ਦੇ ਇਕ ਪਿੰਡ ਤੋਂ ਸ਼ੁਰੂ ਹੁੰਦੀ ਹੈ। ਪਿੰਡ ਦੇ ਬੇਰੁਜ਼ਗਾਰ ਨੌਜਵਾਨ ਅਕਸਰ ਹੀ ਇੱਕ ਚਾਹ ਵਾਲੇ ਖੋਖੇ 'ਤੇ ਇਕੱਠੇ ਹੁੰਦੇ ਅਤੇ ਨੌਕਰੀ ਲੱਭਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ, ਜਿਨ੍ਹਾਂ 'ਚੋਂ ਇਕ ਮੰਨੂ ਨਾਮ ਦਾ ਨੌਜਵਾਨ ਵੀ ਹੈ। ਇਹ ਸਾਰੇ ਉਹ ਨੌਜਵਾਨ ਹਨ ਜਿਨ੍ਹਾਂ 'ਚੋਂ ਕਿਸੇ ਦਾ ਸੁਪਨਾ ਆਈ.ਪੀ.ਐਸ. ਅਫਸਰ ਬਣਨ ਦਾ ਸੀ ਅਤੇ ਕਿਸੇ ਦਾ ਪਾਇਲਟ, ਪਰ ਹੁਣ ਹਾਲਾਤ ਇਹ ਸਨ ਕਿ ਸਭ ਨੂੰ ਲੱਗਦਾ ਹੈ ਕਿ ਇੱਕ ਵਾਰ ਤਾਂ ਜਿਹੋ ਜਿਹੀ ਵੀ ਨੌਕਰੀ ਮਿਲਦੀ ਹੈ ਕਰ ਲਈ ਜਾਵੇ। ਇਨ੍ਹਾਂ 'ਚੋਂ ਮੰਨੂੰ ਪ੍ਰਸਾਦ ਨਾਮ ਦੇ ਨੌਜਵਾਨ ਦੀ ਇੱਛਾ ਫੌਜ 'ਚ ਭਰਤੀ ਹੋਣ ਦੀ ਹੈ।

ਮੰਨੂੰ ਦੇ ਪਰਿਵਾਰ 'ਚ ਮਾਂ-ਬਾਪ ਤੋਂ ਇਲਾਵਾ ਦੋ ਭੈਣਾਂ ਹਨ-ਇੱਕ ਉਸ ਤੋਂ ਵੱਡੀ ਅਤੇ ਇੱਕ ਛੋਟੀ। ਮੰਨੂੰ ਦਾ ਬਾਪ ਟੀਚਰ ਹੈ ਜੋ ਪਿੰਡ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਘਰ ਦਾ ਗੁਜ਼ਾਰਾ ਤੋਰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਸ ਦਾ ਪੁੱਤਰ ਪੜ੍ਹਾਈ ਵਿਚੇ ਛੱਡ ਕੇ ਫੌਜ 'ਚ ਭਰਤੀ ਹੋਵੇ! ਉਸਦੀ ਖਾਹਿਸ਼ ਹੈ ਕਿ ਉਹ ਹਾਇਰ ਐਜੂਕੇਸ਼ਨ ਲੈਣ ਤੋਂ ਬਾਅਦ ਹੀ ਕਿਸੇ ਕਿਸਮ ਦੀ ਨੌਕਰੀ ਲੱਭੇ, ਪਰ ਮੰਨੂੰ ਫੌਜ 'ਚ ਭਰਤੀ ਹੋਣ 'ਤੇ ਬਜ਼ਿਦ ਹੈ।

ਅਚਾਨਕ ਸੁਖਨੰਦਨ (ਅਜੇ ਮਿਸਰਾ) ਨਾਮ ਦਾ ਇੱਕ ਦਲਾਲ, ਪਿੰਡ 'ਚ ਖਬਰ ਫੈਲਾ ਦਿੰਦਾ ਹੈ ਕਿ ਫੌਜ ਦੀ ਭਰਤੀ ਖੁੱਲ੍ਹੀ ਹੈ ਅਤੇ ਜੇ ਕੋਈ ਭਰਤੀ ਹੋਣਾ ਚਾਹੁੰਦਾ ਹੈ ਤਾਂ ਉਹ ਉਸ ਦੀ ਮਦਦ ਕਰ ਸਕਦਾ ਹੈ। ਜਦੋਂ ਹੀ ਇਹ ਖਬਰ ਮੰਨੂੰ ਅਤੇ ਹੋਰ ਨੌਜਵਾਨਾਂ ਤੱਕ ਪਹੁੰਚਦੀ ਹੈ ਤਾਂ ਉਹ ਝੱਟ ਸੁਖਨੰਦਨ ਕੋਲ ਚਲੇ ਜਾਂਦੇ ਹਨ। ਸੁਖਨੰਦਨ ਦਲਾਲ, ਭਰਤੀ ਦੀ ਤਾਂ ਗਰੰਟੀ ਕਰਦਾ ਹੈ ਪਰ ਇਸ ਦੇ ਬਦਲੇ ਹਰ ਇੱਕ ਤੋਂ ਸਵਾ ਲੱਖ ਰੁਪਈਏ ਦੀ ਮੰਗ ਕਰਦਾ ਹੈ। ਨੌਜਵਾਨਾਂ ਨੂੰ ਇਹ ਰਕਮ ਬਹੁਤ ਜ਼ਿਆਦਾ ਲਗਦੀ ਹੈ, ਪਰ ਫਿਰ ਵੀ ਉਹ ਕਿਸੇ ਤਰ੍ਹਾਂ ਇਹ ਰਕਮ 'ਕੱਠੀ ਕਰਨ ਦੀਆਂ ਕੋਸ਼ਿਸ਼ਾਂ ਜੁਟਾ ਦਿੰਦੇ ਹਨ। ਸਮੱਸਿਆ ਦਾ ਪਤਾ ਲੱਗਣ 'ਤੇ ਮੰਨੂੰ ਦੀ ਮਾਤਾ ਮੰਨੂੰ ਨੂੰ ਉਸਦੇ ਪਿਤਾ ਤੋਂ ਚੋਰੀ, ਆਪਣੇ ਸਾਰੇ ਗਹਿਣੇ ਦੇ ਦਿੰਦੀ ਹੈ। ਇਸੇ ਤਰ੍ਹਾਂ ਹੀ ਬਾਕੀ ਨੌਜਵਾਨ ਵੀ ਕੋਈ ਓਹੜ-ਪੋਹੜ ਕਰਕੇ ਲੋੜੀਂਦੀ ਰਕਮ 'ਕੱਠੀ ਕਰ ਲੈਂਦੇ ਹਨ ਅਤੇ ਸਾਰੇ ਜਣੇ ਇਹ ਪੈਸੇ ਸੁਖਨੰਦਨ ਦਲਾਲ ਨੂੰ ਦੇ ਦਿੰਦੇ ਹਨ।

ਸੁਖਨੰਦਨਦ ਦਲਾਲ ਨੇ ਉਨ੍ਹਾਂ ਕੋਲ ਝੂਠ ਬੋਲਿਆ ਹੈ ਕਿ ਉਹ ਉਨ੍ਹਾਂ ਨੂੰ ਫੌਜ 'ਚ ਭਰਤੀ ਕਰਾਏਗਾ, ਸਕੀਮ ਉਸਦੀ ਇਨ੍ਹਾਂ ਨੌਜਵਾਨਾਂ ਨੂੰ ਜਾਅਲੀ ਨਕਸਲੀ ਬਣਾ ਕੇ ਪੁਲਿਸ ਮੂਹਰੇ ਆਤਮ ਸਮਰਪਣ ਕਰਾਉਣਾ ਅਤੇ ਉਸ ਤੋਂ ਬਾਅਦ ਸਰਕਾਰ ਦੀ ਮੁੜ ਵਸੇਬੇ ਦੀ ਪਾਲਿਸੀ ਮੁਤਾਬਕ ਉਨ੍ਹਾਂ ਨੂੰ ਸਪੈਸਲ ਪੁਲਸ ਫੋਰਸ 'ਚ ਭਰਤੀ ਕਰਵਾਉਣਾ ਹੈ। ਇਸ ਸਬੰਧੀ ਉਸਦੀ ਇੱਕ ਜ਼ਾਲਮ ਤੇ ਲਾਲਚੀ ਪੁਲਸ ਇੰਸਪੈਕਟਰ 'ਬਾਬਲਾ' ਨਾਲ ਗਿੱਟ-ਮਿੱਟ ਹੈ। ਸੁਖਨੰਦਨ ਪਹਿਲਾਂ ਤਾਂ ਨੌਜਵਾਨਾਂ ਕੋਲ ਝੂਠ ਬੋਲਦਾ ਹੈ ਕਿ ਚੋਣਾਂ ਦਾ ਮਾਹੌਲ ਹੋਣ ਕਰਕੇ ਸਰਕਾਰ ਨੇ ਫੌਜ ਦੀ ਭਰਤੀ ਰੋਕ ਦਿੱਤੀ ਹੈ, ਅਤੇ ਫਿਰ ਝੂਠੀ-ਮੂਠੀ ਦੇ ਨਕਸਲੀ ਬਣਨ ਅਤੇ ਆਤਮ ਸਮਰਪਣ ਦਾ ਡਰਾਮਾ ਕਰਨ ਦੀ ਗੱਲ ਦੱਸਦਾ ਹੈ। ਇਹ ਸੁਣ ਕੇ ਪਹਿਲਾਂ ਤਾਂ ਇਹ ਨੌਜਵਾਨ ਇਸ ਤਰ੍ਹਾਂ ਕਰਨ ਤੋਂ ਨਾਂਹ-ਨੁੱਕਰ ਕਰਦੇ ਹਨ ਪਰ ਫਿਰ ਫਸੇ-ਫਸਾਏ ਹਾਂ ਕਰ ਦਿੰਦੇ ਹਨ।

ਇਸੇ ਪਿੰਡ ਦਾ ਹੀ ਮੁਸਲਮਾਨ ਪਰਿਵਾਰ ਨਾਲ ਸਬੰਧਤ 'ਜੁਲਫੀ' ਨਾਮ ਦਾ ਨੌਜਵਾਨ ਹੈ ਜਿਸਨੂੰ ਲੇਟ ਪਰ ਸਾਰੀ ਗੱਲ ਦਾ ਪਤਾ ਲੱਗ ਜਾਂਦਾ ਹੈ। ਉਹ ਵੀ ਪੁਲਿਸ ਦੀ ਨੌਕਰੀ ਲੈਣ ਖਾਤਰ ਇਸ ਸਾਰੇ ਡਰਾਮੇ ਦਾ ਹਿੱਸਾ ਬਣਨ ਦੀ ਇੱਛਾ ਜ਼ਾਹਰ ਕਰਦਾ ਹੈ ਪਰ ਸੁਖਨੰਦਨ ਦਾ ਇੱਕ ਖਾਸ ਨੌਜਵਾਨ ਉਸਨੂੰ ਦੱਸਦਾ ਹੈ ਕਿ ਨਕਸਲੀ, ਮੁਸਲਮਾਨਾਂ ਨੂੰ ਆਪਣੇ 'ਚ ਨਹੀਂ ਰਲਾਉਂਦੇ ਇਸ ਲਈ ਤੂੰ ਸਾਡੇ ਨਾਲ ਨਹੀਂ ਆ ਸਕਦਾ। ਕਹਾਣੀਕਾਰ ਵੱਲੋਂ ਨਸਕਲੀਆਂ ਬਾਰੇ ਦਿੱਤਾ ਇਹ ਗਲਤ ਪ੍ਰਭਾਵ ਅਛੋਪਲੇ ਜਿਹੇ ਬੋਲਿਆ ਗਿਆ ਪਹਿਲਾ ਝੂਠ ਹੈ। ਸੱਚ ਇਹ ਹੈ ਕਿ ਨਕਸਲੀਆਂ ਦਾ ਸਿਆਸੀ ਪ੍ਰੋਗਰਾਮ ਧਰਮ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਕੰਮ ਕਰਨ ਦੀ ਗੱਲ ਕਰਦਾ ਹੈ।

ਸਰਕਾਰ ਨਕਸਲੀਆਂ ਵਿਰੁੱਧ ਹੋਰ ਵੱਧ ਸਖ਼ਤ ਹੋ ਜਾਂਦੀ ਹੈ ਅਤੇ ਮੀਡੀਏ 'ਚ ਪੁਲਿਸ ਨੂੰ ਹਦਾਇਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਕਿ ਨਕਸਲੀਆਂ ਨੂੰ ਆਤਮ ਸਮਰਪਣ ਕਰ ਦੇਣ ਲਈ ਕਿਹਾ ਜਾਵੇ, ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਵੇ। ਇਹ ਸੁਣ ਕੇ ਸੁਖਨੰਦਨ ਫਿਕਰਮੰਦ ਹੋ ਜਾਂਦਾ ਹੈ ਕਿ ਜੇ ਹੋਰ ਵੱਧ ਸਖ਼ਤੀ ਹੋ ਗਈ ਤਾਂ ਕਿਧਰੇ ਉਸਦਾ ਆਤਮ-ਸਮਰਪਣ ਕਰਾਉਣ ਦਾ ਡਰਾਮਾ ਹੀ ਨਾ ਧਰਿਆ-ਧਰਾਇਆ ਰਹਿ ਜਾਵੇ। ਉਧਰ ਪੁਲਿਸ ਇੰਸਪੈਕਟਰ 'ਬਾਬਲਾ' ਜਿਹੜਾ ਜਾਅਲੀ ਨਕਸਲੀਆਂ ਦੇ ਆਤਮ-ਸਮਰਪਣ ਦਾ ਡਰਾਮਾ ਰਚਣ ਦੀ ਸਕੀਮ 'ਚ ਸੁਖਨੰਦਨ ਨਾਲ ਭਾਈਵਾਲ਼ ਹੈ ਅਤੇ ਜੀਹਦੇ ਦਿਮਾਗ਼ 'ਤੇ ਹਰ ਵਕਤ ਇਹ ਗੱਲ ਛਾਈ ਰਹਿੰਦੀ ਹੈ ਕਿ ਕਦੋਂ ਉਹ ਕਿਸੇ ਨਕਸਲੀ ਨੂੰ ਫੜੇ




ਜਾਂ ਮਾਰੇ ਤੇ ਕਦੋਂ ਉਸ ਦੀ ਤਰੱਕੀ ਹੋਵੇ? ਸਰਕਾਰ ਦੇ ਨਕਸਲੀਆਂ ਪ੍ਰਤੀ ਹੋਰ ਵੱਧ ਸਖ਼ਤੀ ਦੇ ਬਿਆਨਾਂ ਨੂੰ ਸੁਣ ਕੇ, ਮਨ ਹੀ ਮਨ ਕੁਝ ਵੱਖਰਾ ਸੋਚਣ ਲੱਗ ਜਾਂਦਾ ਹੈ।

ਸੁਖਨੰਦਨ ਵੱਲੋਂ, ਆਤਮ-ਸਮਰਪਣ ਦਾ ਡਰਾਮਾ ਕਰਨ ਲਈ ਤਿਆਰ ਕੀਤੇ ਵੀਹ ਨੌਜਵਾਨ ਜਦੋਂ ਅਜਿਹਾ ਕਰਨ ਲੱਗਦੇ ਹਨ ਤਾਂ ਇੰਸਪੈਕਟਰ ਬਾਬਲਾ ਦੀ ਅਗਵਾਈ 'ਚ ਇਕ ਪੁਲਿਸ ਪਾਰਟੀ, ਨਿਹੱਥੇ ਨੌਜਵਾਨਾਂ 'ਤੇ ਗੋਲੀ ਚਲਾ ਕੇ ਵੀਹ 'ਚੋਂ ਉੱਨੀ ਨੌਜਵਾਨਾਂ ਨੂੰ ਮਾਰ ਦਿੰਦੀ ਹੈ। ਸਿਰਫ਼ ਇਕੱਲਾ ਮੰਨੂੰ ਹੀ ਜ਼ਿੰਦਾ ਬਚਦਾ ਹੈ, ਜੋ ਉੱਥੋਂ ਭਜ ਕੇ ਜੰਗਲਾਂ 'ਚ ਛੁਪ ਜਾਂਦਾ ਹੈ, ਉੱਥੇ ਉਸ ਦਾ ਮਿਲਾਪ ਇਕ ਨਕਸਲੀ ਟੋਲੀ ਨਾਲ ਹੁੰਦਾ ਹੈ ਤਾਂ ਮੰਨੂੰ ਉਨ੍ਹਾਂ ਨੂੰ ਦੱਸਦਾ ਹੈ ਕਿ ਉਹ ਨਕਸਲੀ ਨਹੀਂ! ਪਰ ਨਕਸਲੀ ਟੋਲੀ ਦੇ ਕਮਾਂਡਰ 'ਦਾਰਾ'(ਵਿਜੇ ਰਾਜ) ਨੂੰ ਇਸ ਘਟਨਾ ਦਾ ਪਹਿਲਾਂ ਹੀ ਪਤਾ ਲੱਗ ਚੁੱਕਾ ਹੁੰਦਾ ਹੈ, ਕਿਉਂਕਿ ਉਸ ਕੋਲ ਮੰਨੂੰ ਦੀ ਫੋਟੋ ਵਾਲਾ ਉਹ ਅਖਬਾਰ ਪਹੁੰਚ ਚੁੱਕਾ ਹੁੰਦਾ ਹੈ, ਜੀਹਦੇ 'ਚ ਪੁਲਿਸ ਵਲੋਂ ਅਖਬਾਰਾਂ ਨੂੰ ਦਿੱਤੀ ਝੂਠੀ ਖ਼ਬਰ ਛਪੀ ਹੈ ਕਿ ਝਾਰਖੰਡ ਦੇ ਜੰਗਲਾਂ 'ਚ ਪੁਲਿਸ ਦਾ ਨਕਸਲੀਆਂ ਨਾਲ ਮੁਕਾਬਲਾ ਹੋਇਆ ਹੈ ਜੀਹਦੇ 'ਚ ਉੱਨੀ ਨਕਸਲੀ ਮਾਰੇ ਗਏ ਹਨ ਅਤੇ ਉਨ੍ਹਾਂ ਦਾ ਕਮਾਂਡਰ 'ਮੰਨੂੰ' ਪੁਲਿਸ ਤੋਂ ਬਚ ਕੇ ਕਿਧਰੇ ਜੰਗਲ ਵਿਚ ਛੁਪ ਗਿਆ ਹੈ।

ਨਕਸਲੀ ਗੁਰੀਲਿਆਂ 'ਚੋਂ ਇਕ ਕੁੜੀ 'ਸਾਂਵਰਾ' ਮੰਨੂੰ ਨੂੰ ਦੱਸਦੀ ਹੈ ਕਿ ਉਸ ਨੂੰ ਵੀ ਸੁਖਨੰਦਨ ਨੇ ਹੀ ਇੱਧਰ ਫਸਾਇਆ ਹੈ। ਕੁੜੀ ਮੰਨੂੰ ਨੂੰ ਇਹ ਵੀ ਕਹਿੰਦੀ ਹੈ ਕਿ ਉਸ ਨੂੰ, ਉਸ ਨਾਲ ਪਿਆਰ ਹੋ ਗਿਆ ਹੈ। ਉਹ ਇਹ ਵੀ ਦੱਸਦੀ ਹੈ ਕਿ ਇੱਥੇ ਸਮਾਂ ਇਸ ਤਰ੍ਹਾਂ ਲੰਘਦਾ ਹੈ ਕਿ ਦਿਨ ਵਕਤ ਗੋ਼ਲੀ ਚਲਾਓ ਅਤੇ ਰਾਤ ਨੂੰ ਉਹ ਸਭ ਕਰੋ! ਇੱਥੇ ਉਸ ਦਾ ਇਸ਼ਾਰਾ ਕੁੜੀਆਂ ਨਾਲ ਹੁੰਦੇ ਬਲਾਤਕਾਰ ਵੱਲ ਹੈ।

ਸੱਚ ਇਹ ਹੈ ਕਿ ਗੁਰੀਲਾ ਆਰਮੀ 'ਚ ਬਲਾਤਕਾਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੈਕਸ ਦੇ ਮਸਲੇ ਤੇ ਇਨ੍ਹਾਂ ਨਕਸਲੀਆਂ ਦੀ ਸਮਝ ਬਹੁਤ ਸਪੱਸ਼ਟ ਹੈ ਅਤੇ ਸਭ ਗੁਰੀਲਾ ਮੁੰਡਿਆਂ-ਕੁੜੀਆਂ ਨੂੰ ਇਸ ਮਸਲੇ 'ਤੇ ਸੰਭਵ ਹੱਦ ਤੱਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਮੁੰਡਾ-ਕੁੜੀ ਗਰਲਫਰੈਂਡ-ਬੁਆਏਫਰੈਂਡ ਬਣਾ ਸਕਦੇ ਅਤੇ ਸੈਕਸ ਵੀ ਕਰ ਸਕਦੇ ਹਨ, ਪਰ ਲੀਡਰਸ਼ਿਪ ਨੂੰ ਉਨ੍ਹਾਂ ਦੀ ਫਰੈਂਡਸ਼ਿਪ ਬਾਰੇ ਪਤਾ ਹੋਣਾ ਚਾਹੀਦਾ ਹੈ। ਬੱਚਾ ਪੈਦਾ ਕਰਨ ਨੂੰ ਨਿਰ-ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਗਰਭਵਤੀ ਹੋ ਜਾਣ 'ਤੇ ਗਰਭਪਾਤ ਕਰਵਾਉਣ ਦੀ ਥਾਂ ਪਹਿਲੀ ਕੋਸ਼ਿਸ਼ ਇਹ ਹੁੰਦੀ ਹੈ, ਜੇ ਮੁੰਡੇ-ਕੁੜੀ ਦੇ ਸਕੇ-ਸੰਬੰਧੀ, ਨਵਜੰਮੇ ਬੱਚੇ ਦਾ ਪਾਲਣ ਪੋਸ਼ਣ ਕਰ ਸਕਦੇ ਹੋਣ!

ਮੂਵੀ 'ਚ ਇਹ ਵੀ ਦਿਖਾਇਆ ਗਿਆ ਹੈ ਕਿ ਨਕਸਲੀ, ਆਦਿਵਾਸੀਆਂ 'ਤੇ ਦਬਾਅ ਪਾ ਕੇ ਉਨ੍ਹਾਂ ਦੇ 8-9 ਸਾਲ ਦੀ ਉਮਰ ਦੇ ਬੱਚਿਆਂ ਨੂੰ ਲੈ ਜਾਂਦੇ ਹਨ ਤੇ ਉਨ੍ਹਾਂ ਦੇ ਹੱਥ 'ਚ ਰਾਈਫ਼ਲ ਫੜਾ ਦਿੰਦੇ ਹਨ ਜੋ ਕਿ ਝੂਠ ਹੈ। ਪਹਿਲੀ ਗੱਲ ਤਾਂ ਇਹ ਕਿ ਉਹ ਧੱਕੇ ਨਾਲ ਬੱਚਿਆਂ ਨੂੰ ਨਹੀਂ ਲਿਜਾਂਦੇ, ਬਲਕਿ ਇਨਕਲਾਬੀ ਲਹਿਰ ਦੀ ਲੋੜ ਸਮਝਾ ਕੇ ਅਜਿਹਾ ਕਰਨ ਲਈ ਮਾਪਿਆਂ ਨੂੰ ਪ੍ਰੇਰਦੇ ਹਨ। ਦੂਜੇ ਉਹ 8-9 ਸਾਲ ਦੇ ਬੱਚਿਆਂ ਨੂੰ ਨਹੀਂ, ਸੋਲਾਂ ਸਾਲ ਜਾਂ ਇਸ ਤੋਂ ਵੱਧ ਦੀ ਉਮਰ ਦੇ ਬੱਚਿਆਂ ਨੂੰ ਲਹਿਰ ਦਾ ਹਿੱਸਾ ਬਣਾਉਂਦੇ ਹਨ। ਤੀਜੇ ਬੱਚਿਆਂ ਹੱਥ ਰਾਈਫ਼ਲ ਦੇਣ ਤੋਂ ਪਹਿਲਾਂ ਅਤੇ ਨਾਲੋ-ਨਾਲ ਇਨਕਲਾਬੀ ਪ੍ਰੋਗਰਾਮ ਸਮਝਾਉਂਦੇ ਤੇ ਜਚਾਉਂਦੇ ਹਨ।

ਮੂਵੀ ਦੇ ਅਖੀਰ 'ਚ ਜਦੋਂ ਮੰਨੂੰ ਨੂੰ ਪਿਆਰ ਕਰਨ ਵਾਲੀ ਕੁੜੀ ਸਾਵਰੀ, ਮੰਨੂੰ ਨੂੰ ਉੱਥੋਂ ਭਜਾ ਕੇ ਆਤਮਹੱਤਿਆ ਕਰ ਲੈਂਦੀ ਤਾਂ ਗੁਰੀਲਾ ਗਰੁੱਪ ਦੇ ਕਮਾਂਡਰ 'ਦਾਰਾ' ਦੀ ਸੋਚ 'ਚ ਇਕਦਮ ਤਬਦੀਲੀ ਆਈ ਦਿਖਾਈ ਗਈ ਹੈ। ਉਹ ਆਪਣੇ ਗਰੁੱਪ ਨੂੰ ਕਹਿੰਦਾ ਹੈ, 'ਆਜ ਸਾਲਾ ਪਹਿਲੀ ਵਾਰ ਦਾਰਾ ਕਿਸੀ ਸੇ ਹਾਰ ਗਏ, ਚਲੋ ਸਭ, ...ਤੁਮਾਰਾ ਦਾਦਾ ਭਾਗਤਾ ਭਾਗਤਾ ਥੱਕ ਗਿਆ ਹੈ। ਔਰ ਸਾਲਾ ਆਜ ਤੱਕ ਇਹ ਸਮਝ ਨਹੀਂ ਆਇਆ ਕਿ ਇਹ ਲੜਾਈ ਹਮ ਕਿਓਂ ਲੜ ਰਹੇ ਹਾਂ? ਔਰ ਇਸ ਕਾ ਅੰਤ ਕਿਆ ਹੈ?...ਮੰਨੂੰ ਕਾ ਸੁਰੈਂਡਰ ਹੋਗਾ, ਹਮ ਸਭ ਕਾ ਸੁਰੈਂਡਰ ਹੋਗਾ! ਕਿਆ ਮਿਲਾ, ਕੁਛ ਮਿਲਾ ਆਜ ਤੱਕ? ਨਹੀਂ!'

ਇਹੀ ਕੇਂਦਰੀ ਨੁਕਤਾ ਹੈ ਜਿਸ ਨੂੰ ਜਚਾਉਣ ਲਈ ਕਹਾਣੀ ਦਾ ਤਾਣਾ-ਪੇਟਾ ਬੁਣਿਆ ਗਿਆ, ਇਹ ਉਹੀ ਨੁਕਤਾ ਹੈ ਜਿੱਥੇ ਪਹੁੰਚ ਕੇ ਕਹਾਣੀਕਾਰ ਨੇ ਆਪਣੇ ਖੋਟੇ ਮਕਸਦ ਦਾ ਤੋੜਾ ਝਾੜਿਆ ਹੈ ਅਤੇ ਲੋਕਾਂ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਨਕਸਲੀ; ਬਿਨਾਂ ਕਿਸੇ ਸਪਸ਼ਟ ਮਕਸਦ ਦੇ, ਬਿਨਾਂ ਕਿਸੇ ਦ੍ਰਿਸ਼ਟੀ ਦੇ, ਸਿਰਫ ਸ਼ੌਕੀਆ ਤੇ ਮਾਰ-ਧਾੜ ਦਾ ਝੱਸ ਪੂਰਾ ਕਰਨ ਲਈ ਅਵਾਰਾ ਭਟਕਦੇ ਫਿਰਦੇ ਹਨ।

ਸੱਚ ਇਹ ਹੈ ਕਿ ਕੋਈ ਸਹਿਮਤ ਹੋਵੇ ਜਾਂ ਨਾ! ਪਰ ਨਕਸਲੀਆਂ ਕੋਲ ਮਨੁੱਖਤਾ ਦੇ ਉਜਲੇ ਭਵਿੱਖ ਲਈ ਇਕ ਭਰਵਾਂ ਸਮਾਜਵਾਦੀ ਪ੍ਰੋਗਰਾਮ ਹੈ, ਜਿਸ ਨੂੰ ਲਾਗੂ ਕਰਨ ਦੇ ਪਹਿਲੇ ਪੜਾਅ ਵਜੋਂ ਉਹ ਨਵ-ਜਮਹੂਰੀ ਇਨਕਲਾਬ ਦੀ ਗੱਲ ਕਰਦੇ ਹਨ। ਜਲ, ਜੰਗਲ ਤੇ ਜ਼ਮੀਨ ਦੀ ਲੜਾਈ ਲੜਦਿਆਂ ਬਸਤਰ 'ਚ ਉਨ੍ਹਾਂ ਨੇ ਅਜਿਹੇ ਇਨਕਲਾਬ ਦਾ ਬੂਟਾ ਵੀ ਲਾ ਦਿੱਤਾ ਸੀ! ਇਸ ਲੜਾਈ ਦੀ ਯੁੱਧਨੀਤੀ ਅਨੁਸਾਰ ਹੀ ਉਨ੍ਹਾਂ ਨੇ ਬਸਤਰ ਦਾ ਜੰਗਲੀ-ਪਹਾੜੀ ਇਲਾਕਾ ਚੁਣਿਆ ਸੀ। ਇੱਥੇ ਪੱਕੇ-ਪੈਰੀਂ ਹੋ ਕੇ (ਜਿਸਨੂੰ ਉਹ 'ਅਧਾਰ-ਇਲਾਕੇ ਦਾ ਨਾਮ ਦਿੰਦੇ ਹਨ) ਉਨ੍ਹਾਂ ਦੀ ਸਕੀਮ ਮੈਦਾਨੀ ਇਲਾਕਿਆਂ ਵੱਲ ਵਧਣ (ਜਿਸਨੂੰ ਉਹ ਲਹਿਰਾਂ ਵਾਂਗ ਵਧਣਾ ਕਹਿੰਦੇ ਹਨ) ਦੀ ਸੀ ਅਤੇ ਫਿਰ ਪੜਾਅ ਵਾਰ ਸਾਰੇ ਦੇਸ਼ ਨੂੰ ਹੀ ਕਲਾਵੇ 'ਚ ਲੈਣ ਦੀ ਸੀ! ਇਹ ਵੱਖਰੀ ਗੱਲ ਹੈ ਕਿ ਰਾਜਕੀ ਸੁਰੱਖਿਆ ਬਲਾਂ ਨੇ ਬਸਤਰ ਦੀ ਇਸ ਗੁਰੀਲਾ ਲਹਿਰ ਨੂੰ ਕੁਚਲ ਦਿੱਤਾ ਹੈ ਅਤੇ ਇਹ ਖਿੰਡ-ਖੱਪਰ ਗਈ ਹੈ। ਕੀ ਇਹ ਤਾਕਤਾਂ ਦੇ ਤੋਲ ਅਤੇ ਬੇ-ਮੇਚੀ ਟੱਕਰ ਕਰਕੇ ਵਾਪਰਿਆ? ਜਾਂ ਕਿਸੇ ਯੁੱਧਨੀਤਕ ਉਕਾਈ ਕਰਕੇ? ਇਹ ਤਾਂ ਉਹ ਹੀ ਜਾਨਣ! ਪਰ ਜਿੰਨੀਆਂ ਔਖੀਆਂ ਹਾਲਾਤਾਂ 'ਚ ਉਨ੍ਹਾਂ ਨੇ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਹਥਿਆਰਬੰਦ ਗੁਰੀਲਾ ਲੜਾਈ ਲੜੀ ਹੈ, ਇਹ ਆਪਣੇ ਮਕਸਦ ਪ੍ਰਤੀ ਚੇਤੰਨ ਤੇ ਪੂਰੀ ਤਰ੍ਹਾਂ ਸਮਰਪਿਤ ਲੋਕ ਹੀ ਲੜ ਸਕਦੇ ਹਨ!

# ਸਿੱਖ ਸੇਵਾ-ਸੰਕਲਪ ਵਿਚ ਵਿਦਿਆ ਦਾਨ

ਦੁਨੀਆਂ ਦੇ ਹੋਰ ਧਰਮਾਂ ਵਾਂਗ ਸਿੱਖ ਧਰਮ ਵਿਚ ਵੀ ਸੇਵਾ ਦਾ ਬਹੁਤ ਮਹਾਤਮ ਹੈ। ਜਿੱਥੇ ਸਿਮਰਨ ਉਸ ਪ੍ਰਮਾਤਮਾ ਨੂੰ ਚਿਤਵਨ ਦਾ ਰਸਤਾ ਹੈ ਓਥੇ ਸੇਵਾ-ਕਾਰਜਾਂ ਰਾਹੀਂ ਇਸ ਦੁਨੀਆਂ ਨੂੰ ਬੇਹਤਰ ਬਨਾਉਣ ਵਿਚ ਪਰਉਪਕਾਰੀ ਹੁੰਦਿਆਂ ਮੀਰੀ-ਪੀਰੀ ਦੇ ਸੰਕਲਪ ਵੱਲ ਸੰਕੇਤਕ ਹੈ। ਸੇਵਾ ਤੋਂ ਭਾਵ ਨਿਰ-ਸੁਆਰਥ ਕੀਤਾ ਸ਼ੁਭਕਰਮਨ ਹੈ ਜੋ ਉਸ ਪਰਮ-ਪਿਤਾ ਦੇ ਭਾਣੇ ਵਿਚ ਰਹਿੰਦਿਆਂ ਸਮਰਪਿਤ-ਭਾਵਨਾ ਨਾਲ ਕੀਤਾ ਜਾਂਦਾ ਹੈ:

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨ ਮੰਨੈ

ਸਿੱਖ ਫਲਸਫੇ ਵਿਚ ਤਨ, ਮਨ, ਧਨ ਨਾਲ ਲੋੜਵੰਦ ਨੂੰ ਸਮਰੱਥ ਅਤੇ ਚੜ੍ਹਦੀ ਕਲਾ ਵੱਲ ਗਾਮਜ਼ਨ ਕਰਣ ਦਾ ਯਤਨ ਪੁੰਨ ਮੰਨਿਆ ਜਾਂਦਾ ਹੈ।

ਤਨ, ਮਨ, ਧਨ ਹਰਿ ਆਗੈ ਰਾਖਿਆ
ਨਾਨਕ ਕਹੈ ਮਹਾ ਰਸ ਚਾਖਿਆ

ਬਿਨਾਂ ਸ਼ੱਕ ਹਰ ਸੇਵਾ ਪਿੱਛੇ ਮਨ ਮਹੱਤਵ-ਪੂਰਨ ਹੁੰਦਾ ਹੈ ਪਰ ਗੁਰੂ ਸਾਹਿਬਾਨ ਨੇ ਖੁਦ ਰੋਲ ਮਾਡਲ ਬਣਦਿਆਂ ਆਪਣੇ ਹੱਥੀਂ ਉਹ ਕੰਮ ਕੀਤੇ ਜੋ ਹੱਤਕ ਵਾਲੇ ਸਮਝੇ ਜਾਂਦੇ ਸਨ ਅਤੇ ਇਸ ਤਰ੍ਹਾਂ ਕਿਰਤੀ ਨੂੰ ਵਡੱਪਣ ਬਖਸ਼ਿਆ। ਉਂਝ ਸਿੱਖ ਸੇਵਾ-ਸੰਕਲਪ ਬਹੁਤ ਵਿਸ਼ਾਲ ਹੈ ਅਤੇ ਇਸ ਵਿਚ 'ਅਨਿਕ ਭਾਂਤਿ ਕਰਿ ਸੇਵਾ ਕਰੀਐ' ਦਾ ਵਿਸ਼ਵਾਸ ਉੱਭਰਦਾ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਪਿਤਾ ਜੀ ਵੱਲੋਂ ਦਿੱਤੀ ਗਈ ਰਾਸ਼ੀ ਭੁੱਖੇ ਸਾਧਾਂ ਨੂੰ ਖਵਾਉਣ ਵਾਲੀ ਪ੍ਰਚੱਲਿਤ ਸਾਖੀ ਨੂੰ 'ਸੱਚਾ ਸੌਦਾ ਜਾਂ ਖਰਾ ਸੌਦਾ' ਅਪਨਾਉਂਦਿਆਂ ਸਿੱਖ ਕੌਮ ਨੇ ਲੰਗਰ ਪ੍ਰਥਾ ਨੂੰ ਤਾਂ ਸਾਰੇ ਵਿਸ਼ਵ ਵਿਚ ਬਾਖੂਬੀ ਸਥਾਪਤ ਕਰ ਦਿੱਤਾ ਹੈ ਪਰ ਅੱਖਰ-ਪ੍ਰਸਾਰ ਅਤੇ ਗਿਆਨ-ਸੰਚਾਰ ਵਿਚ ਸਿੱਖ ਭਾਈਚਾਰਾ ਹਿੰਦੁਸਤਾਨ ਅਥਵਾ ਵਿਸ਼ਵ ਵਿਚ ਕਾਫੀ ਪੱਛੜਿਆ ਧਰਮ ਹੈ। ਬਿਨਾਂ ਸ਼ੱਕ, ਹਰ ਧਰਮ ਦੀ ਆਸਥਾ-ਪੁਸਤਕ ਪਵਿੱਤਰ ਅਖਵਾਉਂਦੀ ਹੈ ਪ੍ਰੰਤੂ ਪੁਸਤਕ ਨੂੰ ਗੁਰੂ ਜਾਂ ਪ੍ਰਮਾਤਮਾ ਦੀ ਤਰ੍ਹਾਂ ਪੂਜਣ ਵਾਲੇ ਸਿੱਖਾਂ ਲਈ 'ਪੜਿ ਪੜਿ ਪਾਵਹਿ ਮਾਨ' ਮੁੱਖ ਆਦਰਸ਼ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਖੁਦ ਗਿਆਨ-ਪ੍ਰਸਾਰ ਲਈ ਵੱਡ-ਵਡੇਰੇ ਉੱਦਮ ਕੀਤੇ। ਗੁਰੂ ਨਾਨਕ ਦੇਵ ਜੀ ਦਾ ਪੱਟੀ ਲਿਖਣਾ, ਗੁਰੂ ਅਮਰ ਦਾਸ ਜੀ ਦਾ ਪੰਜਾਬੀ ਭਾਸ਼ਾ ਦਾ ਵਿਕਾਸ ਕਰਨਾ, ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਨਾ ਆਦਿ ਅਜੇਹੇ ਕਾਰਜ ਹਨ ਜੋ ਅੱਖਰ-ਪ੍ਰਸਾਰ ਦੀਆਂ ਚਮਕਦੀਆਂ ਮਿਸਾਲਾਂ ਹਨ।

'ਫੈਲੇ ਵਿਦਿਆ ਚਾਨਣੁ ਹੋਇ' ਦੀ ਭਾਵਨਾ ਨੂੰ ਮੁੱਖ ਰੱਖਦਿਆਂ ਸਿੰਘ-ਸਭਾ ਲਹਿਰ ਦੇ ਗਿਆਨਵਾਨ ਚਿੰਤਕਾਂ ਅਤੇ ਸੂਝਵਾਨਾਂ ਨੇ ਸੇਵਾ-ਭਾਵਨਾ ਨਾਲ ਗਿਆਨ-ਪ੍ਰਸਾਰ ਅਤੇ ਵਿਦਿਆ-ਰੂਪੀ ਚਾਨਣ ਫੈਲਾਉਣ ਦੇ ਸ਼ੁਭ-ਕਰਮਨ ਹਿੱਤ 1892 ਵਿਚ ਪੰਜਾਬ ਵਿਚ ਅੰਮ੍ਰਿਤਸਰ ਵਿਖੇ ਉੱਚ-ਵਿਦਿਆ ਦਾ ਅਦਾਰਾ ਖਾਲਸਾ ਕਾਲਜ ਸਥਾਪਤ ਕੀਤਾ ਜਿਸਦੀ ਵਿਸ਼ਵ-ਪ੍ਰਸਿੱਧ ਡਿਜ਼ਾਇਨਰ ਰਾਮ ਸਿੰਘ ਵੱਲੋਂ ਡਿਜ਼ਾਇਨ ਕੀਤੀ ਇਮਾਰਤ ਵਿਦਿਆ-ਪ੍ਰਸਾਰ ਦਾ ਆਈਕੋਨ ਬਣ ਗਈ। 1902 ਵਿਚ ਚੀਫ ਖਾਲਸਾ ਦੀਵਾਨ ਸਥਾਪਤ ਹੋਣ ਨਾਲ ਗਿਆਨ-ਪ੍ਰਕਾਸ਼ ਨੂੰ ਠੀਕ ਦਿਸ਼ਾ ਮਿਲਣ ਲੱਗੀ। 1945 ਵਿਚ ਸਿਵਲ ਐਂਡ ਮਿਲਟਰੀ ਗਜ਼ਟ ਲਾਹੌਰ ਵਿਚ ਇੱਕ ਛਪੀ ਖਬਰ ਅਨੁਸਾਰ ਪੰਜਾਬ ਵਿਚ ਸਿੱਖ ਭਾਈਚਾਰਾ ਵਿਦਿਆਕ ਪੱਖੋਂ ਹੋਰ ਕਈ ਭਾਈਚਾਰਿਆਂ ਤੋਂ ਬੇਹਤਰ ਸੀ।

ਵੰਡ ਉਪਰੰਤ 1965-66 ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਸ਼ਤਾਬਦੀ ਅਤੇ 1969-70 ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਅਵਸਰ 'ਤੇ ਤਤਕਲੀਨ ਪੰਜਾਬ ਸਰਕਾਰ ਦੇ ਵੱਡੇ ਉੱਦਮਾਂ ਸਦਕਾ ਅਤੇ ਦਾਨੀ ਸੱਜਣਾਂ ਦੀ ਹਿੰਮਤ ਬਦੌਲਤ ਪੇਂਡੂ ਪੰਜਾਬ ਨੂੰ ਵੱਡਾ ਵਿਦਿਅਕ ਹੁਲਾਰਾ ਮਿਲਿਆ। ਪੰਜਾਬ ਵਿਚ ਇਹ ਮੌਕਾ ਇੱਕ ਕ੍ਰਿਸ਼ਮਈ ਮੌਕਾ ਸੀ ਜਦ ਸਿੱਖ ਭਾਈਚਾਰੇ ਨੇ ਤਨ, ਮਨ, ਧਨ ਨਾਲ ਇਨ੍ਹਾਂ ਗੁਰੂ ਨਾਨਕ ਸੰਸਥਾਵਾਂ ਦੀ ਸਥਾਪਨਾ ਵਿਚ ਵੱਡਾ ਯੋਗਦਾਨ ਪਾਇਆ। ਪਰੰਤੂ ਅਫਸੋਸ ਕਿ ਉਸ ਤੋਂ ਬਾਦ ਦੀਆਂ ਸਾਰੀਆਂ ਸ਼ਤਾਬਦੀਆਂ ਸਿਆਸਤ ਅਤੇ ਸੌੜੀ ਸੋਚ ਦੀ ਭੇਟਾ ਚੜ੍ਹ ਜਾਂਦੀਆਂ ਰਹੀਆਂ ਅਤੇ ਲੰਗਰਾਂ ਵਿਚ ਸ਼ਤਾਬਦੀ ਅਨੁਸਾਰ ਤਿੰਨ-ਤਿੰਨ ਸੌ ਜਾਂ ਸਾਢੇ ਪੰਜ-ਪੰਜ ਸੌ ਪਕਵਾਨ ਬਨਾਉਣ 'ਤੇ ਹੀ ਜ਼ੋਰ ਰਿਹਾ। ਦੂਸਰੇ ਪਾਸੇ ਸਰਕਾਰਾਂ ਵੱਲੋਂ ਵਿੱਤੀ ਸਹਾਇਤਾ ਬੰਦ ਹੋਣ ਨਾਲ ਅਤੇ ਪ੍ਰਬੰਧਕੀ ਕਮੇਟੀਆਂ ਦੀ ਆਪਸੀ ਸਿਆਸਤ ਕਾਰਨ 500 ਸਾਲਾ ਪ੍ਰਕਾਸ਼ ਉਤਸਵ ਮੌਕੇ ਖੁੱਲ੍ਹੇ ਕਾਲਜ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਸਕੂਲ-ਵਿਦਿਆ ਦੇ ਖੇਤਰ ਵਿਚ ਜਿੱਥੋਂ ਤੱਕ 'ਫੇਦ ਇੰਸਟੀਟਿਊਸ਼ਨਜ਼' ਦਾ ਸੰਬੰਧ ਹੈ ਸਿੱਖ ਧਰਮ ਮੁਕਾਬਲਤਨ ਕਾਫੀ ਪਿਛਾਂਹ ਹੈ। ਇਕ ਸਰਵੇਖਣ ਅਨੁਸਾਰ ਸਾਰੇ ਹਿੰਦੁਸਤਾਨ ਵਿਚ 55000 ਇਸਾਈ ਮਿਸ਼ਨਰੀ ਸਕੂਲ ਹਨ ਜੋ ਹਰ ਧਰਮ ਦੇ 2,50,000 ਬੱਚਿਆਂ ਨੂੰ ਵਿਦਿਆ ਪ੍ਰਦਾਨ ਕਰ ਰਹੇ ਹਨ। ਮੁਸਲਿਮ ਮਦਰੱਸਿਆਂ ਦੀ ਗਿਣਤੀ 24000 ਦੱਸੀ ਜਾਂਦੀ ਹੈ ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਜਿਹੀਆਂ ਸਿੱਖ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਸਕੂ਼ਲਾਂ ਦੀ ਗਿਣਤੀ ਸੈਂਕੜਿਆਂ ਤੱਕ ਹੀ ਪਹੁੰਚਦੀ ਹੈ। ਸਿੱਖਾਂ ਦੀ 80% ਗਿਣਤੀ ਪਿੰਡਾਂ ਵਿਚ ਰਹਿੰਦੀ ਹੈ। ਇਨ੍ਹਾਂ ਨੂੰ ਦੋਹਰੀ ਮਾਰ ਪੈ ਰਹੀ ਹੈ। ਇੱਕ ਪਾਸੇ ਖੇਤੀ ਕਾਰੋਬਾਰ ਵਿਚ ਖੜੋਤ ਆ ਗਈ ਹੈ ਅਤੇ ਦੂਸਰੇ ਪਾਸੇ ਪ੍ਰਾਈਵੇਟ ਅਦਾਰਿਆਂ ਦੀ ਸੀ.ਬੀ.ਐਸ.ਈ. ਪੜ੍ਹਾਈ ਲੱਕ ਤੋੜਵੀਂ ਮਹਿੰਗੀ ਹੈ। ਪੇਂਡੂ ਖੇਤਰ 'ਚੋਂ ਯੂਨਵਿਰਸਿਟੀ-ਵਿਦਿਆ ਤੱਕ ਪਹਿਲਾਂ ਹੀ ਪਹੁੰਚ ਘੱਟ ਸੀ ਜਦੋਂਕਿ ਅਜੋਕੇ ਯੁੱਗ ਵਿਚ ਬਾਹਰਲੀਆਂ ਯੂਨੀਵਰਸਿਟੀਆਂ ਨੇ ਪੰਜਾਬ ਵਿਚ ਨਿਵੇਸ਼ ਕਰਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਸਥਿਤੀਆਂ ਵਿਚ ਪੇਂਡੂ ਖੇਤਰ ਵਿਚ ਗਰੀਬ ਪਰਿਵਾਰਾਂ ਲਈ ਵਿਦਿਆ ਪ੍ਰਾਪਤੀ ਹੋਰ ਵੀ ਔਖੀ ਹੋ ਜਾਵੇਗੀ। ਲੋੜ ਹੈ ਸੇਵਾ ਦੇ ਸੰਕਲਪ ਵਿਚ ਐਸਾ ਨੈਰੇਟਿਵ ਸਥਾਪਤ ਕਰਨ ਦੀ ਕਿ ਵਿਦਿਆ-ਪ੍ਰਸਾਰ ਲਈ ਕੀਤੀ ਸੇਵਾ ਵੱਡਾ ਪੁੰਨ ਕਮਾਉਣ ਵਰਗਾ ਕਾਰਜ ਸਮਝਿਆ ਜਾਵੇ।

*-ਡਾ: ਆਸਾ ਸਿੰਘ ਘੁੰਮਣ*
*ਫੋਨ: 97798-53245*

# ਨਵਾਂ ਸਾਲ ਤੇ ਮਿੱਤਰ ਪਿਆਰੇ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੇ ਘਰ 2026 ਦਾ ਵਰ੍ਹਾ ਮਿਤਰਾਂ ਦੀ ਮਹਿਫਲ ਨਾਲ ਸ਼ੁਰੂ ਹੋਇਆ। 10 ਜਨਵਰੀ ਨੂੰ ਰਘਬੀਰ ਸਿੰਘ ਸਿਰਜਣਾ ਤੇ ਉਨ੍ਹਾਂ ਦੀ ਜੀਵਨ ਸਾਥਣ ਸੁਲੇਖਾ ਨੇ ਪਹੁੰਚਣਾ ਸੀ ਪਰ ਪ੍ਰਿੰਸੀਪਲ ਸਰਵਣ ਸਿੰਘ ਬਾਜ਼ੀ ਮਾਰ ਗਿਆ ਜਿਸਨੇ ਅੱਜ ਕਲ੍ਹ ਦੇਸ਼ ਦੀ ਥਾਂ ਪਰਦੇਸ ਅਪਣਾ ਲਿਆ ਹੈ। ਦੋਨੋਂ ਕੈਨੇਡਾ ਰਹਿੰਦੇ ਹਨ। ਸਰਵਣ ਸਿੰਘ ਟਰਾਂਟੋ ਤੇ ਰਘਬੀਰ ਵੈਨਕੂਵਰ। ਰਘਬੀਰ ਦੀ ਬੇਟੀ ਰਚਨਾ ਤਾਂ ਵੈਨਕੂਵਰ ਦੀ ਸਿਖਿਆ ਮੰਤਰੀ ਵੀ ਰਹਿ ਚੁੱਕੀ ਹੈ। ਕੋਈ ਵੀ ਆਵੇ ਜਦੋਂ ਮਿਲਦੇ ਹਾਂ ਤਾਂ ਸੰਸਾਰ ਭਰ ਦੇ ਮਿੱਤਰ ਪਿਆਰਿਆਂ ਦੀਆਂ ਗੱਲਾਂ ਹੁੰਦੀਆਂ ਹਨ। ਰਘਬੀਰ ਨਾਲ ਸਾਹਿਤਕਾਰਾਂ ਦੀਆਂ ਤੇ ਸਰਵਣ ਨਾਲ ਪਰਿਵਾਰਕ ਸਾਂਝਾਂ ਤੇ ਮੂੰਹ ਮੁਲਾਹਜ਼ੇ ਦੀਆਂ।

ਸਰਵਣ ਸਿੰਘ 5 ਜਨਵਰੀ ਨੂੰ ਆਇਆ ਸੀ। ਲਿਆਉਣ ਵਾਲਾ ਨਵਦੀਪ ਗਿੱਲ ਸੀ ਜਿਹੜਾ ਢਾਈ ਦਹਾਕੇ ਪਹਿਲਾਂ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿਚ ਮੇਰਾ ਵਿਦਿਆਰਥੀ ਸੀ ਤੇ ਅੱਜ ਕਲ੍ਹ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿਚ ਡਿਪਟੀ ਡਾਇਰੈਕਟਰ ਹੈ। ਉਨ੍ਹਾਂ ਦੇ ਨਾਲ 'ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ' ਪਰਚਾਰਨ ਵਾਲਾ ਸ਼ਮਸ਼ੇਰ ਸੰਧੂ ਵੀ ਸੀ। ਇਸ ਤੋਂ ਬਿਨਾਂ ਮਿਲਣ ਆਇਆਂ ਵਿਚ ਮੁਕੰਦਪੁਰ ਨਿਵਾਸੀ ਗੁਰਚਰਨ ਸਿੰਘ ਸ਼ੇਰਗਿੱਲ ਵੀ ਸੀ ਤੇ ਸਰਵਣ ਸਿੰਘ ਦਾ ਬੇਟਾ ਜਗਵਿੰਦਰ ਸਿੰਘ ਵੀ ਜਿਹੜਾ ਕਾਲਜ ਵਿਚ ਸੀਨੀਅਰ ਪ੍ਰੋਫੈਸਰ ਹੈ। ਮੁਕੰਦਪੁਰ ਮੇਰੇ ਜੱਦੀ ਪੁਸ਼ਤੀ ਪਿੰਡ ਸੋਨੀ ਦੇ ਏਨਾ ਨੇੜੇ ਹੈ ਕਿ ਮੈਂ ਸਰਵਣ ਸਿੰਘ ਤੇ ਸ਼ੇਰਗਿੱਲ ਪਰਿਵਾਰਾਂ ਦੀ ਦੋ ਤਿੰਨ ਵਾਰੀ ਮਹਿਮਾਨ ਨਵਾਜ਼ੀ ਮਾਣ ਚੁੱਕਿਆ ਹਾਂ। ਜਗਵਿੰਦਰ ਸਿੰਘ ਦੀ ਜੀਵਨ ਸਾਥਣ ਪਰਮਜੀਤ ਕੌਰ ਉਥੋਂ ਵਾਲੇ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਹੈ। ਸ਼ੇਰਗਿੱਲ ਦਰਿਆ ਦਿਲ ਜੀਊੜਾ ਹੈ। ਬੇਟੇ ਅਮਰਦੀਪ ਦੇ ਅਚਾਨਕ ਚਲਾਣੇ ਤੋਂ ਪਿੱਛੋਂ ਉਸਨੇ ਆਪਣੇ ਇਲਾਕੇ ਨੂੰ ਵਿਦਿਆ ਦੇ ਮਾਰਗ ਤੋਰਨਾ ਮੂਲ ਮੰਤਵ ਬਣਾ ਲਿਆ ਹੈ। ਮੁਕੰਦਪੁਰ ਵਾਲਾ ਕਾਲਜ ਤੇ ਸਕੂਲ ਅਮਰਦੀਪ ਦੀ ਯਾਦ ਨੂੰ ਸਮਰਪਤ ਹੈ।

ਸਰਵਣ ਸਿੰਘ ਨੂੰ ਮਿਲੀਏ ਤਾਂ ਡਾ.ਐਸ.ਐਸ. ਜੌਹਲ ਦੀ ਗੱਲ ਵੀ ਹੁੰਦੀ ਹੈ ਜਿਹੜਾ ਮੇਰੇ ਨਾਲੋਂ ਸਾਢੇ ਤਿੰਨ ਸਾਲ ਵਡਾ ਹੈ ਤੇ ਮੇਰੇ ਪੰਜਾਬ ਐਗਰੀਕਲਚਰਲ ਯੂਨੀਵਰਸਟੀ ਵਿੱਚ ਕੰਮ ਕਰਦੇ ਸਮੇਂ ਮੇਰਾ ਕੁਲੀਗ ਹੁੰਦਾ ਸੀ। ਮੁਕੰਦਪੁਰ ਉਸਦਾ ਸਹੁਰਾ ਪਿੰਡ ਹੈ। ਮੈਂ ਦੋ ਸਾਲ ਪਹਿਲਾਂ ਉਸਨੂੰ ਮਿਲਿਆ ਸੀ। ਹੁਣ ਸਰਵਣ ਤੋਂ ਪਤਾ ਲਗਿਆ ਹੈ ਕਿ ਉਸਨੇ ਵੀ ਸੋਟੀ ਫੜ ਲਈ ਹੈ। ਉਹੀਓ ਸੀ ਜਿਹੜਾ ਸਰਵਣ ਸਿੰਘ ਤੋਂ ਢੁੱਡੀਕੇ ਵਾਲੇ ਸਰਕਾਰੀ ਕਾਲਜ ਦੀ ਪ੍ਰਿੰਸੀਪਲੀ ਛੁਡਵਾ ਕੇ ਮੁਕੰਦਪੁਰ ਵਾਲੇ ਕਾਲਜ ਦਾ ਪ੍ਰਿੰਸੀਪਲ ਬਣਾ ਕੇ ਲੈ ਗਿਆ ਸੀ। ਉਸਦੀ ਕੋਈ ਨਹੀਂ ਸੀ ਮੋੜਦਾ। ਉਹ ਇਸ ਕਾਲਜ ਦੀ ਮੈਨੇਜਿੰਗ ਕਮੇਟੀ ਦਾ ਪ੍ਰੈਜ਼ੀਡੈਂਟ ਸੀ।

ਮੁਕੰਦਪੁਰ ਦੇ ਜ਼ਿਕਰ ਨੇ ਮੈਨੂੰ ਆਪਣੀ ਜਵਾਨੀ ਸਮੇਂ ਦੇ ਉਹ ਸਫਰ ਵੀ ਚੇਤੇ ਕਰਵਾ ਦਿੱਤੇ ਹਨ ਜਦੋਂ ਮੈਂ ਲੁਦੇਹਾਣੇ ਦੀ ਸਮਰਾਲਾ



ਤਹਿਸੀਲ ਵਿਚ ਪੈਂਦੀ ਖੰਨਾ ਮੰਡੀ ਤੋਂ ਰੇਲ ਗੱਡੀ ਵਿਚ ਚੜ੍ਹ ਕੇ ਫਗਵਾੜਾ ਜੰਕਸ਼ਨ ਤੋਂ ਬੰਗਾ ਜਾਣ ਵਾਲੀ ਗੱਡੀ ਫੜਨੀ ਹੁੰਦੀ ਸੀ। ਉਦੋਂ ਫਗਵਾੜਾ ਸਟੇਸ਼ਨ ਉੱਤੇ ਅਖਬਾਰਾਂ ਵੇਚਣ ਵਾਲੇ ਦੇ ਬੋਲ ਮੈਨੂੰ ਅੱਜ ਵੀ ਚੇਤੇ ਹਨ, 'ਮਿਲਾਪ, ਪ੍ਰਤਾਪ, ਪਰਭਾਤ, ਅਜੀਤ ਅਖਬਾਰ ਏ।' ਅੱਜ ਦੇ ਦਿਨ ਤਾਂ ਇਨ੍ਹਾਂ ਅਖ਼ਬਾਰਾਂ ਵਿਚੋਂ ਕੇਵਲ 'ਅਜੀਤ' ਦਾ ਹੀ ਬੋਲ ਬਾਲਾ ਹੈ। ਇਹ ਸਬੱਬ ਦੀ ਗੱਲ ਹੈ ਕਿ ਅਜੀਤ ਦੇ ਸੰਸਥਾਪਕ ਡਾ. ਸਾਧੂ ਸਿੰਘ ਹਮਦਰਦ ਦੀ 110ਵੀਂ ਜਨਮ ਤਿਥੀ 1 ਜਨਵਰੀ ਵਾਲੇ ਦਿਨ ਸੀ। ਉਸ ਦਿਨ ਦੀ ਅਜੀਤ ਅਖਬਾਰ ਵਿਚ ਉਨ੍ਹਾਂ ਦੀ ਤਸਵੀਰ ਦੇਖ ਕੇ ਮੈਨੂੰ ਇਹ ਵੀ ਚੇਤੇ ਆਇਆ ਕਿ ਉਨ੍ਹਾਂ ਦਾ ਜਨਮ ਬੰਗਾ ਤੋਂ ਮੇਰੇ ਪਿੰਡ ਸੋਨੀ ਜਾਣ ਵਾਲੇ ਰਸਤੇ ਪਿੰਡ ਮਠਵਾਲੀ ਪੱਦੀ ਦਾ ਸੀ। ਉੱਥੇ ਮੇਰੀ ਮਾਂ ਨੇ ਉਸ ਪਿੰਡ ਵਿਚ ਇੱਕ ਅਜਿਹਾ ਘਰ ਲਭ ਰਖਿਆ ਸੀ ਜਿਸ ਤੋਂ ਲੱਸੀ ਮੰਗ ਕੇ ਆਪਣੇ ਲੜ ਬੰਨ੍ਹੇ ਹੋਏ ਪਰਾਂਠੇ ਖਾਂਦੀ ਹੁੰਦੀ ਸੀ। ਉਂਝ ਉਹਦੇ ਕੋਲ ਮਾਪਿਆਂ ਦੇ ਘਰੋਂ ਲਿਆਂਦੇ ਪਰਾਂਠੇ ਏਨੇ ਹੁੰਦੇ ਸਨ ਕਿ ਉਸ ਘਰ ਦੇ ਬੱਚੇ ਵੀ ਖਾਂਦੇ ਸਨ। ਇਹ ਵੀ ਕਿ ਉਸ ਘਰ ਵਾਲੀ ਸੁਆਣੀ ਵੀ ਸਾਨੂੰ ਲੱਸੀ ਦੇ ਨਾਲ ਮੱਖਣ ਦੇਣਾ ਨਹੀਂ ਸੀ ਭੁੱਲਦੀ। ਹੁਣ ਮੈਨੂੰ ਉਹ ਵਾਲਾ ਘਰ ਭੁੱਲ ਚੁੱਕਿਆ ਹੈ। ਪਹਿਲੀ ਜਨਵਰੀ ਦੇ ਅਜੀਤ ਵਿਚ ਹਮਦਰਦ ਹੁਰਾਂ ਦੀ ਤਸਵੀਰ ਵੇਖ ਕੇ ਮੈਨੂੰ ਇਹ ਵੀ ਚੇਤੇ ਆਇਆ ਕਿ 11 ਫਰਵਰੀ 1966 ਨੂੰ ਜਲੰਧਰ ਤੋਂ ਜਿਹੜੀਆਂ ਤਿੰਨ ਸ਼ਖਸੀਅਤਾਂ ਨੂੰ ਮੈਂ ਆਪਣੀ ਬਰਾਤ ਵਿਚ ਸ਼ਾਮਲ ਕਰਨ ਹਿੱਤ ਆਪਣੀ ਕਾਰ ਵਿਚ ਬਠਾਇਆ ਸੀ। ਉਨ੍ਹਾਂ ਵਿਚ ਸਾਧੂ ਸਿੰਘ ਹਮਦਰਦ ਵੀ ਸਨ। ਬਾਕੀ ਦੀ ਬਰਾਤ ਤਾਂ ਬੱਸ ਵਿਚ ਸੀ ਤੇ ਮੇਰੀ ਕਾਰ ਵਿਚ ਬੈਠਣ ਵਾਲੇ ਪਤਵੰਤੇ 'ਅਜੀਤ' ਵਾਲੇ ਸਾਧੂ ਸਿੰਘ ਹਮਦਰਦ, 'ਅਕਾਲੀ ਪੱਤ੍ਰਕਾ' ਵਾਲੇ ਸ਼ਾਦੀ ਸਿੰਘ ਤੇ ਪ੍ਰਸਿਧ ਪੰਜਾਬੀ ਸ਼ਾਇਰ ਪ੍ਰੋ. ਮੋਹਨ ਸਿੰਘ ਸਨ। ਮੈਂ ਲਾੜਾ ਵੀ ਸਾਂ ਤੇ ਡਰਾਈਵਰ ਵੀ। ਉਨ੍ਹਾਂ ਸਮਿਆਂ ਵਿਚ ਏਦਾਂ ਹੀ ਹੁੰਦਾ ਸੀ।

### ਦੇਸ਼ ਸੇਵਕ ਅਖਬਾਰ ਦੇ ਤੀਹ ਸਾਲ

'ਅਜੀਤ' ਦੀ ਗੱਲ ਚੱਲੀ ਹੈ ਤਾਂ ਦੇਸ਼ ਸੇਵਕ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਇਸਨੂੰ ਜਾਰੀ ਹੋਇਆਂ ਤੀਹ ਸਾਲ ਹੋ ਗਏ ਹਨ। ਇਸਦੇ ਸੰਸਥਾਪਕ ਹਰਕਿਸ਼ਨ ਸਿੰਘ ਸੁਰਜੀਤ ਨੇ ਮੈਨੂੰ ਇਸਦੀ ਸੰਪਾਦਕੀ ਸੌਂਪੀ ਸੀ। 'ਸਿਰਜਣਾ' ਵਾਲੇ ਰਘਬੀਰ ਸਿੰਘ ਨੇ ਮੇਰਾ ਨਾਂ ਸੁਝਾਇਆ ਸੀ। ਮੈਨੂੰ ਇਸਦੀ ਸੂਹ ਨਹੀਂ ਸੀ। ਮੈਂ ਉਸ ਦਿਨ ਅਜੀਤ ਦੇ ਦਫਤਰ ਜਲੰਧਰ ਗਿਆ ਤਾਂ ਮੈਨੂੰ ਬਰਜਿੰਦਰ ਸਿੰਘ ਹਮਦਰਦ ਕੋਲ ਬੈਠਿਆਂ ਦੋ ਮਿੰਟ ਹੋਏ ਹੋਣਗੇ ਕਿ ਉਸਨੂੰ ਸੰਪਾਦਕੀ ਅਮਲੇ ਤੋਂ ਕਿਸੇ ਦਾ ਫੋਨ ਆ ਗਿਆ। ਉਹ ਜਾਨਣਾ ਚਾਹੁੰਦਾ ਸੀ ਕਿ ਕੀ ਮੈਂ ਸੁਰਜੀਤ ਵਾਲੀ ਪੱਤ੍ਰਕਾ ਦਾ ਸੰਪਾਦਕ ਲੱਗ ਰਿਹਾ ਹਾਂ ਕਿ ਨਹੀਂ।

ਬਰਜਿੰਦਰ ਸਿੰਘ ਨੇ ਮੇਰੇ ਵਲ ਸਵਾਲੀਆ ਨਜ਼ਰਾਂ ਨਾਲ ਤੱਕਿਆ। ਮੈਨੂੰ ਉੱਕਾ ਖਬਰ ਨਹੀਂ ਸੀ। 'ਉਹ ਤੁਹਾਨੂੰ ਲਾਉਣਾ ਚਾਹੁੰਦੇ ਹਨ। ਮੈਨੂੰ ਗੁਰਬਚਨ ਜਗਤ ਨੇ ਦੱਸਿਆ ਹੈ।' ਬਰਜਿੰਦਰ ਨੇ ਗੱਲ ਮੁਕਾ ਦਿੱਤੀ। ਉਹ ਜਾਣਦਾ ਸੀ ਕਿ ਮੈਨੂੰ ਗੁਰਬਚਨ ਜਗਤ ਦੇ ਸਾਥੀ ਸੁਰਜੀਤ ਨਾਲ ਮੇਲ ਜੋਲ ਦਾ ਪੂਰਾ ਪਤਾ ਹੈ।

ਜਦੋਂ ਮੈਂ ਬਰਜਿੰਦਰ ਹੁਰਾਂ ਕੋਲੋਂ ਤੁਰਨ ਦੀ ਆਗਿਆ ਮੰਗੀ ਤਾਂ ਉਨ੍ਹਾਂ ਨੇ ਤਾਈਦ ਕੀਤੀ ਮੈਂ ਹਾਂ ਕਰਾਂ। ਜਦ ਮੈਂ ਉਨ੍ਹਾਂ ਦੇ ਕਮਰੇ ਵਿਚੋਂ ਬਾਹਰ ਨਿਕਲਣ ਲੱਗਾ ਤਾਂ ਪਿਛੋਂ ਇਕ ਵਾਰੀ ਹੋਰ ਆਵਾਜ਼ ਆਈ, 'ਨਾਂਹ ਨਹੀਂ ਕਰਨੀ।'

ਪੰਜ ਸੱਤ ਦਿਨਾਂ ਤੱਕ ਸੁਰਜੀਤ ਹੋਰਾਂ ਦਾ ਸੱਦਾ ਵੀ ਆ ਗਿਆ ਤੇ ਮੈਨੂੰ ਨਵੇਂ ਅਖਬਾਰ ਦੀ ਸੰਪਾਦਕੀ ਸੌਂਪ ਦਿੱਤੀ ਗਈ, ਜਿਸਨੂੰ ਮੈਂ ਆਪਣੇ ਢੰਗ ਨਾਲ ਚਲਾਇਆ ਭਾਵੇਂ ਮੰਗਤ ਰਾਮ ਪਾਸਲਾ ਦਾ ਦੋਸਤ ਗੁਰਦਰਸ਼ਨ ਬੀਕਾ ਤੇ ਸਾਥੀ ਹਰਕੰਵਲ ਸਿੰਘ ਗਾਹ-ਏ-ਬਗਾਹੇ ਆਪਣਾ ਪ੍ਰਤੀਕਰਮ ਮੇਰੇ ਤੱਕ ਪਹੁੰਚਾਉਂਦੇ ਰਹੇ। ਵਧੀਆ ਰਿਹਾ ਉਦੋਂ ਵੀ ਤੇ ਅੱਜ ਵੀ ਜਦੋਂ ਡੇਢ ਦਹਾਕਾ ਪਹਿਲਾਂ ਸਾਥੀ ਸੁਰਜੀਤ ਨਾਲ ਕੰਮ ਕਰਨ ਵਾਲਿਆਂ ਦੇ ਦੋ ਟੋਲੇ ਬਣ ਚੁੱਕੇ ਹਨ। ਉਹ ਆਪੋ ਵਿਚ ਕਿਵੇਂ ਵੀ ਹੋਣ, ਮੈਂ ਇਸ ਵਿਚ ਵੀ ਭਲਾ ਸਮਝਦਾ ਹਾਂ। ਹੁਣ ਦੋਨਾਂ ਕੋਲ ਦੋ ਪਤ੍ਰਕਾਵਾਂ ਹਨ। ਰੋਜ਼ਾਨਾ ਦੇਸ਼ ਸੇਵਕ ਤੇ ਮਾਸਕ ਸੰਗਰਾਮੀ ਲਹਿਰ। ਧਾਰਨਾ ਇਕੋ ਹੈ। ਅਗਾਂਹਵਧੂ।

### ਦੋ ਬੀਬੀਆਂ ਦਾ ਤੁਰ ਜਾਣਾ

ਇਨ੍ਹਾਂ ਦਿਨਾਂ ਦੀਆਂ ਦੋ ਖਬਰਾਂ ਹੋਰ ਵੀ ਨੇ ਜਿਨ੍ਹਾਂ ਦਾ ਮੇਰੇ ਨਿੱਜ ਨਾਲ ਸਬੰਧ ਹੈ। ਮੇਰੇ ਸੂਬੇਦਾਰ ਤਾਏ ਦੀ ਨੂੰਹ ਰਾਜਦੀਪ ਕੌਰ ਚੱਲ ਵਸੇ ਹਨ। ਉਹੀਓ ਸਨ ਜਿਨ੍ਹਾਂ ਨੇ ਮੇਰੇ ਜੱਦੀ ਪੁਸ਼ਤੀ ਪਿੰਡ ਦੀ ਘੁੰਡ ਕੱਢ ਕੇ ਤੇ ਘੱਗਰਾ ਪਹਿਨ ਕੇ ਘਰੋਂ ਬਾਹਰ ਜਾਣ ਦੀ ਰਾਜਪੂਤੀ ਭਾਵਨਾ ਨੂੰ ਤੋੜਿਆ ਸੀ। ਮੈਨੂੰ ਇਸਦਾ ਇਹ ਲਾਭ ਹੋਇਆ ਕਿ ਮੇਰੇ ਵਿਆਹ ਤੋਂ ਪਿੱਛੋਂ ਮੇਰੀ ਪਤਨੀ ਸੁਰਜੀਤ ਕੌਰ ਨੂੰ ਮੈਦਾਨ ਸਾਫ ਮਿਲ ਗਿਆ। ਰਾਹ ਸਾਫ ਕਰਨ ਵਾਲੀ ਮੇਰੀ ਭਾਬੀ ਰਾਜਦੀਪ ਸੀ ਜਿਸਨੇ ਮੇਰੀ ਪਤਨੀ ਤਾਂ ਕੀ ਉਸ ਤੋਂ ਪਿਛੋਂ ਸਿੱਖ ਘਰਾਂ ਦੀਆਂ ਨੂੰਹਾਂ ਬਣਨ ਲਈ ਵੀ ਇਹ ਬੰਦਸ਼ ਹਟਾ ਦਿੱਤੀ ਸੀ। ਦੂਜੀ ਖਬਰ ਜਿਸ ਨਾਲ ਮੇਰੇ ਨਿੱਜ ਦਾ ਸਬੰਧ ਹੈ ਉਹ ਪੰਜਾਬੀ ਕਵਿਤ੍ਰੀ ਸੁਰਜੀਤ ਕੌਰ ਬੈਂਸ ਦਾ ਅਚਾਨਕ ਚਲੇ ਜਾਣਾ ਹੈ। ਕੱਲ੍ਹ ਤੱਕ ਉਸਦੇ ਮੋਹਾਲੀ ਵਾਲੇ ਘਰ ਸਾਹਿਤਕਾਰਾਂ ਦੀਆਂ ਮਹਿਫਿਲਾਂ ਲਗਦੀਆਂ ਸਨ। ਉਸਦੇ ਪਹਿਲੇ ਕਾਵਿ ਸੰਗ੍ਰਹਿ ਦਾ ਨਾਂ 'ਇਹ ਰਾਤ ਜਾਗਦੀ ਹੈ' ਸੀ ਤੇ ਅੰਤਲੇ ਦਾ 'ਮੈਂ ਨਹੀਂ ਜਾਣਾ' ਜਿਸਨੂੰ ਜਾਰੀ ਕਰਨ ਦੀਆਂ ਤਿਆਰੀਆਂ ਹੋ ਚੁੱਕੀਆਂ ਸਨ ਤੇ ਸਮਾਂ ਸਥਾਨ ਲੱਭਣਾ ਹੀ ਰਹਿੰਦਾ ਸੀ।

ਦੋਵੇਂ ਨੱਬੇ ਨੂੰ ਢੁਕਣ ਵਾਲੀਆਂ ਸਨ। ਕਿਸੇ ਨੂੰ ਕੋਈ ਦੁੱਖ ਨਹੀਂ ਭੋਗਣਾ ਪਿਆ। ਮੈਂ ਖ਼ੁਸ਼ ਹਾਂ!

**ਅੰਤਿਕਾ**

ਪਰਿਵਾਰਕ ਤਾਣਾ ਬਾਣਾ॥
ਮੇਰਾ ਪੈਰ ਪਿਛਾਂਹ ਨੂੰ ਜਾਵੇ
ਮਾਪਿਆਂ ਦਾ ਪਿੰਡ ਛੱਡ ਕੇ

ਜੱਗ ਜੀਊਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ

ਲਾਈ-ਲੱਗ ਨਾ ਹੋਵੇ ਘਰ ਵਾਲਾ
ਚੰਦਰਾ ਗਵਾਂਢ ਚੁਬੁਰਾ

ਚੱਲ ਚੱਲੀਏ ਜਰਗ ਦੇ ਮੇਲੇ
ਮੁੰਡਾ ਤੇਰਾ ਮੈਂ ਚੁੱਕ ਲੂੰ।

# ਆਇਰਨ ਲੇਡੀ ਭੈਣ ਕੁਮਾਰੀ ਮਾਇਆਵਤੀ ਦਾ ਸੰਘਰਸ਼ਮਈ ਜੀਵਨ

**15 ਜਨਵਰੀ ਜਨਮ ਦਿਨ ਲਈ ਵਿਸ਼ੇਸ਼**

ਲਾਲ ਸਿੰਘ ਸੁਲਹਾਣੀ
ਫੋਨ: 98721-55120

ਭੈਣ ਕੁਮਾਰੀ ਮਾਇਆਵਤੀ, ਜਿਨ੍ਹਾਂ ਨੂੰ ਭਾਰਤੀ ਰਾਜਨੀਤੀ ਵਿਚ 'ਆਇਰਨ ਲੇਡੀ' ਵੀ ਕਿਹਾ ਜਾਂਦਾ ਹੈ, ਉੱਤਰ ਪ੍ਰਦੇਸ਼ ਦੇ ਚਾਰ ਵਾਰ ਮੁੱਖ ਮੰਤਰੀ ਰਹੇ ਅਤੇ ਵਰਤਮਾਨ ਵਿਚ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਦੀ ਸੁਪ੍ਰੀਮੋ ਹਨ। ਉਨ੍ਹਾਂ ਦਾ ਜਨਮ 15 ਜਨਵਰੀ 1956 ਨੂੰ ਨਵੀਂ ਦਿੱਲੀ ਵਿਚ ਇੱਕ ਨਿਮਨ-ਆਮਦਨ ਵਾਲੇ ਦਲਿਤ (ਜਾਟਵ) ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸ੍ਰੀ ਪ੍ਰਭੂ ਦਾਸ ਇੱਕ ਪੋਸਟ ਆਫਿਸ ਅਧਿਕਾਰੀ ਸਨ ਅਤੇ ਮਾਤਾ ਸ੍ਰੀਮਤੀ ਰਾਮ ਰਤੀ ਘਰ ਦੇ ਫਰਜ਼ ਨਿਭਾਉਂਦੇ ਸਨ। ਨੌਂ ਭੈਣ-ਭਰਾਵਾਂ ਵਿਚੋਂ ਇੱਕ ਮਾਇਆਵਤੀ ਜੀ ਨੇ ਗਰੀਬੀ ਅਤੇ ਜਾਤ-ਪਾਤ ਦੇ ਵਿਤਕਰੇ ਵਿਚ ਵੱਡੇ ਹੋਣ ਦੇ ਬਾਵਜੂਦ ਆਪਣੀ ਪੜ੍ਹਾਈ ਪੂਰੀ ਕੀਤੀ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਦੇ ਕਲਿੰਦੀ ਕਾਲਜ ਤੋਂ ਬੀ.ਏ. (1975), ਵੀ.ਐਮ.ਐਲ.ਜੀ. ਕਾਲਜ ਗਾਜ਼ੀਆਬਾਦ ਤੋਂ ਬੀ.ਐਡ. (1976) ਅਤੇ ਲਾਅ ਫੈਕਲਟੀ ਤੋਂ ਐਲ.ਐਲ.ਬੀ. (1983) ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਵਿਚ ਅਧਿਆਪਕ ਵਜੋਂ ਨੌਕਰੀ ਕੀਤੀ ਅਤੇ ਭਾਰਤੀ ਪ੍ਰਸ਼ਾਸਕੀ ਸਰਵਿਸਿਜ਼ (ਆਈ.ਏ.ਐਸ.) ਦੀ ਤਿਆਰੀ ਵੀ ਕੀਤੀ। ਪਰ 1977 ਵਿਚ ਬਹੁਜਨ ਨੇਤਾ ਕਾਂਸ਼ੀ ਰਾਮ ਜੀ ਨਾਲ ਮੁਲਾਕਾਤ ਨੇ ਉਨ੍ਹਾਂ ਦਾ ਜੀਵਨ ਬਦਲ ਦਿੱਤਾ।

### ਜੀਵਨ ਵਿਚ ਕੀਤੇ ਤਿਆਗ, ਮਿਹਨਤ ਅਤੇ ਸਮਰਪਣ

ਮਾਇਆਵਤੀ ਜੀ ਦਾ ਜੀਵਨ ਸੰਘਰਸ਼ ਅਤੇ ਤਿਆਗ ਭਰਪੂਰ ਹੈ। ਉਨ੍ਹਾਂ ਨੇ ਵਿਆਹ ਨਾ ਕਰਕੇ ਆਪਣਾ ਪੂਰਾ ਜੀਵਨ ਸਮਾਜਿਕ ਨਿਆਂ ਅਤੇ ਦਲਿਤ ਉਥਾਨ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਦੀ ਆਤਮਕਥਾ ਮੇਰੇ ਸੰਘਰਸ਼ਮਈ ਜੀਵਨ ਅਤੇ ਬਹੁਜਨ ਮੂਵਮੈਂਟ ਕਾ ਸਫ਼ਰਨਾਮਾ (ਹਿੰਦੀ ਵਿਚ ਤਿੰਨ ਭਾਗਾਂ ਵਿਚ) ਅਤੇ ਏ ਟ੍ਰੈਵਲੌਗ ਆਫ਼ ਮਾਈ ਸਟ੍ਰੱਗਲ-ਰਿਡਨ ਲਾਈਫ (ਅੰਗਰੇਜ਼ੀ ਵਿਚ) ਵਿਚ ਉਨ੍ਹਾਂ ਨੇ ਆਪਣੇ ਸੰਘਰਸ਼ਾਂ ਨੂੰ ਬਿਆਨ ਕੀਤਾ ਹੈ। ਕਾਂਸ਼ੀ ਰਾਮ ਜੀ ਨੇ ਉਨ੍ਹਾਂ ਨੂੰ ਬੀ.ਐਸ.ਪੀ. ਦੀ ਸਥਾਪਨਾ (1984) ਵਿਚ ਸ਼ਾਮਲ ਕੀਤਾ ਅਤੇ 2001 ਵਿਚ ਉਨ੍ਹਾਂ ਨੂੰ ਆਪਣਾ ਉੱਤਰਾਧਿਕਾਰੀ ਘੋਸ਼ਿਤ ਕੀਤਾ। 2003 ਵਿਚ ਉਨ੍ਹਾਂ ਨੇ ਪਾਰਟੀ ਦੀ ਅਧਿਕਾਰੀ ਬਣਨ ਤੋਂ ਬਾਅਦ, ਗਰੀਬਾਂ ਲਈ ਫੰਡ ਇਕੱਠਾ ਕਰਨ ਵਿਚ ਅੱਗੇ ਵਧਦੇ ਹੋਏ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਕਾਂਸ਼ੀ ਰਾਮ ਜੀ ਦਾ ਅੰਤਿਮ ਸਸਕਾਰ ਖ਼ੁਦ ਕੀਤਾ, ਜੋ ਰਵਾਇਤੀ ਤੌਰ 'ਤੇ ਪੁਰਸ਼ਾਂ ਦਾ ਕੰਮ ਹੁੰਦਾ ਹੈ, ਇਹ ਜ਼ੋਰ ਦਿੰਦੇ ਹੋਏ ਕਿ ਉਹ ਲਿੰਗ ਭੇਦਭਾਵ ਵਿਰੁੱਧ ਹਨ। ਉਨ੍ਹਾਂ ਦੀ ਮਿਹਨਤ ਨੇ ਉਨ੍ਹਾਂ ਨੂੰ 1989 ਵਿਚ ਬਿਜਨੌਰ ਤੋਂ ਲੋਕ ਸਭਾ ਮੈਂਬਰ ਬਣਾਇਆ ਅਤੇ ਉਨ੍ਹਾਂ ਨੂੰ ਪੀ.ਵੀ. ਨਰਸਿਮਹਾ ਰਾਓ ਵਰਗੇ ਪ੍ਰਧਾਨ ਮੰਤਰੀ ਨੇ 'ਲੋਕਤੰਤਰ ਦਾ ਅਚੰਭਾ' ਕਿਹਾ। ਉਨ੍ਹਾਂ ਨੇ ਬੁੱਧ ਧਰਮ ਅਪਣਾਉਣ ਦੀ ਇੱਛਾ ਵੀ ਜ਼ਾਹਰ ਕੀਤੀ ਹੈ, ਪਰ ਰਾਜਨੀਤਕ ਹਾਲਾਤ ਕਾਰਨ ਅਜੇ ਨਹੀਂ ਕੀਤਾ। ਉਨ੍ਹਾਂ ਦਾ ਸਮਰਪਣ ਦਲਿਤਾਂ, ਪਛੜੇ ਵਰਗਾਂ ਅਤੇ ਘੱਟ ਗਿਣਤੀਆਂ ਲਈ ਲੜਨ ਵਾਸਤੇ ਸਪੱਸ਼ਟ ਹੈ, ਜਿਸ ਨਾਲ ਉਨ੍ਹਾਂ ਨੂੰ 'ਬਹੇਨ ਜੀ' (ਭੈਣ ਜੀ) ਵਜੋਂ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ।

### ਮੁੱਖ ਮੰਤਰੀ ਵਜੋਂ ਕੀਤੇ ਗਏ ਕੰਮ ਅਤੇ ਪ੍ਰਾਪਤੀਆਂ:

ਭੈਣ ਕੁਮਾਰੀ ਮਾਇਆਵਤੀ ਜੀ ਨੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਵਜੋਂ ਚਾਰ ਮੌਕੇ ਸੰਭਾਲੇ: ਪਹਿਲਾ ਮੌਕਾ (3 ਜੂਨ 1995 ਤੋਂ 18 ਅਕਤੂਬਰ 1995, ਸਮਾਜਵਾਦੀ ਪਾਰਟੀ ਨੂੰ ਛੱਡ ਕੇ ਬੀ.ਜੇ.ਪੀ. ਤੇ ਬਾਕੀ ਸਾਰੀਆਂ



ਪਾਰਟੀਆਂ ਦੇ ਬਿਨਾਂ ਸ਼ਰਤ ਸਮਰਥਨ ਨਾਲ) ਦੂਜਾ ਮੌਕਾ (21 ਮਾਰਚ 1997 ਤੋਂ 21 ਸਤੰਬਰ 1997), ਤੀਜਾ (3 ਮਈ 2002 ਤੋਂ 29 ਅਗਸਤ 2003) ਅਤੇ ਚੌਥਾ ਅਤੇ ਸਭ ਤੋਂ ਲੰਮਾ (13 ਮਈ 2007 ਤੋਂ 7 ਮਾਰਚ 2012), ਜਦੋਂ ਉਨ੍ਹਾਂ ਨੇ ਪਹਿਲੀ ਵਾਰ ਪੂਰੇ ਪੰਜ ਸਾਲ ਪੂਰੇ ਕੀਤੇ - ਇਹ ਯੂ.ਪੀ. ਦੇ ਇਤਿਹਾਸ ਵਿਚ ਇੱਕ ਰਿਕਾਰਡ ਹੈ। ਉਨ੍ਹਾਂ ਦੇ ਰਾਜ ਵਿਚ ਰਾਜ ਦੀ ਜੀ.ਡੀ.ਪੀ. ਵਿਕਾਸ ਰੇਟ 17 ਫੀਸਦੀ ਤੱਕ ਪਹੁੰਚੀ, ਅਪਰਾਧਾਂ ਵਿਚ ਕਮੀ ਆਈ ਅਤੇ ਦੰਗੇ ਘੱਟ ਹੋਏ। ਉਨ੍ਹਾਂ ਨੂੰ ਨਿਆਂ ਅਤੇ ਵਿਵਸਥਾ ਲਈ ਪ੍ਰਸ਼ੰਸਾ ਵੀ ਮਿਲੀ। ਉਨ੍ਹਾਂ ਦੇ ਰਾਜ ਵਿਚ ਕੀਤੇ ਮੁੱਖ ਕੰਮਾਂ ਵਿਚ ਸਮਾਜਿਕ ਨਿਆਂ ਅਤੇ ਵੱਖ-ਵੱਖ ਕਲਿਆਣ ਯੋਜਨਾਵਾਂ ਸ਼ਾਮਲ ਹਨ:

### ਦਲਿਤ ਅਤੇ ਪਛੜੇ ਵਰਗਾਂ ਲਈ ਸਮਾਜਿਕ ਯੋਜਨਾਵਾਂ:

ਉਨ੍ਹਾਂ ਨੇ ਡਾ. ਅੰਬੇਡਕਰ ਗ੍ਰਾਮ ਵਿਕਾਸ ਯੋਜਨਾ ਸ਼ੁਰੂ ਕੀਤੀ, ਜਿਸ ਨਾਲ 24,716 ਅਨੁਸੂਚਿਤ ਜਾਤੀ ਬਹੁਲਤਾ ਵਾਲੇ ਪਿੰਡਾਂ ਵਿਚ ਪਾਣੀ, ਵਿਦਿਆ ਅਤੇ ਸੜਕਾਂ ਦਾ ਵਿਕਾਸ ਹੋਇਆ। 2010 ਵਿਚ 5,596 ਐਸ.ਸੀ./ਐਸ.ਟੀ. ਵਿਅਕਤੀਆਂ ਨੂੰ ਖੇਤੀਬਾੜੀ ਜ਼ਮੀਨ ਵੰਡੀ ਗਈ। ਸੰਤ ਰਵਿਦਾਸ ਕਲਾ ਸਨਮਾਨ ਅਵਾਰਡ ਸ਼ੁਰੂ ਕੀਤਾ ਅਤੇ ਸਵਿਤਰੀ ਬਾਈ ਫੂਲੇ ਬਾਲਿਕਾ ਸਿੱਖਿਆ ਮਦਦ ਯੋਜਨਾ ਅਧੀਨ 10 ਲੱਖ ਮੁਸਲਿਮ ਅਤੇ ਗਰੀਬ ਬਾਲਿਕਾਵਾਂ ਨੂੰ ਸਾਈਕਲ ਵੰਡੇ। ਮਹਾਂਮਾਇਆ ਗਰੀਬ ਬਾਲਿਕਾ ਆਸ਼ੀਰਵਾਦ ਯੋਜਨਾ ਅਧੀਨ ਗਰੀਬ ਬਾਲਿਕਾਵਾਂ ਨੂੰ ਵਿਆਹ ਲਈ ਆਰਥਿਕ ਸਹਾਇਤਾ ਦਿੱਤੀ।

ਅਵਕਾਸ਼ ਵਿਕਾਸ: ਯਮੁਨਾ ਐਕਸਪ੍ਰੈਸ ਵੇਅ (165 ਕਿਲੋਮੀਟਰ, ਦਿੱਲੀ ਨੂੰ ਆਗਰਾ ਨਾਲ ਜੋੜਦਾ), ਗੰਗਾ ਐਕਸਪ੍ਰੈਸ ਵੇਅ (1,047 ਕਿਲੋਮੀਟਰ, 30,000 ਕਰੋੜ ਰੁਪਏ ਦੀ ਲਾਗਤ ਨਾਲ) ਅਤੇ ਨੋਇਡਾ ਮੈਟਰੋ (557 ਕਰੋੜ ਰੁਪਏ ਵਿਚ) ਦੀ ਸ਼ੁਰੂਆਤ ਕੀਤੀ। ਬੁੱਧ ਇੰਟਰਨੈਸ਼ਨਲ ਸਰਕਟ ਬਣਾਇਆ, ਜਿੱਥੇ 2011 ਵਿਚ ਇੰਡੀਅਨ ਗ੍ਰੈਂਡ ਪ੍ਰੀ ਹੋਇਆ। ਗੌਤਮ ਬੁੱਧ ਯੂਨੀਵਰਸਿਟੀ ਅਤੇ ਡਾ. ਸ਼ਕੁੰਤਲਾ ਮਿਸ਼ਰਾ ਨੈਸ਼ਨਲ ਰੀਹੈਬਿਲੀਟੇਸ਼ਨ ਯੂਨੀਵਰਸਿਟੀ (ਵਿਕਲਾਂਗ ਵਿਦਿਆਰਥੀਆਂ ਲਈ) ਸਥਾਪਿਤ ਕੀਤੀ।

### ਕਲਿਆਣ ਅਤੇ ਸਿਹਤ ਸੇਵਾਵਾਂ:

ਸ੍ਰੀ ਕਾਂਸ਼ੀ ਰਾਮ ਜੀ ਨੇ ਸ਼ਹਿਰੀ ਗਰੀਬ ਆਵਾਸ ਯੋਜਨਾ ਤਹਿਤ 90,000 ਸਸਤੇ ਘਰ ਬਣਵਾਏ। ਲਖਨਊ ਵਿਚ 63.5 ਕਰੋੜ ਰੁਪਏ ਦਾ ਸੈਂਟੇਨਰੀ ਹਸਪਤਾਲ ਅਤੇ ਗ੍ਰੇਟਰ ਨੋਇਡਾ ਵਿਚ 500 ਕਰੋੜ ਰੁਪਏ ਦਾ ਕਾਂਸ਼ੀ ਰਾਮ ਮਲਟੀ-ਸਪੈਸ਼ਲਿਟੀ ਹਸਪਤਾਲ ਖੋਲ੍ਹਿਆ। ਡਾਕਟਰਾਂ ਦੀ ਤਨਖਾਹ ਵਧਾਈ ਅਤੇ ਚੀਨੀ ਵਪਾਰ ਲਈ ਆਧੁਨਿਕ ਵੈੱਬਸਾਈਟ ਬਣਾਈ।

ਦਲਿਤ ਜਾਗ੍ਰਤੀ ਅਤੇ ਸਮਾਰਕ: ਅੰਬੇਡਕਰ ਮੈਮੋਰੀਅਲ ਪਾਰਕ (2012 ਵਿਚ ਖੋਲ੍ਹਿਆ), ਰਾਸ਼ਟਰੀਆ ਦਲਿਤ ਪ੍ਰੇਰਨਾ ਸਥਲ ਅਤੇ ਕਾਂਸ਼ੀ ਰਾਮ ਗ੍ਰੀਨ ਈਕੋ ਗਾਰਡਨ (2011 ਵਿਚ) ਵਰਗੇ ਸਮਾਰਕ ਬਣਵਾਏ, ਜਿਨ੍ਹਾਂ ਵਿਚ ਦਲਿਤ ਨੇਤਾਵਾਂ ਦੀਆਂ ਮੂਰਤੀਆਂ ਸਥਾਪਤ ਕੀਤੀਆਂ। ਇਨ੍ਹਾਂ 'ਤੇ 2,500 ਤੋਂ 6,000 ਕਰੋੜ ਰੁਪਏ ਖਰਚ ਕੀਤੇ ਗਏ, ਜੋ ਦਲਿਤ ਵਿਰਾਸਤ ਨੂੰ ਜੀਵੰਤ ਕਰਨ ਲਈ ਸੀ। ਉਨ੍ਹਾਂ ਨੇ ਨਿੱਜੀ ਖੇਤਰ ਵਿਚ 30 ਫੀਸਦੀ ਰਿਜ਼ਰਵੇਸ਼ਨ ਅਤੇ ਪ੍ਰਮੋਸ਼ਨਾਂ ਵਿਚ ਕੋਟੇ ਦੀ ਵਕਾਲਤ ਵੀ ਕੀਤੀ।

ਭੈਣ ਕੁਮਾਰੀ ਮਾਇਆਵਤੀ ਜੀ ਦੇ ਯੋਗਦਾਨ ਨੇ ਉੱਤਰ ਪ੍ਰਦੇਸ਼ ਨੂੰ ਇੱਕ ਨਵਾਂ ਰੂਪ ਦਿੱਤਾ ਅਤੇ ਦਲਿਤਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਵਿਰਾਸਤ ਅੱਜ ਵੀ ਪ੍ਰੇਰਨਾ ਦਾ ਸਰੋਤ ਹੈ, ਜੋ ਸਾਬਤ ਕਰਦੀ ਹੈ ਕਿ ਮਿਹਨਤ ਅਤੇ ਸਮਰਪਣ ਨਾਲ ਕੁਝ ਵੀ ਅਸੰਭਵ ਨਹੀਂ।

ਜੈ ਭੀਮ! ਜੈ ਭਾਰਤ!

# ਭਗਵੰਤ ਸਿੰਘ ਮਾਨ ਜਿਹੇ 'ਗੁਨਾਹਗਾਰ' ਹੋਰ ਵੀ ਕਈ... !

ਗੱਲ ਇੱਥੋਂ ਕੁ ਤੋਂ ਸ਼ੁਰੂ ਕਰ ਲਈਏ-ਜਦੋਂ ਪਿੱਛੇ ਜਿਹੇ ਭਾਈ ਹਰਜਿੰਦਰ ਸਿੰਘ ਧਾਮੀ ਖ਼ਫਾ ਹੋ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਘਰੇ ਜਾ ਬੈਠੇ, ਤਦ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਲਈ ਮਨਾਉਣ ਗਏ ਕਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜ਼ੋਰ ਲਾਉਂਦੇ ਰਹੇ ਅਤੇ ਕਦੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਵਾਸਤੇ ਪਾਉਂਦੇ ਰਹੇ। ਜਦ ਧਾਮੀ ਸਾਹਿਬ ਅੜੇ ਰਹੇ ਤਾਂ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਆਪਣੇ ਹੋਰ ਸਿੰਘ ਸਾਹਿਬਾਨ ਨਾਲ ਧਾਮੀ ਜੀ ਨੂੰ ਇਹ ਸੋਚ ਕੇ ਮਨਾਉਣ ਗਏ ਕਿ ਸਾਡੀ ਪਦਵੀ ਦੀ ਸਰਬਉੱਚਤਾ ਦਾ ਖਿਆਲ ਕਰਕੇ ਧਾਮੀ ਜੀ ਸਾਡੇ ਨਾਲ ਤਾਂ ਤੁਰ ਹੀ



**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 001-408-905-5517**
**tsdupalpuri@yahoo.com**

ਪੈਣਗੇ! ਸਮੁੱਚਾ ਪੰਥ ਉਦੋਂ ਹੈਰਾਨ ਰਹਿ ਗਿਆ ਜਦ ਧਾਮੀ ਜੀ ਨੇ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ ਪਰ ਜਦੋਂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੇ ਘਰੇ ਜਾ ਕੇ 'ਬੰਦ ਕਮਰਾ ਮੀਟਿੰਗ' ਕੀਤੀ ਤਾਂ ਉਹ ਉਸੇ ਵੇਲੇ 'ਬੀਬੇ ਰਾਣੇ' ਬਣ ਕੇ ਮੁੜ ਪ੍ਰਧਾਨਗੀ ਸੰਭਾਲਣ ਤੁਰ ਪਏ ਸਨ! ਹੁਣ ਭਾਈ ਧਾਮੀ ਜੀ ਦੂਸਰਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਦਾ ਪਾਠ ਪੜ੍ਹਾ ਰਹੇ ਹਨ!

'ਨਮਕ ਹਲਾਲ ਨਾਥ ਕਾ ਕਰੀਏ
ਗੁਰੂ ਰੱਬ ਤੋਂ ਕਦੇ ਨਾ ਡਰੀਏ!'

ਸ੍ਰੀ ਅਕਾਲ ਤਖਤ ਸਾਹਿਬ ਤੋਂ 'ਸਾਚੀ ਸਾਖੀ' ਦੇ ਲੇਖਕ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ ਨੂੰ ਬੜੇ ਮਾਣ ਸਤਿਕਾਰ ਨਾਲ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ' ਦਾ ਖਿਤਾਬ ਭੇਟ ਕੀਤਾ ਗਿਆ ਸੀ। ਇਸੇ ਸਿਰਦਾਰ ਸਾਹਿਬ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਅਤੇ ਗੋਲਕਾਂ ਬਾਰੇ ਇਕ 'ਪੈਰੋਡੀ' ਲਿਖੀ ਹੋਈ ਹੈ, ਜੋ ਸਿੱਖ ਸਾਹਿਤ ਵਿਚ ਬਹੁਤ ਪ੍ਰਸਿੱਧ ਹੈ। ਪੁਰਾਤਨ ਕਵੀ ਨਿਹਾਲ ਸਿੰਘ ਦੇ ਲਿਖੇ ਕਬਿੱਤ ਦੀ ਤਰਜ਼ 'ਤੇ ਉਨ੍ਹਾਂ ਦਾ ਕਬਿੱਤ ਇੰਜ ਹੈ-

ਸ਼੍ਰੋਮਣੀ ਹਮਾਰੀ ਰਹੈ ਸੇਵਾ ਚੰਦਾ ਜਾਰ੍ਹੀ ਰਹੈ,
ਸੰਘ ਨਾਲ ਯਾਰੀ ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ ਪੰਥ ਕੀ ਨਾ ਗਾਥ ਚਲੇ,
ਲੂਟ ਦੋਨੋ ਹਾਥ ਚਲੇ ਸੰਗ ਸਾਜ-ਬਾਜ ਕੇ।
ਅਕਲ ਕੀ ਨਾ ਗੱਲ ਰਹੇ ਇੱਕੋ 'ਕਾਲੀ ਦਲ ਰਹੇ,
ਨਿੱਤ ਤਰਥੱਲੀ ਰਹੇ ਜ਼ਿੰਦਾਬਾਦ ਗਾਜ ਕੇ।
ਝੰਡੀ ਵਾਲ਼ੀ ਕਾਰ ਰਹੇ ਫੂਲਨ ਕੇ ਹਾਰ ਰਹੇਂ,
ਗੋਲ੍ਕੇਂ ਭਰਪੂਰ ਕਰੇਂ ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ ਬੁੱਧੀ ਕੀ ਜੋ ਸੇਧ ਦੇਵੈ,
ਨਿਕਟ ਨਾ ਆਣੇ ਪਾਵੈ ਰਾਜ-ਭਾਗ ਕਾਜ ਕੇ।
'ਜਥੇਦਾਰ' ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ!

ਅਗਲੀ ਗੱਲ ਕਰੀਏ ਖੁਸ਼ਵੰਤ ਸਿੰਘ ਦੀ, ਜਿਨ੍ਹਾਂ ਨੂੰ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਅਨੰਦ ਪੁਰ ਸਾਹਬ ਵਿਖੇ ਹੋਏ ਵਿਸ਼ਾਲ ਸਮਾਗਮ ਵਿਚ 'ਨਿਸ਼ਾਨੇ ਖਾਲਸਾ' ਐਵਾਰਡ ਨਾਲ ਨਿਵਾਜਿਆ ਗਿਆ ਸੀ। ਉਹ ਆਪਣੇ ਇਕ ਲੇਖ ਵਿਚ ਲਿਖਦੇ ਹਨ ਕਿ ਉਹ ਕਿਤੇ ਦੱਖਣੀ ਭਾਰਤ ਦੇ ਕਿਸੇ ਵੱਡੇ ਹਿੰਦੂ ਮੰਦਰ ਵਿਚ ਗਏ। ਉੱਥੇ ਚੜ੍ਹਾਵੇ ਵਜੋਂ ਇਕੱਠੇ ਹੋਏ ਸੋਨੇ ਚਾਂਦੀ ਅਤੇ ਮਾਇਆ ਆਦਿ ਦੇ ਭੰਡਾਰ ਦੇਖ ਕੇ ਉਨ੍ਹਾਂ ਮੰਦਰ ਦੇ ਪੁਜਾਰੀਆਂ ਨੂੰ ਪੁੱਛਿਆ ਕਿ ਉਹ ਇਸ ਚੜ੍ਹਾਵੇ ਨੂੰ ਕਿਵੇਂ ਵੰਡਦੇ ਹਨ? ਪੁਜਾਰੀਆਂ ਨੇ ਦੱਸਿਆ ਕਿ ਇਕ ਨਿਸ਼ਚਿਤ ਦਿਨ ਅਤੇ ਸਮੇਂ ਉੱਤੇ ਅਸੀਂ ਭਗਵਾਨ ਜੀ ਕੀ ਮੂਰਤੀ ਅੱਗੇ ਇਕ ਗੋਲ ਚੱਕਰ ਲਗਾਤੇ ਹੈਂ। ਫਿਰ ਚੜ੍ਹਤ ਕੀ ਮਾਇਆ ਕੋ ਥੋੜਾ ਊਪਰ ਉਛਾਲਤੇ ਹੈਂ। ਜੋ ਮਾਇਆ ਚੱਕਰ ਮੇਂ ਪੜੇ ਵੋਹ ਹਮਾਰੀ, ਜੋ ਚੱਕਰ ਸੇ ਬਾਹਰ ਗਿਰੇ ਵੋਹ ਭਗਵਾਨ ਜੀ ਕੀ ਹੋਤੀ ਹੈ!

ਕਹਿੰਦੇ ਉਨ੍ਹਾਂ ਪੁਜਾਰੀਆਂ ਨੇ ਫਿਰ ਖੁਸ਼ਵੰਤ ਸਿੰਘ ਨੂੰ ਮੋੜਵਾਂ ਪੁੱਛ ਲਿਆ ਕਿ ਆਪ ਸਿੱਖ ਭਾਈਓਂ ਕੇ ਗੁਰਦਵਾਰੋਂ ਮੇਂ ਭੀ ਸੁਨਾ ਹੈ ਕਿ ਬਹੁਤ ਚੜ੍ਹਾਵਾ ਚੜ੍ਹਤਾ ਹੈ, ਵੋਹ ਲੋਕ ਉਸੇ ਕੈਸੇ ਬਾਂਟਤੇ ਹੈਂ? ਖੁੱਲ੍ਹ ਡੁੱਲ੍ਹੇ ਅਤੇ ਬੇਬਾਕ ਵਿਚਾਰਾਂ ਵਾਲ਼ੇ ਖੁਸ਼ਵੰਤ ਸਿੰਘ ਨੇ ਵਿਅੰਗਮਈ ਜਵਾਬ ਦਿੱਤਾ-



'ਪੰਡਤ ਜੀ ਹਮਾਰੇ ਯਹਾਂ ਐਸੇ ਕਰਤੇ ਹੈਂ ਕਿ ਇਕੱਤਰ ਹੂਈ ਮਾਇਆ ਊਪਰ ਕੋ ਉਛਾਲਤੇ ਹੈਂ। ਜੋ ਮਾਇਆ ਨੀਚੇ ਗਿਰੇ ਵੋਹ ਪੁਜਾਰੀਓਂ ਕੀ ਹੋਤੀ ਹੈ ਜੋ ਊਪਰ ਰਹਿ ਜਾਏ ਵੋਹ ਭਗਵਾਨ ਜੀ ਕੀ!'

ਤੀਸਰੀ ਗੱਲ ਗਿਆਨੀ ਜਗਿੰਦਰ ਸਿੰਘ ਵੇਦਾਂਤੀ ਜੀ ਵੇਲੇ ਦੀ ਜਦ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ।

ਸੰਨ 2002 ਵਿਚ ਗੜ੍ਹਸ਼ੰਕਰ ਲਾਗਲੇ ਡੇਰੇਦਾਰ ਧਨਵੰਤ ਸਿੰਘ ਨਾਂ ਦੇ ਇਕ ਬਾਬੇ ਦੀ ਚਰਿੱਤ੍ਰਹੀਣ ਕਰਤੂਤ ਵਿਰੁੱਧ ਨਵਾਂਸ਼ਹਿਰ ਇਲਾਕੇ ਦੇ ਸਿੰਘ ਪੀੜਤ ਪਰਿਵਾਰ ਨਾਲ ਵੇਦਾਂਤੀ ਜੀ ਪਾਸ ਸ਼ਿਕਾਇਤ ਲੈ ਕੇ ਗਏ। ਵੇਦਾਂਤੀ ਜੀ ਨੇ ਸ਼ਿਕਾਇਤ ਕਰਨ ਵਾਲ਼ਿਆਂ ਨੂੰ ਸਜ਼ਾ ਲਾ ਦਿੱਤੀ ਅਤੇ ਇਖਲਾਕਹੀਣ ਧਨਵੰਤ ਸਿੰਘ ਨੂੰ ਦੋਸ਼-ਮੁਕਤ ਕਰਦਿਆਂ 'ਕਲੀਨ-ਚਿੱਟ' ਦੇ ਦਿੱਤੀ। ਦੁਖੀ ਪਰਿਵਾਰ ਉੱਘੇ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਦੀ ਮੱਦਦ ਨਾਲ ਅਦਾਲਤ ਵਿਚ ਚਲਾ ਗਿਆ। ਸੈਸ਼ਨ ਕੋਰਟ ਹੁਸ਼ਿਆਰਪੁਰ ਨੇ 'ਬਾਬੇ' ਨੂੰ ਦਸ ਸਾਲ ਲਈ ਜੇਲ੍ਹ ਭੇਜ ਦਿੱਤਾ। ਉਦੋਂ ਨਾ ਤਾਂ ਵੇਦਾਂਤੀ ਜੀ ਨੇ ਪੀੜਤ ਪਰਿਵਾਰ ਨੂੰ ਅਦਾਲਤ ਵਿਚ ਜਾਣ ਤੋਂ ਵਰਜਿਆ ਅਤੇ ਨਾ ਹੀ ਸਿੱਖ ਵਕੀਲ ਸ. ਨਵਕਿਰਨ ਸਿੰਘ ਨੂੰ ਰੋਕਿਆ ਕਿ ਧਨਵੰਤ ਸਿੰਘ ਵਾਲ਼ਾ ਮਸਲਾ ਤਾਂ ਸ੍ਰੀ ਅਕਾਲ ਤਖਤ ਸਾਹਬ ਨੇ ਨਬੇੜ ਦਿੱਤਾ ਹੈ, ਇਸ 'ਤੇ ਹੋਰ ਕੋਈ ਕਾਰਵਾਈ ਕਰਨੀ ਤਖਤ ਸਾਹਿਬ ਦੇ ਹੁਕਮ ਦੀ ਉਲੰਘਣਾ ਹੋਵੇਗੀ!

ਸਨਿਮਰ ਅਰਜ਼ ਹੈ ਕਿ ਮੇਰੀਆਂ ਇਨ੍ਹਾਂ ਸਤਰਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ 'ਵਕਾਲਤ' ਵਜੋਂ ਜਾਂ ਕਿਸੇ ਦੇ ਨਿਜੀ ਵਿਰੋਧ ਵਿਚ ਦੇਖਣ ਦੀ ਬਜਾਏ ਪੰਥਕ ਦਰਦ ਦੀ ਐਨ੍ਹਕ ਰਾਹੀਂ ਹੀ ਦੇਖਿਆ ਜਾਵੇ! ਕਿਉਂ ਕਿ ਦਾਸ ਜਮਾਂਦਰੂ ਅਕਾਲੀ ਹੈ ਅਤੇ ਅਕਾਲੀ ਵਜੋਂ ਹੀ ਦੁਨੀਆਂ ਤੋਂ ਰੁਖ਼ਸਤ ਹੋਣ ਦਾ ਅਭਿਲਾਸ਼ੀ ਹੈ! ਸ਼੍ਰੋਮਣੀ ਕਮੇਟੀ ਦਾ ਇਕ ਅਦਨਾ ਜਿਹਾ ਸਾਬਕਾ ਮੈਂਬਰ ਹੋਣ ਨਾਤੇ ਆਪਣੇ ਧਰਮ ਅਸਥਾਨਾਂ ਵਿਚ ਸਿਆਸਤ ਦੀ ਕਾਲ਼ੀ-ਬੋਲ਼ੀ ਹਨੇਰੀ ਚਲਦੀ ਦੇਖ ਕੇ ਖਲੀਲ ਜਿਬਰਾਨ ਵਾਂਗ ਆਪਣੇ ਸਤਿਗੁਰੂ ਸਾਹਿਬਾਨ ਅੱਗੇ ਅਜਿਹੀ ਅਰਜੋਦੜੀ ਕਰਦਾ ਹਾਂ-

'ਓ ਅਮਰ ਜੋਤ ਈਸਾ ਮਸੀਹ! ਦੁਬਾਰਾ ਇਸ ਧਰਤੀ 'ਤੇ ਅਵਤਾਰ ਧਾਰੋ ਅਤੇ ਆਪਣੇ ਪਵਿੱਤਰ ਧਰਮ ਸਥਾਨਾਂ ਵਿਚੋਂ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢ ਦਿਉ, ਉਨ੍ਹਾਂ ਨੇ ਇਨ੍ਹਾਂ ਸਥਾਨਾਂ ਨੂੰ ਵਪਾਰ ਦਾ ਅੱਡਾ ਬਣਾ ਰੱਖਿਆ ਹੈ ਜਿੱਥੇ ਪਾਖੰਡ ਅਤੇ ਝੂਠ ਦੇ ਜ਼ਹਿਰੀਲੇ ਨਾਗ ਕੁਰਬਲ਼ ਕੁਰਬਲ਼ ਕਰਦੇ ਫਿਰਦੇ ਹਨ!'

(ਖਲੀਲ ਜਿਬਰਾਨ ਦੀ ਕਿਤਾਬ 'ਦਿਲ ਦੇ ਭੇਦ' ਦਾ ਸਫਾ 90)

'ਦੀਵਾਰ ਕਯਾ ਗਿਰੀ ਮਿਰੇ ਖਸਤਾ ਮਕਾਨ ਕੀ
ਲੋਗੋਂ ਨੇ ਮੇਰੇ ਸਹਨ ਮੇਂ ਰਸਤੇ ਬਨਾ ਲਿਯੇ!' (ਸਹਨ-ਵਿਹੜਾ)

-ਸਬਤ ਅਲੀ 'ਸਬਤ'

---

ਜਨਮ ਦਿਨ 'ਤੇ ਵਿਸ਼ੇਸ਼

# ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ...

ਕਹਿੰਦੇ ਨੇ ਜੇਕਰ ਕਿਸੇ ਚੀਜ਼ ਨੂੰ ਪੂਰੀ ਸ਼ਿੱਦਤ ਨਾਲ ਚਾਹੋ ਤਾਂ ਸਾਰੀ ਕਾਇਨਾਤ ਤੁਹਾਨੂੰ ਉਸ ਨਾਲ ਮਿਲਾਉਣ ਦੀ ਸਾਜ਼ਿਸ਼ ਕਰਨ ਲੱਗਦੀ ਹੈ। ਬਿਲਕੁਲ ਅਜਿਹਾ ਹੀ ਮੇਰੇ ਨਾਲ ਹੋਇਆ, ਜਦ ਸਾਡੀ ਯੂਨੀਵਰਸਿਟੀ ਵੱਲੋਂ ਕਰਤਾਰਪੁਰ ਵਿਖੇ 'ਜੰਗ ਏ ਆਜ਼ਾਦੀ' ਦਾ ਐਜੂਕੇਸ਼ਨਲ ਟਰਿੱਪ ਬਣਿਆ। ਮੈਨੂੰ ਕੋਈ ਇਲਮ ਨਹੀਂ ਸੀ ਕਿ ਇਹ ਦਿਨ ਮੇਰੇ ਲਈ ਇੰਨਾ ਖਾਸ ਤੇ ਯਾਦਗਾਰ ਬਣ ਜਾਵੇਗਾ। ਜਦ ਅਸੀਂ ਉੱਥੇ ਪਹੁੰਚੇ ਤਾਂ ਗੈਲਰੀ ਵਿਚ ਪ੍ਰਸਿੱਧ ਹਸਤੀਆਂ ਦੀ



**ਮੋਨਿਕਾ ਕਟਾਰੀਆ**
**ਫੋਨ: 62390-27026**

ਕਾਨਫਰੰਸ ਚੱਲ ਰਹੀ ਸੀ, ਪੰਜਾਬੀ ਭਾਸ਼ਾ ਬਾਰੇ ਵੀ ਲੈਕਚਰ ਹੋ ਰਹੇ ਸਨ, ਐੱਮ.ਏ. ਪੰਜਾਬੀ ਦੇ ਸਟੂਡੈਂਟ ਹੋਣ ਕਰਕੇ ਸਾਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਮਿਲ ਗਈ। ਕਮਰੇ ਅੰਦਰ ਬਹੁਤ ਸਾਰੇ ਵਿਦਵਾਨ ਆਪੋ-ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਅਸੀਂ ਸੁਣ ਵੀ ਰਹੇ ਸੀ ਅਤੇ ਉਨ੍ਹਾਂ ਦੇ ਵਿਚਾਰ ਨੋਟ ਵੀ ਕਰ ਰਹੇ ਸਾਂ। ਅਚਾਨਕ ਮੇਰੇ ਕੰਨਾਂ ਵਿਚ ਅਜਿਹੀ ਆਵਾਜ਼ ਪਈ, ਜਿਸਨੂੰ ਸੁਣ ਕੇ ਮੈਂ ਹੈਰਾਨ ਹੋ ਗਈ, ਮੇਰੇ ਸਾਹਮਣੇ ਸਨ; ਡਾ. ਸੁਰਜੀਤ ਪਾਤਰ। ਪੰਜਾਬੀ ਸਾਹਿਤ ਵਿਚ ਦਿਲਚਸਪੀ ਰਖਣ ਵਾਲਿਆਂ ਲਈ ਇਹ ਨਾਮ ਹੀ ਕਾਫੀ ਹੈ। ਜਿਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਰੂਹ ਨੂੰ ਸਕੂਨ ਮਿਲਦਾ ਹੈ, ਜਿਨ੍ਹਾਂ ਦੀ ਮੈਂ ਇੰਨੀ ਵੱਡੀ ਫੈਨ ਹਾਂ, ਜੋ ਮੇਰੇ ਪਸੰਦੀਦਾ ਕਵੀ ਹਨ, ਉਨ੍ਹਾਂ ਨੂੰ ਇੱਕ ਮਾਤਰ ਦੇਖਣਾ ਹੀ ਮੇਰੇ ਲਈ ਬਹੁਤ ਵੱਡੀ ਗੱਲ ਸੀ। ਅੱਜ ਉਨ੍ਹਾਂ ਨੂੰ ਲਾਈਵ ਸੁਣਨ ਦਾ ਸਬੱਬ ਬਣਿਆ ਸੀ। ਮੈਨੂੰ ਆਪਣੀਆ ਅੱਖਾਂ ਤੇ ਕੰਨਾਂ 'ਤੇ ਯਕੀਨ ਹੀ ਨਹੀਂ ਸੀ ਹੋ ਰਿਹਾ, ਪਰ ਇਹ ਸਭ ਸੱਚ ਸੀ।

ਅਸੀਂ ਸਾਰੇ ਵਿਦਿਆਰਥੀ ਇਹੀ ਸੋਚ ਰਹੇ ਸੀ ਕਿ ਬਸ ਇੱਕ ਮੌਕਾ ਮਿਲ'ਜੇ, ਪਾਤਰ ਸਾਹਿਬ ਨਾਲ ਫੋਟੋ ਕਰਵਾਉਣ ਦਾ, ਬਸ ਇੱਕ ਫੋਟੋ। ਜਿਵੇਂ ਅਰਜਨ ਦਾ ਨਿਸ਼ਾਨਾ ਮੱਛੀ ਦੀ ਅੱਖ 'ਤੇ ਕੇਂਦਰਿਤ ਸੀ, ਉਵੇਂ ਮੇਰਾ ਸਾਰਾ ਧਿਆਨ ਪਾਤਰ ਸਾਹਿਬ ਵੱਲ ਸੀ, ਕਿ ਉਹ ਕਿੱਥੇ ਬੈਠ ਰਹੇ ਹਨ, ਕਿਸ ਨਾਲ ਗੱਲ ਕਰ ਰਹੇ ਹਨ। ਇੰਨੇ ਨੂੰ ਮੈਂ ਦੇਖਿਆ ਕਿ ਉਹ ਬਿਲਕੁਲ ਇਕੱਲੇ ਬੈਠੇ ਸਨ ਤੇ ਮੈਂ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਕੋਲ ਜਾ ਬੈਠੀ, 'ਸਰ ਔਟੋਗਰਾਫ ਪਲੀਜ਼', 'ਜ਼ਰੂਰ ਪੁੱਤਰ! ਤੁਹਾਡਾ ਨਾਮ ਕੀ ਹੈ', ਉਨ੍ਹਾਂ ਦੇ ਕੋਲੋਂ ਆਪਣਾ ਨਾਮ ਸੁਣਨਾ ਆਟੋਗ੍ਰਾਫ ਲੈਣਾ, ਇਹ ਉਹ ਪਲ ਸਨ ਜਿਨ੍ਹਾਂ ਨੂੰ ਬਿਆਨ ਕਰਨ ਲਈ ਮੇਰੇ ਕੋਲ ਅਲਫਾਜ਼ ਨਹੀਂ ਹਨ। ਉਨ੍ਹਾਂ ਨੇ ਮੇਰੀ ਡਾਇਰੀ 'ਤੇ ਲਿਖਿਆ 'ਪਿਆਰੀ ਮੋਨਿਕਾ ਵਾਸਤੇ ਪਿਆਰ ਤੇ ਆਸ਼ੀਰਵਾਦ' ਇਸ ਤੋਂ ਪਹਿਲਾਂ ਕਿ ਕੋਈ ਹੋਰ ਗੱਲ ਕਰਦੀ, ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਭੀੜ ਆ ਜੁੜੀ।

ਅਸੀਂ ਬਾਹਰ ਆ ਗਏ ਅਤੇ ਹੋਰ ਥਾਵਾਂ ਵੇਖਣ ਲੱਗੇ, ਥੋੜ੍ਹੇ ਸਮੇਂ ਬਾਅਦ ਸਾਡੇ ਪ੍ਰੋ. ਡਾ. ਪਰਮਜੀਤ ਸਿੰਘ ਕੱਟੂ, ਜੋ ਪ੍ਰੋਫੈਸਰ ਦੇ ਨਾਲ-ਨਾਲ ਫਿਲਮ ਨਿਰਮਾਤਾ ਵੀ ਹਨ, ਮੇਰੇ ਕੋਲ ਆਏ ਤੇ ਕਿਹਾ, ਕਟਾਰੀਆ ਬੱਚੇ ਤੈਨੂੰ ਤੇਰੇ ਰਿਸਰਚ ਪੇਪਰ ਲਈ ਕੁਝ ਅਹਿਮ ਵਿਚਾਰ ਚਾਹੀਦੇ ਸਨ, ਚਲੋ ਆਓ ਉਨ੍ਹਾਂ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ। ਮੈਂ ਬੜੀ ਹੈਰਾਨੀ ਨਾਲ ਪੁੱਛਿਆ ਸਰ ਜੀ ਇੱਥੇ?' ਤਾਂ ਉਨ੍ਹਾਂ ਨੇ ਮੈਨੂੰ ਆਪਣੇ ਨਾਲ ਚੱਲਣ ਦਾ ਇਸ਼ਾਰਾ ਕੀਤਾ।

ਮੈਂ ਦੇਖਿਆ, ਪਾਰਕ ਵਿਚ ਪਾਤਰ ਸਾਹਿਬ ਖੜੇ ਸਨ, ਮੇਰੇ ਪ੍ਰੋਫੈਸਰ ਨੇ ਕਿਹਾ, ਪਾਤਰ ਸਾਹਿਬ ਸਾਡੀ ਸਟੂਡੈਂਟ ਤੁਹਾਡੇ ਨਾਲ ਇੱਕ ਛੋਟੀ ਜਿਹੀ ਇੰਟਰਵਿਊ ਕਰਨਾ ਚਾਹੁੰਦੀ ਹੈ ਇਸ ਵਿਸ਼ੇ (ਮੇਰੇ ਰਿਸਰਚ ਦਾ ਵਿਸ਼ਾ ਦਸਦੇ ਹੋਏ) 'ਤੇ ਸਾਨੂੰ ਤੁਹਾਡੇ ਵਿਚਾਰ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਜ਼ਰੂਰ। ਮੈਨੂੰ ਇਹ ਸੁਪਨਾ ਲੱਗ ਰਿਹਾ ਸੀ, ਮੈਂ ਇਸ ਲਈ ਬਿਲਕੁਲ ਵੀ ਤਿਆਰ ਨਹੀਂ ਸੀ, ਪਰ ਮੈਂ ਇਹ ਮੌਕਾ ਗਵਾਉਣਾ ਵੀ ਨਹੀਂ ਸੀ ਚਾਹੁੰਦੀ, ਸੋ ਹਿੰਮਤ ਕਰਕੇ ਮੈਂ ਇੰਟਰਵਿਊ ਸ਼ੁਰੂ ਕੀਤੀ। ਕਹਿੰਦੇ, ਵੱਡਾ ਉਹੀ ਹੁੰਦਾ ਹੈ ਜੋ ਆਪਣੇ ਨਾਲ ਖੜੇ ਨੂੰ ਛੋਟਾ ਮਹਿਸੂਸ ਨਾ ਹੋਣ ਦੇਵੇ। ਕੁਝ ਅਜਿਹੇ ਹੀ ਗੁਣਾਂ ਵਾਲੀ ਸ਼ਖਸੀਅਤ ਨਾਲ ਮੈਂ ਖੜ੍ਹੀ ਸਾਂ। ਮੈਂ ਆਪਣੀ ਰਿਸਰਚ ਨਾਲ ਸਬੰਧਿਤ ਉਨ੍ਹਾਂ ਕੋਲੋਂ ਪ੍ਰਸ਼ਨ ਪੁੱਛੇ, ਉਨ੍ਹਾਂ ਬੜੀ ਨਿਮਰਤਾ ਨਾਲ ਜਵਾਬ ਦਿੱਤੇ। ਅੰਤ ਵਿਚ ਉਨ੍ਹਾਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੰਦੇ ਆਖਿਆ, ਨੌਜਵਾਨ ਪੀੜ੍ਹੀ ਸਾਡਾ ਵਰਤਮਾਨ ਅਤੇ ਭਵਿੱਖ ਦੋਨੋਂ ਸਿਰਜਨ ਦੇ ਸਮਰੱਥ ਹੈ। ਮਨੁੱਖੀ ਮਨ ਅੰਦਰ ਉੱਚਾ ਉੱਠਣ ਅਤੇ ਡਿੱਗਣ-ਦੋਵੇਂ ਸੰਭਾਵਨਾਵਾਂ ਹੁੰਦੀਆਂ ਹਨ। ਸਾਨੂੰ ਆਪਣਾ ਸਮਾਂ ਹਮੇਸ਼ਾ ਉੱਚਾ ਉੱਠਣ ਵੱਲ ਲਗਾਉਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਅਸੀਂ ਚੰਗੀਆਂ ਕਿਤਾਬਾਂ ਪੜ੍ਹੀਏ, ਚੰਗੇ ਲੋਕਾਂ ਨਾਲ ਜੁੜੀਏ, ਨਾਲ ਹੀ ਉਨ੍ਹਾਂ ਆਖਿਆ ਆਪਣੇ ਫੋਨ ਨੂੰ ਪਾਸੇ ਰੱਖ ਆਪਣੇ ਪਰਿਵਾਰਕ ਮੈਂਬਰਾਂ ਨਾਲ ਵਕਤ ਜ਼ਰੂਰ ਬਿਤਾਉਣਾ ਚਾਹੀਦਾ ਹੈ ਅਤੇ ਹਰ ਕਿਸੇ ਨੂੰ ਖਿੜੇ-ਮੱਥੇ ਮਿਲਣਾ ਚਾਹੀਦਾ ਹੈ। ਇੱਥੇ ਮੈਨੂੰ ਪਾਤਰ ਸਾਹਿਬ ਦੀ ਰਚਨਾ ਯਾਦ ਆ ਗਈ:

ਜੇ ਕਿਧਰੇ ਜਾ ਨਹੀਂ ਸਕਦੇ, ਫੁੱਲ ਬਣ ਕੇ ਖਿੜ ਹੀ ਜਾਓ
ਕਿ ਦਲਦਲ 'ਚੋਂ ਨਿਕਲਣ ਦਾ ਇੱਕ ਇਹ ਵੀ ਤਰੀਕਾ ਹੈ।

ਉਨ੍ਹਾਂ ਦਾ ਸਰਲ ਜਿਹੇ ਸ਼ਬਦਾਂ 'ਚ ਵੱਡੀ ਗੱਲ ਕਹਿ ਜਾਣ ਦਾ ਹੁਨਰ, ਉਨ੍ਹਾਂ ਦੇ ਅਣਮੁੱਲੇ ਵਿਚਾਰ ਮੈਂ ਬਹੁਤ ਨੇੜੇ ਤੋਂ ਅਨੁਭਵ ਕੀਤੇ, ਪਾਤਰ ਸਾਹਿਬ ਦੀ ਸਾਦਗੀ ਉਨ੍ਹਾਂ ਦੇ ਪਹਿਰਾਵੇ ਅਤੇ ਸੁਭਾਅ ਵਿਚ ਸਾਫ ਝਲਕ ਰਹੀ ਸੀ। ਮੈਨੂੰ ਉਨ੍ਹਾਂ ਦੇ ਵਿਚਾਰ, ਸ਼ਖਸੀਅਤ ਬਿਰਖ ਦੀ ਉਸ ਠੰਡੀ ਛਾਂ ਵਰਗੇ ਜਾਪੇ, ਜਿਸਦੀ ਸਾਨੂੰ ਹਮੇਸ਼ਾ ਲੋੜ ਹੈ। ਪਾਤਰ ਸਾਹਿਬ ਦੀਆਂ ਰਚਨਾਵਾਂ ਸਾਡੇ ਲਈ ਪਰਮਾਤਮਾ ਵੱਲੋਂ ਦਿੱਤੀ ਉਹ ਅਣਮੁੱਲੀ ਦੇਣ ਹੈ ਜੋ ਪੰਜਾਬੀ ਮਾਂ ਬੋਲੀ ਨੂੰ ਨਵੀਆਂ ਸਿਖਰਾਂ ਤਕ ਲਿਜਾਣ ਲਈ ਬਖਸ਼ੀ ਹੈ। ਮੇਰੀ ਉਨ੍ਹਾਂ ਨਾਲ ਹੋਈ ਦਸ ਕੁ ਮਿੰਟ ਦੀ ਇੰਟਰਵਿਊ



ਜਾਂ ਮੁਲਾਕਾਤ ਕਹਿ ਲਓ, ਇਨ੍ਹਾਂ ਕੁਝ ਕੁ ਮਿੰਟਾਂ ਨੇ ਮੇਰੀ ਪਹਿਚਾਣ ਬਦਲ ਦਿੱਤੀ। ਅੱਜ ਵੀ ਜਦ ਮੈਂ ਕਿਸੇ ਨੂੰ ਦੱਸਦੀ ਹਾਂ ਕਿ ਮੈਂ ਪਾਤਰ ਸਾਹਿਬ ਨੂੰ ਮਿਲ ਚੁੱਕੀ ਹਾਂ, ਉਨ੍ਹਾਂ ਨਾਲ ਇੰਟਰਵਿਊ ਕਰੀ ਹੈ ਤਾਂ ਸਭ ਬੜੀ ਹੈਰਾਨੀ ਨਾਲ ਪੁੱਛਦੇ ਨੇ, ਹੈਂ ਸੱਚੀਂ। ਸੱਚਮੁਚ ਉਨ੍ਹਾਂ ਵਰਗੀ ਸ਼ਖਸੀਅਤ ਨੂੰ ਮਿਲਣਾ, ਗੱਲ ਕਰਨਾ, ਮੇਰੀ ਖੁਸ਼ਨਸੀਬੀ ਸੀ। ਉਨ੍ਹਾਂ ਪਲਾਂ 'ਤੇ ਮੈਂ ਉਸ ਵਕਤ ਕੁਝ ਲਿਖਿਆ ਸੀ:

ਕੀ ਤਾਰੀਫ਼ ਕਰਾਂ ਮੈਂ ਉਸ ਸ਼ਾਇਰ ਦੀ
ਜਿਸ ਮੈਨੂੰ ਹਨੇਰੇ 'ਚੋਂ ਚਾਨਣ ਵਿਚ ਬਿਠਾ ਦਿੱਤਾ
ਜਿਸਨੂੰ ਅੱਜ ਤੱਕ ਪੜ੍ਹਿਆ ਸੀ ਸਿਰਫ਼ ਕਿਤਾਬਾਂ ਵਿਚ
ਇਸ ਕਾਇਨਾਤ ਨੇ ਮੈਨੂੰ ਉਸ ਨਾਲ ਮਿਲਾ ਦਿੱਤਾ
ਹੋਇਆ ਨਹੀਂ ਸੀ ਯਕੀਨ ਮੈਨੂੰ ਆਪਣੇ 'ਤੇ
ਜਦ ਗੱਲ-ਬਾਤ ਦਾ ਮੌਕਾ ਸੀ ਮਿਲਿਆ
ਇਕ ਫਰਿਸ਼ਤੇ ਨੇ ਮੈਨੂੰ, ਨਾਲ ਉਸਦੇ ਖੜਾ ਦਿੱਤਾ
ਡਰਿਆ ਸੀ ਦਿਲ ਇੱਕ ਵਾਰ ਮੇਰਾ ਵੀ
ਕੰਬੀਆਂ ਸੀ ਬੁਲ੍ਹੀਆਂ ਫਤਿਹ ਬਲਾਉਣ ਲੱਗਿਆਂ
ਅੱਗੋਂ ਉਨ੍ਹਾਂ ਜਦੋਂ ਪੁੱਤਰ ਆਖ ਬੁਲਾ ਦਿੱਤਾ
ਮੇਰਾ ਡਰ ਸਭ ਖੰਭ ਲਗਾ ਉਡਾ ਦਿੱਤਾ
ਬਣ ਗਈ ਸੀ ਮੈਂ ਵੀ ਉਦੋਂ 'ਕਟਾਰੀਆ' ਤੋਂ
ਪਾਤਰ ਦੀ ਇੰਟਰਵਿਊ ਲੈਣ ਵਾਲੀ ਕੁੜੀ
ਕੁਝ ਪਲ-ਛਿਣਾਂ ਦੀ ਮੁਲਾਕਾਤ ਨੇ
ਮੈਨੂੰ ਆਮ ਤੋਂ ਖਾਸ ਬਣਾ ਦਿੱਤਾ
ਮੇਰੇ ਲਈ ਉਹ ਸਖਸ਼ ਖਰੇ ਸੋਨੇ ਵਰਗਾ ਸੀ
ਮਾਤਰ ਇੱਕ ਝਲਕ ਨੇ ਮੈਨੂੰ ਵੀ ਲਿਸ਼ਕਾ ਦਿੱਤਾ

ਜਦ ਉਨ੍ਹਾਂ ਨੇ ਇਸ ਸੰਸਾਰ ਨੂੰ ਅਲਵਿਦਾ ਕਿਹਾ ਸੀ, ਉਸ ਦਿਨ ਮੇਰੇ ਅੰਦਰ ਅਜਿਹੀ ਪੀੜ ਸੀ:

ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ,
ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖੈਰ ਏ

ਮੈਨੂੰ ਲੱਗਿਆ ਜਿਵੇਂ ਮੇਰੇ ਪਰਿਵਾਰ ਦਾ ਕੋਈ ਮੈਂਬਰ ਦੁਨੀਆਂ ਤੋਂ ਚਲਿਆ ਗਿਆ ਹੋਵੇ, ਇਹ ਸਿਰਫ਼ ਮੇਰਾ ਹੀ ਨਹੀਂ, ਹਰ ਉਸ ਇਨਸਾਨ ਦਾ ਹਾਲ ਸੀ ਜੋ ਉਨ੍ਹਾਂ ਨੂੰ ਪਿਆਰ ਕਰਦਾ ਸੀ। ਉਸ ਦਿਨ ਮੈਂ ਮਹਿਸੂਸ ਕੀਤਾ ਕਿ ਜ਼ਰੂਰੀ ਨਹੀਂ, ਰਿਸ਼ਤੇ ਸਿਰਫ਼ ਖੂਨ ਦੇ ਹੋਣ ਤਾਂ ਹੀ ਵਿਛੜਨ ਦਾ ਦੁਖ ਹੁੰਦਾ ਹੈ, ਅਸੀਂ ਭਾਵਨਾਤਮਕ ਰੂਪ ਵਿਚ ਵੀ ਕਿਸੇ ਨਾਲ ਇੰਝ ਜੁੜ ਜਾਂਦੇ ਹਾਂ ਕਿ ਉਸਦੇ ਜਾਣ ਦੀ ਪੀੜ ਮਹਿਸੂਸ ਹੋਣ ਲੱਗਦੀ ਹੈ। ਪਾਤਰ ਸਹਿਬ ਨੇ ਆਪਣੀ ਕਲਮ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਬਹੁਤ ਸੇਵਾ ਕੀਤੀ ਹੈ। ਉਨ੍ਹਾਂ ਦਾ ਪੰਜਾਬ ਪ੍ਰੇਮ ਬਿਆਨਦਾ ਸ਼ੇਅਰ:

ਅਮੜੀ ਮੈਨੂੰ ਆਖਣ ਲੱਗੀ, ਤੂ ਧਰਤੀ ਦਾ ਗੀਤ ਰਹੇਂਗਾ
ਪਦਮਸ਼੍ਰੀ ਹੋ ਕੇ ਵੀ ਪਾਤਰ, ਤੂੰ ਮੇਰਾ ਸੁਰਜੀਤ ਰਹੇਂਗਾ।

ਉਨ੍ਹਾਂ ਦੇ ਜਨਮ ਦਿਨ 'ਤੇ ਮੈਂ ਸਿਰਫ਼ ਇਹੀ ਕਹਿਣਾ ਚਾਹਾਂਗੀ, ਪਾਤਰ ਸਾਹਿਬ ਦੀ ਹਰ ਰਚਨਾ, ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਪਤਝੜ ਦੀ ਪਾਂਜੇਬ, ਸੁਰ ਜ਼ਮੀਨ ਅਤੇ ਚੰਨ ਸੂਰਜ ਦੀ ਵਹਿੰਗੀ, ਸੂਰਜ ਮੰਦਿਰ ਦੀਆਂ ਪੌੜੀਆਂ ਆਦਿ, ਉਨ੍ਹਾਂ ਨੂੰ ਸਾਡੇ ਵਿਚ ਸੁਰਜੀਤ ਰੱਖੇਗੀ। ਉਹ ਆਪਣੀਆਂ ਰਚਨਾਵਾਂ ਸਦਕਾ ਅਮਰ ਰਹਿਣਗੇ। ਅੰਤ ਵਿਚ ਸਿਰਫ਼ ਇੰਨਾ ਹੀ:

ਨਿੱਤ ਸੂਰਜਾਂ ਨੇ ਚੜਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ ਵਹਿਣਾ
ਇੱਕ ਦੂਜੇ ਮਗਰ ਘੁਮਣਾਂ, ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ-ਜੁਗ, ਏਦਾਂ ਹੀ ਚੱਲਦੇ ਰਹਿਣਾ
ਰੁਕਣੀ ਨਹੀਂ ਕਹਾਣੀ, ਬੱਝੇ ਨਹੀਂ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁੱਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ ਤੁਰਨਾ, ਕੰਢਿਆਂ ਨੇ ਰੋਜ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ
ਇਨ੍ਹਾਂ ਦੀਵਿਆ ਨੂੰ ਦਸ ਦੇ, ਇਨ੍ਹਾਂ ਤਾਰਿਆਂ ਨੂੰ ਕਹਿ ਦੇ
ਇਨ੍ਹਾਂ ਹੱਸਦੇ ਰੋਂਦਿਆ ਨੂੰ, ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵੱਲੋਂ ਦੀਵੇ, ਈਮਾਨ ਵੱਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ।

# *ਲੋਹੜੀ ਦੇ ਵਿਸ਼ਵਾਸ*

ਲੋਹੜੀ ਪੰਜਾਬੀ ਸਮਾਜ ਦਾ ਉਹ ਲੋਕ ਤਿਓਹਾਰ ਹੈ ਜੋ ਸਿਰਫ਼ ਇੱਕ ਤਾਰੀਖ ਜਾਂ ਰਸਮ ਤੱਕ ਸੀਮਿਤ ਨਹੀਂ, ਬਲਕਿ ਇਹ ਸਦੀਆਂ ਪੁਰਾਣੀ ਸਮੂਹਕ ਸੋਚ, ਮੌਸਮੀ ਤਜਰਬੇ ਅਤੇ ਕੁਦਰਤ ਨਾਲ ਇਨਸਾਨ ਦੇ ਰਿਸ਼ਤੇ ਦਾ ਪ੍ਰਤੀਕ ਹੈ। ਪੰਜਾਬ ਦੀ ਜ਼ਰਾਇਤੀ ਤਹਿਜ਼ੀਬ ਵਿਚ ਲੋਹੜੀ ਉਹ ਪਲ ਹੈ ਜਦੋਂ ਸਰਦੀਆਂ ਦੀ ਤਾਕਤ ਟੁੱਟਣ ਲੱਗਦੀ ਹੈ ਅਤੇ ਸੂਰਜ ਦੀ ਵਾਪਸੀ ਨੂੰ ਆਸ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਇਹ ਤਿਓਹਾਰ ਦਰਅਸਲ ਇਨਸਾਨ ਦੀ ਉਸ ਬੁੱਧੀਮਾਨ ਕੋਸ਼ਿਸ਼ ਦਾ ਨਤੀਜਾ ਹੈ ਜੋ ਕੁਦਰਤੀ ਤਬਦੀਲੀਆਂ ਨੂੰ ਅਰਥ ਦੇ ਕੇ ਜੀਵਨ ਨਾਲ ਜੋੜਦੀ ਹੈ।



ਪੁਰਾਣੇ ਪੰਜਾਬੀ ਲੋਕ ਵਿਸ਼ਵਾਸਾਂ ਅਨੁਸਾਰ, ਸਾਲ ਦੇ ਇਨ੍ਹਾਂ ਦਿਨਾਂ ਵਿਚ ਸੂਰਜ 'ਕਮਜ਼ੋਰ' ਹੋਣ ਤੋਂ ਬਾਅਦ ਮੁੜ ਤਾਕਤ ਪ੍ਰਾਪਤ ਕਰਦਾ ਹੈ। ਇਸ ਲਈ ਲੋਹੜੀ ਦੀ ਅੱਗ ਸਿਰਫ਼ ਸਰਦੀ ਤੋਂ ਬਚਾਅ ਦਾ ਸਾਧਨ ਨਹੀਂ, ਸਗੋਂ ਇਹ ਸੂਰਜ ਦੀ ਤਾਪਸ਼ ਦੀ ਪ੍ਰਤੀਕਾਤਮਕ ਨੁਮਾਇੰਦਗੀ ਹੈ। ਅੱਗ ਦੇ ਗਿਰਦ ਘੇਰਾ ਪਾ ਕੇ ਬੈਠਣਾ, ਤਿਲ, ਮੁਰਮੁਰੇ, ਰਿਉੜੀਆਂ ਅਤੇ ਮੂੰਗਫ਼ਲੀਆਂ ਸੁੱਟਣਾ, ਅਸਲ ਵਿਚ ਇਹ ਵਿਸ਼ਵਾਸ ਪ੍ਰਗਟ ਕਰਦਾ ਹੈ ਕਿ ਸਮੂਹਕ ਦੁਆਵਾਂ ਅਤੇ ਰਸਮਾਂ ਨਾਲ ਕੁਦਰਤੀ ਤਾਕਤਾਂ ਨੂੰ ਖੁਸ਼ ਕੀਤਾ ਜਾ ਸਕਦਾ ਹੈ।

**ਪ੍ਰੋ: ਅਮਾਨਤ ਗਿੱਲ**
**ਫੋਨ: +923004969513**

ਲੋਹੜੀ ਸਿਰਫ਼ ਇੱਕ ਤਿਓਹਾਰ ਨਹੀਂ, ਇਹ ਪੰਜਾਬੀ ਸਮਾਜ ਦੀ ਉਹ ਸਾਂਝੀ ਸੋਚ ਹੈ ਜੋ ਕੁਦਰਤ, ਮੌਸਮ ਅਤੇ ਇਨਸਾਨ ਦੇ ਆਪਸੀ ਰਿਸ਼ਤਿਆਂ ਨੂੰ ਵੇਖਣ ਦਾ ਸਲੀਕਾ ਸਿਖਾਉਂਦੀ ਹੈ। ਸਰਦੀਆਂ ਦੀਆਂ ਲੰਮੀਆਂ ਰਾਤਾਂ ਵਿਚ, ਜਦੋਂ ਸੂਰਜ ਦੀ ਤਾਪ ਸਿਰਫ਼ ਇੱਕ ਆਸ ਬਣ ਕੇ ਰਹਿ ਜਾਂਦੀ ਹੈ, ਓਦੋਂ ਲੋਹੜੀ ਦੀ ਅੱਗ ਇਨਸਾਨ ਨੂੰ ਇਹ ਯਕੀਨ ਦਿਵਾਉਂਦੀ ਹੈ ਕਿ ਹਨੇਰੇ ਤੋਂ ਬਾਅਦ ਰੌਸ਼ਨੀ ਜ਼ਰੂਰ ਆਉਂਦੀ ਹੈ।

ਪੰਜਾਬੀ ਸਮਾਜ ਵਿਚ ਲੋਹੜੀ ਦਾ ਵੱਡਾ ਵਿਸ਼ਵਾਸ ਸੂਰਜ ਨਾਲ ਜੁੜਿਆ ਹੋਇਆ ਹੈ। ਪ੍ਰਾਚੀਨ ਕਿਸਾਨ ਸੂਰਜ ਨੂੰ ਜ਼ਿੰਦਗੀ ਦੀ ਅਸਲ ਤਾਕਤ ਸਮਝਦੇ ਸਨ। ਇਹ ਯਕੀਨ ਆਮ ਸੀ ਕਿ ਜੇ ਸੂਰਜ ਮਿਹਰਬਾਨ ਹੋਵੇ ਤਾਂ ਧਰਤੀ ਬੰਜਰ ਨਹੀਂ ਰਹਿੰਦੀ। ਲੋਹੜੀ ਦੀ ਅੱਗ ਦਰਅਸਲ ਉਸੇ ਸੂਰਜ ਦੀ ਨਿਸ਼ਾਨੀ ਹੈ, ਜੋ ਠੰਢੇ ਮੌਸਮ ਵਿਚ ਵੀ ਤਾਪ, ਰੌਸ਼ਨੀ ਅਤੇ ਜੀਵਨ ਦਾ ਸੰਦੇਸ਼ ਦਿੰਦੀ ਹੈ।

ਲੋਹੜੀ ਨਾਲ ਫਸਲ ਦਾ ਵਿਸ਼ਵਾਸ ਵੀ ਜੁੜਿਆ ਹੋਇਆ ਹੈ। ਇਹ ਤਿਓਹਾਰ ਰਬੀ ਦੀ ਫਸਲ ਦੀ ਆਸ ਦਾ ਪ੍ਰਗਟਾਵਾ ਹੈ। ਕਿਸਾਨ ਲੋਹੜੀ ਦੀ ਅੱਗ ਵਿਚ ਮੂੰਗਫਲੀਆਂ, ਤਿਲ, ਰੇਵੜੀਆਂ ਅਤੇ ਪਾਪੜ ਸੁੱਟ ਕੇ ਸ਼ੁਕਰ ਅਦਾ ਕਰਦੇ ਹਨ ਅਤੇ ਇਹ ਦੁਆ ਕਰਦੇ ਹਨ ਕਿ ਆਉਣ ਵਾਲਾ ਮੌਸਮ ਦਾਣਾ-ਦਾਣਾ ਬਰਕਤ ਨਾਲ ਭਰ ਦੇਵੇ। ਇਹ ਕਰਤੱਬ ਸਧਾਰਨ ਲੱਗਦਾ ਹੈ, ਪਰ ਇਹ ਕਿਸਾਨ ਦੀ ਸਦੀਆਂ ਪੁਰਾਣੀ ਸਿਆਣਪ ਨੂੰ ਜ਼ਾਹਿਰ ਕਰਦਾ ਹੈ, ਜੋ ਧਰਤੀ ਨੂੰ ਮਾਂ ਸਮਝ ਕੇ ਉਸ ਨਾਲ ਮੁਕਾਲਮਾ ਕਰਦੀ ਹੈ।

ਔਲਾਦ ਨਾਲ ਜੁੜਿਆ ਲੋਹੜੀ ਦਾ ਵਿਸ਼ਵਾਸ ਵੀ ਪੰਜਾਬੀ ਸਮਾਜ ਦੀ ਸੋਚ ਦਾ ਦਰਪਣ ਹੈ। ਜਿਹੜੇ ਘਰ ਪਹਿਲੇ ਬੱਚੇ ਦੀ ਪੈਦਾਇਸ਼ ਹੁੰਦੀ ਹੈ, ਉੱਥੇ ਪਹਿਲੀ ਲੋਹੜੀ ਖਾਸ ਮਹੱਤਵ ਰੱਖਦੀ ਹੈ। ਇਹ ਯਕੀਨ ਹੈ ਕਿ ਲੋਹੜੀ ਦੀ ਖੁਸ਼ੀ ਨਵੇਂ ਜਨਮੇ ਬੱਚੇ ਲਈ ਨੇਕ ਫਾਲ ਹੁੰਦੀ ਹੈ। ਇਹ ਦਰਅਸਲ ਪੀੜ੍ਹੀ, ਲਗਾਤਾਰਤਾ ਅਤੇ ਜੀਵਨ ਦੀ ਬਚਾਵ ਦਾ ਤਿਓਹਾਰ ਹੈ।

ਲੋਹੜੀ ਦੇ ਗੀਤਾਂ ਵਿਚ ਦੁੱਲਾ-ਭੱਟੀ ਦੀ ਯਾਦ ਵੀ ਵਸੀ ਹੋਈ ਹੈ। ਦੁੱਲਾ ਭੱਟੀ ਦੀ ਕਹਾਣੀ ਲੋਕਾਂ ਲਈ ਇਨਸਾਫ, ਹੌਂਸਲੇ ਅਤੇ ਮਜ਼ਲੂਮ ਦੀ ਹਮਾਇਤ ਦਾ ਪ੍ਰਤੀਕ ਹੈ। ਲੋਹੜੀ ਦੇ ਗੀਤ ਗਾ ਕੇ ਪੰਜਾਬੀ ਸਮਾਜ ਇਹ ਐਲਾਨ ਕਰਦਾ ਹੈ ਕਿ ਤਾਕਤ ਦਾ ਅਸਲ ਅਰਥ ਕਮਜ਼ੋਰ ਦੇ ਨਾਲ ਖੜ੍ਹਾ ਹੋਣਾ ਹੈ, ਨਾ ਕਿ ਉਸ ਨੂੰ ਦਬਾਉਣਾ।

ਕੁਝ ਲੋਕਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਲੋਹੜੀ ਦੀ ਰਾਤ ਪੁਰਾਣੇ ਗਿਲੇ-ਸ਼ਿਕਵੇ, ਨਫ਼ਰਤਾਂ ਅਤੇ ਦੁੱਖਾਂ ਨੂੰ ਅੱਗ



ਵਿਚ ਸੁੱਟ ਦੇਣਾ ਚਾਹੀਦਾ ਹੈ। ਇਹ ਰਸਮ ਬਾਹਰੋਂ ਪ੍ਰਤੀਕਾਤਮਕ ਲੱਗਦੀ ਹੈ, ਪਰ ਅਸਲ ਵਿਚ ਇਹ ਸਮਾਜਿਕ ਸਾਂਝ ਅਤੇ ਦਿਲ ਦੀ ਸਾਫ਼-ਸਫ਼ਾਈ ਦਾ ਪਾਠ ਹੈ, ਜੋ ਅੱਜ ਦੇ ਅਸ਼ਾਂਤ ਮਾਹੌਲ ਵਿੱਚ ਹੋਰ ਵੀ ਜ਼ਰੂਰੀ ਲੱਗਦਾ ਹੈ।

ਅੱਜ ਜਦੋਂ ਤਿਓਹਾਰਾਂ ਨੂੰ ਸਿਰਫ਼ ਸ਼ੋਰ, ਆਤਿਸ਼ਬਾਜ਼ੀ ਅਤੇ ਦਿਖਾਵੇ ਤੱਕ ਸੀਮਤ ਕਰ ਦਿੱਤਾ ਗਿਆ ਹੈ, ਉੱਥੇ ਲੋਹੜੀ ਦੇ ਵਿਸ਼ਵਾਸ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸਲ ਖੁਸ਼ੀ ਕੁਦਰਤ ਨਾਲ ਜੁੜਨ ਵਿਚ ਹੈ। ਲੋਹੜੀ ਦੀ ਅੱਗ ਸਿਰਫ਼ ਠੰਢ ਨਹੀਂ ਤੋੜਦੀ, ਇਹ ਇਨਸਾਨ ਦੇ ਅੰਦਰ ਜੰਮੀ ਹੋਈ ਸੋਚ ਨੂੰ ਵੀ ਪਿਘਲਾ ਦਿੰਦੀ ਹੈ।

ਲੋਹੜੀ ਦਾ ਸੰਦੇਸ਼ ਅੱਜ ਵੀ ਉਹੀ ਹੈ: ਸੂਰਜ 'ਤੇ ਭਰੋਸਾ, ਧਰਤੀ ਨਾਲ ਵਫ਼ਾਦਾਰੀ ਅਤੇ ਇਨਸਾਨੀਅਤ।

*ਮੁਕਦੀ ਗੱਲ*

ਲੋਹੜੀ ਦੇ ਵਿਸ਼ਵਾਸ ਦਰਅਸਲ ਪੰਜਾਬੀ ਸਮਾਜ ਦੀ ਉਹ ਸਮੂਹਕ ਦਾਨਾਈ ਦੇ ਤਸਲਸਲ ਨੇ, ਜੋ ਇਨਸਾਨ ਨੂੰ ਕੁਦਰਤ ਨਾਲ ਜੋੜ ਕੇ ਰੱਖਦੇ ਨੇ। ਇਹ ਵਿਸ਼ਵਾਸ ਇਸ ਗੱਲ ਦੀ ਨਿਸ਼ਾਨੀ ਨੇ ਕਿ ਸਰਦੀ, ਹਨੇਰਾ ਤੇ ਮਹਰੂਮੀ ਆਰਜ਼ੀ ਨੇ, ਬਲਕਿ ਸੂਰਜ ਦੀ ਵਾਪਸੀ, ਤਾਪ ਅਤੇ ਆਸ ਹਮੇਸ਼ਾ ਮੁਮਕਿਨ ਹੈ। ਲੋਹੜੀ ਦੀ ਅੱਗ ਉਹ ਲੋਕ ਯਕੀਨ ਹੈ, ਜੋ ਦੱਸਦਾ ਹੈ ਕਿ ਇਨਸਾਨ ਇਕੱਲਾ ਨਹੀਂ, ਉਹ ਆਪਣੀ ਸਾਂਝੀ ਰਸਮ, ਦੁਆ ਤੇ ਮਿਹਨਤ ਨਾਲ ਮੁਸ਼ਕਲ ਮੌਸਮ ਨੂੰ ਵੀ ਮਾਤ ਦੇ ਸਕਦਾ ਹੈ।

ਜ਼ਰਾਇਤੀ ਤਹਿਜ਼ੀਬ ਤੋਂ ਜੰਮੇ ਇਹ ਵਿਸ਼ਵਾਸ ਰਿਜ਼ਕ ਦੀ ਹੁਰਮਤ, ਮਿਹਨਤ ਦੀ ਕਦਰ ਅਤੇ ਸ਼ੁਕਰਗੁਜ਼ਾਰੀ ਦਾ ਸਬਕ ਦਿੰਦੇ ਨੇ। ਦੁੱਲਾ ਭੱਟੀ ਵਰਗੇ ਲੋਕ ਪਾਤਰ ਲੋਹੜੀ ਨੂੰ ਇਖ਼ਲਾਕੀ ਮਾਇਨੇ ਬਖ਼ਸ਼ਦੇ ਨੇ, ਜਿੱਥੇ ਜ਼ੁਲਮ ਦੇ ਖ਼ਿਲਾਫ਼ ਖੜ੍ਹਾ ਹੋਣਾ ਵੀ ਇਬਾਦਤ ਸਮਝਿਆ ਜਾਂਦਾ ਹੈ। ਭਾਵੇਂ ਆਧੁਨਿਕ ਦੌਰ ਵਿਚ ਕਈ ਰਸਮਾਂ ਸਿਰਫ਼ ਨਿਸ਼ਾਨ ਬਣ ਚੁੱਕੀਆਂ ਨੇ, ਪਰ ਉਨ੍ਹਾਂ ਦੀ ਰੂਹ ਅੱਜ ਵੀ ਪੰਜਾਬੀ ਪਹਿਚਾਣ ਵਿਚ ਸਾਹ ਲੈ ਰਹੀ ਹੈ।

ਆਖ਼ਰਕਾਰ, ਲੋਹੜੀ ਦੇ ਵਿਸ਼ਵਾਸ ਇਹ ਯਾਦ ਦਿਵਾਉਂਦੇ ਨੇ ਕਿ ਤਿਓਹਾਰ ਸਿਰਫ਼ ਮਨਾਉਣ ਲਈ ਨਹੀਂ ਹੁੰਦੇ, ਬਲਕਿ ਉਹ ਸਮਾਜ ਦੀ ਯਾਦਾਸ਼ਤ, ਤਜਰਬੇ ਅਤੇ ਬਕਾਅ ਦੀ ਕਹਾਣੀ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦਾ ਸਾਧਨ ਹੁੰਦੇ ਨੇ। ਲੋਹੜੀ ਇਨਸਾਨ ਨੂੰ ਇਹ ਸਬਕ ਦਿੰਦੀ ਹੈ ਕਿ ਕੁਦਰਤ ਨਾਲ ਸੁਰਤਾਲ, ਸਮੂਹਕ ਸੋਚ ਅਤੇ ਆਸ ਹੀ ਅਸਲ ਜ਼ਿੰਦਗੀ ਹੈ।

## ਲੋਹੜੀ ਆਈ

ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।
ਸਰਦੀ ਨੇ ਸੀ ਜੋ ਸਿਤਮ ਢਾਹਿਆ
ਮੌਸਮ ਨੇ ਲੈ ਲੈਣੀ ਅੰਗੜਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਬੱਚੇ ਬੁੱਢੇ ਅਤੇ ਜਵਾਨ
ਲੋਹੜੀ ਮੰਗਣ ਘਰ ਘਰ ਜਾਣ
ਬੋਲੀਆਂ ਪਾ ਪਾ ਰੌਣਕ ਲਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਮੂੰਗਫ਼ਲੀ ਗੱਚਕ ਅਤੇ ਰਿਓੜੀ
ਸਾ੍ਹਲਾ! ਜੀਵੇ ਹਰ ਇਕ ਜੋੜੀ
ਹਰ ਘਰ ਦੇ ਵਿਚ ਬਰਕਤ ਪਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

ਧੀਆਂ-ਪੁੱਤਰਾਂ ਦੇ ਵਿਚ ਫਰਕ ਨਾ ਕੋਈ
ਇਹ ਗੱਲ ਸਮਝੇ ਕੁੱਲ ਲੋਕਾਈ
ਧਰਮਿੰਦਰ ਨੇ ਹੈ ਆਸ ਲਗਾਈ
ਲੋਹੜੀ ਆਈ ਲੋਹੜੀ ਆਈ
ਖੁਸ਼ੀਆਂ ਖੇੜੇ ਨਾਲ ਲਿਆਈ।

***-ਧਰਮਿੰਦਰ ਸਿੰਘ***

---

## ਲੋਹੜੀ

ਲੋਹੜੀ ਤਿਉਹਾਰ ਜਦੋਂ ਆਉਂਦਾ,
ਹਰ ਚਿਹਰੇ ਤੇ ਖੁਸ਼ੀ ਲਿਆਉਂਦਾ।
ਠੰਡ ਨੂੰ ਲੱਗ ਜਾਂਦੀ ਕੁੱਝ ਬਰੇਕ,
ਆਉਣ ਲੱਗਦਾ ਸੂਰਜ ਦਾ ਸੇਕ।

ਉੱਚੀ ਅਵਾਜ਼ ਵਿਚ ਗਾਣੇ ਵੱਜਣ,
ਲੋਕੀਂ ਅੱਧੀ ਰਾਤ ਤੱਕ ਨੱਚਣ।
ਦਿਨ ਵਿਚ ਲੋਕ ਲੋਹੜੀ ਮੰਗਦੇ,
ਬਦਲੇ ਵਿਚ ਨੇ ਦੁਆਵਾਂ ਵੰਡਦੇ।

ਦਰ 'ਤੋਂ ਕੋਈ ਖਾਲੀ ਨਾ ਮੋੜੇ,
ਦਾਣੇ, ਗੱਚਕ ਚਾਹੇ ਦੇਵੇ ਥੋੜ੍ਹੇ।
ਦੁਕਾਨਦਾਰ ਵੱਡਾ ਦਿਲ ਖੋਲਦੇ,
ਲਾ ਦਿੱਤੀ ਸੇਲ ਚੱਕ ਲੋ ਬੋਲਦੇ।

ਰਾਤੀਂ ਇਕੱਠੇ ਹੋ ਧੂਣੀ ਲਾਉਂਦੇ,
ਦੁੱਲੇ ਭੱਟੀ ਦੇ ਗੀਤ ਨੇ ਗਾਉਂਦੇ।
ਰਿਓੜੀ, ਮੂੰਗਫਲੀ ਦਾ ਪ੍ਰਸਾਦ,
ਇਕੱਠੇ ਖਾਣ ਦਾ ਵੱਖਰਾ ਸੁਆਦ।

***-ਚਮਨ ਸ਼ਰਮਾ***

# 'ਚਲੋ, ਇਸ ਵਾਰ ਮਰ ਕੇ ਦੇਖੀਏ'

ਤੁਸੀਂ ਵੀ ਕਹੋਂਗੇ ਕਿ ਇਹ ਕੀ ਮੂਰਖਾਨਾਂ ਸਿਰਲੇਖ ਹੋਇਆ ਭਲਾ? ਕੌਣ ਮਰਨਾ ਚਾਹੁੰਦੈ? ਮੂਰਖ ਵੀ ਇਸ ਮਾਮਲੇ 'ਚ ਘਣਾ ਸਿਆਣਾ ਹੁੰਦੈ ਕਿਉਂਕਿ ਕੋਈ ਮੂਰਖ ਵੀ ਮਰਨਾ ਨਹੀਂ ਲੋਚਦਾ। ਫਿਰ ਸਾਡੇ ਵਰਗਾ 'ਸਿਆਣਾ-ਬਿਆਣਾ' ਅਜਿਹੀ ਮੂਰਖਾਨਾ ਹਰਕਤ ਕਰਨ ਬਾਰੇ ਕਿਉਂ ਸੋਚੂ? (ਵੈਸੇ ਹਰ ਮੂਰਖ ਹੀ ਆਪਣੇ ਆਪ ਨੂੰ ਸਿਆਣਾ-ਬਿਆਣਾ ਸਮਝਦੈ!) ਗੁਰਬਾਣੀ ਦਾ ਫੁਰਮਾਨ ਹੈ ਕਿ 'ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ'॥(ਸ.ਗ.ਗ.ਸ. ਅੰਗ-555)। ਸਗੋਂ ਬੰਦਾ ਤਾਂ ਇਹ ਭਰਮ ਪਾਲਦੈ ਕਿ 'ਮੈ ਨ ਮਰਉ ਮਰਿਬੋ ਸੰਸਾਰਾ'॥(ਅੰਗ-325)

ਤੁਸੀਂ ਇਹ ਵੀ ਕਹੋਂਗੇ ਕਿ ਭਲਾ ਮਰ ਕੇ ਵੀ ਕਦੀ ਕੋਈ ਆਪਣਾ ਮਰਨਾ ਦੇਖ ਸਕਦੈ। ਤੁਸੀਂ ਬਿਲਕੁਲ ਠੀਕ ਕਿਹੈ। ਪਰ ਗਲਤ ਅਸੀਂ ਵੀ ਨਹੀਂ ਕਿਹਾ। ਜਾਣੀ, 'ਤਾਇਆ ਤੇਲੂ ਵੀ ਠੀਕ ਤੇ ਚਾਚੀ ਚਿੰਤੀ ਵੀ ਗਲਤ ਨਹੀਂ'!

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਦਰਅਸਲ ਇਸ ਸਿਰਲੇਖ ਦਾ ਸਬੰਧ ਵਹਿਮਾਂ-ਭਰਮਾਂ ਨਾਲ ਹੀ ਹੈ। ਅਸੀਂ ਬੇਸ਼ਕ 'ਵਿਸ਼ਵ ਗੁਰੂ' ਬਣ ਗਏ ਹਾਂ ਪਰ ਵਿਗਿਆਨਕ ਸੋਚ ਤੋਂ ਅਜੇ ਵੀ ਵਿਰਵੇ ਹਾਂ। ਪਰਾਭੌਤਿਕ ਸ਼ਕਤੀਆਂ, ਜੋਤਸ਼ੀਆਂ-ਪਾਂਧਿਆਂ, ਪੁੱਛਾਂ-ਪੱਤਰੀਆਂ, ਰਾਹੂਆਂ-ਕੇਤੂਆਂ, ਧਾਗੇ-ਤਵੀਤਾਂ, ਓਝਿਆਂ-ਝਾੜਿਆਂ, ਮੜ੍ਹੀਆਂ-ਮਸਾਣਾਂ, ਭੂਤਾਂ-ਪ੍ਰੇਤਾਂ ਆਦਿਕ ਵਿਚ ਸਾਡਾ ਬੜਾ ਵਿਸ਼ਵਾਸ ਹੈ।

ਬੇਸ਼ਕ ਅਸੀਂ ਆਪ ਤਾਂ ਵਹਿਮੀ ਨਹੀਂ ਪਰ ਵਹਿਮਾਂ ਮਾਰੇ ਚੌਗਿਰਦੇ ਵਿਚ ਵਿਚਰੇ ਜ਼ਰੂਰ ਹਾਂ। ਘਰੋਂ ਨਿਕਲਣ ਲਗਿਆਂ ਕੋਈ ਛਿੱਕ/ਨਿੱਛ ਮਾਰ ਦਿੰਦਾ ਤਾਂ ਬਜ਼ੁਰਗ ਪਹਿਲਾਂ ਕਹਿੰਦੇ-'ਤੇਰਾ ਨੱਕ ਸੜ ਜਾਏ' ਤੇ ਫਿਰ ਘਰ ਵਾਪਿਸ ਪਰਤ ਕੇ, ਜੁੱਤੀ ਲਾਹ ਕੇ, ਕੁਝ ਮਿੱਠਾ (ਗੁੜ ਆਦਿਕ) ਖਾਣ ਮਗਰੋਂ ਫਿਰ ਬਾਹਰ ਜਾਂਦੇ। ਕਈ ਵਾਰ ਦੂਸਰੀ ਛਿੱਕ ਦੀ ਉਡੀਕ ਕਰਦੇ ਰਹਿੰਦੇ। ਮਨੌਤ ਸੀ ਕਿ ਜੇ ਦੋ ਛਿੱਕਾਂ ਵੱਜ ਜਾਣ ਤਾਂ ਫਿਰ ਕੋਈ ਵਹਿਮ ਨਹੀਂ, ਵਰਨਾਂ ਤੁਰਨ ਲਗਿਆਂ ਇੱਕ ਛਿੱਕ ਦਾ ਵੱਜਣਾ ਬੜਾ ਨਹਿਸ਼ ਮੰਨਿਆ ਜਾਂਦਾ ਸੀ/ਹੈ।

ਇਹ ਵੀ ਵਹਿਮ ਹੈ ਕਿ ਜੇ ਬਿੱਲੀ ਰਾਹ ਕਟ ਜਾਏ ਤਾਂ ਸਮਝੋ ਖੈਰ ਨਹੀਂ। ਸਾਡਾ ਇੱਕ ਡਰਾਈਵਰ ਸੀ, ਪਾਠ-ਪੂਜਾ ਕਰਨ ਵਾਲਾ ਭਲਾ ਲੋਕ। ਇੱਕ ਵਾਰ ਅਸੀਂ ਇੱਕ ਪਹਾੜੀ ਇਲਾਕੇ ਦੀ ਸੈਰ 'ਤੇ ਗਏ। ਕਾਰ ਇੱਕ ਹਿੱਲ ਸਟੇਸ਼ਨ ਤੋਂ ਕਿਸੇ ਦੂਸਰੇ ਸੈਲਾਨੀ ਸਥਲ ਵਲ ਜਾ ਰਹੀ ਸੀ ਕਿ ਡਰਾਈਵਰ ਨੇ ਅਚਾਨਕ ਬਰੇਕ ਮਾਰੀ। ਫਿਰ 'ਰਿਵਰਸ' ਲਾ ਕੇ ਕਾਰ ਥੋੜ੍ਹੀ ਪਿਛਾਂਹ ਕਰ ਲਈ। ਫਿਰ ਉਹ ਕੁਝ ਬੁੜਬੁੜਾਉਣ ਲਗਾ। ਅਸੀਂ ਸੋਚਿਆ ਕਿ ਪਹਾੜੀ ਇਲਾਕਾ ਹੈ, ਚੜ੍ਹਾਈ ਕਾਰਨ ਸ਼ਾਇਦ ਕਾਰ ਦਾ ਇੰਜਣ ਗਰਮ ਹੋ ਗਿਆ ਹੋਣੈਂ ਜਾਂ ਕੋਈ ਹੋਰ ਨੁਕਸ ਪੈ ਗਿਆ ਹੋਣੈਂ। ਅਸੀਂ ਡਰਾਈਵਰ ਨੂੰ ਪੁੱਛਿਆ ਕਿ ਕੀ ਹੋਇਆ? ਉਸ ਦਾ ਜਵਾਬ ਸੁਣ ਕੇ ਅਸੀਂ ਹੈਰਾਨ ਰਹਿ ਗਏ, ਪ੍ਰੇਸ਼ਾਨ ਵੀ ਹੋਏ। "ਜੀ, ਅੱਗੋਂ ਬਿੱਲੀ ਰਾਹ ਕੱਟ ਗਈ ਸੀ', ਉਸ ਨੇ ਕਿਹਾ। 'ਮੈਂ ਥੋੜੀ ਪਿਛਾਂਹ ਕਰਕੇ ਮੰਤਰ ਉਚਾਰੇ ਐ ਤੇ ਹੁਣ ਅੱਗੇ ਚਲਾਂਗੇ', ਉਸ ਨੇ ਆਪਣੇ ਬੁੜਬਣਾਉਣ ਦੀ ਵਜ਼ਾਹਤ ਕਰਦਿਆਂ ਦਸਿਆ। ਜਦ ਮੈਂ ਉਸ ਨੂੰ ਕਿਹਾ ਕਿ ਅਸੀਂ ਅਜਿਹੇ ਵਹਿਮ ਨਹੀਂ ਕਰਦੇ ਅਤੇ ਇੱਕ ਨਿਮਾਣੀ ਜਿਹੀ ਬਿੱਲੀ ਭਲਾ ਕਿਸੇ ਦਾ ਕੀ ਵਿਗਾੜ ਦਊ ਤਾਂ ਉਸ ਨੇ ਬੜੇ ਭੋਲੇ ਭਾਅ ਜਵਾਬ ਦਿਤਾ, 'ਜੀ ਤੁਹਾਡਾ ਤਾਂ ਪਤਾ ਨਹੀਂ ਪਰ ਤੁਹਾਡੇ ਨਾਲ ਮੈਂ ਵੀ ਤਾਂ ਹਾਂ ਤੇ ਮੈਨੂੰ ਬਿੱਲੀ ਦੇ ਰਾਸਤਾ ਕੱਟਣ ਦਾ ਬੜਾ ਵਹਿਮ ਹੈ। ਸੋ, ਮੈਂ ਤਾਂ ਅਜਿਹੇ ਸਮੇਂ ਏਦਾਂ ਈ ਕਰਦੈਂ"।

ਆਉ ਜ਼ਰਾ ਹੁਣ ਹਥਲੇ ਸਿਰਲੇਖ ਵਲ ਮੁੜੀਏ। ਜਿਵੇਂ ਅਸੀਂ ਦਸ ਚੁੱਕੇ ਹਾਂ ਕਿ ਸਾਨੂੰ ਜੋਤਸ਼ੀਆਂ ਉਪਰ ਕੋਈ ਭਰੋਸਾ ਨਹੀਂ। ਦੱਖਣੀ ਭਾਰਤੀ ਅੰਗਰੇਜ਼ੀ ਲੇਖਕ ਆਰ.ਕੇ. ਨਾਰਾਇਣ ਦੀ ਇੱਕ ਕਹਾਣੀ 'ਨਜੂਮੀ ਦਾ ਦਿਨ' (ਐਨ ਐਸਟਰੋਲੌਜਰ'ਜ਼ ਡੇਅ), ਜੋ ਅਸੀਂ ਕਲਾਸ ਵਿਚ ਪੜ੍ਹਾਉਂਦੇ ਰਹੇ ਹਾਂ, ਵਿੱਚ ਵਿਦਵਾਨ ਲੇਖਕ ਇੱਕ ਸੜਕਸ਼ਾਪ ਜੋਤਸ਼ੀ-ਨਾਇਕ ਬਾਰੇ ਕਹਿੰਦੈ ਕਿ ਉਸ ਨੂੰ ਜੋਤਿਸ਼-ਵਿਦਿਆ ਬਾਰੇ ਇੱਲ ਦਾ ਨਾਂ ਕੋਕੋ ਨਹੀਂ ਆਉਂਦਾ ਪਰ ਉਸ ਨੂੰ ਮਾਨਵੀ ਮੁਸੀਬਤਾਂ ਦਾ ਕੰਮਕਾਜੀ ਮੁਲੰਕਣ ਆਉਂਦਾ ਸੀ। ਉਹ ਜਾਣਦਾ ਸੀ ਕਿ ਸ਼ਾਦੀ-ਵਿਆਹ, ਪੈਸਾ-ਧੇਲਾ ਅਤੇ ਮਨੁੱਖੀ ਰਿਸ਼ਤਿਆਂ ਦਾ ਉਲਝਿਆ ਤਾਣਾ-ਪੇਟਾ ਹੀ ਮਾਨਵੀ ਮੁਸ਼ਕਲਾਂ ਦਾ ਕਾਰਨ ਹੈ। ਸੋ, ਇਸ ਆਮ ਸੂਝ ਸਹਾਰੇ ਉਹ ਆਪਣਾ ਬੁੱਤਾ ਸਾਰੀ ਜਾਂਦਾ ਸੀ। ਤੇ ਨਾਰਾਇਣ ਦਾ ਨਜੂਮੀ ਬਾਰੇ ਇਹ ਮੁਲੰਕਣ ਹੈ ਵੀ ਨਿੱਗਰ ਤੇ ਖਰਾ।

ਅਸੀਂ ਜੋਤਸ਼ੀ ਦੀ ਸਾਡੇ ਬਾਰੇ ਕੀਤੀ ਗਈ ਇੱਕ ਭਵਿੱਖਬਾਣੀ ਦਾ ਜ਼ਿਕਰ ਪਹਿਲਾਂ ਵੀ ਕਰ ਚੁੱਕੇ ਹਾਂ ਪਰ ਉਸ ਦਾ ਇੱਕ ਪਹਿਲੂ ਅਣਦਸਿਆ ਰਹਿ ਗਿਆ ਸੀ। ਜਿਸ ਪੱਖ ਦਾ ਜ਼ਿਕਰ ਹੋ ਚੁਕੈ ਉਸ ਦਾ ਸਾਰ ਇਸ ਤਰ੍ਹਾਂ ਹੈ-ਆਪਣੇ ਇੱਕ ਦੋਸਤ ਦੇ ਜ਼ਿਦ ਕਰਨ 'ਤੇ ਅਸੀਂ ਇੱਕ ਵਾਰ (ਤੇ ਆਖਰੀ ਵਾਰ) ਇੱਕ ਨਾਮੀ-ਕਰਾਮੀ ਜੋਤਸ਼ੀ ਕੋਲ ਗਏ। ਸਾਡੇ ਬਾਬਾ ਜੀ ਨੇ ਸਾਡੀ ਇੱਕ ਜਨਮ ਪੱਤਰੀ ਬਣਵਾਈ ਸੀ ਜਿਸ ਦੀ ਲਿਖਤ 'ਚ ਸਾਡੇ ਉੱਜਵਲ ਭਵਿੱਖ ਦੀ ਪੇਸ਼ੀਨਗੋਈ ਕੀਤੀ ਗਈ ਸੀ। ਪਰ ਖਾਕਿਆਂ/ਖਾਨਿਆਂ ਨੂੰ ਪੜ੍ਹਨ ਬਾਦ ਜੋਤਸ਼ੀ ਨੇ ਸਾਡੇ ਬਾਰੇ ਅਜਿਹੀਆਂ 'ਸੁੰਦਰ ਸੁੰਦਰ' ਗੱਲਾਂ ਦਸੀਆਂ ਕਿ ਸਾਨੂੰ ਧਰਤੀ ਵਿਹਲ ਨਾ ਦੇਵੇ ਕਿ ਸ਼ਰਮ ਦੇ ਮਾਰੇ ਉਸ 'ਚ ਗਰਕ ਜਾਈਏ। ਅਖੇ ਇਹ ਪੰਜਵੀਂ ਤੋਂ ਵਧ ਨਹੀਂ ਪੜ੍ਹਿਆ ਹੋਣਾ, ਸ਼ਰਾਬੀ-ਕਬਾਬੀ ਅਤੇ ਵਿਭਚਾਰੀ-ਵਿਲਾਸੀ ਹੋਣਾ। ਜਦ ਇਨ੍ਹਾਂ ਤਿੰਨਾਂ 'ਮਹਾਨ ਗੁਣਾਂ' ਤੋਂ ਅਸੀਂ ਇਨਕਾਰੀ ਹੋਏ ਤਾਂ ਜੋਤਸ਼ੀ ਮਹਾਰਾਜ ਨੇ ਪੱਤਰੀ ਸਾਡੇ ਮੂੰਹ 'ਤੇ ਵਗਾਹ ਮਾਰੀ ਤੇ ਇੱਕ ਨਵੀਂ ਜਨਮ-ਕੁੰਡਲੀ ਬਣਾਉਣ ਦਾ ਆਦੇਸ਼ ਦਿਤਾ।

ਨਵੀਂ ਕੁੰਡਲੀ ਵਿਚਲੀ ਭਵਿੱਖਬਾਣੀ ਸੁਣ ਲਉ-'ਇਹ ਇਸ ਦਾ ਮੌਤ ਦਾ ਵਰ੍ਹਾ ਹੈ, ਭਾਵ 1980। ਦਸੰਬਰ ਦੇ ਇਸ ਆਖਰੀ ਹਫਤੇ ਜਾਂ ਤਾਂ ਕੋਈ ਇਸ ਦਾ ਕਤਲ ਕਰੂ, ਜਾਂ ਇਸ ਦੇ ਛੁਰਾ ਮਾਰੂ ਤੇ ਜਾਂ ਇਹ ਜੇਲ੍ਹ ਜਾਊ'। ਬਚਾਅ ਲਈ ਉਪਾਅ ਵੀ ਦਸੇ ਜੋ ਅਸੀਂ ਬਿਲਕੁਲ ਨਹੀਂ ਕੀਤੇ। ਮੌਤ ਦੇ ਵਰ੍ਹੇ ਦੀ ਪੇਸ਼ੀਨਗੋਈ ਕਰਨ ਵਾਲੇ ਜੋਤਸ਼ੀ ਜੀ ਤਾਂ ਜਲਦ ਰੱਬ ਨੂੰ ਪਿਆਰੇ ਹੋ ਗਏ ਪਰ ਅਸੀਂ 45 ਸਾਲ ਬਾਦ ਵੀ ਅਜੇ ਹੈਗੇ ਆਂ!

ਹਾਂ, ਹੁਣ ਉਹ ਅਣਦਸੀ ਗੱਲ। ਪਾਂਧਾ ਜੀ ਨੇ ਸਾਨੂੰ ਇਹ ਵੀ ਹਦਾਇਤ ਕੀਤੀ ਸੀ ਕਿ ਅਸੀਂ ਇਕੱਤੀ ਦਸੰਬਰ ਵਾਲੇ ਦਿਨ ਘਰੋਂ ਬਾਹਰ ਨਾ ਨਿਕਲੀਏ, ਕਿਉਂਕਿ ਉਸ ਦਿਨ ਅਜਿਹਾ ਕਰਨਾਂ ਸਾਡੇ ਲਈ 'ਸ਼ੁੱਭ' ਨਹੀਂ। ਜੇ ਨਿਕਲੇ ਤਾਂ ਹੋ ਸਕਦੈ ਕਿ ਨਵਾਂ ਸਾਲ ਦੇਖਣਾ ਨਸੀਬ ਹੀ ਨਾ ਹੋਵੇ। ਅਸੀਂ ਉਪਰੋਕਤ ਮੁੱਖ ਭਵਿੱਖਬਾਣੀ ਦੇ ਝਮੇਲੇ ਵਿਚ ਇਸ ਉੱਪ-ਭਵਿੱਖਬਾਣੀ ਨੂੰ ਵਿਸਰ ਹੀ ਗਏ। ਪਰ ਹੌਲੀ ਹੌਲੀ ਇਹ ਸਾਡੇ ਚੇਤਿਆਂ ਦੀ ਚੰਗੇਰ 'ਚੋਂ ਧੌਣ ਬਾਹਰ ਨੂੰ ਕੱਢ ਕੇ ਸਾਨੂੰ 'ਝਾਅ' ਕਹਿਣ ਲਗ ਪਈ।

ਪਹਿਲਾਂ ਤਾਂ ਅਸੀਂ ਆਈ-ਗਈ ਕਰ ਗਏ ਪਰ ਫਿਰ ਇਹ ਸਾਡੇ ਅੰਦਰ ਖੋਰੂ ਜਿਹਾ ਪਾਉਣ ਲਗ ਪਈ। ਸੱਚ ਜਾਣਿਉਂ ਇਸ ਨੇ ਸਿੱਧੇ-ਅਸਿੱਧੇ ਰੂਪ 'ਚ ਸਾਨੂੰ ਪ੍ਰਭਾਵਤ ਵੀ ਕਰਨਾ ਸ਼ੁਰੂ ਕਰ ਦਿਤਾ। ਅਸੀਂ ਆਨੇ ਬਹਾਨੇ 31 ਦਸੰਬਰ ਨੂੰ ਬਾਹਰ ਜਾਣੋਂ ਬਚਣ ਲਗੇ। ਉਂਜ ਵੀ ਸਾਡੇ ਵੇਲਿਆਂ 'ਚ ਜਨਮੇ ਬੰਦੇ, ਖਾਸ ਕਰਕੇ ਪਿੰਡਾਂ 'ਚ ਸਧਾਰਨ ਪਰਿਵਾਰਾਂ 'ਚ ਪੈਦਾ ਹੋਏ ਬੰਦੇ, ਨਵਾਂ ਸਾਲ ਜਾਂ ਨਵੇਂ ਸਾਲ ਦੀ ਪੂਰਵ-ਸੰਧਿਆ ਦੇ ਜਸ਼ਨ ਮਨਾਉਣ ਵਾਲੀਆਂ ਸ਼੍ਰੇਣੀਆਂ 'ਚੋਂ ਨਹੀਂ ਹਨ। ਫਿਰ ਵੀ ਹੁਣ ਬੱਚਿਆਂ ਜਾਂ ਬੱਚਿਆਂ ਦੇ ਬੱਚਿਆਂ ਨਾਲ ਕਦੀ ਕਦਾਈਂ ਬਾਹਰ ਖਾਣਾ ਖਾਣ ਚਲੇ ਜਾਈਦਾ। ਆਹ ਲੰਘੇ ਸਾਲ, ਜਾਣੀ 2025 ਦੀ ਪੂਰਵ-ਸੰਧਿਆ ਮੌਕੇ ਵੀ ਅਜਿਹਾ ਸਬੱਬ ਬਣਿਆਂ। ਪ੍ਰੋਗਰਾਮ ਤੈਅ ਹੋ ਗਿਆ। ਐਨ ਬਾਹਰ ਜਾਣ ਤੋਂ ਪਹਿਲਾਂ ਸਾਨੂੰ ਯਾਦ ਆ ਗਿਆ ਕਿ 'ਪੰਡਤ ਜੀ'(ਜੋਤਸ਼ੀ) ਨੇ ਤਾਂ 31 ਦਸੰਬਰ ਨੂੰ ਬਾਹਰ ਨਿਕਲਣ ਦੀ ਮਨਾਹੀ ਕੀਤੀ ਸੀ,ਕਿਉਂਕਿ ਅਜਿਹਾ ਸਾਡੇ ਲਈ 'ਸ਼ੁੱਭ' ਨਹੀਂ ਸੀ। ਸਾਨੂੰ ਸਹਿਮ ਜਿਹਾ ਹੋਣ ਲਗਾ ਕਿ ਕਿਧਰੇ ਜਾ ਜਾਂਦੀਏ ਹੀ ਨਾ ਹੋ ਜਾਏ, ਜਾਣੀ ਜੱਗੋਂ ਤੇਰ੍ਹਵੀਂ। ਪਲ ਕੁ ਲਈ ਸੋਚਿਆ ਕਿ ਨਾ ਹੀ ਜਾਵਾਂ ਪਰ ਨਿਸਚਾ ਕਹੇ ਕਿ 'ਜੰਮਣੁ ਮਰਨਾ ਹੁਕਮੁ ਹੈ ਭਾਣੈ ਆਵੈ ਜਾਇ'॥(ਸ.ਗ.ਗ.ਸ.ਅੰਗ-472)

ਸੋ ਫੈਸਲਾ ਕਰ ਲਿਆ ਕਿ ਇਸ ਵਾਰ ਬਾਹਰ ਨਿਕਲਿਆ ਜਾਏ, ਚਾਹੇ ਸ਼ੁੱਭ ਹੋਵੇ ਤੇ ਚਾਹੇ ਅਸ਼ੁੱਭ! ਵੱਧ ਤੋਂ ਵੱਧ ਕੀ ਹੋਊ? ਮਰ ਹੀ ਜਾਊਂ। ਚਲੋ, ਇਸ ਵਾਰ ਮਰ ਕੇ ਦੇਖੀਏ! ਜ਼ਰਾ ਮੌਤ ਨੂੰ ਮਾਸੀ ਕਹੀਏ!

ਤੇ ਅਸੀਂ ਆਪਣੇ ਆਪ ਨੂੰ 'ਮਰ ਕੇ ਦੇਖਣ ਲਈ' ਬਾਹਰ ਨਿਕਲ ਪਏ! ਇੱਕ ਹੋਟਲਨੁਮਾ ਢਾਬੇ 'ਚ ਖਾਣਾ ਖਾਣ ਉਪਰੰਤ ਸੁੱਖੀ-ਸਾਂਦੀ ਘਰ ਪਰਤ ਆਏ; ਇਸ ਘਟਨਾ ਤੋਂ ਠੀਕ ਇੱਕ ਹਫਤੇ ਬਾਦ ਨਵੇਂ ਸਾਲ 'ਚ ਇਹ ਲੇਖ ਲਿਖਣ ਲਈ!

ਵਈ, ਜਨਮ-ਮਰਨ ਸਾਡੇ ਹੱਥ ਨਹੀਂ! ਜੋ ਜਨਮ ਲੈਂਦੈ, ਸੋ ਮਰਦੈ! ਮਰਨਾ, ਪੂਰਵ- ਨਿਰਧਾਰਤ ਹੈ! "ਮਰਣੁ ਲਿਖਾਇ ਮੰਡਲ ਮਹਿ ਆਏ"॥(ਸ.ਗ.ਗ.ਸ.ਅੰਗ-685) ਫਿਰ ਜੀਵਨ ਦੇ ਜਸ਼ਨ ਵਿਚ ਮੌਤੋਂ ਪਹਿਲਾਂ ਮਰਨ ਦੀ ਚਿੰਤਾ ਲਾ ਕੇ ਜੀਊਂਦੇ-ਜੀਅ ਆਪਣੀ ਚਿਤਾ ਭਲਾ ਕਿਉਂ ਬਾਲਣੀ! ਉਰਦੂ ਦੇ ਮਸ਼ਹੂਰ ਸ਼ਾਇਰ ਮਿਰਜ਼ਾ ਗਾਲਿਬ ਨੇ ਖੂਬ ਕਿਹੈ-

"ਮੌਤ ਕਾ ਏਕ ਦਿਨ ਮੁਯੱਈਅਨ ਹੈ
ਨੀਂਦ ਕਿਉਂ ਰਾਤ ਭਰ ਨਹੀਂ ਆਤੀ"।

# ਜਿਹੜੀ ਜਵਾਨੀ ਤਲਵਾਰਾਂ ਤੇ ਤੋਪਾਂ ਨਾ.ਲ ਖਤਮ ਨਹੀਂ ਸੀ ਹੋਈ...

ਪਿੰਡ ਵਿਚ ਚਾਰੇ ਪਾਸੇ ਇਹ ਖਬਰ ਬੜੀ ਤੇਜ਼ੀ ਨਾਲ ਫੈਲ ਗਈ ਕਿ ਕਰਮੇ ਦਾ ਮੁੰਡਾ ਦੀਪਾ ਨਸ਼ੇ ਦੀ ਓਵਰਡੋਜ਼ ਨਾਲ ਮਰ ਗਿਆ। ਸੂਏ ਤੇ ਸੇਮ ਦੇ ਸਾਂਝੇ ਪੁਲ ਕੋਲ ਦੀਪੇ ਦੀ ਲਾਸ਼ ਪਈ ਸੀ ਅੱਧਿਓਂ-ਵੱਧ ਪਿੰਡ ਸੇਮ 'ਤੇ ਪਹੁੰਚ ਗਿਆ ਸੀ ਦੀਪੇ ਦੀ ਲਾਸ਼ ਦੇਖਣ ਲਈ। ਛੇ ਫੁੱਟ ਦਾ ਗੱਭਰੂ ਇੱਕ ਨਿੱਕੀ ਜਿਹੀ ਸੂਈ ਨੇ ਢੇਰੀ ਕਰ ਦਿੱਤਾ। ਇਕੱਲਾ ਪੁੱਤ ਨਸ਼ਿਆਂ ਦੀ ਦਲਦਲ ਵਿਚ ਅਜਿਹਾ ਫਸਿਆ ਕਿ ਮੌਤ ਦੇ ਸਮੁੰਦਰ ਵਿਚ ਡੁੱਬ ਗਿਆ। ਕਰਮਾ ਬਹੁਤ ਸਾਊ ਤੇ ਸ਼ਰੀਫ਼ ਇਨਸਾਨ ਸੀ। ਪੜ੍ਹਾਈ ਵਿਚ ਢਿੱਲਾ ਸੀ। ਮਾਪਿਆਂ ਨੇ ਪੜ੍ਹਨੋਂ ਹਟਾ ਲਿਆ। ਖੇਤੀ-ਬਾੜੀ ਵਿਚ ਵੀ ਬਹੁਤਾ ਦਿਲ ਨਾ ਲਾਉਂਦਾ। ਇੱਕ ਦਿਨ ਉਸ ਨੂੰ ਬਠਾ ਕੇ ਪੁੱਛਿਆ ਕਿ ਤੂੰ ਕਰਨਾ ਕੀ ਚਾਹੁੰਦਾ ਹੈ? ਉਸ ਨੇ ਜਵਾਬ ਦਿੱਤਾ ਕਿ ਮੈਂ ਸਕੂਟਰ ਤੇ



**ਮੇਜਰ ਕੁਲਾਰ**

ਮੋਟਰਸਾਈਕਲ ਦਾ ਮਕੈਨਿਕ ਬਣਨਾ ਹੈ। ਕਰਮੇ ਨੂੰ ਸ਼ਹਿਰ ਕੰਮ ਸਿੱਖਣ ਲਾ ਦਿੱਤਾ, ਚਾਰ ਪੰਜ ਸਾਲ ਵਿਚ ਸਿਰੇ ਦਾ ਮਕੈਨਿਕ ਬਣ ਗਿਆ। ਬਾਪੂ ਨੂੰ ਆਖ ਕੇ ਆਪਣੀ ਮਕੈਨਿਕ ਸ਼ਾਪ ਖੋਲ੍ਹ ਲਈ, ਸੋਹਣਾ ਕੰਮ ਤੁਰ ਪਿਆ। ਸ਼ਹਿਰ ਦੇ ਆਲੇ-ਦੁਆਲੇ ਪਿੰਡਾਂ ਵਿਚ ਕਰਮੇ ਦਾ ਨਾਮ ਗੂੰਜਣ ਲੱਗ ਗਿਆ। ਪੈਸੇ ਬਣਦੇ ਦੇਖ ਕਰਮੇ ਦੀ ਤਾਈ ਨੇ ਆਪਣੀ ਭਤੀਜੀ ਕੋਮਲ ਦਾ ਰਿਸ਼ਤਾ ਕਰਵਾ ਦਿੱਤਾ। ਕਰਮੇ ਨੇ ਗ੍ਰਹਿਸਥੀ ਦੀ ਕਿਸ਼ਤੀ ਦੁਨਿਆਵੀ ਸੁਮੰਦਰ ਵਿਚ ਠੱਲ੍ਹ ਲਈ। ਅਨੇਕਾਂ ਝੱਖੜ, ਤੂਫ਼ਾਨ ਆਏ ਪਰ ਕਰਮਾ ਕਦੇ ਨਾ ਡੋਲਿਆ। ਭਰਾਵਾਂ ਦੇ ਬੱਚੇ ਵੀ ਜਵਾਨ ਹੋ ਗਏ। ਭਰਾਵਾਂ ਨੇ ਸਹਿਮਤੀ ਨਾਲ ਹੀ ਰੋਟੀ ਟੁੱਕ ਅਲੱਗ ਕਰ ਲਿਆ। ਦੋ ਕਮਰੇ ਕਰਮੇ ਦੇ ਹਿੱਸੇ ਆਏ। ਕੋਮਲ ਕਹਿੰਦੀ ਕਿ ਆਪਾਂ ਅਲੱਗ ਮਕਾਨ ਪਾ ਲਈਏ। ਦੋਵਾਂ ਨੇ ਸਲਾਹ ਨਾਲ ਬਾਹਰ ਪਲਾਟ ਵਿਚ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ। ਮਕਾਨ ਦੀ ਨੀਂਹ ਰੱਖੀ ਹੀ ਸੀ ਕਿ ਪਰਮਾਤਮਾ ਨੇ ਕਰਮੇ ਦੀ ਦਹਿਲੀਜ਼ ਵੀ ਵਧਾ ਦਿੱਤੀ, ਕਰਮੇ ਦੇ ਘਰ ਪੁੱਤਰ ਨੇ ਜਨਮ ਲਿਆ। ਸਾਰਿਆਂ ਨੇ ਬਹੁਤ ਚਾਅ ਕੀਤਾ, ਤਾਈ ਨੇ ਨਾਮ ਰੱਖਿਆ ਸੁੱਖਦੀਪ ਸਿੰਘ, ਸਮਾਂ ਬੀਤਦਾ ਗਿਆ, ਮਕਾਨ ਤਿਆਰ ਹੋ ਗਿਆ, ਪਰਮਾਤਮਾ ਦਾ ਓਟ ਆਸਰਾ ਲੈ ਕੇ ਗ੍ਰਹਿ ਪ੍ਰਵੇਸ਼ ਕਰ ਲਿਆ। ਸਾਰੇ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਨੇ ਨਵੇਂ ਮਕਾਨ ਦੀਆਂ ਵਧਾਈਆਂ ਦਿੱਤੀਆਂ। ਸੁੱਖਦੀਪ ਤਿੰਨ ਸਾਲ ਦਾ ਹੋ ਗਿਆ, ਕਰਮੇ ਦੀ ਮਾਂ ਨੇ ਕੋਮਲ ਨੂੰ ਕਿਹਾ, ਪੁੱਤ ਜੋੜੀ ਬਣਾ ਲਵੋ ਚਾਹੇ ਪੁੱਤ ਹੋਵੇ ਜਾਂ ਧੀ, ਇਕੱਲਾ ਤਾਂ ਰੁੱਖ ਵੀ ਚੰਗਾ ਨਹੀਂ ਲੱਗਦਾ। ਕੋਮਲ ਤੇ ਕਰਮੇ ਨੇ ਇਕੱਠਿਆਂ ਕਿਹਾ, 'ਬੇਬੇ ਹੋਵੇ ਏਕ ਹੋਵੇ ਨੇਕ', ਮੈਨੂੰ ਬੱਸ ਇੱਕ ਪੁੱਤ ਚਾਹੀਦਾ ਸੀ ਉਹ ਮੈਨੂੰ ਪਰਮਾਤਮਾ ਨੇ ਦੇ ਦਿੱਤਾ ਹੈ। ਬੀਬੀ! ਅੱਜ ਦੇ ਜ਼ਮਾਨੇ ਵਿਚ ਬੱਚੇ ਪਾਲਣੇ ਬਹੁਤ ਔਖੇ ਨੇ, ਦੋ ਕਿਲਿਆਂ ਵਿਚ ਗੰਜੀ ਨਹਾਊਗੀ ਕੀ ਤੇ ਨਚੋੜੂਗੀ ਕੀ। 'ਕੋਮਲ ਪੁੱਤ ਮੈਂ ਜਦੋਂ ਵਿਆਹੀ ਆਈ ਸੀ ਤਾਂ ਤੇਰੇ ਸਹੁਰੇ ਨੂੰ ਚਾਰ ਕਿੱਲੇ ਜ਼ਮੀਨ ਆਉਂਦੀ ਸੀ। ਕਮਾਈ ਕੀਤੀ ਤੇ ਅੱਠ ਬਣ ਗਏ, ਮੇਰੇ ਚਾਰ ਪੁੱਤਰ ਹੋਏ ਤੇ ਦੋ ਧੀਆਂ। ਹੁਣ ਕਰਮੇ ਨੂੰ ਦੋ ਕਿੱਲੇ ਆਉਂਦੇ ਨੇ, ਕਮਾਈ ਕਰੂ, ਇਸ ਦੇ ਪੁੱਤਰ ਕਮਾਈ ਕਰਨਗੇ, ਆਪੇ ਦੋ ਤੋਂ ਚਾਰ, ਚਾਰ ਤੋਂ ਅੱਠ ਹੋ ਜਾਣਗੇ। ਨਾਲੇ ਬੱਚਿਆਂ ਨਾਲ ਤਾਂ ਘਰ, ਘਰ ਲੱਗਦਾ ਹੈ, ਮੇਰੇ ਕਿਹੇ ਦੋ ਬੱਚੇ ਹੋਰ ਲੈ ਲਵੋ, ਬੀਬੀ ਨੇ ਕੋਮਲ ਨੂੰ ਸਮਝਾਇਆ। ਬੀਬੀ ਪੜ੍ਹਾਈ 'ਤੇ ਪਤਾ ਕਿੰਨਾ ਖਰਚਾ ਹੁੰਦੈ। ਜੇ ਬੱਚਾ ਪੜ੍ਹ ਵੀ ਜਾਵੇ ਤੇ ਨੌਕਰੀ ਨਹੀਂ ਮਿਲਦੀ, ਕੁੜੀ ਵਾਲੇ ਆਪ ਭਾਵੇਂ ਦਾਜ ਦੇ ਖਿਲਾਫ਼ ਹੋਣ ਪਰ ਮੁੰਡੇ ਦੀ ਜ਼ਮੀਨ ਜ਼ਰੂਰ ਪੁੱਛਦੇ ਹਨ। ਗਰੀਬ ਤੋਂ ਗਰੀਬ ਪਿਓ ਵੀ ਆਪਣੀ ਧੀ ਦੋ ਕਿੱਲਿਆਂ ਵਾਲੇ ਨਾਲ ਨਹੀਂ ਵਿਆਹੁੰਦਾ। ਜ਼ਿਮੀਂਦਾਰਾਂ ਦੇ ਕਿੰਨੇ ਮੁੰਡੇ ਕੁਆਰਿਆਂ ਤੋਂ ਛੜਿਆਂ ਦੀ ਗਿਣਤੀ ਵਿਚ ਆਈ ਜਾਂਦੇ ਹਨ, ਉੱਤੋਂ ਅੱਜਕਲ੍ਹ ਦੀਆਂ ਕੁੜੀਆਂ ਦੇ ਨਖ਼ਰੇ ਨਹੀਂ ਮਾਣ, ਮੈਂ ਤਾਂ ਇਕੱਲੇ 'ਤੇ ਹੀ ਚਹੁੰ ਜਿੰਨਾ ਜ਼ੋਰ ਲਾ ਕੇ ਦਿਖਾਊਂਗੀ, ਕੋਮਲ ਨੇ ਗੱਲ ਮੁਕਾ ਦਿੱਤੀ। ਲੈ ਦੱਸ ਭਲਾ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੁੰਦੀ, ਉਹ ਰੋਟੀ ਨਹੀਂ ਖਾਂਦੇ, ਆਪਣੇ ਪਿੰਡ ਕਿੰਨੇ ਘਰ ਨੇ, ਜਿਨ੍ਹਾਂ ਕੋਲ ਜ਼ਮੀਨ ਦਾ ਇੱਕ ਸਿਆੜ ਵੀ ਨਹੀਂ, ਉਨ੍ਹਾਂ ਦੇ ਮੁੰਡਿਆਂ ਨੂੰ ਰਿਸ਼ਤੇ ਵੀ ਹੋਏ ਤੇ ਰੋਟੀ ਵੀ ਵਧੀਆ ਖਾਂਦੇ ਨੇ, ਕੋਈ ਫਾਹ ਲੈ ਕੇ ਵੀ ਨਹੀਂ ਮਰਿਆ, ਪੁੱਤ ਰੋਟੀ ਜ਼ਮੀਨ ਨਾਲ ਨਹੀਂ, ਕਰਮ ਤੇ ਕਿਸਮਤ ਨਾਲ ਮਿਲਦੀ ਹੈ। ਬੀਬੀ ਵੀ ਆਪਣਾ ਜ਼ੋਰ ਤੇ ਅਕਲ ਵਰਤ ਕੇ ਚੁੱਪ ਹੋ ਗਈ! ਕਰਮਾ ਹੁਣ ਆਪ ਘੱਟ ਕੰਮ ਕਰਦਾ ਸੀ, ਪੰਜ-ਛੇ ਮੁੰਡੇ ਰੱਖੇ ਹੋਏ ਸਨ। ਆਪ ਤਾਂ ਫੋਰਮੈਨੀ ਕਰ ਛੱਡਦਾ, ਕੰਮ ਚੰਗਾ ਤੁਰ ਪਿਆ ਸੀ। ਸੁੱਖਦੀਪ ਜਿਸਨੂੰ ਪਿਆਰ ਨਾਲ 'ਦੀਪਾ' ਬੁਲਾਉਂਦੇ ਸੀ ਉਹ ਵੀ ਪੜ੍ਹਨ ਲੱਗ ਗਿਆ, ਕਰਮੇ ਦੀ ਜ਼ਿੰਦਗੀ ਬਹੁਤ ਸੋਹਣੀ ਚਲ ਰਹੀ ਸੀ! ਆਚਨਕ ਕੋਮਲ ਦੀ ਤਬੀਅਤ ਖਰਾਬ ਹੋ ਗਈ, ਨਰਸ ਨੂੰ ਬੁਲਾਇਆ ਗਿਆ ਤਾ ਉਸ ਦੱਸਿਆ ਕਿ ਕੋਮਲ ਮਾਂ ਬਣਨ ਵਾਲੀ ਹੈ। ਬੀਬੀ ਨੇ ਤਾਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ, ਪਰ ਕੋਮਲ ਨੂੰ ਸੁਣ ਕੇ ਇੰਝ ਲੱਗਿਆ ਜਿਵੇਂ ਸੌ ਘੜਾ ਪਾਣੀ ਦਾ ਸਿਰ ਪੈ ਗਿਆ ਹੋਵੇ। ਮੇਰਾ ਬਾਰਾਂ ਸਾਲ ਦਾ ਪੁੱਤ ਹੈ ਮੈਂ ਹੋਰ ਨਹੀਂ ਚਾਹੁੰਦੀ, ਕੋਮਲ ਨੇ ਨਰਸ ਨਾਲ ਗੰਡ-ਤੁਪ ਕਰਕੇ ਕੁੱਖ ਨੂੰ ਕਬਰ ਬਣਾ ਲਿਆ। ਬੀਬੀ ਨੂੰ ਪਤਾ ਲੱਗਿਆ ਤਾਂ ਉਹ ਧਾਹਾਂ ਮਾਰ ਰੋਈ। ਕੋਮਲ! ਨੀ ਚੰਦਰੀਏ ਆਹ ਕੀ ਕੀਤਾ, ਪਰਮਾਤਮਾ ਦੀ ਦਿੱਤੀ ਦਾਤ ਬੂਹੇ ਤੋਂ ਮੋੜ ਦਿੱਤੀ, ਤੂੰ ਪਰਮਾਤਮਾ ਦੇ ਕਾਰਜਾਂ ਵਿਚ ਇੰਝ ਨਹੀਂ ਸੀ ਕਰਨਾ, ਪਿਓ ਘਰ ਦਾਣੇ ਮੁੱਕ ਗਏ, ਜਾਂ ਰਹਿਣ ਲਈ ਥਾਂ ਨਹੀਂ ਸੀ। ਆਹ ਮਹਿਲ ਜਿੱਡਾ ਘਰ ਸੀ, ਤੂੰ ਭਲਾ ਪੰਜ ਜਵਾਕ ਜੰਮ ਲੈਂਦੀ। ਬੀਬੀ ਨੇ ਰੋ ਰੋ ਬੁਰਾ ਹਾਲ ਕਰ ਲਿਆ। ਕਰਮੇ ਦੇ ਸਿਰ ਵੀ ਜੂੰ ਨਾ ਸਰਕੀ, ਉਸ ਨੇ ਵੀ ਨਾ ਆਈ ਦਾਤ ਦਾ ਸ਼ੁਕਰਾਨਾ ਕੀਤਾ ਨਾ ਦਫ਼ਨ ਕੀਤੀ ਦਾ ਸੋਗ ਮਨਾਇਆ। ਉਹ ਚਾਬੀਆਂ-ਪਾਨਿਆਂ ਨਾਲ ਮੱਥਾ ਮਾਰਦਾ ਰਿਹਾ। ਕੋਮਲ ਵੀ ਆਪਣੇ ਬੂਟੇ ਨੂੰ ਉਜਾੜ ਕੇ ਵਿਹੜੇ ਵਿਚ ਬੂਟੇ ਲਾਉਣ ਵਿਚ ਰੁੱਝੀ ਰਹਿੰਦੀ। ਸਮਾਂ ਲੰਘਿਆ, ਦੀਪਾ ਹਾਈ ਸਕੂਲ ਪਹੁੰਚ ਗਿਆ। ਨਿੱਤ ਦਿਨ ਉਸ ਦੇ ਉਲਾਂਭੇ ਆਉਣ ਲੱਗੇ। ਮਾਂ-ਪਿਓ ਦਾ ਲਾਡਲਾ ਹੋਣ ਕਰਕੇ ਉਸ ਨੂੰ ਹੋਰ ਸ਼ਹਿ ਮਿਲਦੀ ਗਈ, ਦਿਨ-ਬ-ਦਿਨ ਦੀਪੇ ਦੀਆਂ ਗਲਤੀਆਂ ਗੁਨਾਹ ਬਨਣ ਲੱਗੀਆਂ। ਗੁਨਾਹਾਂ ਦਾ ਘੜਾ ਜਦੋਂ ਭਰ ਗਿਆ ਤਾਂ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ। ਬਥੇਰੀਆਂ ਮਿੰਨਤਾਂ ਕੀਤੀਆਂ ਪਰ ਹੈਡਮਾਸਟਰ ਨਾ ਮੰਨਿਆ। ਦੀਪਾ ਅਵਾਰਾ ਪਸ਼ੂਆਂ ਵਾਂਗ ਪਿੰਡ ਵਿਚ ਘੁੰਮਣ ਲੱਗਿਆ, ਕਰਮੇ ਨੇ ਕਿਹਾ ਕਿ ਮੇਰੇ ਕੋਲ ਦੁਕਾਨ 'ਤੇ ਆ ਕੇ ਕੰਮ ਸਿੱਖ ਲੈ, ਪੜ੍ਹਾਈ ਤਾਂ ਕੀਤੀ ਨਹੀਂ। ਸਿਆਣੇ ਕਹਿੰਦੇ ਨੇ ਵਿਗੜੀ ਔਲਾਦ ਕਰਮਾਂ ਵਾਲੇ ਦੀ ਹੀ ਸੁਧਰਦੀ ਹੈ। ਕਰਮੇ ਦੇ ਕਰਮ ਵੀ ਢਿੱਲੇ ਹੀ ਰਹੇ। ਉਸ ਦਾ ਸਾਊਪੁਣਾ ਦੀਪੇ ਨੂੰ ਵਿਗਾੜ



ਗਿਆ। ਦੀਪਾ ਹੌਲੀ ਹੌਲੀ ਉਸ ਰਾਹ ਤੁਰ ਪਿਆ ਜਿਸ ਦਾ ਅੰਤ ਸਿਰਫ਼ ਮੌਤ ਹੈ, ਦੀਪੇ ਦੇ ਚਾਚਿਆਂ-ਤਾਇਆਂ ਨੂੰ ਵੀ ਉਲਾਂਭੇ ਆਉਣ ਲੱਗੇ, ਕਈਆਂ ਨਾਲ ਤਾਂ ਲੜਾਈਆਂ ਵੀ ਹੋ ਗਈਆਂ, ਹਰੇਕ ਕਹਿੰਦਾ, ਕਰਮਾ ਤਾ ਸਾਊ ਸੀ ਇਹ ਕਿੱਥੋਂ ਜੰਮ ਪਿਆ! ਦੀਪਾ ਕੋਮਲ ਨੂੰ ਮਰਨ ਦਾ ਡਰਾਵਾ ਦਿੰਦਾ ਤੇ ਉਹ ਪੈਸੇ ਦੇ ਦਿੰਦੀ। ਜੇ ਘਰੋਂ ਨਾ ਮਿਲਦੇ, ਲੋਕਾਂ ਕੋਲੋਂ ਮੰਗਣ ਲੱਗ ਜਾਂਦਾ, ਲੋਕ ਦੀਪੇ ਦੀਆਂ ਕਰਤੂਤਾਂ ਦੇਖ ਉਸ ਨੂੰ ਬੁਰਾ-ਭਲਾ ਕਹਿੰਦੇ ਤੇ ਗੱਲ ਲੜਾਈ 'ਤੇ ਆ ਜਾਂਦੀ! ਹੁਣ ਤਾਂ ਦੀਪੇ ਦਾ ਨਾਮ ਚੋਰੀਆਂ ਵਿਚ ਵੀ ਬੋਲਣ ਲੱਗ ਗਿਆ। ਗੱਲ ਥਾਣੇ ਪਹੁੰਚ ਗਈ। ਪਿੰਡ ਵਿਚ 'ਵੱਡਿਆਂ ਦਾ ਲਾਣਾ' ਕਹਾਉਣ ਵਾਲੇ ਅੱਜ ਗੰਦੀ ਔਲਾਦ ਕਰਕੇ ਹਰੇਕ ਅੱਗੇ ਨੀਵੇਂ ਹੋ ਕੇ ਮਾਫ਼ੀਆਂ ਮੰਗਣ ਲੱਗ ਪਏ। ਅਖੀਰ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿਚ ਇਲਾਜ ਲਈ ਛੱਡ ਦਿੱਤਾ, ਛੇ ਮਹੀਨੇ ਮਹਿੰਗੀਆਂ ਫ਼ੀਸਾਂ ਭਰੀਆਂ, ਪਰ ਅਜੇ ਨਤੀਜਾ ਪੰਜਾਹ ਪ੍ਰਤੀਸ਼ਤ ਹੀ ਆਇਆ ਸੀ। ਫਿਰ ਛੇ ਮਹੀਨੇ ਦੀ ਹੋਰ ਫ਼ੀਸ ਭਰ ਦਿੱਤੀ, ਸਾਲ ਬਾਅਦ ਆਇਆ ਤਾਂ ਕਾਫ਼ੀ ਬਦਲਿਆ ਹੋਇਆ ਸੀ। ਪਰਿਵਾਰ ਸਮੇਤ ਲੋਕਾਂ ਨੇ ਵੀ ਸੁੱਖ ਦਾ ਸਾਹ ਲਿਆ। ਕੋਮਲ ਕਹਿੰਦੀ ਆਪਾਂ ਇਸਦਾ ਵਿਆਹ ਕਰ ਦਿੰਦੇ ਆਂ। ਪਰਿਵਾਰ ਵਿਚ ਰੁੱਝਿਆ ਹੋਇਆ ਬਾਹਰ ਨਹੀਂ ਜਾਊਗਾ। ਗੱਲ ਤਾਂ ਸਿਆਣੀ ਸੀ ਪਰ, ਬੀਬੀ ਕਹਿੰਦੀ, ਇਸ ਦਾ ਕੀ ਭਰੋਸਾ, ਵਿਆਹ ਕਰਵਾ ਕੇ ਫਿਰ ਨਸ਼ਾ ਕਰਨ ਲੱਗ ਗਿਆ ਤਾਂ ਬੇਗਾਨੀ ਧੀ ਦਾ ਕੀ ਕਸੂਰ, ਉਹ ਆਪਣੀ ਜਵਾਨੀ ਨਸ਼ਿਆਂ ਦੀ ਭੱਠੀ ਵਿਚ ਕਿਉਂ ਸਾੜੂਗੀ ਅਜਿਹੇ ਨਸ਼ੇੜੀਆ ਨੂੰ ਸੁਧਾਰਨ ਲਈ ਬੇਗਾਨੀਆਂ ਧੀਆਂ ਕਿਉਂ ਬਲੀ ਦਾ ਬੱਕਰਾ ਬਣਾਉਂਦੇ ਹੋ। ਜੇ ਆਪਣਾ ਸਿੱਕਾ ਖੋਟਾ ਹੋਵੇ, ਬਾਣੀਏ ਨੂੰ ਦੋਸ਼ ਨਹੀਂ ਦੇਈਦਾ। ਸਾਲ ਦੋ ਸਾਲ ਦੇਖੋ ਫਿਰ ਵਿਆਹ ਬਾਰੇ ਸੋਚਿਓ। ਬੀਬੀ ਨੇ ਕੰਨ ਖੋਲ੍ਹਣ ਵਾਲੀਆਂ ਸੁਣਾ ਦਿਤੀਆਂ। ਪਰ ਕਰਮੇ ਦੇ ਭਰਾਵਾਂ ਦੇ ਬੱਚੇ ਵਿਆਹੇ ਗਏ ਸਨ। ਹਰੇਕ ਭਰਾ ਦੇ ਤਿੰਨ-ਚਾਰ ਬੱਚੇ ਸਨ, ਸਾਰੇ ਹੀ ਪਰਿਵਾਰ ਬਹੁਤ ਵਧੀਆ ਰਹਿੰਦੇ ਸਨ, ਪਰ ਦੀਪੇ ਮਗਰ ਸਾਰੇ ਪਰਿਵਾਰ ਦੀ ਨਿਗਰਾਨੀ ਹੁੰਦੀ ਸੀ, ਫਿਰ ਨਾ ਨਸ਼ੇ ਦੀ ਦਲਦਲ ਵਿਚ ਫਸ ਜਾਵੇ, ਨਸ਼ਾ ਛੁਡਾਊ ਕੇਂਦਰ ਵਿਚੋਂ ਆਏ ਨੂੰ ਛੇ ਮਹੀਨੇ ਹੋ ਗਏ ਸਨ, ਅਜੇ ਤੱਕ ਤਾਂ ਠੀਕ ਸੀ ਪਰ ਮਾੜੀ ਕਿਸਮਤ ਰੰਡੀ ਰੰਡੇਪਾ ਤਾਂ ਕੱਟ ਲਵੇ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਦੀਪੇ ਦਾ ਇੱਕ ਸਾਥੀ ਦੋ ਸਾਲ ਦੀ ਸਜ਼ਾ ਕੱਟ ਕੇ ਬਾਹਰ ਆਇਆ, ਆਉਂਦਿਆਂ ਹੀ ਦੀਪੇ ਨੂੰ ਲੱਭ ਗਲ੍ਹਫੜੀ ਪਾਈ। ਬੱਸ ਫਿਰ ਕੀ ਸੱਪ ਨਾਲ ਸੱਪ ਲੜੇ ਤੇ ਜ਼ਹਿਰ ਕਿਸਨੂੰ ਚੜੇ। ਦੀਪਾ ਪੁਰਾਣੇ ਰਾਹਾਂ 'ਤੇ ਪੁਰਾਣੇ ਯਾਰਾਂ ਨਾਲ ਤੁਰ ਪਿਆ। ਅਜੇ ਮਹੀਨਾ ਹੀ ਹੋਇਆ ਸੀ ਨਸ਼ੇ ਦੇ ਟੀਕੇ ਲਾਉਂਦਿਆਂ ਕਿ ਭਾਣਾ ਵਾਪਰ ਗਿਆ। ਦੀਪੇ ਦੀ ਲਾਸ਼ ਮਿਲ ਗਈ, ਕਰਮੇ ਨੂੰ ਸ਼ਹਿਰ ਜਾ ਕੇ ਸੁਨੇਹਾ ਦਿੱਤਾ ਕਿ ਭਾਣਾ ਵਾਪਰ ਗਿਆ। ਘਰੇ ਜਦੋਂ ਕੋਮਲ ਨੂੰ ਦੱਸਿਆ ਕਿ ਤੇਰੇ ਸੁੱਖਾਂ ਦਾ ਦੀਪ ਬੁੱਝ ਗਿਆ ਹੈ ਤਾਂ ਉਸ ਨੂੰ ਦੰਦਲ ਪੈ ਪੈ ਜਾਣ, ਉਸ ਦੇ ਕੀਰਨੇ ਸੀਨਾ ਪਾੜਦੇ, ਰਿਸ਼ਤੇਦਾਰੀਆਂ ਵਿਚ ਸੁਨੇਹੇ ਘੱਲ ਦਿੱਤੇ। ਦੀਪੇ ਦੀ ਨਸ਼ੇ ਨਾਲ ਹੋਈ ਮੌਤ ਪੰਜਾਬ ਦੀ ਕੋਈ ਪਹਿਲੀ ਮੌਤ ਨਹੀਂ ਸੀ, ਰੋਜ਼ ਦੋ ਚਾਰ ਮੌਤਾਂ ਹੁੰਦੀਆਂ ਹੀ ਹਨ। ਖੰਡ ਨਾਲੋਂ ਚਿੱਟਾ ਪਹਿਲਾਂ ਮਿਲ ਜਾਂਦਾ ਹੈ। ਜਿਹੜੇ ਪੰਜਾਬ ਦੀ ਜਵਾਨੀ ਨੂੰ ਮੁਗਲ ਤੇ ਅੰਗਰੇਜ਼ ਤਲਵਾਰਾਂ ਤੇ ਤੋਪਾਂ ਨਾ.ਲ ਖਤਮ ਨਹੀਂ ਸੀ ਕਰ ਸਕੇ, ਉਹ ਹੁਣ ਨਿੱਕੀ ਜੇਹੀ ਸੂਈ ਨਾਲ ਖ਼ਤਮ ਹੋ ਰਹੀ ਸੀ। ਲਾਸ਼ ਦਾ ਪੋਸਟਮਾਰਟਮ ਕਰਾ ਕੇ ਘਰ ਲਿਆਂਦੀ ਗਈ, ਕੋਮਲ ਦੀਆਂ ਧਾਹਾਂ-ਵੇ ਪੁੱਤ ਕੱਲੀ ਕਿਉਂ ਛੱਡ ਗਿਆ, ਮੈਨੂੰ ਵੀ ਨਾਲ ਲੈ ਜਾਹ, ਉੱਠ ਖੜ ਮੇਰਿਆਂ ਸੋਹਣਿਆਂ ਪੁੱਤਰਾ, ਵੇ ਮੈਂ ਕਿਸ ਦੇ ਸਹਾਰੇ ਦਿਨ ਕੱਟੂੰਗੀ, ਮੇਰੇ ਕੋਲ ਤਾਂ ਹੋਰ ਕੋਈ ਨਹੀਂ, ਕੋਮਲ ਦੀਪੇ ਦੀ ਲਾਸ਼ ਨੂੰ ਚੁੰਬੜ-ਚੁੰਬੜ ਕੇ ਕਹਿ ਰਹੀ ਸੀ। ਕਰਮਾ ਬੁੱਤ ਬਣਿਆ ਖੜਾ ਸੀ। ਲੋਕ ਗੱਲਾਂ ਕਰਦੇ ਕਿ ਕੀ ਕਰੂ ਕੋਈ ਕੱਲੇ ਪੁੱਤ ਦਾ, ਕੋਈ ਕਹਿੰਦਾ ਬਹੁਤੇ ਲਾਡ-ਪਿਆਰ ਨੇ ਵਿਗਾੜ ਦਿੱਤਾ, ਕੋਈ ਕਹਿੰਦਾ ਸੰਗਤ ਮਾੜੀ ਸੀ, ਜਿੰਨੇ ਮੂੰਹ ਉੱਨੀਆਂ ਗੱਲਾਂ। ਦੀਪੇ ਨੂੰ ਨਹਾ ਕੇ ਕਫ਼ਨ ਵਿਚ ਲਪੇਟ ਦਿੱਤਾ, ਸਿਹਰਾ ਬੰਨ੍ਹ ਕੇ ਵਿਆਂਹਦੜ ਮੁੰਡਾ ਬਣਾ ਕੇ ਸ਼ਗਨਾਂ ਦੇ ਗੀਤਾਂ ਦੀ ਥਾਂ ਕੀਰਨੇ ਪਾ ਅਰਥੀ ਉੱਠੀ ਤਾਂ ਸਾਰਾ ਪਿੰਡ ਰੋਇਆ। ਕੋਮਲ ਨੇ ਵੀ ਬੀਬੀ ਦੇ ਗੱਲ ਲੱਗ ਧਾਹਾਂ ਮਾਰੀਆਂ। ਬੀਬੀ ਵੀ ਕਹਿੰਦੀ, ਦੇਖ ਲੈ ਧੀਏ ਤੇਰਾ 'ਏਕ ਹੀ ਨੇਕ' ਨਹੀਂ ਬਣਿਆ, ਸਾਨੂੰ ਉਜਾੜ ਕੇ ਤੁਰ ਗਿਆ। ਤੇਰੀ ਕੁੱਖ ਵੀ ਖਾਲੀ ਤੇ ਤੇਰੀ ਗੋਦ ਵੀ ਖਾਲੀ ਹੋ ਗਈ, ਪਿੱਛੇ ਬੁਢਾਪੇ ਦੀ ਡੰਗੋਰੀ ਕਿੱਥੋਂ ਲੱਭੇਂਗੀ, ਉਹ ਆਪਣੀ ਜਵਾਨੀ ਗਾਲ ਗਿਆ ਤੇ ਤੁਹਾਡਾ ਬੁਢਾਪਾ, ਤੇ ਸਾਨੂੰ ਬਿਨਾਂ ਕਸੂਰੋਂ ਸਜ਼ਾ ਹੋ ਗਈ। ਬੀਬੀ ਮੁਆਫ਼ ਕਰ ਦੇ ਮੈਂ ਤੇਰੀ ਇੱਕ ਨਾ ਮੰਨੀ, ਮੈਂ ਕਸੂਰਵਾਰ ਹਾਂ, ਮੈਂ ਪਰਮਾਤਮਾ ਦੀ ਦਿਤੀ ਦਾਤ ਕਤਲ ਕਰਵਾਈ, ਉਸ ਦੀ ਸਜ਼ਾ ਮਿਲ ਗਈ, ਵੇ ਲੋਕੋ ਕੁੱਖਾਂ ਨੂੰ ਕਬਰਸਤਾਨ ਨਾ ਬਣਾਉ, ਜੋ ਰੱਬ ਦਾ ਜੀਅ ਆਉਂਦੈ, ਉਸ ਨੂੰ ਆਉਣ ਦਿਓ, ਕੱਲੇ ਪੁੱਤ ਦਾ ਕੋਈ ਭਰੋਸਾ ਨਹੀਂ, ਮੇਰੇ ਵਰਗੀ ਸੋਚ ਨਾ ਰੱਖਿਓ ਨਹੀਂ ਤਾਂ ਮੇਰੇ ਵਾਂਗ ਤਬਾਹ ਹੋ ਜਾਵੋਗੇ, ਤਬਾਹ ਹੋ ਜਾਵੋਗੇ, ਇਹ ਕਹਿੰਦੀ ਹੋਈ ਕੋਮਲ ਬੀਬੀ ਨੂੰ ਚੁੰਬੜ ਗਈ!

# ਰਾਸ਼ਟਰ ਦੀ ਤਰੱਕੀ ਵਿਚ ਨੌਜਵਾਨ ਵਰਗ ਦੀ ਅਹਿਮ ਭੂਮਿਕਾ

ਕੁਝ ਸਮਾਂ ਪਹਿਲਾਂ ਕਿਸ ਤਰ੍ਹਾਂ ਅਮਰੀਕਾ ਨੇ ਨੌਜਵਾਨਾਂ ਨੂੰ ਹੱਥਕੜੀਆਂ, ਬੇੜੀਆਂ ਨਾਲ ਬੰਨ ਕੇ ਡਿਪੋਰਟ ਕੀਤਾ। ਲੱਖਾਂ ਰੁਪਏ ਖਰਚ ਕੇ ਗਲਤ ਤਰੀਕੇ ਨਾਲ ਨੌਜਵਾਨ ਅਮਰੀਕਾ ਵਿਚ ਵੜੇ ਸਨ। ਇਥੋਂ ਤੱਕ ਕਿ ਮਾਂ-ਬਾਪ ਨੇ ਆਪਣੇ ਘਰ ਗਿਰਵੀ ਰੱਖ ਕੇ ਤੇ ਪਸ਼ੂਆਂ 'ਤੇ ਵੀ ਬੈਂਕ ਲੋਨ ਲੈ ਕੇ ਬੱਚਿਆਂ ਨੂੰ ਵਿਦੇਸ਼ ਭੇਜਿਆ। ਇੱਕ ਪਿਤਾ ਦੱਸ ਰਿਹਾ ਸੀ ਕਿ ਉਸਨੇ ਘਰ ਵਿਚ ਕੋਈ ਚੀਜ਼ ਤੱਕ ਨਹੀਂ ਛੱਡੀ ਜਿਸ 'ਤੇ ਉਸਨੇ ਲੋਨ ਤੱਕ ਨਾ ਲਿਆ। ਜ਼ਮੀਨ ਵੀ ਵੇਚ ਦਿੱਤੀ। ਟਰੈਕਟਰ, ਹੋਰ ਵਾਹੀ ਯੋਗ ਸੰਦਾਂ 'ਤੇ ਵੀ ਲੋਨ ਲੈ ਲਿਆ। 50 ਤੋਂ 70 ਲੱਖ ਖਰਚ ਕੇ ਨੌਜਵਾਨ ਵਿਦੇਸ਼ਾਂ ਨੂੰ ਗਏ। ਜਦੋਂ ਇਨ੍ਹਾਂ ਨੌਜਵਾਨਾਂ ਨੇ ਆਪਣੀ ਹੱਡ ਬੀਤੀ ਦੱਸੀ ਤਾਂ ਦਿਲ ਕੰਬ ਗਿਆ। ਗਲਤ ਏਜੰਟਾਂ ਦੇ ਧੱਕੇ ਚੜ੍ਹ ਕੇ ਇਨ੍ਹਾਂ ਨੂੰ ਖਤਰਨਾਕ ਜੰਗਲਾਂ, ਨਦੀਆਂ ਨਾਲਿਆਂ ਨੂੰ ਪਾਰ ਕਰਨਾ ਪਿਆ। ਕਈ ਕਈ ਦਿਨ ਭੁੱਖੇ ਪਿਆਸੇ ਰਹਿਣਾ ਪਿਆ। ਇੱਕ ਨੌਜ਼ਵਾਨ ਦੱਸ ਵੀ ਰਿਹਾ ਸੀ ਕਿ ਰਸਤੇ ਵਿਚ ਖ਼ਤਰਨਾਕ ਜਾਨਵਰ ਹਮਲਾ ਵੀ ਕਰ ਦਿੰਦੇ ਹਨ, ਕਈ ਨੌਜਵਾਨਾਂ ਦੀ ਲਾਸ਼ਾਂ ਇਸੇ ਤਰ੍ਹਾਂ ਪਈਆਂ। ਕਈ ਏਜੈਂਟਾਂ ਤਾਂ ਨੌਜਵਾਨਾਂ ਦੀ ਕੁੱਟਮਾਰ ਵੀ ਕਰਦੇ ਹਨ। ਇੰਨਾ ਪੈਸਾ ਖਰਚ ਕੇ ਤੁਸੀਂ ਦੂਜੀ ਧਰਤੀ 'ਤੇ ਜਾਣਾ ਤੇ ਜਾ ਕੇ ਉਥੇ ਕੰਮ ਲੱਭਣਾ ਕੋਈ ਸੌਖਾ ਨਹੀਂ ਹੈ। ਇੰਨੇ ਪੈਸੇ ਨਾਲ ਵੀ ਤੁਸੀਂ ਇੱਥੇ ਹੋਰ ਵਧੀਆ ਕਾਰੋਬਾਰ ਕਰ ਸਕਦੇ ਹੋ। ਇਹ ਜਰੂਰੀ ਨਹੀਂ ਹੁੰਦਾ ਕਿ ਸਰਕਾਰਾਂ ਸਭ ਨੂੰ ਹੀ ਨੌਕਰੀ ਦੇਣ, ਤੁਸੀਂ ਆਪਣੀ ਯੋਗਤਾ ਨੂੰ ਆਪ ਪਛਾਨਣਾ ਹੁੰਦਾ ਹੈ।

ਕਈ ਪਰਿਵਾਰਾਂ ਨੇ ਤਾਂ ਰਿਸ਼ਤੇਦਾਰਾਂ ਤੋਂ ਪੈਸੇ ਲੈ ਕੇ ਨੌਜਵਾਨ ਵਿਦੇਸ਼ਾਂ ਨੂੰ ਭੇਜੇ। ਉਨ੍ਹਾਂ ਨੂੰ ਇਹ ਸੀ ਕਿ ਨੌਜਵਾਨ ਉੱਥੇ ਕੰਮ ਕਰਕੇ ਫਿਰ ਪੈਸੇ ਸਾਨੂੰ ਭੇਜਣਗੇ ਤਾਂ ਰਿਸ਼ਤੇਦਾਰਾਂ ਦੇ ਪੈਸੇ ਦੇ ਦੇਵਾਂਗੇ। ਪਰ ਇਸ ਤਰ੍ਹਾਂ ਨਹੀਂ ਹੋਇਆ। ਰਿਸ਼ਤੇਦਾਰੀ ਵਿਚ ਵੀ ਫਿੱਕ ਪੈ ਗਈ, ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਨੌਜਵਾਨ ਤਾਂ ਵਾਪਸ ਡਿਪੋਰਟ ਹੋ ਕੇ ਆ ਚੁੱਕਾ ਹੈ। ਹੁਣ ਕਿੱਥੋਂ ਪੈਸੇ ਦੇਣਗੇ। ਸੋਚਣ ਵਾਲੀ ਗੱਲ ਹੈ ਸਾਡੇ ਇੱਥੇ ਬਾਹਰੋਂ ਹੋਰ ਸੂਬਿਆਂ 'ਤੋਂ ਲੋਕ ਆ ਕੇ ਰੋਜੀ ਰੋਟੀ ਕਮਾ ਰਹੇ ਹਨ। ਆਪਣੇ



ਪਰਿਵਾਰ ਦਾ ਵਧੀਆ ਗੁਜ਼ਾਰਾ ਕਰ ਰਹੇ ਹਨ। ਜਦੋਂ ਉਹ ਪਰਵਾਸੀ ਲੋਕ ਆ ਕੇ ਇੱਥੇ ਕਾਮਯਾਬ ਹੋ ਸਕਦੇ ਹਨ ਤਾਂ ਸਾਡੇ ਸੂਬੇ ਦੇ ਨੌਜਵਾਨ ਕਿਉਂ ਨਹੀਂ ਹੋ ਸਕਦੇ, ਕਿਉਂ ਉਹ ਇੱਥੇ ਰਹਿ ਕੇ ਕੰਮ-ਕਾਜ ਨੂੰ ਤਰਜ਼ੀਹ ਨਹੀਂ ਦਿੰਦੇ? ਜਦੋਂ ਤੁਸੀਂ ਵਿਦੇਸ਼ ਜਾਣਾ ਉੱਥੇ ਕਿਹੜਾ ਤੁਹਾਨੂੰ ਕਲਾਸ ਵਨ ਅਫ਼ਸਰ ਦੀ ਕੁਰਸੀ ਦੇ ਦੇਣੀ ਹੈ। ਉੱਥੇ ਵੀ ਤੁਹਾਨੂੰ ਛੋਟੇ-ਮੋਟੇ ਕੰਮ-ਕਾਰ ਕਰਨੇ ਪੈਂਦੇ ਹਨ। ਮਿਹਨਤ ਤਾਂ ਉੱਥੇ ਹੱਦ ਨਾਲੋਂ ਵੱਧ ਕਰਨੀ ਪੈਂਦੀ ਹੈ, ਤਾਂ ਜਾ ਕੇ ਗੁਜ਼ਾਰਾ ਹੁੰਦਾ ਹੈ। ਜਦੋਂ ਸਾਡੇ ਪੰਜਾਬ ਵਿਚ ਯੂਪੀ, ਬਿਹਾਰ, ਹੋਰ ਕਈ ਸੂਬਿਆਂ ਤੋਂ ਲੋਕ ਆ ਕੇ ਕੰਮਕਾਜ਼ ਕਰਦੇ ਹਨ, ਅਸੀਂ ਆਪ ਉਨ੍ਹਾਂ ਨੂੰ ਦੇਖਦੇ ਹਨ। ਉਹ ਹੱਥੀ ਕੰਮ ਕਰਦੇ ਹਨ। ਅਕਸਰ ਸਾਡੇ ਘਰਾਂ ਵਿਚ ਕਈ ਪ੍ਰਵਾਸੀ ਕੰਮ ਕਰਦੇ ਹਨ, ਉਹ ਇੰਨੀ ਮਿਹਨਤ ਕਰਦੇ ਹਨ ਕਿ ਉਨ੍ਹਾਂ ਨੇ ਇੱਥੇ ਘਰ ਤੱਕ ਬਣਾ ਲਏ ਹਨ। ਬੱਚਿਆਂ ਤੱਕ ਨੂੰ ਨੌਕਰੀਆਂ ਮਿਲ ਗਈਆਂ। ਬੱਚਿਆਂ ਨੂੰ ਉਹ ਵਧੀਆ ਸਿੱਖਿਆ ਦੇ ਰਹੇ ਹਨ। ਜਦੋਂ ਪ੍ਰਵਾਸੀ ਪੰਜਾਬ ਵਿਚ ਆ ਕੇ ਕਾਮਯਾਬ ਹੋ ਰਹੇ ਹਨ, ਤਾਂ ਅਸੀਂ ਕਿਉਂ ਨਹੀਂ ਹੋਵਾਂਗੇ? ਵਿਚਾਰ ਕਰਨ ਵਾਲੀ ਗੱਲ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਆਰਥਿਕਤਾ ਸਾਰੀ ਖੇਤੀ 'ਤੇ ਹੀ ਨਿਰਭਰ ਹੈ। ਹੁਣ ਘਰਾਂ ਵਿਚ ਪਸ਼ੂ ਰੱਖਣੇ ਵੀ ਬੰਦ ਕਰ ਦਿੱਤੇ ਹਨ। ਪਿੰਡਾਂ ਵਿਚ ਵੀ ਕਿਸੇ ਕਿਸੇ ਪਰਿਵਾਰ ਵਿਚ ਪਸ਼ੂ ਦੇਖਣ ਨੂੰ ਮਿਲਦੇ ਹਨ। ਪਹਿਲਾਂ ਹਰ ਪਰਿਵਾਰ ਵਿਚ ਪਸ਼ੂ ਹੁੰਦੇ ਸਨ। ਦੁੱਧ ਚੋਇਆ ਜਾਂਦਾ ਸੀ, ਨੌਜਵਾਨੀ ਖੇਤਾਂ ਵਿਚ ਆਪ ਖੇਤੀ ਕਰਦੀ ਸੀ। ਹੱਥੀ ਕੰਮ ਨੂੰ ਤਰਜ਼ੀਹ ਦਿੰਦੇ ਸੀ। ਵੱਡੇ ਪਰਿਵਾਰ ਹੁੰਦੇ ਸੀ। ਕੋਈ ਵਿਦੇਸ਼ ਬਾਹਰ ਨੂੰ ਵੀ ਨਹੀਂ ਜਾਂਦਾ ਸੀ। ਹੁਣ ਘਰ ਦਾ ਇੱਕ ਸਿਆਣਾ ਬੰਦਾ ਆਪ ਖੇਤੀ ਕਰਦਾ ਹੈ ਜਾਂ ਜਿਆਦਾਤਰ ਖੇਤੀ ਠੇਕੇ 'ਤੇ ਦੇ ਦਿੱਤੀ ਗਈ ਹੈ। ਕਿਉਂਕਿ ਕੰਮ ਕਰਨ ਵਾਲਾ ਕੋਈ ਨਹੀਂ ਰਿਹਾ ਹੈ। ਕੁੜਤੇ-ਪਜ਼ਾਮੇ ਤੋਂ ਜੀਨ, ਨੈਰੋ ਬੋਟਮ ਪੈਂਟ ਪਾ ਕੇ ਅਸੀਂ ਥਾਰਾਂ ਵਿਚ ਘੁੰਮ ਰਹੇ ਹਾਂ। ਕਈ ਅਜਿਹੇ ਪਰਿਵਾਰ ਵੀ ਹਨ ਜਿਨਾਂ ਕੋਲ ਕਾਫ਼ੀ ਜਮੀਨ ਸੀ। ਕਿਸੇ ਕਾਰਨ ਕਰਕੇ ਉਨ੍ਹਾਂ ਦੀ ਜਮੀਨ ਐਕੁਆਇਰ ਹੋਈ, ਜਮੀਨ ਕਰੋੜਾਂ ਰੁਪਏ ਭਾਅ ਵਿਕੀ ਤੇ ਅੱਗੇ ਉਨ੍ਹਾਂ ਨੇ ਜਮੀਨ ਲੈ ਕੇ ਉਹ ਠੇਕੇ 'ਤੇ ਦੇ ਦਿੱਤੀ। ਨੌਜਵਾਨੀ ਦੇਸ਼ ਦੀ ਆਰਥਿਕਤਾ ਵਿਚ ਬਹੁਤ ਯੋਗਦਾਨ ਪਾ ਸਕਦੇ ਹਨ, ਉਹ ਇੱਕ ਤਰ੍ਹਾਂ ਨਾਲ ਰੀੜ ਦੀ ਹੱਡੀ ਹੁੰਦੇ ਹਨ। ਪੰਜਾਬ ਦੀ ਜਮੀਨ ਬਹੁਤ ਉਪਜਾਊ ਹੈ। ਬਹੁਤ ਵਧੀਆ ਫਸਲ ਹੁੰਦੀ ਹੈ। ਅੱਜ ਕੱਲ ਡੇਅਰੀ ਬਹੁਤ ਸਹਾਇਕ ਧੰਦਾ ਹੋ ਰਿਹਾ ਹੈ। ਸਰਕਾਰ ਡੇਅਰੀ ਫਾਰਮਿੰਗ 'ਤੇ ਸਬਸਿਡੀ ਦੇ ਰਹੀ ਹੈ। ਠੀਕ ਹੈ! ਤੁਸੀਂ ਜਿਆਦਾ ਪੜ੍ਹਾਈ-ਲਿਖਾਈ ਕਰ ਲਈ ਹੈ, ਪਰ ਵਧੀਆ ਨੌਕਰੀ ਤੁਹਾਨੂੰ ਆਪਣੀ ਯੋਗਤਾ ਦੇ ਮੁਤਾਬਿਕ ਨਹੀਂ ਮਿਲੀ ਹੈ, ਤਾਂ ਤੁਸੀਂ ਅਜਿਹਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ, ਜਿਸ ਵਿਚ ਤੁਹਾਨੂੰ ਅੱਗੇ ਵੱਧਣ ਦੇ ਮੌਕੇ ਮਿਲਣ। ਕਈ ਅਜਿਹੀਆਂ ਉਦਾਹਰਣਾਂ ਵੀ ਹਨ ਕਿ ਜਿਨ੍ਹਾਂ ਨੇ ਆਪਣੇ ਇੱਥੇ ਹੀ ਕਾਰੋਬਾਰ ਸ਼ੁਰੂ ਕਰਕੇ ਕਈ ਸੈਂਕੜੇ ਨੌਜਵਾਨਾਂ ਨੂੰ ਵੀ ਨੌਕਰੀ ਦਿੱਤੀ। ਅੱਜ ਕੱਲ ਤਾਂ ਕੋਈ ਕਾਰੋਬਾਰ ਸ਼ੁਰੂ ਕਰਨਾ ਹੈ, ਤੁਹਾਨੂੰ ਕੇਂਦਰ ਸਰਕਾਰ ਵੱਲੋਂ ਬਹੁਤ ਸਕੀਮਾਂ ਹਨ, ਉਨ੍ਹਾਂ ਤਹਿਤ ਤੁਹਾਨੂੰ ਲੋਨ ਵੀ ਸਸਤੀਆਂ ਦਰਾਂ 'ਤੇ ਮਿਲ ਜਾਂਦਾ ਹੈ ਤੇ ਅੱਗੇ ਵੱਧਣ ਦੇ ਨਵੇਂ ਮੌਕੇ ਵੀ ਮਿਲਦੇ ਹਨ। ਖੇਤੀ ਅਧਾਰਿਤ ਕੰਮ ਧੰਦਿਆਂ ਦੀ ਸ਼ੁਰੂਆਤ ਕਰਕੇ ਖੇਤੀ ਉਤਪਾਦਨ ਨੂੰ ਹੋਰ ਪ੍ਰਫੁੱਲਿਤ ਕਰ ਸਕਦੇ ਹੋ। ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਨੂੰ ਅਜਿਹੀਆਂ ਸਕੀਮਾਂ ਉਲੀਕਣੀਆਂ ਚਾਹੀਦੀਆਂ ਹਨ, ਜਿਸ ਕਾਰਨ ਨੌਜਵਾਨ ਖੇਤੀ ਧੰਦੇ ਵੱਲ ਵੱਧ ਉਤਸ਼ਾਹਿਤ ਹੋਵੇ। ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਕਈ ਅਜਿਹੀ ਨੌਜਵਾਨ ਸ਼ਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਹੈ, ਜਿਨਾਂ ਨੇ ਇੱਕ ਛੋਟੇ ਜਿਹੇ ਪਿੰਡ ਵਿਚ ਆਪਣਾ ਕੰਮਕਾਜ ਸ਼ੁਰੂ ਕਰਕੇ ਸੈਂਕੜੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਤੇ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਇਆ। ਇਸ ਤਰ੍ਹਾਂ ਨੌਜਵਾਨੀ ਦੇਸ਼ ਦੀ ਤਰੱਕੀ ਵਿਚ ਬਹੁਤ ਸਹਾਈ ਹੋਵੇਗੀ।

*-ਸੰਜੀਵ ਸਿੰਘ ਸੈਣੀ*
*ਫੋਨ: 78889-66168*

# ਕਿਸ ਨੂੰ ਮਿਲਾਂਗਾ ਅਤੇ ਕਿਸ ਨੂੰ ਜਾ ਕੇ ਦੱਸਾਂਗਾ?



ਡਾ .ਸ.ਸ.ਛੀਨਾ
sarijitchhina@yahoo.co.in

ਜਦ ਮੈਂ ਪਾਕਿਸਤਾਨ ਜਾਣਾ ਸੀ ਤਾਂ ਦਿੱਲੀ ਤੋਂ ਬਬੀਤਾ ਨੇ ਫੋਨ ਕੀਤਾ ਕਿ ਮੈਂ, ਸ੍ਰੀ ਮਤੀ ਸ਼ਕੀਲਾਂ ਜੋ ਮੈਂਬਰ ਪਾਰਲੀਮੈਂਟ ਹਨ ਅਤੇ ਹਿੰਦ ਪਾਕ ਦੋਸਤੀ ਮੰਚ ਨਾਲ ਸਬੰਧਿਤ ਹਨ, ਨੂੰ ਜ਼ਰੂਰ ਮਿਲ ਕੇ ਆਵਾਂ। ਲਾਹੌਰ ਵਿਚ ਮੈਂ ਗੁਰਦੁਆਰੇ ਸਿੰਘ-ਸਿੰਘਣੀਆਂ ਜੋ ਰੇਲਵੇ ਸਟੇਸ਼ਨ ਲਾਹੌਰ ਦੇ ਬਿਲਕੁਲ ਕਰੀਬ ਸੀ, ਉਥੇ ਠਹਿਰਿਆ ਹੋਇਆ ਸਾਂ। ਦੋ ਦਿਨਾਂ ਬਾਅਦ ਮੈਂ ਡਾ. ਮਕਬੂਲ ਜੋ ਇਕ ਸਰਕਾਰੀ ਡਾਕਟਰ ਸੀ ਅਤੇ ਸ੍ਰੀ ਮਤੀ ਸ਼ਕੀਲਾਂ ਜੀ ਦਾ ਭਣੇਵਾਂ ਸੀ ਉਸਨੂੰ ਫੋਨ ਕੀਤਾ ਤਾਂ ਉਸ ਨੇ ਮੈਨੂੰ ਕਿਹਾ ਕਿ ਤੁਸੀਂ ਗੁਰਦੁਆਰੇ ਹੀ ਠਹਿਰੋ ਮੈਂ ਤੁਹਾਨੂੰ ਆ ਕੇ ਲੈ ਜਾਂਦਾ ਹਾਂ ਅਤੇ ਤੁਹਾਨੂੰ ਸ਼ਕੀਲਾਂ ਜੀ ਅਤੇ ਹੋਰ ਲੋਕਾਂ ਨੂੰ ਮਿਲਾ ਦਿਆਂਗਾ। ਜਦੋਂ ਅਸੀਂ ਡਾਕਟਰ ਮਕਬੂਲ ਦੇ ਘਰ ਜਾ ਰਹੇ ਸਾਂ ਤਾਂ ਡਾਕਟਰ ਸਾਹਿਬ ਰਸਤੇ ਵਿਚ ਆ ਰਹੀਆਂ ਇਮਾਰਤਾਂ ਬਾਰੇ ਮੈਨੂੰ ਦਸ ਰਹੇ ਸਨ ਕਿ ਇਹ ਸਕਤਰੇਤ ਹੈ, ਇਹ ਹਾਈ ਕੋਰਟ, ਇਹ ਪੰਜਾਬ ਯੂਨੀਵਰਸਟੀ, ਪੰਜਾਬ ਯੂਨੀਵਰਸਟੀ ਦਾ ਆਰਕੀਟੈਕਟ ਮੈਨੂੰ ਥੋੜ੍ਹਾ ਜਿਹਾ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਮਿਲਦਾ ਲਗਿਆ। ਪੁਰਾਣੇ ਪੰਜਾਬ ਦੀ ਇਹੋ ਇਕ ਯੂਨੀਵਰਸਟੀ ਹੁੰਦੀ ਸੀ ਜਿਸ ਦਾ ਘੇਰਾ ਜੰਮੂ ਕਸ਼ਮੀਰ ਅਤੇ ਦਿੱਲੀ ਤੋਂ ਪਿਸ਼ਾਵਰ ਅਤੇ ਸਿੰਧ ਦੀ ਹੱਦ ਤਕ ਲਗਦਾ ਸੀ ਅਤੇ ਪੁਰਾਣੇ ਨੇਤਾਵਾਂ ਅਤੇ ਅਫਸਰਾਂ ਵਿਚੋਂ ਜ਼ਿਆਦਾਤਰ ਨੇ ਇਸੇ ਯੂਨੀਵਰਸਿਟੀ ਤੋਂ ਡਿਗਰੀਆਂ ਲਈਆਂ ਸਨ। ਚੀਫਸ ਕਾਲਜ ਜਿਸ ਵਿਚ ਉਸ ਵਕਤ ਦੇ ਮਹਾਰਾਜਿਆਂ, ਨਵਾਬਾਂ ਅਤੇ ਰਈਸਾਂ ਦੇ ਲੜਕੇ ਪੜ੍ਹਦੇ ਹੁੰਦੇ ਸਨ, ਦਾ ਆਲਾ ਦੁਆਲਾ ਬਹੁਤ ਉਚੇ-ਉਚੇ ਦਰਖਤਾਂ ਨਾਲ ਘਿਰਿਆ ਹੋਇਆ ਸੀ। ਇਸ ਵਿਚ ਖੂਬਸੂਰਤ ਪਰ ਪੁਰਾਣੀ ਇਮਾਰਤ ਵਾਲਾ ਹੋਸਟਲ ਸੀ। ਮੈਂ ਉਸ ਸਾਂਝੇ ਪੰਜਾਬ ਦੀ ਕਲਪਨਾ ਕਰ ਰਿਹਾ ਸਾਂ, ਜਦੋਂ ਉਸ ਵਕਤ ਦੇ ਮਹਾਰਾਜਿਆਂ ਦੀ ਔਲਾਦ, ਕਸ਼ਮੀਰ, ਪੰਜਾਬ, ਸਿੰਧ, ਪਿਸ਼ਾਵਰ ਅਤੇ ਹਿਮਾਚਲ ਪ੍ਰਦੇਸ਼ ਦੇ ਖੇਤਰਾਂ ਤੋਂ ਇਥੇ ਆ ਕੇ ਪੜ੍ਹਦੀ ਹੁੰਦੀ ਸੀ ਅਤੇ ਉਨ੍ਹਾਂ ਦੀ ਦੂਰ ਅੰਦੇਸ਼ੀ ਵਿਚ ਵੀ ਇਸ ਤਰ੍ਹਾਂ ਦੀ ਵਾਹਗੇ ਵਾਲੀ ਲਕੀਰ ਦਾ ਕਦੀ ਖਿਆਲ ਵੀ ਨਹੀਂ ਆਇਆ ਹੋਵੇਗਾ।

ਡਾਕਟਰ ਮਕਬੂਲ ਮੈਨੂੰ ਖਾਸ ਤੌਰ 'ਤੇ ਦਿਆਲ ਸਿੰਘ ਕਾਲਜ ਲੈ ਗਿਆ, ਜਿਸ ਦਾ ਨਾਂ ਅਜੇ ਵੀ ਦਿਆਲ ਸਿੰਘ ਕਾਲਜ ਸੀ ਅਤੇ ਉਸਦੇ ਨਾਲ ਹੀ ਦਿਆਲ ਸਿੰਘ ਲਾਇਬਰੇਰੀ ਸੀ ਅਤੇ ਇਸ ਦਾ ਨਾਂ ਵੀ ਨਹੀਂ ਸੀ ਬਦਲਿਆ ਗਿਆ। ਮੈਂ ਦਿਆਲ ਸਿੰਘ ਕਾਲਜ ਬਾਰੇ ਸੁਣਿਆ ਤਾਂ ਬਹੁਤ ਸੀ ਅਤੇ ਮਹਿਸੂਸ ਕਰਦਾ ਸਾਂ ਕਿ ਸ਼ਾਇਦ ਇਹ ਕਾਲਜ ਵੀ ਖਾਲਸਾ ਕਾਲਜ ਅੰਮ੍ਰਿਤਸਰ ਵਾਂਗ ਵਿਸ਼ਾਲ ਹੋਵੇਗਾ ਪਰ ਇਹ ਇਸ ਤਰ੍ਹਾਂ ਨਹੀਂ ਸੀ। ਇਹ ਇਕ ਛੋਟਾ ਕਾਲਜ ਸੀ ਭਾਵੇਂ ਕਿ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਜੁੜੀ ਹੋਈ ਇਸ ਕਾਲਜ ਦੀ ਇਕ ਇਤਿਹਾਸਕ ਸਾਂਝ ਸੀ। ਕਹਿੰਦੇ ਹਨ ਕਿ ਜਦੋਂ ਖਾਲਸਾ ਕਾਲਜ ਅੰਮ੍ਰਿਤਸਰ ਬਣਾਉਣ ਦਾ ਫੈਸਲਾ ਹੋ ਗਿਆ। ਤਾਂ ਸ. ਦਿਆਲ ਸਿੰਘ ਮਜੀਠੀਆ ਜਿਸ ਦੀ ਔਲਾਦ ਨਹੀਂ ਸੀ ਅਤੇ ਜਿਸ ਨੇ ਲਾਹੌਰ ਵਿਚ ਟ੍ਰਿਬਿਊਨ ਅਖਬਾਰ ਕਢੀ ਸੀ ਅਤੇ ਪੰਜਾਬ ਨੈਸ਼ਨਲ ਬੈਂਕ ਸਥਾਪਿਤ ਕੀਤਾ ਸੀ ਉਸ ਨੇ ਖਾਲਸਾ ਕਾਲਜ ਸਥਾਪਿਤ ਕਰਨ ਵਾਲੀ ਕਮੇਟੀ ਦੇ ਸਾਹਮਣੇ ਆ ਕੇ ਇਹ ਪੇਸ਼ਕਸ਼ ਕੀਤੀ ਜੇ ਤੁਸੀਂ ਤਜਵੀਜ਼ ਕੀਤੇ ਕਾਲਜ ਦਾ ਨਾਂ ਦਿਆਲ ਸਿੰਘ ਕਾਲਜ ਰੱਖ ਦਿਉ ਤਾਂ ਇਸ ਲਈ ਕੀਤਾ ਜਾਣ ਵਾਲਾ ਸਾਰਾ ਖਰਚ ਉਹ ਕਰੇਗਾ ਪਰ ਕਮੇਟੀ ਨੇ ਕੁਝ ਸੋਚਣ ਦਾ ਸਮਾਂ ਲੈ ਲਿਆ ਅਤੇ ਬਾਅਦ ਵਿਚ ਇਹ ਪੇਸ਼ਕਸ਼ ਠੁਕਰਾ ਦਿਤੀ ਕਿਉਂ ਜੋ ਉਸ ਤਜਵੀਜ਼ ਕੀਤੇ ਕਾਲਜ ਵਿਚ ਕਿਸੇ ਦਾ ਵੀ ਨਾਂ ਨਹੀਂ ਹੋਵੇਗਾ ਅਤੇ ਇਸ ਦਾ ਨਾਂ ਸਿਰਫ 'ਖਾਲਸਾ ਕਾਲਜ' ਹੀ ਹੋਵੇਗਾ ਅਤੇ ਬਾਅਦ ਵਿਚ ਦਿਆਲ ਸਿੰਘ ਮਜੀਠੀਆ ਨੇ ਲਾਹੌਰ ਵਿਚ ਦਿਆਲ ਸਿੰਘ ਕਾਲਿਜ ਸਥਾਪਿਤ ਕੀਤਾ। ਇਹ ਗੱਲ ਡਾਕਟਰ ਮਕਬੂਲ ਲਈ ਨਵੀਂ ਸੀ ਅਤੇ ਉਹ ਦੱਸਣ ਲੱਗਾ ਕਿ ਇਸ ਕਾਲਜ ਬਾਰੇ ਮੈਂ ਇੰਨਾ ਹੀ ਜਾਣਦਾ ਹਾਂ ਕਿ ਇਹ ਕਾਲਜ ਕਿਸੇ ਸਿੱਖ ਰਈਸ ਨੇ ਬਣਵਾਇਆ ਸੀ ਅਤੇ ਇਸ ਕਾਲਜ ਦਾ ਨਾਂ ਵੰਡ ਤੋਂ ਬਾਅਦ ਵੀ ਨਹੀਂ ਬਦਲਿਆ ਗਿਆ ਕਿਉਂ ਜੋ ਇਸ ਕਾਲਜ ਦਾ ਇਕ ਲੰਮਾ ਇਤਿਹਾਸ ਸੀ।

ਥੋੜ੍ਹਾ ਚਿਰ ਬਾਅਦ ਅਸੀਂ ਡਾਕਟਰ ਮਕਬੂਲ ਦੇ ਘਰ ਦੇ ਬਾਹਰ ਖੜ੍ਹੇ ਸਾਂ ਪਰ ਘਰ ਦੇ ਬਾਹਰ ਜੰਦਰਾ ਲਗਾ ਹੋਇਆ ਸੀ, ਡਾਕਟਰ ਮਕਬੂਲ ਉਤਰਿਆ ਅਤੇ ਮੈਂ ਸੋਚਿਆ ਕਿ ਸ਼ਾਇਦ ਉਹ ਗਵਾਂਢ ਤੋਂ ਚਾਬੀ ਲੈਣ ਗਿਆ ਹੈ ਪਰ ਉਹ ਕੁਝ ਚਿਰ ਬਾਦ ਦੂਸਰੀ ਤਰਫ ਤੋਂ ਚਾਬੀ ਲੈ ਕੇ ਆ ਰਿਹਾ ਸੀ। ਘਰ ਵਿਚ ਜਾ ਕੇ ਮੈਂ ਵੇਖਿਆ ਉਸਦੀ ਪਤਨੀ ਅਤੇ ਬੱਚੇ ਸਾਨੂੰ ਉਡੀਕ ਰਹੇ ਸਨ। ਸਾਰਾ ਪਰਿਵਾਰ ਘਰ, ਅਤੇ ਬਾਹਰ ਤੋਂ ਜਿੰਦਰਾ, ਮੈਂ ਇਸ ਬਾਰੇ ਹੈਰਾਨ ਸਾਂ ਪਰ ਡਾ. ਮਕਬੂਲ ਆਪ ਹੀ ਦਸਣ ਲੱਗ ਪਿਆ ਕਿ ਉਸ ਦੀ ਪਤਨੀ ਵੀ ਲੇਡੀ ਡਾਕਟਰ ਹੈ। ਪਾਕਿਸਤਾਨ ਵਿਚ ਲੇਡੀ ਡਾਕਟਰਾਂ ਦੀ ਕਮੀ ਹੈ। ਪਾਕਿਸਤਾਨ ਦੇ ਸਮਾਜਿਕ ਢਾਂਚੇ ਅਨੁਸਾਰ ਔਰਤਾਂ ਨੂੰ ਔਰਤ ਡਾਕਟਰ ਹੀ ਵੇਖਦੀਆਂ ਹਨ ਜਿਸ ਕਰਕੇ ਉਸ ਦੀ ਪਤਨੀ ਕੰਮ ਵਿਚ ਇੰਨੀ ਰੁਝੀ ਰਹਿੰਦੀ ਹੈ ਕਿ ਕਈ ਵਾਰ ਤਾਂ ਉਹ ਦੋ-ਦੋ ਰਾਤਾਂ ਵੀ ਨਹੀਂ ਸੌਂ ਸਕਦੀ। ਇਸ ਲਈ ਮਜਬੂਰ ਹੋ ਕੇ ਅਸੀਂ ਇਕ ਇਹ ਢੰਗ ਵੀ ਅਪਨਾਇਆ ਹੋਇਆ ਹੈ ਅਤੇ ਪ੍ਰਭਾਵ ਦਿੰਦੇ ਹਾਂ ਕਿ ਘਰ ਵਿਚ ਹੀ ਕੋਈ ਨਹੀਂ।

ਡਾ. ਸਾਹਿਬ ਦੇ ਬੱਚੇ ਮੇਰੇ ਕੋਲ ਬੈਠ ਗਏ ਅਤੇ ਡਾ. ਸਾਹਿਬ ਦੀ ਪਤਨੀ ਮੇਰੇ ਲਈ ਚਾਹ ਬਣਾ ਲਿਆਈ। ਡਾ. ਮਕਬੂਲ ਜਿਸ ਤਰ੍ਹਾਂ ਅੰਮ੍ਰਿਤਸਰ, ਜਲੰਧਰ, ਦਿੱਲੀ ਆਦਿ ਬਾਰੇ ਪੁੱਛ ਰਿਹਾ ਸੀ ਉਸ ਤੋਂ ਲੱਗਦਾ ਸੀ ਕਿ ਉਸਨੂੰ ਚੜ੍ਹਦੇ ਪੰਜਾਬ ਬਾਰੇ ਜਾਨਣ ਦੀ ਵੱਡੀ ਖ਼ਾਹਿਸ਼ ਸੀ। ਦਰਿਆ ਬਿਆਸ, ਸਤਲੁਜ ਕਿਥੋਂ ਨਿਕਲਦੇ ਹਨ, ਪੰਜਾਬ ਵਿਚ ਕੁਝ ਖੇਤਰ ਪਹਾੜੀ ਵੀ ਹੋਵੇਗਾ ਬਾਰਸ਼ਾਂ ਦੇ ਦਿਨਾਂ ਵਿਚ ਇਹ ਦਰਿਆ ਬਹੁਤ ਭਰ ਜਾਂਦੇ ਹੋਣਗੇ, ਹੜ੍ਹ ਵੀ ਆਉਂਦੇ ਹੋਣਗੇ, ਪਿੰਡਾਂ ਵਿਚ ਵਿਦਿਆ ਦੀ ਕੀ ਸਥਿਤੀ ਹੈ, ਅਤੇ ਉਹ ਅਨੇਕਾਂ ਹੀ ਸੁਆਲ ਪੁਛ ਰਿਹਾ ਸੀ ਪਰ ਸ਼ਕੀਲਾਂ ਜੀ ਦਾ ਫੋਨ ਆਇਆ ਕਿ ਉਹ ਤਾਂ ਕਦੋਂ ਦੇ ਉਡੀਕ ਰਹੇ ਹਨ।


ਸ਼ਕੀਲਾਂ ਜੀ ਦਾ ਘਰ ਇਕ ਖੂਬਸੂਰਤ ਕੋਠੀ ਸੀ ਜਿਸ ਦੇ ਬਾਹਰ ਖੂਬਸੂਰਤ ਫਲਾਂ ਅਤੇ ਫੁੱਲਾਂ ਦੇ ਪੌਦੇ ਸਨ। ਉਨ੍ਹਾਂ ਦੇ ਡਰਾਇੰਗ ਰੂਮ ਵਿਚ ਉਨ੍ਹਾਂ ਦੇ ਪਤੀ ਦੀ ਵੱਡੇ ਸਾਈਜ਼ ਦੀ ਫੋਟੋ ਲੱਗੀ ਹੋਈ ਸੀ ਜੋ ਸ੍ਰੀ ਭੁੱਟੋ ਦੇ ਸਮੇਂ ਕੇਂਦਰੀ ਮੰਤਰੀ ਰਹੇ ਸਨ ਅਤੇ ਸਮਾਜਵਾਦੀ ਵਿਚਾਰਧਾਰਾ ਦੇ ਸਨ।

"ਫਿਰੋਜ਼ਪੁਰ ਵੀ ਜਾਂਦੇ ਹੋਵੋਗੇ" ਸ਼ਕੀਲਾਂ ਜੀ ਨੇ ਮੈਨੂੰ ਪੁਛਿਆ, "ਹਾਂ, ਅਨੇਕਾਂ-ਵਾਰ ਗਿਆ ਹਾਂ" ਮੈਂ ਜੁਆਬ ਦਿਤਾ। "ਮੈਂ ਫਿਰੋਜ਼ਪੁਰ ਨੂੰ ਨਹੀਂ ਭੁੱਲ ਸਕਦੀ, ਮੇਰਾ ਜਨਮ ਉਥੋਂ ਦਾ ਹੈ, ਦਿੱਲੀ ਦਰਵਾਜ਼ੇ ਵਾਲੀ ਗਲੀ, ਗਲੀ ਦੇ ਵਿਚ ਜ਼ਿਆਦਾ ਘਰ ਮੁਸਲਮਾਨਾਂ ਦੇ ਸਨ ਪਰ ਕੁਝ ਕੁ ਹਿੰਦੂ, ਸਿੱਖਾਂ ਦੇ ਸਨ। ਚਾਚਾ ਚਾਨਣ ਸਿੰਘ ਮੇਰੇ ਅੱਬਾ ਦਾ ਪੱਗ-ਵੱਟ ਭਰਾ ਸੀ। ਸਾਨੂੰ ਉਹ ਕਾਫਲੇ ਨਾਲ ਮਿਲਾ ਕੇ ਗਿਆ ਸੀ। ਉਸ ਵਕਤ ਬਹੁਤ ਸਾਰੇ ਮੁਸਲਮਾਨ ਮਾਰੇ ਗਏ ਸਨ। ਪਰ ਚਾਚਾ ਚਾਨਣ ਸਿੰਘ ਅਤੇ ਉਸ ਦੇ ਵੱਡੇ ਭਰਾ ਨੇ ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਸਾਨੂੰ ਕਾਫਲੇ ਨਾਲ ਮਿਲਾਇਆ ਸੀ। ਰਸਤੇ ਵਿਚ ਹਿੰਦੂ ਸਿੱਖਾਂ ਦੇ ਕੁਝ ਟੋਲਿਆਂ ਨੇ ਉਨ੍ਹਾਂ ਨੂੰ ਲਲਕਾਰਿਆ ਸੀ। ਮੈਂ ਛੋਟੀ ਜਹੀ ਸਾਂ, ਚਾਚੇ ਚਾਨਣ ਸਿੰਘ ਨੇ ਮੈਨੂੰ ਚੁਕਿਆ ਹੋਇਆ ਸੀ। ਮੈਂ ਚਾਚੇ ਚਾਨਣ ਸਿੰਘ ਨੂੰ ਨਹੀਂ ਭੁਲ ਸਕੀ ਉਹ ਮੈਨੂੰ ਚੁਕ ਕੇ ਮੇਲੇ ਵਿਚ ਲੈ ਜਾਂਦਾ ਹੁੰਦਾ ਸੀ, ਜਲੇਬੀਆਂ, ਆਈਸ ਕਰੀਮ ਖਵਾਉਣੀ ਅਤੇ ਵਾਪਸੀ 'ਤੇ ਛੋਟੇ-ਛੋਟੇ ਖਿਡੌਣੇ ਲੈ ਕੇ ਦੇਣੇਂ, ਪਰ ਮੈਂ ਜ਼ਿਦ ਕਰਕੇ ਉਹ ਖਿਡੌਣੇ ਲੈਂਦੀ ਸਾਂ ਜਿਹੜੇ ਮੈਨੂੰ ਪਸੰਦ ਹੁੰਦੇ ਸਨ।" ਉਹ ਦਸਦੀ ਜਾ ਰਹੀ ਸੀ ਅਤੇ ਮੈਂ ਵੇਖ ਰਿਹਾ ਸਾਂ ਉਸ ਦੀਆਂ ਅੱਖਾਂ ਵਿਚੋਂ ਅਥਰੂ ਵਗ ਰਹੇ ਸਨ। 59 ਸਾਲਾਂ ਬਾਦ ਵੀ ਅੱਖਾਂ ਵਿਚੋਂ ਅਥਰੂ, ਇਹ ਕਿਸ ਤਰ੍ਹਾਂ ਦੀਆਂ ਡੂੰਘੀਆਂ ਸਾਂਝਾਂ ਸਨ?

"ਬਾਦ ਵਿਚ ਤੁਸੀਂ ਕਦੀ ਫਿਰੋਜ਼ਪੁਰ ਗਏ ਨਹੀਂ" ਮੈਂ ਪੁਛਿਆ, "ਸਿਰਫ ਇਕ ਵਾਰ, ਕੋਈ ਦੋ ਸਾਲ ਪਹਿਲਾਂ। ਪਰ ਉਥੇ ਤਾਂ ਹੁਣ ਕੋਈ ਇਹ ਵੀ ਨਹੀਂ ਸੀ ਜਾਣਦਾ ਕਿ ਅਸੀਂ ਉਥੇ ਰਹਿੰਦੇ ਰਹੇ ਸਾਂ, ਉਹ ਟੂਟੀ ਜਿਸ ਤੋਂ ਪਾਣੀ ਪੀਂਦੇ ਹੁੰਦੇ ਸਾਂ। ਉਹ ਤਾਂ ਅਜੇ ਵੀ ਹੈ ਅਤੇ ਮੈਂ ਵੇਖ ਆਈ ਹਾਂ ਪਰ ਉਸ ਟੂਟੀ ਦੇ ਇਰਦ ਗਿਰਦ ਜਿਹੜੇ ਮਰਦ ਔਰਤਾਂ ਉਦੋਂ ਹੁੰਦੇ ਸਨ ਉਨ੍ਹਾਂ ਵਿਚੋਂ ਤਾਂ ਇਕ ਵੀ ਨਹੀਂ ਮਿਲਿਆ। ਚਾਨਣ ਸਿੰਘ ਦੇ ਪਰਿਵਾਰ ਵਿਚੋਂ ਉਨ੍ਹਾਂ ਦੇ ਪੋਤਰੇ ਮਿਲੇ ਤਾਂ ਸਨ ਪਰ ਮੇਰੀਆਂ ਕਈ ਗੱਲਾਂ ਜਿਹੜੀਆਂ ਉਸ ਪਰਿਵਾਰ ਬਾਰੇ ਮੈਂ ਜਾਣਦੀ ਸਾਂ, ਉਹ ਤਾਂ ਉਹ ਵੀ ਨਹੀਂ ਸਨ ਜਾਣਦੇ। ਪਰ ਫਿਰ ਵੀ ਉਨ੍ਹਾਂ ਬਚਿਆਂ ਵਿਚੋਂ ਉਨ੍ਹਾਂ ਦੇ ਦਾਦਾ-ਦਾਦੀ ਦੇ ਦਰਸ਼ਨ ਕੀਤੇ ਮੈਨੂੰ ਸਕੂਨ ਮਿਲਿਆ। ਮੈਂ ਉਸ ਧਰਤੀ ਨੂੰ ਸਲਾਮ ਕੀਤੀ, ਉਸ ਧਰਤੀ ਅਤੇ ਉਨ੍ਹਾਂ ਲੋਕਾਂ ਦੀ ਸੁਖ ਸਾਂਦ ਮੰਗੀ। ਆਪਣੇ ਬਾਪ ਵਲੋਂ ਮਰਣ ਤਕ ਫਿਰੋਜ਼ਪੁਰ ਨੂੰ ਯਾਦ ਕਰਨ ਅਤੇ ਲਗਾਤਾਰ ਇਸ ਤਰ੍ਹਾਂ ਕਹਿਣਾਂ ਕਿ ਸੁਪਨੇ ਵਿਚ ਮੈਂ ਅਤੇ ਚਾਨਣ ਸਿੰਘ ਸਾਈਕਲਾਂ 'ਤੇ ਮਲ੍ਹਾਂਵਾਲੇ ਨੂੰ ਜਾਂਦੇ ਰਹੇ ਹਾਂ। ਅਸੀਂ ਸੁਪਨੇ ਵਿਚ ਫਿਰੋਜ਼ਪੁਰ ਤੋਂ ਸੋਡਾ ਪੀਂਦੇ ਰਹੇ ਹਾਂ। ਪਰ ਇਹ ਵੀ ਅਜੀਬ ਵੰਡ ਸੀ। ਜਿਨ੍ਹਾਂ ਲੋਕਾਂ ਨੇ ਜਾਨਾਂ ਹੀਲ ਕੇ ਉਧਰੋਂ ਲੋਕਾਂ ਨੂੰ ਇਧਰ ਭੇਜਿਆ, ਜਿਹੜੇ ਰਿਸ਼ਤੇਦਾਰਾਂ ਤੋਂ ਕਿਤੇ ਉੱਤੇ ਸਨ ਉਹ ਤਾਂ ਰਿਸ਼ਤੇਦਾਰ ਗਿਣੇ ਨਾ ਗਏ, ਉਨ੍ਹਾਂ ਦੇ ਸੱਦੇ 'ਤੇ ਤਾਂ ਸਾਨੂੰ ਵੀਜ਼ਾ ਨਹੀਂ ਮਿਲ ਸਕਦਾ ਪਰ ਜੋ ਜ਼ਿੰਦਗੀ ਵਿਚ ਇਕ ਵਾਰ ਵੀ ਨਹੀਂ ਮਿਲੇ, ਜੇ ਉਹ ਰਿਸ਼ਤੇਦਾਰ ਹਨ ਤਾਂ ਉਨ੍ਹਾਂ ਦੇ ਨਾਂ 'ਤੇ ਵੀਜ਼ਾ ਮਿਲ ਸਕਦਾ ਹੈ। ਇਹ ਕਿਹੋ ਜਿਹਾ ਕਾਨੂੰਨ ਹੈ। ਮੈਂ ਪਾਰਲੀਮੈਂਟ ਦੀ ਮੈਂਬਰ ਹੋਣ ਕਰਕੇ ਫਿਰੋਜ਼ਪੁਰ ਤਾਂ ਵੇਖ ਆਈ ਹਾਂ ਪਰ ਲੱਖਾਂ ਉਹ ਲੋਕ ਜਿਹੜੇ ਆਪਣੇ ਪੁਰਾਣੇ ਘਰਾਂ ਅਤੇ ਸਾਥੀਆਂ ਨੂੰ ਵੇਖਣ ਲਈ ਤਰਸਦੇ ਰਹੇ ਅਤੇ ਪੁਰਾਣੇ ਸਾਥੀਆਂ ਨੂੰ ਮਿਲਣ ਦੀ ਖਾਹਿਸ਼ ਨਾਲ ਹੀ ਲੈ ਕੇ ਇਸ ਦੁਨੀਆਂ ਤੋਂ ਚਲੇ ਗਏ।

ਮੈਂ ਸ਼ਕੀਲਾਂ ਜੀ ਨੂੰ ਬਹੁਤ ਕੁਝ ਪੁਛਣਾ ਚਾਹੁੰਦਾ ਸਾਂ ਪਰ ਉਹ ਤਾਂ ਮੌਕਾ ਹੀ ਨਹੀਂ ਸਨ ਦੇ ਰਹੇ, ਪਰ ਉਸ ਵਕਤ ਮੈਂ ਇਹ ਕਲਪਨਾ ਜ਼ਰੂਰ ਕਰ ਸਕਦਾ ਸਾਂ ਕਿ ਭਾਪਾ ਜੀ ਵੀ ਤਾਂ ਇਸ ਤਰ੍ਹਾਂ ਹੀ ਕਹਿੰਦੇ ਹੁੰਦੇ ਹਨ ਕਿ ਸੁਪਨੇ ਵਿਚ ਅਜ ਮੈਂ ਸਾਰੀ ਰਾਤ ਆਪਣੀ ਪੈਲੀ ਨੂੰ ਪਾਣੀ ਲਾਉਂਦਾ ਰਿਹਾ ਹਾਂ। ਅਜ ਮੈਂ ਬਾਗ ਦੇ ਦੁਆਲੇ ਘੁੰਮਦਾ ਰਿਹਾ ਹਾਂ, ਅਜ ਮੈਂ ਸਰਗੋਧੇ ਸ਼ਹਿਰ ਵਿਚ ਸਾਈਕਲ ਚਲਾਉਂਦਾ ਰਿਹਾ ਹਾਂ। ਉਨ੍ਹਾਂ ਨੂੰ ਆਪਣਾ ਪਿਛਲਾ ਪਿੰਡ ਵੇਖਣ ਦੀ ਕਿੰਨੀ ਖਾਹਿਸ਼ ਸੀ, ਹੁਣ ਤਾਂ ਮਾਹੌਲ ਠੀਕ ਹੈ, ਉਨ੍ਹਾਂ ਨੂੰ ਉਨ੍ਹਾਂ ਦਾ ਪਿੰਡ ਜ਼ਰੂਰ ਵਿਖਾਵਾਂਗੇ।

ਸਮਾਂ ਕਾਫੀ ਹੋ ਗਿਆ ਸੀ, ਡਾ. ਮਕਬੂਲ ਨੇ ਆਪਣੇ ਦੋਸਤ ਮਿਸਟਰ ਇਕਬਾਲ ਜੋ ਲਾਹੌਰ ਦੇ ਮਾਡਲ ਟਾਊਨ ਵਿਚ ਰਹਿੰਦੇ ਸਨ ਅਤੇ ਇਕ ਵੱਡੇ ਉਦਯੋਗਪਤੀ ਹਨ, ਅਤੇ ਪਿਛੋਂ ਜਲੰਧਰ ਤੋਂ ਗਏ ਹੋਏ ਸਨ, ਨਾਲ 4 ਵਜੇ ਮਿਲਣ ਦਾ ਪ੍ਰੋਗਰਾਮ ਤੈਅ ਕੀਤਾ ਹੋਇਆ ਸੀ। ਅਸੀਂ ਉਠਣ ਲਗੇ ਤਾਂ ਸ਼ਕੀਲਾਂ ਜੀ ਨੇ ਕਿਹਾ "5 ਮਿੰਟ ਹੋਰ ਬੈਠ ਜਾਉ ਮੈਂ ਤਾਂ ਤੁਹਾਡੇ ਬਾਰੇ ਕੁਝ ਵੀ ਨਹੀਂ ਪੁਛਿਆ। ਹਾਂ ਮੈਂ ਹੁਣ ਫਿਰ ਭਾਰਤ ਆਉਣਾ ਹੈ,



ਮੇਰੇ ਨਾਲ ਫਿਰੋਜ਼ਪੁਰ ਚਲਿਉ। ਮੈਂ ਫਿਰੋਜ਼ਪੁਰ ਆਪਣਾ ਘਰ ਇਕ ਵਾਰ ਫਿਰ ਵੇਖਣਾ ਚਾਹੁੰਦੀ ਹਾਂ, ਉਥੇ ਜਾ ਕੇ ਮੈਨੂੰ ਅਜੀਬ ਸਕੂਨ ਮਿਲਿਆ ਸੀ, ਜਦੋਂ ਵਾਪਿਸ ਆ ਕੇ ਆਪਣੀ ਮਾਂ ਅਤੇ ਭੂਆ ਨੂੰ ਉਥੇ ਜਾਣ ਬਾਰੇ ਦਸਿਆ ਸੀ ਤਾਂ ਉਹ ਕਿੰਨਾ ਚਿਰ ਮੈਨੂੰ ਇਕ-ਇਕ ਗੱਲ ਦੁਹਰਾ ਕੇ ਪੁਛਦੀਆਂ ਰਹੀਆਂ ਸਨ, ਉਹ ਤਾਂ ਆਪਣਾ ਘਰ ਵੇਖਣ ਲਈ ਤਰਸਦੀਆਂ ਹੀ ਰਹੀਆਂ ਸਨ।" ਮੈਂ ਵੇਖਿਆ ਡਾ. ਮਕਬੂਲ ਉਠ ਖੜ੍ਹਾ ਹੋਇਆ ਸੀ ਅਤੇ ਮੈਂ ਸਮਝ ਗਿਆ ਕਿ ਉਹ ਲੇਟ ਹੋ ਰਿਹਾ ਹੈ। ਜਦ ਅਸੀਂ ਬਾਹਰ ਆ ਰਹੇ ਸਾਂ, ਤਾਂ ਮੈਂ ਸੋਚਿਆ ਕਿ ਸ਼ਕੀਲਾਂ ਜੀ ਨੂੰ ਉਸ ਮਿੱਟੀ ਨਾਲ ਕਿੰਨਾ ਮੋਹ ਹੈ, ਉਨ੍ਹਾਂ ਕਿਹਾ ਸੀ ਕਿ ਮੈਂ ਤਾਂ ਤੁਹਾਡੇ ਬਾਰੇ ਕੁਝ ਵੀ ਨਹੀਂ ਪੁਛਿਆ, ਪਰ ਗਲ ਉਨ੍ਹਾਂ ਫਿਰ ਆਪਣੀ ਹੀ ਸ਼ੁਰੂ ਕਰ ਦਿਤੀ ਮੇਰੇ ਕੋਲੋਂ ਤਾਂ ਉਨ੍ਹਾਂ ਕੁਝ ਵੀ ਨਹੀਂ ਪੁਛਿਆ। ਭਾਵੇਂ ਉਨ੍ਹਾਂ ਦੇ ਪਤੀ, ਕੇਂਦਰੀ ਸਰਕਾਰ ਦੇ ਮੰਤਰੀ ਰਹੇ ਹਨ। ਉਹ ਪਾਰਲੀਮੈਂਟ ਦੇ ਮੈਂਬਰ ਹਨ ਅਤੇ ਵਿਦੇਸ਼ਾਂ ਵਿਚ ਘੁੰਮਦੇ ਹਨ ਪਰ ਫਿਰੋਜ਼ਪੁਰ ਦੀ ਉਸ ਗਲੀ ਨੂੰ ਉਹ ਕਿਸ ਸ਼ਿਦਤ ਨਾਲ ਯਾਦ ਕਰਦੇ ਹਨ।

ਅਸੀਂ ਕੋਈ 4.30 ਵਜੇ ਮਿਸਟਰ ਇਕਬਾਲ ਦੇ ਘਰ ਪਹੁੰਚ ਗਏ, ਉਹ ਅਤੇ ਉਸਦਾ ਦੋਸਤ ਸਾਨੂੰ ਕਾਫੀ ਸਮੇਂ ਤੋਂ ਉਡੀਕ ਰਹੇ ਸਨ। ਜਦ ਅਸੀਂ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਬੈਠੇ, ਤਾਂ ਉਸ ਦੇ ਦੋ ਲੜਕੇ ਵੀ ਉਥੇ ਆ ਗਏ ਅਤੇ ਸਾਡੇ ਕੋਲ ਬੈਠ ਗਏ। "ਡਾ. ਮਕਬੂਲ ਨੇ ਮੇਰੀ ਵਾਕਵੀ ਕਰਾਉਂਦਿਆਂ ਦਸਿਆ ਕਿ ਡਾ. ਛੀਨਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਕਨੋਮਿਕਸ ਪੜ੍ਹਾਉਂਦੇ ਰਹੇ ਹਨ, ਅਤੇ ਮੇਰੇ ਮਾਸੀ ਜੀ ਸ੍ਰੀ ਮਤੀ ਸ਼ਕੀਲਾਂ ਦੇ ਜਾਣਕਾਰਾਂ ਦੇ ਵਾਕਿਫ ਹਨ। ਪਰ ਮਿਸਟਰ ਇਕਬਾਲ ਨੂੰ ਜਿਵੇਂ ਬਹੁਤ ਕੁਝ ਪੁਛਣ ਦੀ ਕਾਹਲ ਸੀ, "ਸਰਦਾਰ ਜੀ ਤੁਸੀਂ ਜਲੰਧਰ ਤਾਂ ਕਈ ਵਾਰ ਜਾਂਦੇ ਹੋਵੋਗੇ। ਜਲੰਧਰ ਦੀ ਬਸਤੀ ਸ਼ੇਖ ਵਿਚ ਸਾਡਾ ਘਰ ਸੀ, ਮੇਰਾ ਜਨਮ ਵੀ ਉਥੇ ਹੀ ਹੋਇਆ ਸੀ। ਮੇਰੇ ਅੱਬਾ ਜੀ ਦੀ ਉਥੇ ਛੋਟੀ ਜਹੀ ਫੌਂਡਰੀ ਸੀ, ਭਾਵੇਂ ਮੈਂ ਉਦੋਂ 4 ਸਾਲ ਦਾ ਸਾਂ ਜਦੋਂ ਪਾਕਿਸਤਾਨ ਬਣਿਆ ਸੀ ਪਰ ਮੈਨੂੰ ਅਜ ਤਕ ਵੀ ਜਲੰਧਰ ਵਾਲਾ ਆਪਣਾ ਘਰ ਯਾਦ ਹੈ। ਮੇਰੇ ਅੱਬਾ ਤਾਂ ਆਪਣੇ ਜਲੰਧਰ ਨੂੰ ਯਾਦ ਕਰਦੇ ਕਰਦੇ ਫੌਤ ਹੋ ਗਏ, ਉਨ੍ਹਾਂ ਨੇ ਕਈ ਵਾਰ ਵੀਜ਼ਾ ਲੈਣ ਦੀ ਕੋਸ਼ਿਸ਼ ਵੀ ਕੀਤੀ, ਕਦੀ ਮੈਚ ਵੇਖਣ ਲਈ, ਕਦੀ ਧਾਰਮਿਕ ਜਗਾਹ 'ਤੇ ਜਾਣ ਲਈ ਪਰ ਇਨ੍ਹਾਂ ਦੋਵਾਂ ਦੇਸ਼ਾਂ ਦਾ ਅਜੀਬ ਦਸਤੂਰ ਹੈ, ਉਨ੍ਹਾਂ ਨੂੰ ਸਾਰੀ ਜ਼ਿੰਦਗੀ ਵੀਜ਼ਾ ਹੀ ਨਹੀਂ ਸੀ ਮਿਲ ਸਕਿਆ। ਭਾਵੇਂ ਕਿ ਜ਼ਿੰਦਗੀ ਭਰ ਉਨ੍ਹਾਂ ਨੂੰ ਜਲੰਧਰ ਦੀਆਂ ਵੱਖ ਵੱਖ ਜਗ੍ਹਾ ਅਤੇ ਜਲੰਧਰ ਵਾਲੇ ਸਾਥੀਆਂ ਦੇ ਸੁਪਨੇ ਆਉਂਦੇ ਰਹੇ। ਉਹ ਬਾਵਾ ਸਿੰਘ ਦੇ ਪਰਿਵਾਰ ਨੂੰ ਤਾਂ ਮਰਨ ਤਕ ਯਾਦ ਕਰਦੇ ਰਹੇ, ਅਸਲ ਵਿਚ ਬਾਵਾ ਸਿੰਘ ਦੇ ਅੱਬਾ ਨਾਲ ਭਰਾਵਾਂ ਤੋਂ ਵੀ ਵੱਧ ਸਬੰਧ ਸਨ, ਇਥੋਂ ਤਕ ਕਿ ਮੇਰੀਆਂ ਭੂਆਂ ਦੇ ਵਿਆਹ ਵੀ ਬਾਵਾ ਸਿੰਘ ਦੀ ਸਲਾਹ ਨਾਲ ਕੀਤੇ ਸਨ। ਬਾਵਾ ਸਿੰਘ ਦੇ ਭਰਾ ਅਤੇ ਲੜਕੇ ਸਾਨੂੰ ਕਰਤਾਰਪੁਰ ਤਕ ਛੱਡ ਕੇ ਗਏ ਸਨ ਅਤੇ ਜਦੋਂ ਅਖੀਰ ਕਰਤਾਰਪੁਰ ਕੈਂਪ ਵਿਚ ਛੱਡ ਕੇ ਵਾਪਿਸ ਜਾਣ ਲੱਗੇ ਸਨ ਤਾਂ ਭੁੱਬਾਂ ਮਾਰ ਕੇ ਰੋਏ ਸਨ ਅਤੇ ਉਨ੍ਹਾਂ ਇਕ ਗੱਲ ਹੀ ਕਹੀ ਸੀ ਛੇਤੀ ਖ਼ਤ ਲਿਖ ਕੇ ਆਪਣੀ ਸੁੱਖ-ਸਾਂਦ ਦੱਸਿਉ। ਇਧਰ ਆ ਕੇ ਬਹੁਤ ਚਿਰ ਤਕ ਤਾਂ ਕੋਈ ਪੱਕਾ ਘਰ ਹੀ ਨਹੀਂ ਸੀ ਮਿਲਿਆ, ਕੋਈ 5 ਸਾਲ, ਕਦੀ ਕਿਸੇ ਜਗ੍ਹਾ, ਕਦੀ ਕਿਸੇ ਜਗ੍ਹਾ ਅਤੇ ਅਖੀਰ ਜਦੋਂ 1952-53 ਵਿਚ ਇਕ ਪੱਕੇ ਘਰ ਵਿਚ ਟਿਕੇ ਤਾਂ ਅੱਬਾ ਨੇ ਬਾਵਾ ਸਿੰਘ ਨੂੰ ਚਿਠੀ ਲਿਖੀ। ਕੁਝ ਦਿਨਾਂ ਬਾਅਦ ਹੀ ਬਾਵਾ ਸਿੰਘ ਦੀ ਕੋਈ 6 ਸਫਿਆਂ ਦੀ ਲੰਮੀ ਚਿੱਠੀ ਆਈ ਜਿਸ ਵਿਚ ਉਸ ਨੇ ਬਾਰ-ਬਾਰ ਤਾਕੀਦ ਕੀਤੀ ਕਿ ਉਹ ਉਸ ਕੋਲ ਮਿਲਣ ਲਈ ਆਉਣ। ਫਿਰ ਛੇ ਕੁ ਮਹੀਨੇ ਬਾਦ ਬਾਵਾ ਨੇ ਇਕ ਹੋਰ ਚਿਠੀ ਲਿਖੀ, ਪਰ ਉਧਰੋਂ ਉਸ ਦੇ ਲੜਕੇ ਦਾ ਜਵਾਬ ਆਇਆ ਕਿ ਬਾਵਾ ਸਿੰਘ ਫੌਤ ਹੋ ਗਿਆ ਹੈ। ਫਿਰ ਇੱਕ-ਦੋ ਚਿੱਠੀਆਂ ਹੋਰ ਲਿਖੀਆਂ ਵੀ ਅਤੇ ਆਈਆਂ ਵੀ ਪਰ ਉਸ ਤੋਂ ਬਾਅਦ ਇਹ ਸਿਲਸਿਲਾ ਬੰਦ ਹੋ ਗਿਆ। ਅੱਬਾ ਤਾਂ ਅਖੀਰ ਤਕ ਕਹਿੰਦੇ ਰਹੇ, ਰਾਤੀਂ ਸੁਪਨੇ ਵਿਚ ਮੈਂ ਤੇ ਬਾਵਾ ਸਿੰਘ ਸਾਈਕਲਾਂ 'ਤੇ ਨਕੋਦਰ ਜਾ ਰਹੇ ਸਾਂ ਅੱਜ ਅਸੀਂ ਇੱਕ ਦੁਕਾਨ ਵਿਚ ਪਕੌੜੇ ਖਾ ਰਹੇ ਸਾਂ।' ਮੈਂ ਵੇਖਿਆ ਉਨ੍ਹਾਂ ਦੇ ਲੜਕੇ ਇਹ ਗੱਲਾਂ ਬੜੀ ਦਿਲਚਸਪੀ ਨਾਲ ਸੁਣ ਰਹੇ ਸਨ ਜਿਵੇਂ ਕੋਈ ਕਹਾਣੀ ਸੁਣ ਰਹੇ ਹੋਣ, ਮਿਸਟਰ ਇਕਬਾਲ ਕਹਿਣ ਲਗੇ। "ਬੱਚੇ ਭਾਵੇਂ ਇਹ ਗੱਲਾਂ ਬੜੀ ਦਿਲਚਸਪੀ ਨਾਲ ਸੁਣਦੇ ਹਨ ਪਰ ਇਨ੍ਹਾਂ ਗੱਲਾਂ ਨੂੰ ਅਜੀਬ ਜਿਹਾ ਸਮਝਦੇ ਹਨ ਕਿਉਂ ਜੋ ਉਨ੍ਹਾਂ ਨੇ ਨਾ ਤਾਂ ਉਹ ਜਗ੍ਹਾ ਵੇਖੀਆਂ ਹਨ ਅਤੇ ਨਾ ਹੀ ਉਨ੍ਹਾਂ ਹਾਲਤਾਂ ਵਿਚੋਂ ਗੁਜ਼ਰੇ ਹਨ, ਨਾ ਉਹ ਲੋਕ ਵੇਖੇ ਹਨ।'

ਲੰਮਾ ਸਮਾਂ ਗੱਲਾਂ ਕਰਨ ਤੋਂ ਬਾਅਦ ਜਦੋਂ ਮੈਂ ਮਿਸਟਰ ਇਕਬਾਲ ਕੋਲੋਂ ਛੁੱਟੀ ਮੰਗੀ ਤਾਂ ਉਹ ਕਹਿਣ ਲੱਗਾ "ਸਰਦਾਰ ਜੀ ਮੈਂ ਤੁਹਾਡੇ ਬਾਰੇ ਤਾਂ ਕੁਝ ਪੁੱਛਿਆ ਹੀ ਨਹੀਂ, ਆਪਣੇ ਬਾਰੇ ਹੀ ਦੱਸਦਾ ਰਿਹਾ ਹਾਂ।" ਅਸੀਂ ਫਿਰ ਬੈਠੇ ਤਾਂ ਕਾਫੀ ਚਿਰ ਰਹੇ ਪਰ ਉਹ ਆਪਣੀਆਂ ਹੀ ਗੱਲਾਂ ਦਸ ਰਿਹਾ ਸੀ ਅਤੇ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਹਰ ਕੋਈ ਬੜੀ ਹੀ ਸ਼ਿੱਦਤ ਨਾਲ ਆਪਣੇ ਪਿਛੋਕੜ ਨੂੰ ਯਾਦ ਕਰਦਾ ਹੈ ਅਤੇ ਇਸ ਪਿਛੋਕੜ ਸਬੰਧੀ ਹਰ ਕੋਈ ਇਹੋ ਜਹੇ ਜਜ਼ਬਾਤ ਰਖਦਾ ਹੈ। ਅੰਮ੍ਰਿਤਸਰ ਆ ਕੇ ਕੋਈ 4 ਕੁ ਮਹੀਨੇ ਬਾਅਦ ਬਬੀਤਾ ਜੀ ਦਾ ਮੈਨੂੰ ਫੋਨ ਆਇਆ ਕਿ ਸ਼ਕੀਲਾਂ ਜੀ ਨੇ ਭਾਰਤ ਆਉਣਾ ਹੈ ਅਤੇ ਇਸ ਵਾਰ ਉਹ ਫਿਰੋਜ਼ਪੁਰ ਆਪਣਾ ਘਰ ਵੇਖਣਾ ਚਾਹੁੰਦੇ ਹਨ, ਜੇ ਹੋ ਸਕਿਆ ਤਾਂ ਤੁਸੀਂ ਉਨ੍ਹਾਂ ਦੇ ਨਾਲ ਜਾਇਉ। ਮੈਂ ਸ਼ਕੀਲਾਂ ਜੀ ਨੂੰ ਲੈਣ ਵਾਹਗੇ ਬਾਰਡਰ ਚਲਾ ਗਿਆ ਅਤੇ ਤਕਰੀਬਨ ਅਧੇ ਘੰਟੇ ਬਾਅਦ ਹੀ ਸ੍ਰੀਮਤੀ ਸ਼ਕੀਲਾਂ ਅਤੇ ਇਕ ਹੋਰ ਔਰਤ ਕਸਟਮ ਦੀ ਇਮਾਰਤ ਤੋਂ ਬਾਹਰ ਆ ਰਹੀਆਂ ਸਨ। ਅਸੀਂ 2 ਕੁ ਵਜੇ ਅੰਮ੍ਰਿਤਸਰ ਪਹੁੰਚ ਕੇ ਖਾਣਾ ਖਾਧਾ ਅਤੇ ਮੈਂ ਉਨ੍ਹਾਂ ਨੂੰ ਫਿਰੋਜ਼ਪੁਰ ਜਾਣ ਬਾਰੇ ਪੁਛਿਆ, ਪਰ ਉਨ੍ਹਾਂ ਜਵਾਬ ਦਿਤਾ ਕਿ ਉਹ ਦਿੱਲੀ ਤੋਂ ਚਾਰ ਕੁ ਦਿਨਾਂ ਬਾਅਦ ਜਦ ਵਾਪਿਸ ਆਉਣਗੇ ਤਾਂ ਫਿਰੋਜ਼ਪੁਰ ਚਲਾਂਗੇ। ਪਰ ਜਦ 4 ਦਿਨਾਂ ਬਾਅਦ ਉਹ ਦਿੱਲੀ ਤੋਂ ਵਾਪਿਸ ਆਈ ਤਾਂ ਮੈਂ ਉਨ੍ਹਾਂ ਨੂੰ ਫਿਰ ਫਿਰੋਜ਼ਪੁਰ ਜਾਣ ਬਾਰੇ ਪੁੱਛਿਆ ਤਾਂ ਉਹ ਚੁੱਪ ਹੋ ਗਈ ਅਤੇ ਕਹਿਣ ਲੱਗੀ "ਅੱਗੇ ਜਦੋਂ ਮੈਂ ਵਾਪਿਸ ਲਾਹੌਰ ਜਾਂਦੀ ਹੁੰਦੀ ਸਾਂ ਤਾਂ ਮੇਰੀ ਅੰਮਾਂ ਅਤੇ ਭੂਆ ਮੈਨੂੰ ਉਡੀਕਦੀਆਂ ਰਹਿੰਦੀਆਂ ਸਨ ਉਹ ਮੈਨੂੰ ਭਾਰਤ ਫੇਰੀ ਬਾਰੇ ਸੈਂਕੜੇ ਸੁਆਲ ਕਰਦੀਆਂ ਸਨ, ਔਰਤਾਂ ਦੇ ਪਹਿਰਾਵੇ ਤੋਂ ਲੈ ਕੇ ਬੋਲੀ, ਸ਼ਹਿਰਾਂ ਦੀਆਂ ਸੜਕਾਂ, ਇਮਾਰਤਾਂ, ਆਦਿ ਬਾਰੇ ਕਈ-ਕਈ ਸੁਆਲ ਪੁਛਦੀਆਂ ਸਨ, ਫਿਰੋਜ਼ਪੁਰ ਨੂੰ ਬੇਹੱਦ ਯਾਦ ਕਰਦੀਆਂ ਸਨ, ਪਰ ਹੁਣ ਉਹ ਦੋਵੇਂ ਨਹੀਂ ਰਹੀਆਂ। ਫਿਰੋਜ਼ਪੁਰ ਜਿਹੜੇ ਲੋਕ ਮੈਨੂੰ ਮਾੜਾ ਮੋਟਾ ਪਹਿਚਾਣਦੇ ਸਨ ਉਹ ਵੀ ਨਹੀਂ ਰਹੇ ਹੁਣ ਮੈਂ ਸੋਚਦੀ ਹਾਂ ਕਿ ਜਦ ਮੈਂ ਲਾਹੌਰ ਵਾਪਿਸ ਜਾਂਦੀ ਹਾਂ ਤਾਂ ਮੈਨੂੰ ਭਾਰਤ ਬਾਰੇ ਕੋਈ ਵੀ ਨਹੀਂ ਪੁਛਦਾ। ਕਈ ਵਾਰ ਜੇ ਮੈਂ ਆਪ ਹੀ ਦਸਣ ਲਗਦੀ ਹਾਂ ਤਾ ਸੁਣਨ ਵਾਲਿਆਂ ਨੂੰ ਕੋਈ ਦਿਲਚਸਪੀ ਨਹੀਂ ਹੁੰਦੀ। ਪਰ ਫਿਰ ਵੀ ਅਗਲੀ ਵਾਰ ਫਿਰੋਜ਼ਪੁਰ ਚਲਾਂਗੀ।"

ਕੁਝ ਚਿਰ ਬਾਅਦ ਮੈਨੂੰ ਫਿਰ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਸ਼ਕੀਲਾਂ ਜੀ ਨੂੰ ਕਿਹਾ ਕਿ ਇਸ ਵਾਰ ਮੈਂ ਫਿਰ ਆਪਣਾ ਪਿੰਡ ਵੇਖਣਾਂ ਚਾਹੁੰਦਾ ਹਾਂ। ਸ਼ਕੀਲਾਂ ਜੀ ਨੇ ਕਿਹਾ ਕਿ "ਮੈਂ ਸਰਗੋਧੇ ਤੁਹਾਡੇ ਪਿੰਡ ਜਾਣ ਦਾ ਪ੍ਰੋਗਰਾਮ ਵੀ ਬਣਾਂ ਦਿਆਂਗੀ ਅਤੇ ਮੈਂ ਵੀ ਤੁਹਾਡੇ ਨਾਲ ਚਲਾਂਗੀ।"


ਰਾਤ ਨੂੰ ਮੈਂ ਪਿਛਲੀ ਵਾਰ ਸਰਗੋਧੇ ਦੀ ਫੇਰੀ ਨੂੰ ਯਾਦ ਕਰਦਾ ਰਿਹਾ, ਜਿਨ੍ਹਾਂ ਲੋਕਾਂ ਦੇ ਭਾਪਾ ਜੀ ਨੇ ਨਾਂ ਲਿਖ ਕੇ ਦਿਤੇ ਸਨ ਉਨ੍ਹਾਂ ਵਿਚੋਂ ਤਾਂ ਕੋਈ ਵੀ ਨਹੀਂ ਸੀ ਮਿਲਿਆ, ਜਿਸ ਬਾਰੇ ਵੀ ਮੈਂ ਪੁਛਦਾ ਸਾਂ, ਜਵਾਬ ਮਿਲਦਾ ਸੀ, ਦੋ ਸਾਲ ਹੋਏ ਫੌਤ ਹੋ ਗਿਆ, 10 ਸਾਲ ਹੋਏ ਫੌਤ ਹੋ ਗਿਆ ਇਹ ਤਾਂ ਅਜੇ 6 ਮਹੀਨੇ ਪਹਿਲਾਂ ਫੌਤ ਹੋਇਆ। ਪਰ ਫਿਰ ਵੀ ਜਦ ਮੈਂ ਵਾਪਿਸ ਅੰਮ੍ਰਿਤਸਰ ਗਿਆ ਸਾਂ ਤਾਂ ਭਾਪਾ ਜੀ ਨੇ ਫੋਨ 'ਤੇ ਕਿਹਾ ਸੀ, ਉਡ ਕੇ ਆ ਜਾ ਅਤੇ ਮੇਰੇ ਕੋਲੋਂ ਪਿੰਡ ਦੀਆਂ ਗੱਲਾਂ ਦੁਹਰਾ-ਦੁਹਰਾ ਕੇ ਸੁਣਦੇ ਰਹੇ ਸਨ ਜਦੋਂ ਮੈਂ ਉਨ੍ਹਾਂ ਵੱਲੋਂ ਦੱਸੇ ਹੋਏ ਲੋਕਾਂ ਬਾਰੇ ਦਸਿਆ ਸੀ ਕਿ ਉਹ ਸਵਰਗਵਾਸ ਹੋ ਗਏ ਸਨ ਤਾਂ ਉਹ ਚੁੱਪ ਹੋ ਜਾਂਦੇ ਸਨ ਅਤੇ ਪੁਛਦੇ ਸਨ, ਕੀ ਹੋਇਆ ਸੀ ਉਸਨੂੰ ਜਿਵੇਂ ਉਹ ਮੇਰੀਆਂ ਗੱਲਾਂ ਨਾਲ ਹੀ ਪਿੰਡ ਬਾਰੇ ਸਭ ਕੁਝ ਜਾਣ ਲੈਣਾਂ ਚਾਹੁੰਦੇ ਸਨ, ਬਾਦ ਵਿਚ ਉਨ੍ਹਾਂ ਨੇ ਕਦੀ ਆਦਮੀਆਂ ਨੂੰ ਉਨ੍ਹਾਂ ਦੇ ਪੁਛਣ ਦੇ ਬਗੈਰ ਵੀ ਦਸਿਆ। "ਸਰਬਜੀਤ ਆਪਣੇ ਪਿੰਡ ਹੋ ਕੇ ਆਇਆ ਹੈ," ਫਿਰ ਮੇਰਾ ਧਿਆਨ ਮੇਰੀ ਕੈਨੇਡਾ ਫੇਰੀ 'ਤੇ ਗਿਆ।

ਜਿਥੇ ਮੈਂ ਵੇਖਦਾ ਹੁੰਦਾ ਸਾਂ, ਕਿ ਚਾਚਾ ਜੀ ਅਤੇ ਮੇਰੇ ਕਜ਼ਨ ਬੜਾ ਚਿਰ ਆਪਣੇ ਪੁਰਾਣੇ ਪਿੰਡ ਨੂੰ ਯਾਦ ਕਰਦੇ ਹੁੰਦੇ ਸਨ, ਪਰ ਉਨ੍ਹਾਂ ਦੇ ਲੜਕਿਆਂ ਦੀ ਉਨ੍ਹਾਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਹੁੰਦੀ, ਮੈਂ ਇਹ ਸਾਰਾ ਕੁਝ ਸੋਚਦਿਆਂ ਰਾਤ ਲੰਘਾ ਦਿਤੀ, ਮੈਂ ਹੁਣ ਜਾ ਕੇ ਫਿਰ ਉਨ੍ਹਾਂ

*(ਬਾਕੀ ਅਗਲੇ ਸਫੇ 'ਤੇ)*

# ਔਰਤ ਅਤੇ ਕਮਜ਼ੋਰ ਧਿਰ ਦੀ ਨੁਮਾਇੰਦਗੀ ਕਰਦੀ ਸ਼ਾਇਰੀ, 'ਉਮਰਾਂ ਧੁੱਪਾਂ ਹੋਈਆਂ' ! !

ਪੰਜਾਬੀਆਂ ਦੀ 'ਰੂਹ ਵਿਚ ਵੱਸਦੇ ਪੰਜਾਬ' ਦੀ ਸ਼ਾਇਰਾ ਧੀ 'ਸਫ਼ੀਆ ਹਯਾਤ' ਦੀ ਵਿਲੱਖਣ ਸਿਰਜਣਾ 'ਉਮਰਾਂ ਧੁੱਪਾਂ ਹੋਈਆਂ' ਨੂੰ ਕੁਝ ਸਮਾਂ ਪਹਿਲਾਂ ਪੜ੍ਹਨ ਦਾ ਮੌਕਾ ਮਿਲਿਆ। ਪੁਸਤਕ ਨੂੰ ਪੜ੍ਹਦਿਆਂ ਇਹ ਵੀ ਸੋਚਦਾ ਰਿਹਾ ਕਿ ਤਰਲੋਕ ਬੀਰ ਦੇ ਲਿਪੀਅੰਤਰ ਅਤੇ ਸੰਪਾਦਨ ਤੋਂ ਬਗੈਰ ਸ਼ਾਇਦ ਇਹ ਸਿਰਜਣਾ ਮੇਰੇ ਜਾਂ ਫਿਰ ਮੇਰੇ ਵਰਗੇ ਸ਼ਾਹਮੁਖੀ ਤੋਂ ਅਣਜਾਣ ਪਾਠਕਾਂ ਦੇ ਹੱਥਾਂ ਵਿਚ ਕਦੇ ਵੀ ਨਾ ਪਹੁੰਚਦੀ।



ਚੁਸਤ-ਚਲਾਕ ਮਨੁੱਖ ਦੀਆਂ ਪਾਈਆਂ ਹੋਈਆਂ ਵੰਡੀਆਂ ਅਤੇ ਭਾਸ਼ਾਵਾਂ ਦੇ ਵਖਰੇਵੇਂ ਦੀ ਧੁੰਦ ਵਿਚ ਬੜਾ ਕੁਝ ਗੁਆਚ ਗਿਆ

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੀ ਨਹੀਂ, ਨਾਮੁਮਕਿਨ ਹੈ।

ਮਨੁੱਖ ਦਾ ਜੀਵਨ ਸਮਾਜਿਕ, ਆਰਥਕ, ਸੱਭਿਆਚਾਰਕ, ਧਾਰਮਕ, ਅਤੇ ਰਾਜਨੀਤਕ ਸਰੋਕਾਰਾਂ ਅਤੇ ਵਰਤਾਰਿਆਂ ਦੀਆਂ ਤੰਦਾਂ ਦੇ ਤਾਣਿਆਂ-ਬਾਣਿਆਂ ਨਾਲ ਬੁਣਿਆ ਹੈ। ਮਨੁੱਖ ਦੇ ਖ਼ੁਦ ਦੇ ਜਮਾਂਦਰੂ ਸੁਭਾਅ ਕਾਰਨ ਇਹ ਵਰਤਾਰੇ ਬਹੁਤੀ ਵਾਰੀ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਦਾ ਧੁਰਾ ਬਣ ਜਾਂਦੇ ਹਨ। ਇਨ੍ਹਾਂ ਤ੍ਰਾਸਦੀਆਂ ਅਤੇ ਘਿਨਾਉਣੇ ਕਾਰਨਾਮਿਆਂ ਵਿਰੁੱਧ ਉੱਠਦੀ ਦਲੇਰਾਨਾ ਅਤੇ ਇਨਕਲਾਬੀ ਆਵਾਜ਼ ਹੈ... 'ਉਮਰਾਂ ਧੁੱਪਾਂ ਹੋਈਆਂ' ਅਤੇ ਇਸ ਦੀ ਰਚੇਤਾ ਸਫ਼ੀਆ ਹਯਾਤ!

ਸਫ਼ੀਆ ਹਯਾਤ ਦੀ ਸ਼ਾਇਰੀ...

ਸਫ਼ੀਆ ਹਯਾਤ ਉਰਦੂ ਅਤੇ ਪੰਜਾਬੀ ਭਾਸ਼ਾ ਦੀ ਬਹੁ-ਵਿਧਾਵੀ ਲੇਖਿਕਾ ਹੈ। ਸਕੂਲ ਦੇ ਸਮੇਂ ਤੋਂ ਸ਼ੁਰੂ ਹੋਇਆ ਸਾਹਿਤਕ ਸਫ਼ਰ ਲਗਾਤਾਰਤਾ ਨਾਲ਼ ਅੱਜ ਵੀ ਜਾਰੀ ਹੈ। ਪੁਸਤਕ ਪ੍ਰਕਾਸ਼ਨ ਤੋਂ ਇਲਾਵਾ ਸਫ਼ੀਆ ਹਯਾਤ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ, ਰਸਾਲਿਆਂ ਅਤੇ ਸ਼ੋਸ਼ਲ ਮੀਡੀਆ ਦੇ ਮੰਚਾਂ 'ਤੇ ਵੀ ਪਾਠਕਾਂ ਨਾਲ਼ ਸਾਂਝਾਂ ਪਾਉਂਦੀਆਂ ਹਨ। ਇਸ ਲਈ ਲਹਿੰਦੇ, ਚੜ੍ਹਦੇ ਜਾਂ ਫਿਰ ਸੱਤ ਸਮੁੰਦਰਾਂ ਦੀਆਂ ਹੱਦਾਂ ਤੋਂ ਵੀ ਪਾਰ ਵੱਸਦੇ ਪੰਜਾਬ ਦੇ ਸਾਹਿਤ ਪ੍ਰੇਮੀਆਂ ਨੂੰ ਸਫ਼ੀਆ ਹਯਾਤ ਬਾਰੇ ਬਹੁਤਾ ਵਿਸਥਾਰ ਵਿਚ ਦੱਸਣ ਦੀ ਜ਼ਰੂਰਤ ਨਹੀਂ ਰਹਿ ਜਾਂਦੀ।

ਉਂਜ ਭਾਵੇਂ ਅਸੀਂ ਸਫ਼ੀਆ ਹਯਾਤ ਨੂੰ ਲਹਿੰਦੇ ਜਾਂ ਓਸ-ਪਾਰ ਦੇ ਪੰਜਾਬ ਦੀ ਸ਼ਾਇਰਾ ਕਹਿ ਦੇਈਏ, ਪਰ ਅਸਲ ਵਿਚ ਉਹ ਇਨ੍ਹਾਂ ਮਨੁੱਖੀ ਵੰਡੀਆਂ ਨੂੰ ਪਾਣੀ 'ਤੇ ਮਾਰੀਆਂ ਲੀਕਾਂ ਮੰਨਦਿਆਂ ਖ਼ੁਦ ਨੂੰ ਉਸ ਪੰਜਾਬ ਦੀ ਧੀ ਮੰਨਦੀ ਹੈ ਜੋ ਪੰਜਾਬੀਆਂ ਦੀ ਰੂਹ ਅਤੇ ਧੜਕਣਾਂ ਵਿਚ ਵੱਸਦਾ ਅਤੇ ਧੜਕਦਾ ਹੈ। ਚੁਸਤ-ਚਲਾਕ ਬੰਦਾ ਭੂਗੋਲਿਕ ਅਤੇ ਨਫ਼ਰਤ ਦੀਆਂ ਲਕੀਰਾਂ ਖਿੱਚ ਕੇ ਸਧਾਰਨ ਤੇ ਮੁਹੱਬਤੀ ਇਨਸਾਨ ਦੀਆਂ ਸਭਿਆਚਾਰਕ, ਦਿਲ ਅਤੇ ਰੂਹ ਦੀਆਂ ਗਹਿਰੀਆਂ ਸਾਂਝਾਂ ਨੂੰ ਤੋੜਨ ਦਾ ਵਹਿਮ ਪਾਲ਼ ਬੈਠਾ ਹੈ। ਵੈਸੇ ਵੀ ਹੁਣ ਪੰਜਾਬ ਲਹਿੰਦਾ ਜਾਂ ਚੜ੍ਹਦਾ ਨਹੀਂ ਰਿਹਾ, ਬਲਕਿ ਪੰਜਾਬੀਆਂ ਦੀ ਧੜਕਣ ਵਿਚ ਧੜਕਦਾ ਹੋਇਆ ਸੰਸਾਰ ਦੇ ਹਰ ਕੋਨੇ ਵਿਚ ਫੈਲ ਗਿਆ ਹੈ, ਜਿੱਥੇ ਪੰਜਾਬੀਆਂ ਦਾ ਵਾਸਾ ਹੈ।

ਖ਼ੁਦ ਔਰਤ ਦਾ ਜੀਵਨ ਹੰਢਾਉਂਦਿਆਂ ਹੋਇਆਂ ਸਫ਼ੀਆ ਹਯਾਤ ਆਪਣੀ ਸ਼ਾਇਰੀ ਵਿਚ ਔਰਤਾਂ ਦੇ ਹੋ ਰਹੇ ਸ਼ੋਸ਼ਣ ਵਿਰੁੱਧ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਪੱਖ ਵਿਚ ਜਦੋ-ਜਹਿਦ ਕਰਦਿਆਂ ਇਨਕਲਾਬੀ ਆਵਾਜ਼ ਬੁਲੰਦ ਕਰਕੇ ਉਨ੍ਹਾਂ ਦੀ ਨੁਮਾਇੰਦਗੀ ਕਰਦੀ ਹੈ। ਸਮੁੱਚੇ ਸੰਸਾਰ ਦੀ ਨਾਰੀ ਦੇ ਮਨੋਭਾਵਾਂ ਦੀ ਤਰਜ਼ਮਾਨੀ ਕਰਦਿਆਂ ਔਰਤਾਂ ਉੱਪਰ ਹੋ ਰਹੇ ਜ਼ੁਲਮ ਅਤੇ ਨਾ-ਇਨਸਾਫੀ ਨੂੰ ਉਭਾਰਦਿਆਂ ਉਨ੍ਹਾਂ ਦੇ ਮੌਲਿਕ ਹੱਕਾਂ ਅਤੇ ਅਜ਼ਾਦੀ ਦਾ ਨਾਹਰਾ ਮਾਰਦੀ ਹੈ।

ਔਰਤ ਅਤੇ ਕਮਜ਼ੋਰ ਧਿਰ ਦੀ ਨੁਮਾਇੰਦਗੀ ਕਰਦੀ ਸ਼ਾਇਰੀ, 'ਉਮਰਾਂ ਧੁੱਪਾਂ ਹੋਈਆਂ'...

ਚੰਗੀਆਂ ਪੁਸਤਕਾਂ ਪਾਠਕ ਨੂੰ ਵਾਜਾਂ ਮਾਰ ਕੇ ਬੁਲਾ ਲੈਂਦੀਆਂ ਨੇ...ਮੁੱਢ ਬੈਠਾ ਲੈਂਦੀਆਂ ਨੇ, ਕਿੱਕਲੀ ਪਾ ਲੈਂਦੀਆਂ ਨੇ, ਸੰਵਾਦ ਰਚਾ ਲੈਂਦੀਆਂ ਨੇ ਅਤੇ ਨਾਲ਼ ਤੋਰ ਲੈਂਦੀਆਂ ਨੇ। ਆਟਮ ਆਰਟ, ਪਟਿਆਲਾ ਵੱਲੋਂ ਪ੍ਰਕਾਸ਼ਿਤ 124 ਸਫ਼ਿਆਂ ਦੀ 'ਉਮਰਾਂ ਧੁੱਪਾਂ ਹੋਈਆਂ' ਵੀ ਇਕ ਇਹੋ ਜਿਹੀ ਪੁਸਤਕ ਹੀ ਹੈ। 90 ਤੋਂ ਵੀ ਜ਼ਿਆਦਾ ਵੰਨ-ਸੁਵੰਨੇ ਵਿਸ਼ਿਆਂ, ਰੰਗਾਂ ਅਤੇ ਰਸਾਂ ਵਾਲੀਆਂ ਵੱਡੀਆਂ-ਛੋਟੀਆਂ ਕਵਿਤਾਵਾਂ ਦੇ ਸੰਗ੍ਰਹਿ ਨੂੰ ਸਫ਼ੀਆ ਹਯਾਤ ਨੇ ਆਪਣੇ ਬੱਚਿਆਂ ਅਲੀਨਾ, ਆਇਮਾ ਅਤੇ ਅਹਿਮਦ ਨੂੰ ਸਮਰਪਿਤ ਕੀਤਾ ਹੈ।

ਸੰਵੇਦਨਸ਼ੀਲ ਮਨੁੱਖ ਦੀ ਰੂਹ ਅੰਦਰ ਖਿਆਲਾਂ, ਅਨੁਭਵਾਂ ਜਾਂ ਅਹਿਸਾਸਾਂ ਦਾ ਚਸ਼ਮਾ ਫੁੱਟਦਾ ਰਹਿੰਦਾ ਹੈ। ਚਾਹੁੰਦਿਆਂ ਵੀ ਉਹ ਇਸ ਪ੍ਰਕਿਰਿਆ ਨੂੰ ਜ਼ਿਆਦਾ ਦੇਰ ਤੱਕ ਰੋਕ ਨਹੀਂ ਸਕਦਾ। ਇਨ੍ਹਾਂ ਅਨੁਭਵਾਂ, ਅਹਿਸਾਸਾਂ ਅਤੇ ਵਲਵਲਿਆਂ ਦਾ ਸੰਗਮ ਸ਼ਬਦਾਂ ਦਾ ਵਹਿਣ ਬਣਦਿਆਂ ਵਹਿ ਤੁਰਦਾ ਹੈ- ਗੀਤ, ਕਵਿਤਾ, ਗ਼ਜ਼ਲ, ਕਹਾਣੀ, ਵਾਰਤਾ, ਜਾਂ ਫਿਰ ਸਾਹਿਤ ਦੇ ਕਿਸੇ ਵੀ ਰੰਗ-ਰੂਪ ਵਿਚ। ਪਾਣੀ ਦੀ ਤਰ੍ਹਾਂ- ਕਦੇ ਵਾਸ਼ਪਾਂ ਵਿਚ, ਬੱਦਲਾਂ ਤੇ ਝੀਲਾਂ, ਨਦੀਆਂ, ਨਾਲਿਆਂ, ਦਰਿਆਵਾਂ ਅਤੇ ਕਦੇ ਸਮੁੰਦਰ ਦੀਆਂ ਵਿਸ਼ਾਲ ਛੱਲਾਂ ਵਾਂਗ..। 'ਉਮਰਾਂ ਧੁੱਪਾਂ ਹੋਈਆਂ' ਕਾਵਿ ਸੰਗ੍ਰਹਿ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਸਫ਼ੀਆ ਹਯਾਤ ਦੇ ਸੰਵੇਦਨਸ਼ੀਲ ਅਤੇ ਕੋਮਲ ਮਨ ਵਿਚ ਫੁੱਟਿਆ ਚਸ਼ਮਾ ਖ਼ੁਦ-ਬ-ਖ਼ੁਦ ਵਹਿੰਦਾ ਜਾਂਦਾ ਹੈ- ਆਪਣੀ ਤੋਰੇ, ਆਪਣੇ ਰਾਹੀਂ, ਬੇਰੋਕ, ਬੇਟੋਕ ਅਤੇ ਬੇਖੌਫ਼।

'ਉਮਰਾਂ ਧੁੱਪਾਂ ਹੋਈਆਂ' ਵਿਚ ਸਫ਼ੀਆ ਹਯਾਤ ਦੀ ਸ਼ਾਇਰੀ ਜਿੱਥੇ ਰੂਹ ਨੂੰ ਧੂਹ ਪਾਉਂਦੀਆਂ ਬੇਇਨਸਾਫ਼ੀਆਂ ਅਤੇ ਤ੍ਰਾਸਦੀਆਂ ਦੀ ਗੱਲ ਤੋਰਦੀ ਹੈ, ਉੱਥੇ ਹੀ ਕਈ ਇਨਕਲਾਬੀ, ਸਕਾਰਾਤਮਕ ਅਤੇ ਸਾਰਥਕ ਸੁਨੇਹੇ ਵੀ ਵੰਡਦੀ ਹੈ। ਸਫ਼ੀਆ ਹਯਾਤ ਦੇ ਦਿਲ ਦੀਆਂ ਗੱਲਾਂ ਅਤੇ ਢਿੱਡ ਦੀਆਂ ਗੱਲਾਂ ਫਰੋਲਦੀ ਅਤੇ ਸ਼ਬਦਾਂ ਦੀ ਸਾਂਝ ਪਾਉਂਦੀ ਇਹ ਬਾਕਮਾਲ ਸ਼ਾਇਰੀ ਪਾਠਕ ਦੀ ਜ਼ਿੰਦਗੀ ਦੇ ਸਫ਼ਰ ਦਾ ਮਾਰਗ ਦਰਸ਼ਨ ਕਰਦੀ ਹੈ ਅਤੇ ਹਮੇਸ਼ਾ ਚੱਲਦੇ ਰਹਿਣ ਦੇ ਹੌਸਲੇ ਵੀ ਬੁਲੰਦ ਕਰਦੀ ਜਾਂਦੀ ਹੈ।

ਸਫ਼ੀਆ ਹਯਾਤ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੇ ਹੋ ਰਹੇ ਸ਼ੋਸ਼ਣ ਨੂੰ ਉਭਾਰਦੀ ਹੈ। ਨਾਰੀ ਨੂੰ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਖੜ੍ਹਨ ਲਈ ਵੰਗਾਰਦੀ ਹੈ। ਮਰਦ ਦੇ ਦੂਹਰੇ-ਤੀਹਰੇ ਕਿਰਦਾਰ ਨੂੰ ਸਵਾਲ ਕਰਦੀ ਹੈ। ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੀ ਵੰਡ ਉੱਪਰ ਸਵਾਲ ਕਰਦੀ ਹੈ। ਬਾਬੇ ਨਾਨਕ ਦੀ ਬਾਣੀ ਵਿਚ ਔਰਤ ਦੇ ਸਥਾਨ, ਸਤਿਕਾਰ, ਅਤੇ ਇੱਜ਼ਤ ਮਾਣ ਦੀ ਯਾਦ ਦੁਆਉਂਦੀ ਹੈ ਅਤੇ ਉਸ ਨੂੰ ਸਾਂਝਾਂ ਦਾ ਚੋਅ ਮੰਨਦੀ ਹੈ। ਪੰਜਾਬ ਦੀ ਇਹ ਧੀ ਪੰਜਾਬੀਆਂ ਨੂੰ ਹੌਸਲਾ ਅਤੇ ਯਕੀਨ ਵੀ ਦੁਆ ਰਹੀ ਹੈ ਕਿ ਪੰਜਾਬੀਆਂ ਦੀ ਰੂਹ ਵਿਚ ਵੱਸਦੇ ਪੰਜਾਬ ਅਤੇ ਪੰਜਾਬੀਆਂ ਦੀ ਮੁਹੱਬਤ ਨੂੰ ਵੰਡਣਾ ਨਾਮੁਮਕਿਨ ਹੈ। ਪਾਣੀ 'ਤੇ ਕਦੇ ਲਕੀਰਾਂ ਨਹੀਂ ਵੱਜਦੀਆਂ...!

ਸਫ਼ੀਆ ਹਯਾਤ ਅਤੇ ਉਸ ਦੀ ਸ਼ਾਇਰੀ ਦੀ ਇਹ ਵਿਲੱਖਣਤਾ ਹੈ ਕਿ ਉਹ ਸੱਚ ਨੂੰ ਸੱਚ ਕਹਿਣ ਤੋਂ ਪਾਸਾ ਨਹੀਂ ਵੱਟਦੀ। ਇਸ ਦੀ ਝਲਕ ਪੁਸਤਕ ਦੀਆਂ ਅਨੇਕਾਂ ਰਚਨਾਵਾਂ ਵਿਚ ਮਿਲਦੀ ਹੈ। ਸਫ਼ੀਆ ਨੇ ਆਪਣੀ ਪੁਸਤਕ ਦੀ ਸ਼ੁਰੂਆਤ ਹੀ ਇੱਕ ਐਸੀ ਕਵਿਤਾ ਨਾਲ ਕੀਤੀ ਹੈ।

'ਪੈਲੀਆਂ' ਵਿਚ ਉਸ ਨੇ ਮਰਦ ਦੇ ਦੋਗਲੇ ਕਿਰਦਾਰ ਨੂੰ ਖ਼ੂਬਸੂਰਤੀ ਨਾਲ਼ ਪਾਠਕਾਂ ਦੇ ਸਾਹਮਣੇ ਰੱਖਿਆ ਹੈ। ਜ਼ਮੀਨ ਜਾਇਦਾਦ ਦਾ ਹਿੱਸਾ 'ਮਾਰ ਕੇ' ਵੀ ਇਹ ਮਰਦ 'ਝੱਲੀਆਂ ਅਤੇ ਮਰ ਜਾਣੀਆਂ' ਉੱਪਰ ਅਹਿਸਾਨ ਜਿਤਾਉਣ ਦਾ ਕੋਈ ਮੌਕਾ ਨਹੀਂ ਛੱਡਦਾ।

ਨਿੱਕੇ ਭਤੀਜੇ ਨੂੰ ਦਿੱਤੇ ਮੇਰੇ ਰੁਪੱਈਏ
ਵੀਰੇ ਨੇ ਖੋਹ ਕੇ
ਮੇਰੇ ਹੱਥ 'ਤੇ ਰੱਖ ਦਿੱਤੇ, ਤੇ ਬੋਲਿਆ
'ਝੱਲੀਏ! ਤੈਨੂੰ ਤੇ ਪਤਾ,
ਅਸੀਂ ਧੀਆਂ ਕੋਲੋਂ ਕੁਝ ਨਹੀਂ ਲੈਂਦੇ
ਮੈਂ ਅੰਦਰੋਂ ਬੋਲੀ!
'ਵੀਰੇ! ਮੇਰੀਆਂ ਪੈਲੀਆਂ?'

ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਪੀੜ੍ਹੀ ਦਰ ਪੀੜ੍ਹੀ ਦੀ ਹਾਲਤ ਅਤੇ ਮਜਬੂਰੀ ਨੂੰ ਬਿਆਨ ਕਰਦੀਆਂ ਰਚਨਾਵਾਂ 'ਉਮਰਾਂ ਧੁੱਪਾਂ ਹੋਈਆਂ' ਅਤੇ 'ਜੁੱਤੀ' ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਰਹੀਆਂ ਨੇ।

ਮੇਰੀ ਮਾਂ ਨੇ ਆਪਣੀ ਮਾਂ ਦੀ
ਮੈਂ ਆਪਣੀ ਮਾਂ ਦੀ ਚੁੰਨੀ ਲੈ ਕੇ
ਰੱਬ ਜਾਣੇ ਕਿਹੜੇ ਵੇਲੇ
ਧੁੱਪ ਨੂੰ ਪਾਣੀ ਵਿਚ ਘੋਲ ਕੇ
ਇੱਕੋ ਸਾਹ ਵਿਚ ਪੀ ਗਈ...

ਮੈਂ ਕਿਹਾ - ਅੱਬਾ !
ਮੈਨੂੰ ਲੈ ਜਾ
ਔਰਤ ਨੂੰ ਜੁੱਤੀ ਕਹਿਣ ਵਾਲੇ ਦੇ ਨਾਲ
ਮੈਂ ਨਹੀਂਓਂ ਰਹਿਣਾ
ਤੇ
ਅੱਬਾ ਪਿਛਲੇ ਪੈਰੀਂ ਪਰਤ ਗਿਆ
ਤੇ
ਮੇਰੇ ਘਰ ਆਣਾ ਛੱਡ ਦਿੱਤਾ..

ਹਰ ਸੰਵੇਦਨਸ਼ੀਲ ਅਤੇ ਮੁਹੱਬਤੀ ਰੂਹ ਵਾਲੇ ਪੰਜਾਬੀ ਵਾਂਗ ਸੰਤਾਲੀ ਦੀ ਵੰਡ ਸਫ਼ੀਆ ਹਯਾਤ ਨੂੰ ਸਤਾਉਂਦੀ ਹੈ ਅਤੇ ਰੁਲਾਉਂਦੀ ਵੀ ਹੈ। ਉਸ ਨੂੰ ਇਹ ਵੰਡ ਆਪਣੀ ਮਾਂ ਦੀ ਵੰਡ ਦੇ ਸਮਾਨ ਮਹਿਸੂਸ ਹੁੰਦੀ ਹੈ, ਪਰ ਫਿਰ ਵੀ ਉਹ ਆਸ ਦਾ ਪੱਲਾ ਨਹੀਂ ਛੱਡਦੀ। ਉਸ ਨੂੰ ਇਹ ਵੰਡ 'ਪਾਣੀਆਂ 'ਤੇ ਲੀਕ' ਦੀ ਤਰ੍ਹਾਂ ਝੂਠੀ ਅਤੇ ਵਕਤੀ ਹੀ ਜਾਪਦੀ ਹੈ।


ਝੂਠੀ ਜਾਪੇ ਵੰਡ ਇਹ ਜਿਓਂ ਪਾਣੀਆਂ 'ਤੇ ਲੀਕ ਏ
ਪਾਣੀਆਂ 'ਤੇ ਲੀਕ ਭਲਾ ਰਹਿੰਦੀ ਕਦ ਤੀਕ ਏ
ਇੱਕ ਹੋਣਾ ਮੁੜ ਇਹ ਯਕੀਨ ਤੇ ਉਡੀਕ ਏ
ਇੱਕ ਦੂਜੇ ਵੱਲ ਖ਼ੌਰੇ ਕਾਹਤੋਂ ਕੰਡ ਹੋ ਗਈ
ਤੁਸੀਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।

ਇਹ ਸੱਚ ਹੈ ਕਿ ਭੁੱਖੇ ਢਿੱਡ ਨੂੰ ਸਭ ਗੱਲਾਂ ਖੋਟੀਆਂ ਮਹਿਸੂਸ ਹੁੰਦੀਆਂ ਹਨ, ਭਗਤੀ ਕਰਨੀ ਤਾਂ ਬੜੇ ਦੂਰ ਦੀ ਗੱਲ ਹੈ। 'ਮੁੱਲ੍ਹਾ ਨਾਲ ਲੜਾਈ' ਇੱਕ ਖ਼ੂਬਸੂਰਤ ਰਚਨਾ ਹੈ, ਜਿਸ ਦੀਆਂ ਸਤਰਾਂ ਸੱਚੋ-ਸੱਚ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਗਈਆਂ...

ਕੱਲ੍ਹ ਮੇਰੀ
ਮੁੱਲ੍ਹਾ ਨਾਲ ਲੜਾਈ ਹੋ ਗਈ
ਉਹ ਕਹਿੰਦਾ: 'ਮੈਂ ਬਾਗੀ ਆਂ'
ਮੈਂ ਤੇ ਏਨਾ ਈ ਕਿਹਾ ਸੀ:
'ਵੇ ਮੁੱਲ੍ਹਾ!
ਢਿੱਡ ਭੁੱਖਾ ਹੋਵੇ, ਤਾਂ
ਤੇਰੀ ਬਾਂਗ ਨਹੀਂ ਸੁਣਦੀ।'

'ਅੱਜ ਦੀ ਨਾਰੀ', 'ਇਨਕਾਰ', ਅਤੇ 'ਔਰਤ ਦੀ ਨਾਂਹ' ਇਨਕਲਾਬੀ ਰੂਹ ਵਾਲੀਆਂ ਅਤੇ ਜਾਗਰੂਕਤਾ ਨਾਲ ਭਰਪੂਰ ਕਵਿਤਾਵਾਂ ਹਨ, ਜਿਸ ਵਿਚ ਸਫ਼ੀਆ ਕਹਿ ਰਹੀ ਹੈ...

ਮੈਂ ਅੱਜ ਦੀ ਨਾਰੀ ਹਾਂ
ਰੀਤਾਂ ਰਿਵਾਜਾਂ ਦੀ ਗੱਲ ਮੇਰੇ ਨਾਲ ਨਾ ਕਰੀਂ




ਮੈਂ ਤੇ ਆਪ ਉਹ ਹਾਂ,
ਜਿਸਦੇ ਵੱਲ ਵੇਖ ਕੇ
ਜ਼ਮਾਨਾ ਰੀਤਾਂ ਬਣਾਉਂਦਾ।

ਕੁੜੇ!
ਤੂੰ ਵੀ ਇਨਸਾਨ ਏਂ
ਉੱਠ!ਬੋਲ! ਛੱਡ 'ਜੀ ਜੀ'
ਨਾਂਹ ਕਹਿਣ ਦਾ ਚੱਜ ਸਿੱਖ ਹੁਣ
ਇਨਕਾਰ 'ਚ ਬੜੀ ਤਾਕਤ ਏ
ਨਾਂਹ ਸੁਣ ਕੇ
ਚਿਹਰਿਆਂ ਦੇ ਨਕਾਬ ਉੱਤਰ ਜਾਂਦੇ ਨੇ।

ਆਪਣੀਆਂ ਡਿਗਰੀਆਂ ਨੂੰ ਅੱਗ ਲਾ ਦੇ
ਜੇਕਰ ਤੈਨੂੰ ਔਰਤ ਦੀ 'ਨਾਂਹ' ਦੀ
ਅਲਫ਼-ਬੇ ਨਹੀਂ ਆਉਂਦੀ।

ਅਸੀਂ ਸਭ ਜਾਣਦੇ ਹਾਂ ਪੰਜਾਬ ਲਹਿੰਦਾ ਹੋਵੇ ਜਾਂ ਫਿਰ ਚੜ੍ਹਦਾ, ਧੀਆਂ ਦੇ ਜੰਮਣ 'ਤੇ ਉਹੋ ਜਿਹੀਆਂ ਖੁਸ਼ੀਆਂ ਨਹੀਂ ਮਨਾਈਆਂ ਜਾਂਦੀਆਂ ਜੋ ਪੁੱਤਰ ਦੇ ਜਨਮ ਸਮੇਂ ਮਨਾਈਆਂ ਜਾਂਦੀਆਂ ਹਨ। ਧੀਆਂ ਨੂੰ ਕੁੱਖ ਵਿਚ ਮਾਰਨ ਦਾ ਕਲੰਕ ਪੰਜਾਬੀਆਂ ਦੇ ਮੱਥੇ 'ਤੋਂ ਨਹੀਂ ਲਹਿ ਰਿਹਾ।

'ਅੰਮੜੀਏ! ਧੀਆਂ ਕਿਉਂ ਜੰਮੀਆਂ', 'ਮਸ਼ਵਰਾ', 'ਮਾਏ ਨੀ ਮਾਏ' ਅਤੇ 'ਕਿੱਦਾਂ ਦੀਆਂ ਰੀਤਾਂ' ਦੀ ਲਾਜਵਾਬ ਸ਼ਾਇਰੀ ਨੂੰ ਪੜ੍ਹਦਿਆਂ ਪਾਠਕ ਦੀ ਰੂਹ ਪਸੀਜੀ ਜਾਂਦੀ ਹੈ।

ਨਾ ਸਹੁਰਾ ਨਾ ਪੇਕਾ ਆਪਣਾ
ਹਰ ਥਾਂ ਧੀ ਪਰਾਈ
ਹੋਰਾਂ ਦੀ ਉਹ ਜੀਣ ਹਯਾਤੀ
ਲੱਗਦਾ ਜੱਗ ਤੇ ਆਈ
ਨਾ ਕੋਈ ਚਾਅ ਨਾ ਲੋਰੀ ਮਾਏਂ
ਧੀਆਂ ਹਿੱਸੇ ਆਈ
ਪਿਆਰ 'ਚ ਵੀ 'ਮਰ ਜਾਣੀ' ਆਖਣ
ਸਾਨੂੰ ਪਿਓ ਤੇ ਮਾਂ
ਅੰਮੜੀਏ! ਧੀਆਂ ਕਿਉਂ ਜੰਮੀਆਂ

ਮਾਏ ਨੀ! ਹੁਣ ਧੀ ਜੰਮੇ
ਤਾਂ ਧੁੰਨੀ ਤੋਂ ਥੱਲੇ ਧੜ ਨਾ ਜੰਮੀ।

ਮਾਏ ਨੀ ਮਾਏ
ਤੇਰੇ ਵਿਹੜੇ ਦੀਆਂ ਚਿੜੀਆਂ
ਮਾਰ ਉਡਾਰੀ ਉੱਡ ਜਾਣਾ।

ਸਾਡਾ ਹੱਕ ਨਾ ਕੋਈ ਦਾਅਵਾ ਤੇਰੇ ਦੇਸ਼ 'ਤੇ
ਜਿਵੇਂ ਕੂੰਜਾਂ ਪਰਦੇਸਣਾਂ ਨੇ ਆਈਆਂ ਬਾਬਲਾ।

'ਕੋਈ ਹੈ' ਕਵਿਤਾ ਦੇ ਬੋਲ ਵੀ ਬਾਕਮਾਲ ਨੇ।

ਇਬਾਬਤ ਲਈ ਤਾਂ
ਦਿਲ ਦਾ ਸਹਿਨ ਹੀ ਕਾਫ਼ੀ ਹੁੰਦੈ
ਤਾਂ ਕੋਈ ਹੈ, ਜੋ ਸਾਰੇ ਮੰਦਿਰ-ਮਸਜਿਦਾਂ,
ਗੁਰਦਵਾਰੇ ਤੇ ਚਰਚ ਹਟਾ ਕੇ
ਬੇਘਰਿਆਂ ਦੇ ਘਰ ਬਣਾ ਦੇਵੇ !

'ਮਾਂ ਨੂੰ ਸੌਣਾ ਭੁੱਲ ਗਿਆ' ਇੱਕ ਸੰਵੇਦਨਸ਼ੀਲ ਅਤੇ ਸ਼ਾਇਰ ਮਨ ਦੀ ਖ਼ੂਬਸੂਰਤ ਸ਼ਾਇਰੀ ਹੈ। ਅਸੀਂ ਕੁੜੀਆਂ ਨੂੰ ਚਿੜੀਆਂ ਕਹਿ ਤਾਂ ਦਿੰਦੇ ਹਾਂ, ਪਰ ਅੰਦਰੋ-ਅੰਦਰੀ ਡਰਦੇ ਵੀ ਰਹਿੰਦੇ ਹਾਂ ਕਿ ਕਿਤੇ ਖੰਭ ਨਿਕਲਦਿਆਂ ਹੀ ਬਹੁਤਾ ਉੱਡਣ ਨਾ ਲੱਗ ਜਾਵਣ...ਕਿਤੇ ਉੱਚੀਆਂ-ਲੰਮੀਆਂ ਅੰਬਰੀ ਪਰਵਾਜ਼ਾਂ ਹੀ ਨਾ ਭਰ ਲੈਣ!

ਮਾਂ ਨੂੰ ਸੌਣਾ ਭੁੱਲ ਗਿਆ
ਜਦੋਂ ਮੈਂ ਉੱਚੀ ਦੇਣੀ ਆਖਿਆ:
ਮਾਂ! ਮੇਰਾ ਉੱਡਣ ਨੂੰ ਬੜਾ ਦਿਲ ਕਰਦਾ।

'ਤੂੰ ਸਾਂਝਾਂ ਦਾ ਚੋਅ ਓ ਬਾਬਾ' ਇਕ ਸ਼ਾਨਦਾਰ ਅਤੇ ਜਾਨਦਾਰ ਕਵਿਤਾ ਹੈ, ਜਿਸ ਵਿਚ ਸਫ਼ੀਆ ਹਯਾਤ ਨੇ ਬਾਬੇ ਨਾਨਕ ਪ੍ਰਤੀ ਆਪਣੇ ਮਨ ਦੀ ਸ਼ਰਧਾ ਪ੍ਰਗਟਾਉਂਦਿਆਂ ਉਸ ਦੀ ਸਮਾਜਕ ਕੁਰੀਤੀਆਂ ਦੇ ਖਿਲਾਫ਼ ਜੰਗ, ਹੱਥੀਂ ਕਿਰਤ ਕਰਨ, ਔਰਤ ਦੇ ਸਨਮਾਨ, ਮਨੁੱਖੀ ਬਰਾਬਰਤਾ ਅਤੇ ਸਾਂਝੀਵਾਲਤਾ ਦੇ ਸੁਨੇਹਿਆਂ ਨੂੰ ਪਾਠਕਾਂ ਦੇ ਨਾਲ ਸਾਂਝਿਆਂ ਕੀਤਾ ਹੈ।

ਨੀਵੇਂ ਦਾ ਹਮਦਰਦ ਤੂੰ ਬਾਬਾ
ਨਾਰੀ ਦਾ ਸਤਿਕਾਰ
ਕਿਰਤੀਆਂ ਨਾਲ ਯਰਾਨੇ ਤੇਰੇ
ਜਾਣੇ ਕੁਲ ਸੰਸਾਰ
ਗੁਰੂ ਜੀ ਗਲੀ ਗਲੀ ਕੰਨਸੋਅ
ਓ ਬਾਬਾ! ਤੂੰ ਸਾਂਝਾਂ ਦੇ ਚੋਅ

ਦੋਸਤੋ, ਇਸ ਖ਼ੂਬਸੂਰਤ ਪੁਸਤਕ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ, ਪਰ ਹਨ ਸਭ ਪੜ੍ਹਨਯੋਗ। ਨਜ਼ਮਾਂ ਪਾਠਕ ਦੇ ਮਨ 'ਤੇ ਚਿਰਜੀਵੀ ਪ੍ਰਭਾਵ ਪਾਉਂਦੀਆਂ ਹਨ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

ਸਾਹਿਤ ਦੇ ਸੁਹਿਰਦ ਪਾਠਕਾਂ ਨੂੰ ਇਹ ਪੁਸਤਕ ਜਰੂਰ ਪੜ੍ਹਨ ਚਾਹੀਦੀ ਹੈ। ਮੇਰੀ ਵੱਲੋਂ ਪੰਜਾਬ ਦੀ ਧੀ ਸਫ਼ੀਆ ਹਯਾਤ ਨੂੰ ਇਸ ਖ਼ੂਬਸੂਰਤ ਸਿਰਜਣਾ ਦੀਆਂ ਬਹੁਤ ਮੁਬਾਰਕਾਂ ਅਤੇ ਉਸ ਦੇ ਸਿਰਜਣਾਤਮਿਕ ਸਫ਼ਰ ਦੀ ਨਿਰੰਤਰਤਾ ਅਤੇ ਕਾਮਯਾਬੀ ਲਈ ਸ਼ੁਭ ਕਾਮਨਾਵਾਂ। -ਜ਼ਿੰਦਗੀ ਜ਼ਿੰਦਾਬਾਦ।

---

***(ਪਿਛਲੇ ਸਫੇ ਦਾ ਬਾਕੀ)***

ਲੋਕਾਂ ਨੂੰ ਹੀ ਮਿਲਾਂਗਾ ਅਤੇ ਫਿਰ ਉਨ੍ਹਾਂ ਵਿਚੋਂ ਸਾਡੇ ਪਰਿਵਾਰ ਬਾਰੇ ਪੁਛਣ ਵਾਲੇ ਲੋਕ ਥੋੜ੍ਹੇ ਜਹੇ ਹੀ ਹੋਣਗੇ, ਫਿਰ ਜਦ ਵਾਪਿਸ ਜਾਵਾਂਗਾਂ ਤਾਂ ਭਾਪਾ ਜੀ ਵੀ ਹੁਣ ਨਹੀਂ ਰਹੇ, ਚਾਚੇ, ਤਾਏ ਵੀ ਨਹੀਂ ਜਿਨ੍ਹਾਂ ਨੂੰ ਆਪਣੇ ਪਿੰਡ ਦੇ ਸੁਪਨੇ ਆਉਂਦੇ ਹੁੰਦੇ ਸਨ, ਮੈਨੂੰ ਲਗਾ ਜਿਵੇਂ ਇਹ ਗੱਲਾਂ ਸੁਣਨ ਅਤੇ ਸੁਣਾਉਣ ਵਾਲੇ ਘਟਦੇ ਜਾ ਰਹੇ ਹਨ, ਮੇਰੇ ਅਤੇ ਸ਼ਕੀਲਾਂ ਜੀ ਵਰਗੇ ਲੋਕਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਹ ਰਿਸ਼ਤੇ ਟੁੱਟ ਜਾਣਗੇ। ਮੈਨੂੰ ਰਾਤ ਵਿਚ ਹੀ ਇਕ ਯੁਗ ਬੀਤ ਗਿਆ ਜਾਪਿਆ ਅਤੇ ਮੈਂ ਸੋਚਿਆ ਕਿ ਮੈਂ ਆਪਣੇ ਪਿੰਡ ਨਹੀਂ ਜਾਣਾ। ਸਵੇਰੇ ਕੋਈ 11 ਕੁ ਵਜੇ ਸ਼ਕੀਲਾਂ ਜੀ ਦਾ ਫੋਨ ਆਇਆ, "ਮੈਂ ਤੁਹਾਡਾ ਪਿੰਡ ਵੇਖਣ ਦਾ ਇੰਤਜ਼ਾਮ ਵੀ ਕਰ ਦਿੱਤਾ ਹੈ ਅਤੇ ਮੈਂ ਵੀ ਤੁਹਾਡੇ ਨਾਲ ਜਾਵਾਂਗੀ" ਪਰ ਮੈਂ ਦੁਚਿਤੀ ਵਿਚ ਸਾਂ ਪਰ ਫਿਰ ਮੈਂ ਕਹਿ ਹੀ ਦਿਤਾ। "ਸ਼ਕੀਲਾਂ ਜੀ, ਮੈਂ ਪਿੰਡ ਵੇਖਣ ਜਾਣ ਦਾ ਪ੍ਰੋਗਰਾਮ ਹਟਾ ਦਿੱਤਾ ਹੈ,"

"ਪਰ ਕਿਉ।" ਸ਼ਕੀਲਾਂ ਜੀ ਨੇ ਪੁਛਿਆ "ਸ਼ਕੀਲਾਂ ਜੀ, ਹੁਣ ਕਿੰਨੂ ਜਾ ਕੇ ਮਿਲਾਗਾਂ ਅਤੇ ਵਾਪਿਸ ਜਾ ਕੇ ਉਹ ਗੱਲਾਂ ਕਿੰਨੂੰ ਦਸਾਂਗਾ।"

# ਬਾਬਾ ਨਾਮਦੇਵ ਜੀ: ਇੱਕ ਮਹਾਨ ਸੰਤ, ਕਵੀ ਅਤੇ ਆਤਮਿਕ ਗੁਰੂ

ਭਾਰਤੀ ਸੰਸਕ੍ਰਿਤੀ ਵਿਚ ਬਾਬਾ ਨਾਮਦੇਵ ਜੀ ਦਾ ਨਾਮ ਸਦੀਵ ਸਤਿਕਾਰਯੋਗ ਹੈ। ਉਹ ਸਿਰਫ਼ ਇੱਕ ਸੰਤ ਹੀ ਨਹੀਂ ਸਨ, ਬਲਕਿ ਮਹਾਨ ਕਵੀ, ਭਗਤੀ ਗਾਇਕ ਅਤੇ ਆਧਿਆਤਮਿਕ ਗੁਰੂ ਵੀ ਸਨ। ਬਾਬਾ ਨਾਮਦੇਵ ਜੀ ਨੇ ਆਪਣੇ ਜੀਵਨ ਨੂੰ ਮਨੁੱਖਤਾ, ਪਿਆਰ, ਸੱਚਾਈ ਅਤੇ ਆਤਮਿਕ ਉੱਚਾਈ ਦੇ ਸਿਧਾਂਤਾਂ ਲਈ ਸਮਰਪਿਤ ਕੀਤਾ। ਉਹ ਸਿੱਖ ਧਰਮ ਅਤੇ ਭਾਰਤੀ ਭਗਤੀ ਸੰਗੀਤ ਵਿਚ ਅਮੂਲ ਧਰੋਹਰ ਹਨ। ਉਨ੍ਹਾਂ ਦੀਆਂ ਰਚਨਾਵਾਂ ਅਤੇ ਸਿੱਖਿਆਵਾਂ ਅੱਜ ਵੀ ਲੋਕਾਂ ਲਈ ਪ੍ਰੇਰਣਾ ਸਰੋਤ ਹਨ।

### ਬਾਬਾ ਨਾਮਦੇਵ ਜੀ ਦਾ ਜੀਵਨ

ਬਾਬਾ ਨਾਮਦੇਵ ਜੀ ਦਾ ਜਨਮ 15ਵੀਂ ਸਦੀ ਵਿਚ ਮਹਾਰਾਸ਼ਟਰ ਦੇ ਇੱਕ ਛੋਟੇ ਪਿੰਡ ਵਿਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਵਿਚ ਧਰਮ ਅਤੇ ਆਧਿਆਤਮਿਕਤਾ ਪ੍ਰਤੀ ਗਹਿਰਾ ਰੁਝਾਨ ਸੀ। ਪਰਿਵਾਰ ਅਤੇ ਗੁਰੂਆਂ ਦੀ ਪ੍ਰੇਰਣਾ ਨੇ

**ਗੁਰਭਿੰਦਰ ਗੁਰੀ**
**ਫੋਨ: +447951 590424**

ਉਨ੍ਹਾਂ ਦੇ ਮਨ ਵਿਚ ਸੱਚਾਈ ਅਤੇ ਆਤਮਿਕ ਵਿਕਾਸ ਦਾ ਅਹਿਸਾਸ ਜਗਾਇਆ। ਛੋਟੀ ਉਮਰ ਤੋਂ ਹੀ ਬਾਬਾ ਨਾਮਦੇਵ ਨੇ ਗੁਰੂਆਂ ਅਤੇ ਪ੍ਰਮੁੱਖ ਸੰਤਾਂ ਤੋਂ ਸਿੱਖਿਆ ਪ੍ਰਾਪਤ ਕੀਤੀ।

ਉਨ੍ਹਾਂ ਨੇ ਆਪਣੀ ਜ਼ਿੰਦਗੀ ਮਨੁੱਖਤਾ ਦੀ ਸੇਵਾ ਅਤੇ ਆਤਮਿਕ ਵਿਕਾਸ ਲਈ ਸਮਰਪਿਤ ਕੀਤੀ। ਉਹ ਸਿਖਾਉਂਦੇ ਸਨ ਕਿ ਜੀਵਨ ਦਾ ਮੂਲ ਉਦੇਸ਼ ਧਨ, ਸ਼ਕਤੀ ਜਾਂ ਸ਼ੌਹਰਤ ਨਹੀਂ, ਬਲਕਿ ਆਤਮਿਕ ਉੱਚਾਈ ਅਤੇ ਭਗਤੀ ਹੈ। ਭਗਤ ਨਾਮਦੇਵ ਜੀ ਮਹਾਰਸ਼ਟਰ ਤੋਂ ਆ ਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਨ ਤੇ ਹੱਕ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹੋਏ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਘੁਮਾਣ (ਨਾਮਦੇਵ ਨਗਰ) ਵਿਖੇ ਆਏ ਤੇ ਇਥੇ ਲੰਬਾ ਸਮਾਂ ਰਹੇ। ਉਹ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 200 ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਸਮਾਜ 'ਚ ਜਾਤਾਂ-ਪਾਤਾਂ ਦਾ ਜ਼ੋਰ ਸੀ। ਉੱਚੀ ਜਾਤ ਵਾਲੇ ਕਥਿਤ ਨੀਵੀਂ ਜਾਤ ਦੇ ਲੋਕਾਂ ਦਾ ਤ੍ਰਿਸਕਾਰ ਕਰਦੇ ਸਨ। ਭਗਤ ਨਾਮਦੇਵ ਜੀ ਨੇ ਜਾਤ-ਪਾਤ, ਊਚ-ਨੀਚ ਤੇ ਵਹਿਮਾਂ-ਭਰਮਾਂ ਦਾ ਜ਼ੋਰਦਾਰ ਖੰਡਨ ਕੀਤਾ ਤੇ ਨਾਮ ਸਿਮਰਨ ਕਰਕੇ ਇਨਸਾਨ ਨੂੰ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ।

### ਕਾਵਿ ਅਤੇ ਭਗਤੀ

ਬਾਬਾ ਨਾਮਦੇਵ ਜੀ ਪ੍ਰਮੁੱਖ ਭਗਤੀ ਕਵੀ ਵੀ ਸਨ। ਉਨ੍ਹਾਂ ਦੀਆਂ ਕਵਿਤਾਵਾਂ ਮਨੁੱਖੀ ਜੀਵਨ ਦੇ ਸੱਚ, ਧਰਮ, ਪਿਆਰ ਅਤੇ ਆਤਮਿਕ ਸ਼ੁੱਧਤਾ ਉੱਤੇ ਕੇਂਦ੍ਰਿਤ ਹਨ। ਬਾਬਾ ਨਾਮਦੇਵ ਦੀਆਂ ਕਵਿਤਾਵਾਂ ਸਧਾਰਨ ਲੋਕਾਂ ਨੂੰ ਆਧਿਆਤਮਿਕ ਸਫ਼ਰ 'ਤੇ ਲੈ ਜਾਣ ਲਈ ਬਣਾਈਆਂ ਗਈਆਂ ਸਨ।

ਉਨ੍ਹਾਂ ਦੀਆਂ ਰਚਨਾਵਾਂ ਵਿਚ ਭਗਤੀ ਦਾ ਅਸਲੀ ਰੂਪ ਪ੍ਰਗਟ ਹੁੰਦਾ ਹੈ। ਉਹ ਸਿਖਾਉਂਦੇ ਹਨ ਕਿ ਮਨੁੱਖ ਨੂੰ ਸਿਰਫ਼ ਧਾਰਮਿਕ ਕਰਤਵਾਂ ਦੀ ਪਾਲਣਾ ਨਹੀਂ, ਬਲਕਿ ਮਨ, ਬੋਲ ਅਤੇ ਕਿਰਿਆ ਵਿਚ ਸੱਚਾਈ, ਪਿਆਰ ਅਤੇ ਕਰੁਣਾ ਨੂੰ ਲਿਆਉਣਾ ਚਾਹੀਦਾ ਹੈ। ਉਨ੍ਹਾਂ ਦੇ ਕਾਵਿ ਵਿਚ ਪ੍ਰਭੂ ਪ੍ਰਤੀ ਸੇਵਾ, ਸੱਚਾਈ ਅਤੇ ਨਿਰਹੰਕਾਰਤਾ ਦਾ ਸੁੰਦਰ ਮਿਲਾਪ ਮਿਲਦਾ ਹੈ।

### ਪ੍ਰਸਿੱਧ ਭਗਤੀ ਗੀਤ ਅਤੇ ਕਵਿਤਾਵਾਂ

ਬਾਬਾ ਨਾਮਦੇਵ ਜੀ ਦੀਆਂ ਕਵਿਤਾਵਾਂ ਅਤੇ ਭਜਨ ਅਜੇ ਵੀ ਲੋਕਾਂ ਨੂੰ ਆਤਮਿਕ ਸ਼ਾਂਤੀ ਦੇ ਰਹੇ ਹਨ। ਉਨ੍ਹਾਂ ਦੇ ਕੁਝ ਪ੍ਰਸਿੱਧ ਗੀਤ ਅਤੇ ਉਨ੍ਹਾਂ ਦੇ ਅਰਥ ਇਸ ਪ੍ਰਕਾਰ ਹਨ:

"ਸੱਚੇ ਪਿਆਰ ਨਾਲ ਹੀ ਮਨੁੱਖ ਸੱਚਮੁੱਚ ਮੁਕਤ ਹੁੰਦਾ ਹੈ"

ਇਸ ਗੀਤ ਵਿਚ ਬਾਬਾ ਨਾਮਦੇਵ ਜੀ ਮਨੁੱਖ ਨੂੰ ਸਿਖਾਉਂਦੇ ਹਨ ਕਿ ਜੀਵਨ ਵਿਚ ਸੱਚੇ ਪਿਆਰ ਅਤੇ ਸੇਵਾ ਦੇ ਰਸਤੇ 'ਤੇ ਚੱਲਣਾ ਸਭ ਤੋਂ ਵੱਡੀ ਮੁਕਤੀ ਹੈ।

"ਧਰਮ ਸਿਰਫ਼ ਰੀਤੀਆਂ ਦਾ ਨਾਮ ਨਹੀਂ, ਬਲਕਿ ਜੀਵਨ ਦਾ ਸੱਚਾ ਮਾਰਗ ਹੈ"

ਇਸ ਗੀਤ ਵਿਚ ਉਨ੍ਹਾਂ ਨੇ ਧਰਮ ਅਤੇ ਜੀਵਨ ਦੇ ਅਸਲੀ ਮੂਲ ਨੂੰ ਬਹੁਤ ਹੀ ਸਧਾਰਨ ਸ਼ਬਦਾਂ ਵਿਚ ਦਰਸਾਇਆ।

"ਮਨੁੱਖਤਾ ਦੇ ਰਸਤੇ 'ਤੇ ਹੀ ਆਤਮਿਕ ਸ਼ਾਂਤੀ ਹੈ"

ਬਾਬਾ ਨਾਮਦੇਵ ਜੀ ਇਸ ਗੀਤ ਰਾਹੀਂ ਮਨੁੱਖਤਾ, ਦਇਆ ਅਤੇ ਸਹਿਯੋਗ ਦੇ ਸਿਧਾਂਤਾਂ ਨੂੰ ਪ੍ਰਮੁੱਖ ਰੱਖਦੇ ਹਨ।

### ਸਮਾਜਿਕ ਪ੍ਰਭਾਵ

ਬਾਬਾ ਨਾਮਦੇਵ ਜੀ ਸਿਰਫ਼ ਕਵੀ ਜਾਂ ਸੰਤ ਹੀ ਨਹੀਂ, ਬਲਕਿ ਸਮਾਜਸੇਵੀ ਵੀ ਸਨ। ਉਹ ਅਸਮਾਨਤਾ, ਅਨਿਆਂ ਅਤੇ ਦੁਖ-ਦਰਦ ਦੇ ਖਿਲਾਫ਼ ਸਦਾ ਉਪਦੇਸ਼ ਦਿੰਦੇ ਸਨ। ਉਨ੍ਹਾਂ ਦੀਆਂ ਸਿੱਖਿਆਵਾਂ ਲੋਕਾਂ ਨੂੰ ਸਮਾਜਿਕ ਸਚਾਈ, ਨਿਆਂ ਅਤੇ ਭਗਤੀਪੂਰਨ ਜੀਵਨ ਦੀ ਪ੍ਰੇਰਣਾ ਦਿੰਦੀਆਂ ਹਨ।

ਉਨ੍ਹਾਂ ਨੇ ਲੋਕਾਂ ਵਿਚ ਧਰਮ ਅਤੇ ਭਗਤੀ ਦੇ ਅਸਲੀ ਮੂਲ ਨੂੰ ਜਗਾਇਆ ਅਤੇ ਆਤਮਿਕ ਸ਼ਾਂਤੀ ਲਈ ਸਹੀ ਰਾਹ ਦਰਸਾਇਆ। ਬਾਬਾ ਨਾਮਦੇਵ ਜੀ ਦੀ ਸਿੱਖਿਆ ਦਿਖਾਉਂਦੀ ਹੈ ਕਿ ਧਰਮ ਸਿਰਫ਼ ਰੀਤੀਆਂ ਜਾਂ ਪਰੰਪਰਾਵਾਂ ਦਾ ਨਾਮ ਨਹੀਂ, ਬਲਕਿ ਜੀਵਨ ਵਿਚ ਪਿਆਰ, ਦਇਆ ਅਤੇ ਸੱਚਾਈ ਲਿਆਉਣ ਵਾਲਾ ਰਸਤਾ ਹੈ।

### ਵਿਸਥਾਰਿਤ ਵਿਰਾਸਤ

ਬਾਬਾ ਨਾਮਦੇਵ ਜੀ ਦੀ ਵਿਰਾਸਤ ਸਿੱਖ ਧਰਮ, ਭਾਰਤੀ ਆਧਿਆਤਮਿਕਤਾ ਅਤੇ ਭਗਤੀ ਸੰਗੀਤ ਵਿਚ ਮਹੱਤਵਪੂਰਨ ਹੈ। ਉਨ੍ਹਾਂ ਦੀਆਂ ਕਵਿਤਾਵਾਂ, ਗੀਤ ਅਤੇ ਸਿੱਖਿਆਵਾਂ ਅਜੇ ਵੀ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਦੀ ਰਚਨਾ ਅਤੇ ਭਗਤੀ ਅਜੇ ਵੀ ਸੰਗੀਤ ਰਾਹੀਂ ਸੁਣੀ ਜਾਂਦੀ ਹੈ।

ਉਨ੍ਹਾਂ ਨੇ ਸਿਖਾਇਆ ਕਿ ਮਨੁੱਖ ਨੂੰ ਆਪਣੀ ਆਤਮਾ ਦੀ ਸ਼ੁੱਧਤਾ, ਪਿਆਰ ਅਤੇ ਸੱਚਾਈ ਉੱਤੇ ਧਿਆਨ ਦੇਣਾ ਚਾਹੀਦਾ ਹੈ। ਇਹ ਸਿੱਖਿਆ ਹਰ ਮਨੁੱਖ ਦੇ ਜੀਵਨ ਵਿਚ ਅੱਜ ਵੀ ਲਾਗੂ ਹੈ।

### ਆਧੁਨਿਕ ਪ੍ਰਸੰਗ

ਅੱਜ ਦੇ ਸਮੇਂ ਵਿਚ ਜਦੋਂ ਲੋਕ ਧਨ, ਸ਼ਕਤੀ ਅਤੇ ਮਾਡਰਨ ਟਕਨੀਕ ਵਿਚ ਵਿਅਸਤ ਹਨ, ਬਾਬਾ ਨਾਮਦੇਵ ਜੀ ਦੀਆਂ ਸਿੱਖਿਆਵਾਂ ਅਤੇ ਗੀਤ ਲੋਕਾਂ ਨੂੰ ਸੱਚੀ ਆਤਮਿਕਤਾ ਅਤੇ ਮਨੁੱਖਤਾ ਦੀ ਯਾਦ ਦਿਵਾਉਂਦੇ ਹਨ। ਉਹ ਸਿਖਾਉਂਦੇ ਹਨ ਕਿ ਜੀਵਨ ਦਾ ਅਸਲੀ ਸੁਖ ਮਨੁੱਖ ਦੇ ਮਨ, ਦਿਲ ਅਤੇ ਆਤਮਾ ਦੇ ਸ਼ਾਂਤੀ ਵਿਚ ਹੈ।

ਬਾਬਾ ਨਾਮਦੇਵ ਜੀ ਦੀ ਵਿਰਾਸਤ ਨੇ ਸਿੱਖ ਧਰਮ ਦੇ ਗੁਰੂਆਂ, ਹੋਰ ਭਗਤਾਂ ਅਤੇ ਆਧਿਆਤਮਿਕ ਗੁਰੂਆਂ ਨੂੰ ਵੀ ਪ੍ਰੇਰਿਤ ਕੀਤਾ। ਉਨ੍ਹਾਂ ਦੇ ਸਿੱਖਾਂ ਅਤੇ ਭਗਤਾਂ ਨੇ ਇਸ ਵਿਰਾਸਤ ਨੂੰ ਅੱਗੇ ਵਧਾਇਆ ਅਤੇ ਨਵੀਨ ਪੀੜ੍ਹੀ ਤੱਕ ਪਹੁੰਚਾਇਆ।

### ਨਤੀਜਾ

ਬਾਬਾ ਨਾਮਦੇਵ ਜੀ ਦਾ ਜੀਵਨ ਅਤੇ ਰਚਨਾਵਾਂ ਸਾਨੂੰ ਦਿਖਾਉਂਦੀਆਂ ਹਨ ਕਿ ਸੱਚੀ ਭਗਤੀ, ਪਿਆਰ ਅਤੇ ਆਤਮਿਕ ਸ਼ੁੱਧਤਾ ਹੀ ਮਨੁੱਖ ਦੀ ਅਸਲੀ ਤਾਕਤ ਹੈ। ਉਹ ਸਾਡੇ ਲਈ ਇੱਕ ਪ੍ਰੇਰਣਾ ਹਨ ਜੋ ਸਿਖਾਉਂਦੇ ਹਨ ਕਿ ਧਰਮ ਅਤੇ ਮਨੁੱਖਤਾ ਦੇ ਮੂਲ ਸਿਧਾਂਤਾਂ ਨੂੰ ਆਪਣੀ ਜ਼ਿੰਦਗੀ ਵਿਚ ਲਾਗੂ ਕਰਨਾ ਹੀ ਸੱਚਾ ਜੀਵਨ ਹੈ।

ਉਨ੍ਹਾਂ ਦੀ ਸਿੱਖਿਆ ਅਤੇ ਕਾਵਿ ਸਦਾ ਯਾਦ ਰਹੇਗੀ ਅਤੇ ਲੋਕਾਂ ਨੂੰ ਸੱਚਾਈ, ਦਇਆ ਅਤੇ ਭਗਤੀ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰੇਗੀ। ਬਾਬਾ ਨਾਮਦੇਵ ਜੀ ਦੀ ਵਿਰਾਸਤ ਸਿਰਫ਼ ਇਤਿਹਾਸਕ ਨਹੀਂ, ਬਲਕਿ ਆਤਮਿਕ ਅਤੇ ਸਮਾਜਿਕ ਰੂਪ ਵਿਚ ਵੀ ਅਮੂਲ ਹੈ।

ਬਾਬਾ ਨਾਮਦੇਵ ਜੀ: ਜਦੋਂ ਰੱਬ ਗਲੀਆਂ ਵਿਚ ਉਤਰ ਆਇਆ

ਭਾਰਤੀ ਧਾਰਮਿਕ ਇਤਿਹਾਸ ਵਿਚ ਜੇ ਕਿਸੇ ਇੱਕ ਸੰਤ ਨੇ ਰੱਬ ਨੂੰ ਮੰਦਰਾਂ ਦੇ ਘੇਰੇ ਤੋਂ ਕੱਢ ਕੇ ਆਮ ਮਨੁੱਖ ਦੇ ਦਿਲ ਵਿਚ ਵਸਾਇਆ, ਤਾਂ ਉਹ ਸਨ—ਬਾਬਾ ਨਾਮਦੇਵ ਜੀ। ਉਹ ਨਾ ਸਿਰਫ਼ ਭਗਤੀ ਲਹਿਰ ਦਾ ਵੱਡਾ ਨਾਮ ਸਨ, ਸਗੋਂ ਇੱਕ ਅਜਿਹਾ ਸਮਾਜਕ ਚੇਤਕ ਵੀ ਸਨ, ਜਿਸ ਨੇ ਜਾਤ-ਪਾਤ, ਪਾਖੰਡ ਅਤੇ ਧਾਰਮਿਕ ਠੇਕੇਦਾਰੀ 'ਤੇ ਖੁੱਲ੍ਹੀ ਚੋਟ ਮਾਰੀ।

ਬਾਬਾ ਨਾਮਦੇਵ ਜੀ ਦਾ ਨਾਮ ਅੱਜ ਵੀ ਉਸ ਸਮੇਂ ਦੀ ਯਾਦ ਦਿਲਾਂਦਾ ਹੈ, ਜਦੋਂ ਧਰਮ ਡਰ ਬਣ ਚੁੱਕਾ ਸੀ ਅਤੇ ਰੱਬ ਸਿਰਫ਼ ਕੁਝ ਚੁਣੇ ਹੋਏ ਲੋਕਾਂ ਦੀ ਜਾਇਦਾਦ ਸਮਝਿਆ ਜਾਂਦਾ ਸੀ।

### ਜਦੋਂ ਭਗਤੀ ਬਗਾਵਤ ਬਣੀ

13ਵੀਂ-14ਵੀਂ ਸਦੀ ਦਾ ਭਾਰਤ ਅੰਧ ਵਿਸ਼ਵਾਸਾਂ, ਜਾਤੀ



ਪ੍ਰਥਾ ਅਤੇ ਧਾਰਮਿਕ ਪਾਖੰਡ ਨਾਲ ਜਕੜਿਆ ਹੋਇਆ ਸੀ। ਮੰਦਰਾਂ ਵਿਚ ਦਾਖ਼ਲਾ ਜਨਮ ਦੇ ਆਧਾਰ 'ਤੇ ਨਿਰਧਾਰਤ ਹੁੰਦਾ ਸੀ। ਰੱਬ ਤੱਕ ਪਹੁੰਚ ਦਾ ਰਾਹ ਪੰਡਤਾਂ, ਪੁਜਾਰੀਆਂ ਅਤੇ ਧਾਰਮਿਕ ਠੇਕੇਦਾਰਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ।

ਇਸੇ ਹਨੇਰੇ ਦੌਰ ਵਿਚ ਬਾਬਾ ਨਾਮਦੇਵ ਜੀ ਨੇ ਆਵਾਜ਼ ਉਠਾਈ—

"ਜੇ ਰੱਬ ਸਭ ਦਾ ਹੈ, ਤਾਂ ਦਰਵਾਜ਼ੇ ਕੁਝ ਲਈ ਹੀ ਕਿਉਂ?"

ਇਹ ਸਵਾਲ ਸਿਰਫ਼ ਧਾਰਮਿਕ ਨਹੀਂ, ਸਗੋਂ ਸਿਆਸੀ ਅਤੇ ਸਮਾਜਕ ਵੀ ਸੀ।

"ਰੱਬ ਜਨਮ ਨਹੀਂ, ਕਰਮ ਵੇਖਦਾ ਹੈ।"

ਪੰਡਰਪੁਰ ਅਤੇ ਵਿਠੋਬਾ: ਰੱਬ ਨਾਲ ਸਿੱਧੀ ਗੱਲ

ਬਾਬਾ ਨਾਮਦੇਵ ਜੀ ਦੀ ਭਗਤੀ ਦਾ ਕੇਂਦਰ ਸੀ—ਪੰਡਰਪੁਰ ਦਾ ਵਿਠੋਬਾ (ਵਿਠਲ)। ਪਰ ਉਨ੍ਹਾਂ ਲਈ ਵਿਠੋਬਾ ਕੋਈ ਪੱਥਰ ਦੀ ਮੂਰਤੀ ਨਹੀਂ ਸੀ, ਸਗੋਂ ਇੱਕ ਜੀਉਂਦਾ ਸਾਥੀ ਸੀ।

ਉਹ ਰੱਬ ਨਾਲ:
ਗੱਲ ਕਰਦੇ ਸਨ
ਝਗੜਦੇ ਸਨ
ਸ਼ਿਕਾਇਤ ਕਰਦੇ ਸਨ
ਹੱਸਦੇ ਸਨ

ਇਹੀ ਕਾਰਨ ਹੈ ਕਿ ਉਨ੍ਹਾਂ ਦੀ ਭਗਤੀ ਲੋਕਾਂ ਨੂੰ ਆਪਣੀ ਲੱਗਦੀ ਹੈ—ਦੂਰ ਦੀ ਨਹੀਂ।

### ਮੰਦਰਾਂ ਦੇ ਤਾਲਿਆਂ 'ਤੇ ਸਵਾਲ

ਬਾਬਾ ਨਾਮਦੇਵ ਜੀ ਨੇ ਖੁੱਲ੍ਹ ਕੇ ਮੰਦਰਾਂ ਵਿਚ ਜਾਤੀ ਆਧਾਰਿਤ ਰੋਕਾਂ ਦਾ ਵਿਰੋਧ ਕੀਤਾ। ਕਈ ਵਾਰ ਉਨ੍ਹਾਂ ਨੂੰ ਮੰਦਰਾਂ ਤੋਂ ਬਾਹਰ ਕੱਢਿਆ ਗਿਆ, ਬੇਇੱਜ਼ਤ ਕੀਤਾ ਗਿਆ।

ਇੱਕ ਪ੍ਰਸਿੱਧ ਕਥਾ ਅਨੁਸਾਰ— ਜਦੋਂ ਉਨ੍ਹਾਂ ਨੂੰ ਮੰਦਰ ਵਿਚ ਜਾਣ ਤੋਂ ਰੋਕਿਆ ਗਿਆ, ਤਾਂ ਉਹ ਮੰਦਰ ਦੇ ਪਿੱਛੇ ਬੈਠ ਕੇ ਭਜਨ ਗਾਉਣ ਲੱਗ ਪਏ। ਲੋਕ ਮੰਨਦੇ ਹਨ ਕਿ ਮੂਰਤੀ ਨੇ ਪਿੱਛੇ ਵੱਲ ਮੂੰਹ ਕਰ ਲਿਆ।

ਇਹ ਘਟਨਾ ਇਤਿਹਾਸ ਹੋਵੇ ਜਾਂ ਪ੍ਰਤੀਕ, ਪਰ ਸੰਦੇਸ਼ ਸਪਸ਼ਟ ਹੈ

ਰੱਬ ਦਿਲ ਵੇਖਦਾ ਹੈ, ਦਰਵਾਜ਼ਾ ਨਹੀਂ।

ਕਵਿਤਾ ਜੋ ਹਥਿਆਰ ਬਣੀ

ਬਾਬਾ ਨਾਮਦੇਵ ਦੀ ਕਵਿਤਾ ਸੰਸਕ੍ਰਿਤ ਦੇ ਭਾਰੀ ਸ਼ਬਦਾਂ ਵਿਚ ਨਹੀਂ ਸੀ। ਉਹ ਮਰਾਠੀ ਲੋਕਭਾਸ਼ਾ ਵਿਚ ਲਿਖਦੇ ਸਨ—ਤਾਂ ਜੋ ਆਮ ਮਨੁੱਖ ਵੀ ਸਮਝ ਸਕੇ।

ਉਨ੍ਹਾਂ ਦੀ ਕਲਮ:
ਪਾਖੰਡ 'ਤੇ ਵਾਰ ਸੀ
ਝੂਠੇ ਸੰਤਾਂ 'ਤੇ ਚੋਟ ਸੀ
ਡਰ ਵੇਚਣ ਵਾਲਿਆਂ ਲਈ ਖ਼ਤਰਾ ਸੀ

ਉਹ ਕਹਿੰਦੇ ਸਨ:
"ਰੱਬ ਦੀ ਭਗਤੀ ਉਹ ਹੈ,
ਜਿਸ ਨਾਲ ਮਨੁੱਖ ਹੋਰ ਮਨੁੱਖ ਬਣੇ।"

### ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ

ਬਾਬਾ ਨਾਮਦੇਵ ਜੀ ਦੀ ਮਹਾਨਤਾ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਦੇ 61 ਸ਼ਬਦ ਦਰਜ ਹਨ।

ਇਹ ਸਨਮਾਨ ਸਿਰਫ਼ ਕਵਿਤਾ ਦਾ ਨਹੀਂ, ਸੋਚ ਦਾ ਹੈ।

ਇਹ ਸਾਬਤ ਕਰਦਾ ਹੈ ਕਿ:
ਨਾਮਦੇਵ ਦੀ ਭਗਤੀ ਨਿਰਗੁਣ ਸੀ
ਅਹੰਕਾਰ ਰਹਿਤ ਸੀ
ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ

ਸਮਾਜਕ ਸੰਦੇਸ਼: ਧਰਮ ਤੋਂ ਪਹਿਲਾਂ ਇਨਸਾਨ

ਬਾਬਾ ਨਾਮਦੇਵ ਜੀ ਲਈ ਸਭ ਤੋਂ ਵੱਡਾ ਧਰਮ ਸੀ—ਇਨਸਾਨੀਅਤ।

ਉਹ ਕਹਿੰਦੇ ਸਨ:
ਭੁੱਖੇ ਨੂੰ ਭਜਨ ਨਹੀਂ, ਰੋਟੀ ਚਾਹੀਦੀ ਹੈ
ਨੰਗੇ ਨੂੰ ਉਪਦੇਸ਼ ਨਹੀਂ, ਕੱਪੜਾ ਚਾਹੀਦਾ ਹੈ
ਟੁੱਟੇ ਦਿਲ ਨੂੰ ਡਰ ਨਹੀਂ, ਪਿਆਰ ਚਾਹੀਦਾ ਹੈ

ਉਹ ਧਰਮ ਨੂੰ ਜੀਵਨ ਨਾਲ ਜੋੜਦੇ ਸਨ, ਕਿਤਾਬਾਂ ਨਾਲ ਨਹੀਂ।

ਅੱਜ ਦੇ ਸਮੇਂ ਵਿਚ ਨਾਮਦੇਵ ਦੀ ਲੋੜ

ਅੱਜ ਜਦੋਂ:
ਧਰਮ ਫਿਰ ਸਿਆਸਤ ਦਾ ਹਥਿਆਰ ਬਣ ਰਿਹਾ ਹੈ
ਜਾਤੀ ਦੀ ਜ਼ਹਿਰਲੀ ਸੋਚ ਮੁੜ ਉਭਰ ਰਹੀ ਹੈ
ਰੱਬ ਫਿਰ ਵਪਾਰ ਬਣ ਰਿਹਾ ਹੈ

ਉਸ ਵੇਲੇ ਬਾਬਾ ਨਾਮਦੇਵ ਦੀ ਆਵਾਜ਼ ਸਾਨੂੰ ਝੰਝੋੜਦੀ ਹੈ।

ਉਹ ਅੱਜ ਵੀ ਪੁੱਛਦੇ ਹਨ:
"ਤੂੰ ਕਿੰਨੇ ਦੀਵੇ ਜਲਾਏ,
ਪਰ ਕਿੰਨੇ ਦਿਲ ਰੋਸ਼ਨ ਕੀਤੇ

ਬਾਬਾ ਨਾਮਦੇਵ ਜੀ ਕੋਈ ਸਿਰਫ਼ ਧਾਰਮਿਕ ਚਿਹਰਾ ਨਹੀਂ, ਸਗੋਂ ਸਮਾਜ ਲਈ ਇੱਕ ਲਗਾਤਾਰ ਪੁੱਛਿਆ ਜਾਣ ਵਾਲਾ ਸਵਾਲ ਹਨ।

ਜਦ ਤੱਕ:
ਧਰਮ ਦੇ ਨਾਂ 'ਤੇ ਵੰਡ ਹੈ
ਰੱਬ ਦੇ ਨਾਂ 'ਤੇ ਨਫ਼ਰਤ ਹੈ
ਜਾਤ ਦੇ ਨਾਂ 'ਤੇ ਅਹੰਕਾਰ ਹੈ
ਉਦੋਂ ਤੱਕ ਬਾਬਾ ਨਾਮਦੇਵ ਜੀ ਪ੍ਰਸੰਗਿਕ ਰਹਿਣਗੇ।


ਉਹ ਸਿਖਾਉਂਦੇ ਹਨ—
ਰੱਬ ਨੂੰ ਲੱਭਣਾ ਹੈ,
ਤਾਂ ਮਨੁੱਖ ਬਣੋ।

# ਦਲੇਰ ਧੀਆਂ ਦੀ ਮਜਬੂਰੀ ਨੂੰ ਬਿਆਨ ਕਰਦਾ ਨਾਵਲ

ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨ' ਦਾ ਫੁਰਮਾਨ ਦੇ ਕੇ ਮਰਦ ਅਤੇ ਔਰਤ ਵਿਚਲੇ ਭੇਦਭਾਵ ਨੂੰ ਮਿਟਾ ਕੇ ਸਮਾਨਤਾ ਦਾ ਸੰਦੇਸ਼ ਦਿੱਤਾ ਹੈ। ਸਦੀਆਂ ਤੋਂ ਔਰਤਾਂ ਨੂੰ ਨੀਚ ਅਤੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਰਿਹਾ। ਜਦੋਂ ਪਰਿਵਾਰ ਲਈ ਕੁਰਬਾਨੀ ਦੇਣ ਦੀ ਗੱਲ ਤੁਰਦੀ ਹੈ ਤਾਂ ਔਰਤ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ ਪਰੰਤੂ ਜਦੋਂ ਮਾਣ

**ਰਜਵਿੰਦਰ ਪਾਲ ਸ਼ਰਮਾ**
**ਫੋਨ: 70873-67969**

ਸਨਮਾਨ ਦੀ ਗੱਲ ਆਉਂਦੀ ਹੈ ਤਾਂ ਇਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ। ਸਾਰੇ ਪਰਿਵਾਰ ਨੂੰ ਖਾਣਾ ਖੁਆ ਕੇ ਮਗਰੋਂ ਆਪ ਖਾਣ ਵਾਲੀ ਮਾਂ, ਭੈਣ ਅਤੇ ਪਤਨੀ ਅਜੇ ਵੀ ਸਨਮਾਨ ਦੀ ਉਡੀਕ ਵਿਚ ਕਿਤੇ ਦੂਰ ਖੜ੍ਹੀਆਂ ਦਿਖਾਈ ਦੇ ਰਹੀਆਂ ਹਨ। ਬੇਰੋਜ਼ਗਾਰੀ ਦੀ ਮਾਰ ਝੱਲ ਕੇ ਪਾਪੀ ਪੇਟ ਦੀ ਖ਼ਾਤਰ ਦਰ-ਦਰ ਭਟਕਣ ਵਾਲੀਆਂ ਪੰਜਾਬ ਦੀਆਂ ਧੀਆਂ ਦੀ ਦਾਸਤਾਨ ਬਿਆਨ ਕਰਦਾ ਹੈ ਬਲਦੇਵ ਸਿੰਘ ਸੜਕਨਾਮਾ ਦਾ ਲਿਖਿਆ ਨਾਵਲ 'ਗੰਧਲ਼ੇ ਪਾਣੀ', ਜੋ ਬਹੁਤ ਸਮਾਂ ਪਹਿਲਾਂ ਦੇਸ਼ ਵਿਚ ਅਤੇ ਹੁਣ ਦਿਨੋਂ ਦਿਨ ਪੰਜਾਬ ਵਿਚ ਪੈਰ ਪਸਾਰ ਰਹੇ ਦੇਹ ਵਪਾਰ ਦੇ ਧੰਦੇ 'ਤੇ ਚੋਟ ਕਰਕੇ ਪਾਠਕ ਵਰਗ ਅਤੇ ਸਰਕਾਰ ਨੂੰ ਚਿੰਤਾ ਦੇ ਨਾਲ-ਨਾਲ ਚਿੰਤਨ ਕਰਨ ਲਈ ਮਜਬੂਰ ਕਰਦਾ ਹੈ। ਵੱਡੇ ਵੱਡੇ ਮਹਾਂਨਗਰਾਂ ਖ਼ਾਸ ਕਰਕੇ ਮੁੰਬਈ ਅਤੇ ਕਲਕੱਤਾ ਵਿਚ ਦੇਹ ਵਪਾਰ ਦਾ ਧੰਦਾ ਵੱਡੇ ਪੱਧਰ 'ਤੇ ਚਲ ਰਿਹਾ ਹੈ ਜਿਹੜਾ ਹੁਣ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚ ਚੁੱਕਿਆ ਹੈ। ਦੇਸ਼ ਦਾ ਕੋਈ ਵੀ ਛੋਟਾ ਜਾਂ ਵੱਡਾ ਸ਼ਹਿਰ ਹੁਣ ਇਸ ਦੇ ਪ੍ਰਸਾਰ ਤੋਂ ਵਿਹੂਣਾ ਨਹੀਂ ਰਿਹਾ। ਘੱਟ ਪੜ੍ਹੀਆਂ ਲਿਖੀਆਂ ਅਤੇ ਘਰ ਦੀ ਮਜਬੂਰੀ ਕਰਕੇ ਪੜ੍ਹਾਈ ਛੱਡ ਚੁੱਕੀਆਂ ਕੁੜੀਆਂ ਨੂੰ ਘਰ ਦੇ ਗੁਜ਼ਾਰੇ ਅਤੇ ਮਾਪਿਆਂ ਦਾ ਸਹਾਰਾ ਬਣਨ ਲਈ ਜਦੋਂ ਕੋਈ ਰਾਹ ਨਹੀਂ ਮਿਲਦਾ ਤਾਂ ਉਹ ਇਸ ਰਾਹ 'ਤੇ ਤੁਰਨ ਦਾ ਅੱਕ ਚੰਬਦੀਆਂ ਹਨ। ਨਾਵਲ ਵਿਚ ਵਾਲੀਏ ਵਰਗੇ ਹੋਟਲ ਮਾਲਕ, ਡੈਂਜਰ ਵਰਗੇ ਪੁਲਿਸ ਅਧਿਕਾਰੀਆਂ ਦੀ ਕਾਰਗੁਜ਼ਾਰੀ ਇਹ ਸ਼ਾਹਦੀ ਭਰਦੀ ਹੈ ਕਿ ਹੋਟਲ ਮਾਲਕਾਂ, ਪੁਲਿਸ ਦੀ ਹੱਲਾਸ਼ੇਰੀ ਅਤੇ ਨੇਤਾਵਾਂ ਦੀ ਜੀ ਹਜ਼ੂਰੀ ਤੋਂ ਬਿਨਾਂ ਇਹ ਕਾਰੋਬਾਰ ਕਦੇ ਨਹੀਂ ਚੱਲ ਸਕਦਾ। ਨਾਵਲ ਵਿਚਲੇ ਪਾਤਰ ਕੁੜੀਆਂ ਤਾਰੋ, ਸਵੀਟੀ, ਕੁਲਵਿੰਦਰ, ਮੀਨੂ, ਰਾਜੀ ਅਤੇ ਮੁੰਦਰਾਂ ਚਿਰਾਗ ਦੇ ਦਰਦਾਂ ਦੀ ਆਪਣੀ ਆਪਣੀ ਦਾਸਤਾਨ ਹੈ। ਸਾਰੀਆਂ ਦੀਆਂ ਆਪਣੀਆਂ ਮਜਬੂਰੀਆਂ ਹਨ। ਦੇਹ ਵਪਾਰ ਦੇ ਧੰਦੇ ਨਾਲ ਜੁੜੀਆਂ ਕੁੜੀਆਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਏਸ ਨਰਕ ਵਿੱਚੋਂ ਕੱਢਣ ਲਈ ਬੈਂਕ ਦੇ ਅਧਿਕਾਰੀਆਂ ਦੁਆਰਾ ਛੋਟੇ ਛੋਟੇ ਕਿੱਤਿਆਂ ਜਿਵੇਂ ਬੈਗ ਬਣਾਉਣੇ, ਮੋਮਬੱਤੀਆਂ ਬਣਾਉਣੀਆਂ ਅਤੇ ਹੋਰ ਕੰਮਾਂ ਦੀ ਟ੍ਰੇਨਿੰਗ ਦੇ ਕੇ ਘੱਟ ਵਿਆਜ਼ 'ਤੇ ਲੋਨ ਉਪਲੱਬਧ ਕਰਵਾਉਣਾ ਨਾਵਲ ਦਾ ਸਕਾਰਾਤਮਕ ਪੱਖ ਹੈ ਪਰੰਤੂ ਦੂਜੇ ਪਾਸੇ ਦੁਖਾਂਤ ਇਹ ਹੈ ਕਿ ਜੇਕਰ ਇਨ੍ਹਾਂ ਲੋੜਵੰਦ ਲੜਕੀਆਂ ਦੀ ਪਹਿਲਾਂ ਹੀ ਮਦਦ ਕੀਤੀ ਜਾਵੇ ਤਾਂ ਸ਼ਾਇਦ ਇਹ ਏਸ ਧੰਦੇ ਨਾਲ ਨਾ ਜੁੜਨ। 198 ਪੰਨਿਆਂ ਦਾ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਮੁਹਾਲੀ ਦੁਆਰਾ ਛਾਪਿਆ ਨਾਵਲ ਪਾਠਕ ਨੂੰ ਸੁਚੇਤ ਕਰਦਾ ਹੋਇਆ ਕਈ ਪ੍ਰਕਾਰ ਦੇ ਸਵਾਲ ਜ਼ਿਹਨ ਵਿਚ ਪੈਦਾ ਕਰਕੇ ਜਵਾਬ ਦੀ ਉਡੀਕ ਕਰਦਾ ਹੈ। ਨਾਵਲ ਪੜ੍ਹਨ ਦੇ ਨਾਲ ਨਾਲ ਸਮਝਣ ਅਤੇ ਵਿਚਾਰਨਯੋਗ ਹੈ।



# ਫ਼ਿਲਮ ਲੋਕ



## ਮੋਹਨ ਲਾਲ ਦੀ ਸਰਗਰਮੀ ਹੈਰਾਨ ਕਰਨ ਵਾਲੀ

ਮਲਿਆਲਮ ਫ਼ਿਲਮਾਂ ਦੇ ਸੁਪਰਸਟਾਰ ਮੋਹਨ ਲਾਲ ਨੂੰ ਹਾਲ ਹੀ ਵਿਚ 23 ਸਤੰਬਰ ਨੂੰ 71ਵੇਂ ਰਾਸ਼ਟਰੀ ਫ਼ਿਲਮ ਪੁਰਸਕਾਰ ਸਮਾਰੋਹ ਵਿਚ ਭਾਰਤੀ ਸਿਨੇਮਾ ਵਿਚ ਉਸ ਦੇ ਯੋਗਦਾਨ ਲਈ ਸਭ ਤੋਂ ਵੱਡੇ ਸਨਮਾਨ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ। 'ਦਿਸ਼ਮ' ਸਮੇਤ ਕਈ ਬਲਾਕ ਬਸਟਰ ਫ਼ਿਲਮਾਂ ਦੇਣ ਵਾਲੇ ਐਕਟਰ ਮੋਹਨ ਲਾਲ ਪਿਛਲੇ ਤਿੰਨ ਦਹਾਕੇ ਤੋਂ ਦੱਖਣ ਦੇ ਸਿਨੇਮਾ ਵਿਚ ਸਰਗਰਮ ਹੈ ਅਤੇ ਪਹਿਲਾਂ ਵੀ ਉਸ ਨੂੰ 5 ਨੈਸ਼ਨਲ ਪੁਰਸਕਾਰ, 9 ਸਟੇਟ ਪੁਰਸਕਾਰ, ਪਦਮ ਭੂਸ਼ਨ ਅਤੇ ਪਦਮਸ੍ਰੀ ਵਰਗੇ ਸਨਮਾਨ ਹਾਸਿਲ ਹੋ ਚੁੱਕੇ ਹਨ।

ਫ਼ਿਲਮਾਂ ਵਿਚ ਮੋਹਨ ਲਾਲ ਦੀ ਸਰਗਰਮੀ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਸਾਲ ਹੁਣ ਤੱਕ ਉਸ ਦੀਆਂ ਤਿੰਨ ਫ਼ਿਲਮਾਂ 'ਹਿਰਦੈਪੂਰਵਮ', 'ਥੁਡਾਰਮ' ਅਤੇ 'ਐਲ 2 ਐਮਪੁਰਾਨ' ਰਿਲੀਜ਼ ਹੋ ਚੁੱਕੀਆਂ ਹਨ। ਇਹ ਤਿੰਨੇ ਹੀ ਫ਼ਿਲਮਾਂ ਟਿਕਟ ਖਿੜਕੀ 'ਤੇ ਬੇਹੱਦ ਤਕੜੀ ਕਮਾਈ ਕਰਦੇ ਹੋਏ ਬਲਾਕਬਸਟਰ ਫ਼ਿਲਮ ਸਾਬਿਤ ਹੋਈ ਹੈ। ਉਸ ਦੀਆਂ 3 ਹੋਰ ਫ਼ਿਲਮਾਂ ਰਿਲੀਜ਼ ਲਈ ਤਿਆਰ ਹਨ।

ਮੋਹਨ ਲਾਲ ਜਦੋਂ ਛੇਵੀਂ ਜਮਾਤ ਵਿਚ ਪੜ੍ਹਦਾ ਸੀ। ਤਾਂ ਉਸ ਨੇ ਇਕ ਨਾਟਕ ਵਿਚ ਹਿੱਸਾ ਲੈਂਦੇ ਹੋਏ 60 ਸਾਲ ਦੇ ਬਜ਼ੁਰਗ ਦੀ ਭੂਮਿਕਾ ਨਿਭਾਈ ਸੀ। ਉਸ ਭੂਮਿਕਾ ਲਈ ਮੋਹਨ ਲਾਲ ਦੇ ਕੰਮ ਦੀ ਬੜੀ ਤਾਰੀਫ਼ ਹੋਈ ਸੀ। ਮੋਹਨ ਲਾਲ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਫ਼ਿਲਮ 'ਥਿਰਨੋਤੱਮ' ਤੋਂ ਕੀਤੀ ਸੀ ਪਰ ਉਸ ਦੀ ਇਹ ਪਹਿਲੀ ਫ਼ਿਲਮ ਰਿਲੀਜ਼ ਨਹੀਂ ਹੋ ਸਕੀ। ਇਸ ਤੋਂ ਬਾਅਦ ਉਸ ਨੂੰ ਫ਼ਿਲਮ 'ਮੰਜ਼ਿਲ ਵਰਿਨਿਆ ਪੂਕੱਲ' (1980) ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਫ਼ਿਲਮ ਵਿਚ ਉਹ ਖ਼ਲਨਾਇਕ ਕ ਦੀ ਭੂਮਿਕਾ ਵਿਚ ਸੀ। ਇਸ ਤੋਂ ਬਾਅਦ ਕੁਝ ਸਾਲਾਂ ਤੱਕ ਨਜ਼ਰ ਆਉਂਦੇ ਰਹੇ। ਇਨ੍ਹਾਂ ਕਿਰਾਦਰਾਂ ਜ਼ਰੀਏ ਉਹ ਹੌਲੀ-ਹੌਲੀ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੇ ਹੋਏ ਲੋਕਾਂ ਦੇ ਦਿਲਾਂ 8 'ਤੇ ਛਾਂ ਗਏ। ਸਾਲ 1982 ਤੋਂ ਸਾਲ 1986 ਦਰਮਿਆਨ ਪ ਆਲਮ ਇਹ ਰਿਹਾ ਹੈ ਕਿ ਹਰ 15 ਦਿਨ ਵਿਚ ਮੋਹਨ ! ਲਾਲ ਦੀਆਂ ਫ਼ਿਲਮਾਂ ਰਿਲੀਜ਼ ਹੋਣ ਲੱਗੀਆਂ। ਉਸ ਦੇ ਨੇ ਇਕ ਸਾਲ ਵਿਚ ਨਾ ਸਿਰਫ਼ 34 ਫ਼ਿਲਮਾਂ ਵਿਚ ਬ ਕੰਮ ਕੀਤਾ ਸਗੋਂ ਲਗਾਤਾਰ 25 ਹਿੱਟ ਫ਼ਿਲਮਾਂ ! ਦੇਣ ਦਾ ਇਕ ਇਸ ਤਰ੍ਹਾਂ ਦਾ ਕੀਰਤੀਮਾਨ ਵੀ ? ਬਣਾਇਆ ਜਿਸ ਨੂੰ ਅੱਜ ਤੱਕ ਕੋਈ ਤੋੜ ਨਹੀਂ ਸਕਿਆ।

ਮੋਹਨ ਲਾਲ ਫ਼ਿਲਮਾਂ ਵਿਚ ਖ਼ਲਨਾਇਕ ਦੀ ਭੂਮਿਕਾ ਲਈ ਮਲਿਆਲਮ ਫਿਲਮ ਇੰਡਸਟਰੀ ਵਿਚ ਸਰਗਰਮ ਮੋਹਨ ਲਾਲ ਨੇ ਆਪਣੇ ਫਿਲਮ ਕਰੀਅਰ ਵਿਚ ਤਾਮਿਲ, ਹਿੰਦੀ, ਤੇਲਗੂ ਅਤੇ ਕੰਨੜ ਵਿਚ ਬਣੀਆਂ 400 ਤੋਂ ਜ਼ਿਆਦਾ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਖ਼ੁਦ ਨੂੰ ਇਕ ਲੀਜੈਂਡਰੀ ਐਕਟਰ ਦੇ ਰੂਪ ਵਿਚ ਸਥਾਪਿਤ ਕੀਤਾ ਹੈ।

ਮੋਹਨ ਲਾਲ ਸਿਰਫ਼ ਬੇਹੱਦ ਹੁਨਰਮੰਦ ਐਕਟਰ ਹੀ ਨਹੀਂ ਹਨ ਸਗੋਂ ਲਗਭਗ 60 ਫ਼ੀਸਦੀ ਐਕਟਿੰਗ ਦਾ ਕੰਮ ਸਿਰਫ਼ ਆਪਣੀਆਂ ਪ੍ਰਭਾਵਸ਼ਾਲੀ ਅੱਖਾਂ ਜ਼ਰੀਏ ਪੂਰੇ ਕਰਦੇ ਹਨ। ਸਾਰੇ ਦੇਸ਼ ਵਿਚ ਮੋਹਨ ਲਾਲ ਦੀ ਬੇਹੱਦ ਤਗੜੀ ਫੈਨ ਫਾਲੋਇੰਗ ਹੈ। ਉਸ ਦੀਆਂ ਫ਼ਿਲਮਾਂ ਦੇਖਣ ਲਈ ਪ੍ਰਸੰਸਕ ਹਰ ਵੇਲੇ ਬੇਚੈਨ ਰਹਿੰਦੇ ਹਨ। ਊਟੀ ਵਿਚ ਮੋਹਨ ਲਾਲ ਦਾ ਇਕ ਵਿਸ਼ਾਲ ਬੰਗਲਾ ਹੈ। ਇਸ ਤੋਂ ਇਲਾਵਾ ਦੁਬਈ ਦੇ ਬੁਰਜ ਖਲੀਫਾ ਵਿਚ ਵੀ ਉਸ ਦਾ ਇਕ ਫਲੈਟ ਹੈ। ਇਸ ਸਮੇਂ ਮੋਹਨ ਲਾਲ ਦੀ ਝੋਲੀ ਵਿਚ ਪ੍ਰਿਥਵੀਰਾਜ ਸੁਕੁਮਾਰਨ ਦੇ ਨਿਰੇਦਸ਼ਨ ਵਿਚ ਬਣ ਰਹੀ 'ਲੁਸਿਫਰ-2', 'ਵਿਸ਼ਭ', 'ਭਾ ਭਾ ਬਾ', 'ਦ੍ਰਿਸ਼ਯਮ-3', 'ਪੇਟ੍ਰੀਆਟ' ਅਤੇ 'ਰਾਮ' ਵਰਗੀਆਂ ਅਨੇਕ ਫ਼ਿਲਮਾਂ ਹਨ। 45 ਸਾਲ ਦੇ ਫ਼ਿਲਮ ਕਰੀਅਰ ਵਿਚ ਮੋਹਨ ਲਾਲ ਦੀ ਸਰਗਰਮੀ ਦੇਖ ਕੇ ਸੱਚਮੁੱਚ ਹੈਰਾਨੀ ਹੁੰਦੀ ਹੈ।

## ਸ਼ਰਵਰੀ ਵਾਘ

## ਕਾਮਯਾਬੀ ਲਈ ਯਤਨ ਜਾਰੀ

ਰਾਜਸ੍ਰੀ ਪ੍ਰੋਡਕਸ਼ਨ ਦੀ ਫ਼ਿਲਮ ਜਿਸ ਨੂੰ ਮਿਲੇ ਉਸ ਨੂੰ ਹੋਰ ਕੀ ਚਾਹੀਦਾ ਹੈ ਤੇ ਸ਼ਰਵਰੀ ਵਾਘ ਨੂੰ ਸੂਰਜ ਬੜਜਾਤੀਆ ਦੀ ਨਵੀਂ ਫ਼ਿਲਮ ਮਿਲ ਗਈ ਹੈ। ਸ਼ਰਵਰੀ ਦੇ ਨਾਲ ਇਸ ਨਵੀਂ ਫ਼ਿਲਮ 'ਚ ਆਯੂਸ਼ਮਨ ਖੁਰਾਨਾ ਹੋਣਗੇ। ਇਹ ਇਕ ਪ੍ਰੇਮ ਕਹਾਣੀ ਤੇ ਪਰਿਵਾਰਕ ਡਰਾਮਾ ਹੋਵੇਗੀ, ਜਿਸ ਤਰ੍ਹਾਂ ਦੀਆਂ ਫ਼ਿਲਮਾਂ ਰਾਜਸ੍ਰੀ ਵਾਲੇ ਬਣਾਉਂਦੇ ਰਹੇ ਹਨ। ਮਹਾਂਵੀਰ ਜੈਨ ਵੀ ਸ਼ਰਵਰੀ ਦੀ ਇਸ ਫ਼ਿਲਮ ਨਾਲ ਜੁੜਨ ਵਾਲੇ ਹਨ। ਇਧਰ ਇਹ ਵੀ ਖ਼ਬਰ ਗਰਮ ਹੈ ਕਿ ਸ਼ਰਵਰੀ ਵਾਘ ਨੂੰ 'ਚਾਂਦਨੀ ਬਾਰ-2' ਮਿਲ ਸਕਦੀ ਹੈ ਤਾਂ ਫਿਰ 'ਪਿਆਰ ਕਾ ਪੰਚਨਾਮਾ' ਵਾਲੀ ਮਿਸ ਵਾਘ ਦੇ ਵਾਰੇ-ਨਿਆਰੇ ਹੋ ਜਾਣਗੇ ਕਿਉਂਕਿ ਮਧੁਰ ਦੇ ਨਾਲ ਕੰਮ ਕਰਨ ਦੀ ਹਰ ਨਾਇਕਾ ਦੀ ਚਾਹਤ ਹੁੰਦੀ ਹੈ। ਪੰਜ ਸਾਲ ਦੇ ਕੈਰੀਅਰ 'ਚ ਸ਼ਰਵਰੀ ਨੂੰ 'ਬੰਟੀ ਔਰ ਬਬਲੀ-2' 'ਚ ਚਾਹੇ ਬਹੁਤ ਵੱਡਾ ਕਿਰਦਾਰ ਨਹੀਂ ਸੀ ਮਿਲਿਆ ਪਰ ਆਪਣੀ ਮਿਹਨਤ ਨਾਲ ਪੰਜ ਸਾਲ 'ਚ ਉਹ ਉਸ ਥਾਂ 'ਤੇ ਪਹੁੰਚ ਗਈ ਹੈ ਜਿਥੇ ਕਈ ਹੀਰੋਇਨਾਂ ਦਸ ਸਾਲ 'ਚ ਨਹੀਂ ਪਹੁੰਚ ਸਕੀਆਂ। ਸ਼ਰਵਰੀ ਰਾਜਨੀਤਕ ਘਰਾਣੇ ਨਾਲ ਸੰਬੰਧ ਰੱਖਦੀ ਹੈ ਤੇ ਉਸ ਦੇ ਨਾਨਾ ਮਨੋਹਰ ਜੋਸ਼ੀ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। 'ਤਰਸ' ਉਹ ਗਾਣਾ ਹੈ ਜਿਸ ਨੂੰ ਸ਼ਰਵਰੀ ਦੇ ਨਾਚ ਦੀ ਵਜ੍ਹਾ ਨਾਲ 237 ਮਿਲੀਅਨ ਵਿਊਜ਼ ਮਿਲੇ। ਸ਼ਰਵਰੀ ਵਾਘ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਬਹੁਤ ਵੱਡੀ ਪ੍ਰਸੰਸਕ ਹੈ ਤੇ ਚਾਹੁੰਦੀ ਹੈ ਕਿ ਅਸੀਂ ਸਾਰੇ ਮਿਲ ਕੇ ਉਨ੍ਹਾਂ ਦਾ ਨਾਅਰਾ 'ਵਿਕਸਿਤ ਭਾਰਤ' ਪੂਰਾ ਕਰਨ 'ਚ ਆਪਣਾ ਯੋਗਦਾਨ ਦੇਈਏ। ਉਧਰ ਅਲੀ ਅੱਬਾਸ ਜ਼ਫ਼ਰ ਨੇ ਵੀ ਆਪਣੀ ਨਵੀਂ ਫ਼ਿਲਮ ਲਈ ਸ਼ਰਵਰੀ ਵਾਘ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਆਦਿਤਯ ਚੋਪੜਾ ਨੂੰ ਅਲੀ ਨੇ ਦੱਸ ਦਿੱਤਾ ਹੈ ਕਿ ਅਗਲੇ ਸਾਲ ਸ਼ੁਰੂ ਹੋਣ ਵਾਲੀ ਇਸ ਫ਼ਿਲਮ 'ਚ ਉਨ੍ਹਾਂ ਦੀ ਪਹਿਲੀ ਤੇ ਆਖਰੀ ਪਸੰਦ ਸ਼ਰਵਰੀ ਵਾਘ ਹੈ। 'ਡਾਨ-3' ਲਈ ਵੀ ਉਸ ਦੇ ਨਾਂਅ ਦੀ ਚਰਚਾ ਹੈ। ਸ਼ਰਵਰੀ ਅਭਿਨੇਤਰੀ ਦੇ ਨਾਲ-ਨਾਲ ਸਹਿ- ਨਿਰਦੇਸ਼ਨ ਵੀ ਕਰਦੀ ਰਹੀ ਹੈ। 'ਮੁੰਜਿਆ', 'ਵੇਦਾ', 'ਮਹਾਰਾਜ' ਨੇ ਦਰਅਸਲ ਸ਼ਰਵਰੀ ਵਾਘ ਨੂੰ ਮਕਬੂਲੀਅਤ ਦਿੱਤੀ। ਸ਼ਰਵਰੀ ਆਪਣੇ ਰਿਸ਼ਤੇ, ਪਿਆਰ ਦੇ ਜਾਂ ਕਿਸੇ ਨਾਲ ਸੰਬੰਧ ਦੇ ਮਾਮਲੇ 'ਤੇ ਚੁੱਪ ਹੀ ਰਹਿੰਦੀ ਹੈ। ਉਸ ਦਾ ਕਹਿਣਾ ਹੈ ਕਿ 'ਧੋਖਾ' ਉਹ ਕਿਸੇ ਨੂੰ ਦੇ ਨਹੀਂ ਸਕਦੀ ਪਰ ਅਜਿਹਾ ਹੋ ਜਾਂਦਾ ਹੈ। ਇਸ ਲਈ ਉਸ ਦੀ ਕੋਈ ਪਿਆਰ ਕਹਾਣੀ ਨਹੀਂ ਹੈ। ਫਿਲਹਾਲ ਉਹ ਆਪਣੇ ਕੈਰੀਅਰ ਨੂੰ ਬਹੁਤ ਦੂਰ ਤੱਕ ਲਿਜਾਣਾ ਚਾਹੁੰਦੀ ਹੈ, ਇਸ ਲਈ ਇਸ ਪਾਸੇ ਨਹੀਂ ਸੋਚਦੀ।



## ਸਰਬਪੱਖੀ ਕਲਾਕਾਰ ਅਜੈ ਦੇਵਗਨ



ਅਨੇਕ ਐਕਸ਼ਨ ਫ਼ਿਲਮਾਂ ਤੋਂ ਬਾਅਦ ਅਜੈ ਦੇਵਗਨ ਇਕ ਵਾਰ ਫਿਰ ਤਹਿਤ ਸ਼ੈਟੀ ਦੀ ਫ਼ਿਲਮ 'ਗੋਲਮਾਲ-5' ਜ਼ਰੀਏ ਦਰਸ਼ਕਾਂ ਨੂੰ ਹਸਾ ਕੇ ਲੋਟ-ਪੋਟ ਕਰਾਉਣ ਵਾਲੇ ਹਨ। ਇਸ ਫ਼ਿਲਮ ਵਿਚ ਉਸ ਦੇ ਨਾਲ ਅਰਸ਼ਦ ਵਾਰਸੀ, ਤੁਸ਼ਾਰ ਕਪੂਰ, ਸ਼੍ਰੇਅਸ ਤਲਪੜੇ ਅਤੇ ਕੁਨਾਲ ਖੇਮੂ ਵੀ ਨਜ਼ਰ ਆਉਣਗੇ। ਮਾਰਚ 2026 ਤੋਂ 'ਗੋਲਮਾਲ-5' ਦੀ ਸ਼ੂਟਿੰਗ ਸ਼ੁਰੂ ਹੋਣ ਵਾਲੀ ਹੈ। ਫ਼ਿਲਮ ਵਿਚ ਕਰੀਨਾ ਕਪੂਰ ਖਾਨ ਦੇ ਸ਼ਾਮਿਲ ਹੋਣ ਦੀ ਵੀ ਚਰਚਾ ਹੈ, ਜੋ ਪਹਿਲਾਂ ਵੀ 'ਗੋਲਮਾਲ ਰਿਟਰਨਜ਼' ਅਤੇ 'ਗੋਲਮਾਲ-3' ਦਾ ਹਿੱਸਾ ਰਹਿ ਚੁੱਕੀ ਹੈ। ਅਜੇ ਦੇਵਦਨ ਦੇ ਰੋਹਿਤ ਸ਼ੈਟੀ ਨਾਲ ਕਾਫ਼ੀ ਚੰਗੇ ਸਬੰਧ ਰਹੇ ਹਨ। ਇਸ ਜੋੜੀ ਨੇ ਹੁਣ ਤੱਕ 'ਜ਼ਮੀਨ', 'ਗੋਲਮਾਲ', 'ਗੋਲਮਾਲ ਰਿਟਰਨਜ਼', 'ਬੋਲ ਬੱਚਨ', 'ਸਿੰਘਮ ਰਿਟਰਨਜ਼' ਅਤੇ 'ਗੋਲਮਾਲ ਅਗੇਨ' ਵਰਗੀਆਂ ਕਈ ਹਿਟ ਅਤੇ ਸੁਪਰਹਿਟ ਫ਼ਿਲਮਾਂ ਦਿੱਤੀਆਂ ਹਨ। ਰੋਹਿਤ ਵਲੋਂ ਨਿਰਦੇਸ਼ਿਤ ਫ਼ਿਲਮ 'ਸਿੰਬਾ' ਅਤੇ 'ਸੂਰਿਆਵੰਸ਼ੀ' ਦੇ ਕੈਮੀਓ ਵਿਚ ਵੀ ਅਜੇ ਦੇਵਗਨ ਨਜ਼ਰ ਚੁੱਕੇ ਹਨ। ਇਸ ਸਾਲ ਹੁਣ ਤੱਕ ਅਜੇ ਦੇਵਗਨ ਦੀਆਂ ਤਿੰਨ ਫ਼ਿਲਮਾਂ ਰਿਲੀਜ਼ ਹੋ ਚੁੱਕੀਆਂ ਹਨ। ਪਹਿਲੀ ਫ਼ਿਲਮ 'ਆਜ਼ਾਦ' ਸਾਲ ਦੀ ਸ਼ੁਰੂਆਤ ਵਿਚ 17 ਜਨਵਰੀ ਨੂੰ ਰਿਲੀਜ਼ ਹੋਈ ਸੀ। ਇਸ ਫ਼ਿਲਮ ਤੋਂ ਅਜੇ ਦੇਵਗਨ ਦੇ ਭਾਣਜੇ ਅਮਾਨ ਦੇਵਗਨ ਅਤੇ ਰਵੀਨਾ ਟੰਡਨ ਦੀ ਬੇਟੀ ਰਾਸ਼ਾ ਬਡਾਨੀ ਨੇ ਬਾਲੀਵੁੱਡ ਵਿਚ ਡਬਿਊ ਕੀਤਾ ਸੀ । ਪਰ ਫ਼ਿਲਮ ਟਿਕਟ ਖਿੜਕੀ ਦੇ ਲਿਹਾਜ਼ ਨਾਲ ਕੁਝ ਖ਼ਾਸ ਨਹੀਂ ਰਹੀ। ਅਜੇ ਦੇਵਗਨ ਦੀ ਦੂਜੀ ਫ਼ਿਲਮ 'ਰੇਡ-2' ਇਸ ਸਾਲ 1 ਮਈ ਨੂੰ ਰਿਲੀਜ਼ ਹੋਈ ਸੀ, ਜੋ ਉਸ ਦੀ ਹੀ ਫ਼ਿਲਮ 'ਰੇਡ (2018) ਦਾ ਵਿਸਥਾਰ ਸੀ। ਫ਼ਿਲਮ ਟਿਕਟ ਖਿੜਕੀ 'ਤੇ ਚੰਗੀ ਹਿਟ ਰਹੀ।

ਅਜੈ ਦੇਵਗਨ ਦੀ ਇਸ ਸਾਲ ਪ੍ਰਦਰਸ਼ਿਤ ਹੋਣ ਵਾਲੀ ਤੀਜੀ ਫ਼ਿਲਮ 'ਸਨ ਆਫ਼ ਸਰਦਾਰ-2' ਸੀ ਜੋ 1 ਅਗਸਤ ਨੂੰ ਰਿਲੀਜ਼ ਹੋਈ ਪਰ ਫ਼ਿਲਮ ਨੂੰ ਜ਼ਿਆਦਾ ਚੰਗਾ ਹੁੰਗਾਰਾ ਨਹੀਂ ਮਿਲਿਆ। ਹੁਣ ਅਜੇ ਦੇਵਗਨ ਦੀ ਇਕ ਹੋਰ ਫ਼ਿਲਮ 'ਦੇ ਦੇ ਪਿਆਰ ਦੇ-2' 14 ਨਵੰਬਰ ਨੂੰ ਰਿਲੀਜ਼ ਹੋਈ ਹੈ। ਅਜੈ ਦੇਵਗਨ ਫਿਲਮ 'ਧਮਾਲ- 4' ਦੀ ਸ਼ੂਟਿੰਗ ਖ਼ਤਮ ਕਰ ਚੁੱਕੇ ਹਨ ਅਤੇ ਹੁਣ ਇਹ ਫਿਲਮ ਪੋਸਟ ਪ੍ਰੋਡਕਸ਼ਨ ਫੇਜ਼ ਵਿਚ ਹੈ ਜਦ ਕਿ ਉਸ ਦੀ ਫ਼ਿਲਮ 'ਰੇਜਰ' ਦੀ ਸ਼ੂਟਿੰਗ ਚੱਲ ਰਹੀ ਹੈ। ਉਸ ਦੀਆਂ ਇਹ ਦੋਵੇਂ ਫ਼ਿਲਮਾਂ ਅਗਲੇ ਸਾਲ ਰਿਲੀਜ਼ ਹੋਣਗੀਆਂ। 'ਰੇਂਜਰ' ਦੀ ਸ਼ੂਟਿੰਗ ਖ਼ਤਮ ਹੁੰਦੇ ਹੀ ਅਜੈ ਦੇਵਗਨ 'ਦ੍ਰਿਸ਼ਿਅਮ-3' ਦੀ ਸ਼ੂਟਿੰਗ ਇਸੇ ਸਾਲ ਵਿਚ ਸ਼ੁਰੂ ਕਰਨਗੇ, ਜੋ ਮਾਰਚ 2026 ਤੱਕ ਪੂਰੀ ਹੋ ਜਾਵੇਗੀ। ਇਸ ਦੇ ਤੁਰੰਤ ਬਾਅਦ ਉਹ ਰੋਹਿਤ ਸ਼ੈਟੀ ਦੀ ਕਾਮੇਡੀ ਫ੍ਰੈਂਚਾਈਜ਼ੀ 'ਗੋਲਮਾਲ-5' ਦੀ ਸ਼ੂਟਿੰਗ ਕਰਨਗੇ। ਅਜੈ ਦੇਵਗਨ ਦੀ ਸੁਪਰਹਿਟ ਫ਼ਿਲਮ 'ਸ਼ੈਤਾਨ' ਗੁਜਰਾਤੀ ਫ਼ਿਲਮ 'ਵਸ਼' ਦਾ ਰੀਮੇਕ ਸੀ। ਇਸ ਨੂੰ ਪੈਨੋਰਾਮਾ ਸਟੂਡੀਓਜ਼ ਵਾਲਿਆਂ ਨੇ ਬਣਾਇਆ ਸੀ। ਉਸ ਦੀ ਇਸ ਫ਼ਿਲਮ ਨੂੰ ਦਰਸ਼ਕਾਂ ਵਲੋਂ ਚੰਗਾ ਹੁੰਗਾਰਾ ਮਿਲਿਆ ਸੀ। ਇਸ ਤੋਂ ਬਾਅਦ ਤੋਂ ਹੀ ਫ਼ਿਲਮ ਦੇ ਵਿਸਥਾਰ ਨੂੰ ਲੈ ਕੇ ਚਰਚਾ ਹੋਣ ਲੱਗੀ ਸੀ ਅਤੇ ਸੁਣਨ ਵਿਚ ਆ ਰਿਹਾ ਹੈ ਕਿ 'ਸ਼ੈਤਾਨ- 2' ਦੇ ਨਾਲ ਇਕ ਨਵੀਂ ਡਰਾਉਣੀ ਫਿਲਮ ਦੀ ਸ਼ੁਰੂਆਤ ਹੋਣ ਜਾ ਰਹੀ ਹੈ। ਫਿਲਹਾਲ ਇਸ ਦੀ ਪਟਕਥਾ 'ਤੇ ਕੰਮ ਚੱਲ ਰਿਹਾ ਹੈ।

# Reliable Trucks & Trailer Repair Shop

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**

## ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

**Indianapolis, IN**

Yard Address: 10318 Pendleton Pike, Indianapolis, IN 46236

# Semiyard

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

## PARK MONTHLY!

$125



$125



$125



$125



$200

